ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Thursday, 31 July, 2025) ਪਟਿਆਲਾ ਵੀਰਵਾਰ, 31 ਜੁਲਾਈ, 2025, 16 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 210 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com



# ਈ.ਸੀ.ਆਈ. ਵੱਲੋਂ ਬੀ.ਐਲ.ਓ. ਤੇ ਸੁਪਰਵਾਈਜ਼ਰਾਂ ਲਈ ਮਿਹਤਾਨੇ 'ਚ ਵਾਧੇ ਦਾ ਐਲਾਨ

## ਬੀਐਲਓਜ਼ ਦੇ ਹਿੱਤਾਂ ਦੀ ਭਲਾਈ ਨੂੰ ਯਕੀਨੀ ਬਣਾਏਗਾ ਇਹ ਇਤਿਹਾਸਕ ਫੈਸਲਾ : ਸਿਬਿਨ ਸੀ



ਚੰਡੀਗੜ੍ਹ, 30 ਜੁਲਾਈ (ਚ.ਨ.ਸ.): ਭਾਰਤ ਦੇ ਚੋਣ ਕਮਿਸ਼ਨ ਨੇ ਬੂਥ ਲੈਵਲ ਅਫਸਰਾਂ (ਬੀਐਲਓਜ਼) ਤੇ ਬੀਐਲਓ ਸੁਪਰਵਾਈਜ਼ਰਾਂ ਲਈ ਘੱਟੋ-ਘੱਟ ਸਾਲਾਨਾ ਮਿਹਨਤਾਨੇ 'ਚ ਵਾਧੇ ਸਬੰਧੀ 24 ਜੁਲਾਈ ਨੂੰ ਇੱਕ ਮਹੱਤਵਪੂਰਨ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਕਦਮ ਨੂੰ ਜ਼ਮੀਨੀ ਪੱਧਰ 'ਤੇ ਚੋਣ ਅਮਲੇ ਨੂੰ ਮਜ਼ਬੂਤੀ ਦੇਣ ਅਤੇ ਬੀਐਲਓਜ਼ (ਫ੍ਰੰਟ ਲੈਜਰ ਆਫ਼ ਇਲੈਕਸ਼ਨ ਕਮਿਸ਼ਨ) ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਣ ਸਬੰਧੀ ਲਏ ਗਏ ਮਹੱਤਵਪੂਰਨ ਫੈਸਲੇ ਵਜੋਂ ਦੇਖਿਆ ਜਾ ਰਿਹਾ ਹੈ।

**ਨੋਟੀਫਿਕੇਸ਼ਨ ਦੇ ਅਨੁਸਾਰ ਸਾਲ 2025 ਤੋਂ ਪ੍ਰਭਾਵੀ:** ਬੀ.ਐਲ.ਓ. ਨੂੰ ਹੁਣ ਘੱਟੋ-ਘੱਟ ਸਾਲਾਨਾ ਮਿਹਨਤਾਨਾ 12,000 ਰੁਪਏ ਮਿਲੇਗਾ, ਜੋ ਪਹਿਲਾਂ 6,000 ਰੁਪਏ ਸੀ। ਬੀ.ਐਲ.ਓ. ਸੁਪਰਵਾਈਜ਼ਰਾਂ ਨੂੰ ਹੁਣ ਘੱਟੋ-ਘੱਟ ਸਾਲਾਨਾ ਮਿਹਨਤਾਨਾ 18,000 ਰੁਪਏ ਮਿਲੇਗਾ ਜੋ ਪਹਿਲਾਂ 12,000 ਰੁਪਏ ਸੀ। ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਜਾਂ ਹੋਰ ਵਿਸ਼ੇਸ਼ ਚੋਣ ਮੁਹਿੰਮਾਂ ਵਿੱਚ ਹਿੱਸਾ ਲੈਣ ਵਾਲੇ ਬੀ.ਐਲ.ਓ. ਨੂੰ 2,000 ਰੁਪਏ ਦਾ ਵਾਧੂ ਪ੍ਰੋਤਸਾਹਨ ਦਿੱਤਾ ਜਾਵੇਗਾ, ਜਿਸ ਲਈ ਪਹਿਲਾਂ 1,000 ਰੁਪਏ ਦਿੱਤੇ ਜਾਂਦੇ ਸਨ। ਇਸ ਫੈਸਲੇ ਦਾ ਸਵਾਗਤ ਕਰਦਿਆਂ ਮੁੱਖ ਚੋਣ ਅਧਿਕਾਰੀ, ਪੰਜਾਬ ਸਿਬਿਨ ਸੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੀ ਇਹ ਪ੍ਰਗਤੀਸ਼ੀਲ ਪਹਿਲਕਦਮੀ ਬੂਥ ਲੈਵਲ ਅਫਸਰਾਂ, ਜੋ ਸਾਡੀ ਚੋਣ ਪ੍ਰਣਾਲੀ ਦੇ ਮੋਹਰੀ ਵਰਕਰ ਹਨ, ਨੂੰ ਪ੍ਰੇਰਿਤ ਕਰਨ ਤੇ ਸਸ਼ਕਤ ਬਣਾਉਣ ਵਿੱਚ ਵਧੇਰੇ ਮਦਦਗਾਰ ਸਿੱਧ ਹੋਵੇਗੀ।

ਉਨ੍ਹਾਂ ਕਿਹਾ ਕਿ ਬੀਐਲਓਜ਼ ਵੋਟਰਾਂ ਤੇ ਚੋਣ ਕਮਿਸ਼ਨ ਵਿਚਕਾਰ ਮਹੱਤਵਪੂਰਨ ਕੜੀ ਹਨ ਤੇ ਉਹ ਵੋਟਰ ਸੂਚੀ ਦੀ ਇਕਸਾਰਤਾ ਨੂੰ ਬਣਾਈ ਰੱਖਣ, ਘਰ-ਘਰ ਜਾ ਕੇ ਤਸਦੀਕ ਕਰਨ ਅਤੇ ਵੋਟਰਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਮਿਹਨਤਾਨੇ ਵਿੱਚ ਇਹ ਵਾਧਾ ਕਰਕੇ ਈਸੀਆਈ ਨੇ ਉਨ੍ਹਾਂ ਦੇ ਯੋਗਦਾਨ ਤੇ ਵਚਨਬੱਧਤਾ ਨੂੰ ਮਾਨਤਾ ਦਿੱਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸੰਭਾਵੀ ਇੱਕ ਇਤਿਹਾਸਕ ਫੈਸਲਾ ਹੈ, ਜੋ ਪੰਜਾਬ 'ਚ ਚੋਣ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ, ਜਵਾਬਦੇਹੀ ਤੇ ਕੁਸ਼ਲਤਾ ਨੂੰ ਵਧਾਉਣ ਵਿੱਚ ਵਧੇਰੇ ਸਹਾਈ ਸਿੱਧ ਹੋਵੇਗਾ। ਸਿਬਿਨ ਸੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਚੋਣ ਦਫ਼ਤਰ ਮੁੱਖ ਚੋਣ ਅਫ਼ਸਰ, ਪੰਜਾਬ ਸਾਰੇ ਫੀਲਡ-ਪੱਧਰੀ ਅਧਿਕਾਰੀਆਂ ਦੀ ਭਲਾਈ ਤੇ ਸਮਰੱਥਾ ਨਿਰਮਾਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਸੁਧਾਰ ਸਿਰਫ ਸਿਰਫ਼ ਇੱਕ ਵਾਧਾ ਨਹੀਂ ਬਲਕਿ ਚੋਣ ਅਮਲੇ ਦੇ ਮਨੋਬਲ ਨੂੰ ਵਧਾਉਣ ਵਾਲਾ ਇੱਕ ਮਹੱਤਵਪੂਰਨ ਕਦਮ ਹੈ, ਜੋ ਚੋਣਾਂ ਨੂੰ ਵਧੇਰੇ ਸਮਾਵੇਸ਼ੀ, ਭਰੋਸੇਯੋਗ ਅਤੇ ਪੇਸ਼ੇਵਰ ਤੌਰ 'ਤੇ ਪ੍ਰਬੰਧਿਤ ਬਣਾਉਣ ਲਈ ਚੋਣ ਕਮਿਸ਼ਨ ਦੇ ਲਗਾਤਾਰ ਯਤਨਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਬੀਐਲਓਜ਼ ਦੇ ਹਿੱਤਾਂ ਦੀ ਭਲਾਈ ਲਈ ਇਹ ਫੈਸਲਾ ਆਗਾਮੀ ਚੋਣ ਅਮਲਾਂ ਲਈ ਇੱਕ ਮਜ਼ਬੂਤ ਨੀਂਹ ਰੱਖੇਗਾ, ਜਿਨ੍ਹਾਂ ਵਿੱਚ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਤੇ ਭਵਿੱਖੀ ਚੋਣਾਂ ਤਿਆਰੀਆਂ ਸ਼ਾਮਲ ਹਨ।

# ਸ਼ਹੀਦ ਊਧਮ ਸਿੰਘ ਦੀਆਂ ਭਾਈ ਗੁਰਦਾਸ ਲਾਇਬ੍ਰੇਰੀ 'ਚ ਸੰਭਾਲੀਆਂ ਪਈਆਂ ਨੇ 19 ਇਤਿਹਾਸਕ ਚਿੱਠੀਆਂ



ਅੰਮ੍ਰਿਤਸਰ, 30 ਜੁਲਾਈ (ਗੁਰਦਿਆਲ ਸਿੰਘ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿੱਚ ਭਾਰਤ ਦੇ ਮਹਾਨ ਇਨਕਲਾਬੀ ਤੇ ਅਜ਼ਾਦੀ ਸੰਗਰਾਮ ਦੇ ਨਾਇਕ ਸ਼ਹੀਦ ਊਧਮ ਸਿੰਘ ਦੀਆਂ 19 ਇਤਿਹਾਸਕ ਚਿੱਠੀਆਂ ਸੰਭਾਲੀਆਂ ਹੋਈਆਂ ਹਨ, ਜੋ ਉਨ੍ਹਾਂ ਦੇ ਜੀਵਨ, ਵਿਚਾਰਾਂ ਤੇ ਕੁਰਬਾਨੀ ਦੀਆਂ ਗਵਾਹੀਆਂ ਵਜੋਂ ਅੱਜ ਵੀ ਉਤਨੀ ਹੀ ਪ੍ਰਸੰਗਿਕ ਹਨ ਜਿੰਨੀ ਉਹ 90 ਸਾਲ ਪਹਿਲਾਂ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਊਧਮ ਸਿੰਘ ਦੀਆਂ ਚਿੱਠੀਆਂ ਪੁਸਤਕ ਅਨੁਸਾਰ ਊਧਮ ਸਿੰਘ ਦੇ ਖਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 1972 'ਚ ਐਸ.ਐਸ. ਗਿੱਲ ਆਈ.ਏ.ਐਸ. ਦੀ ਕਿਰਪਾਲਤਾ ਦੁਆਰਾ ਮਿਲੇ ਹਨ ਜਿਹੜੀ ਕਿ ਇਸ ਸੰਸਥਾ ਪ੍ਰਤੀ ਉਨ੍ਹਾਂ ਦੇ ਲਗਾਉ ਦਾ ਪ੍ਰਤੀਕ ਹੈ ਤੇ ਇਹ ਚਿੱਠੀਆਂ ਸ਼ਹੀਦ ਊਧਮ ਸਿੰਘ ਦੇ ਦੋਸਤ ਸ. ਸ਼ਿਵ ਸਿੰਘ ਜੌਹਲ, ਲੰਡਨ, ਵੱਲੋਂ ਸੁਰੱਖਿਅਤ ਰੱਖੀਆਂ ਗਈਆਂ ਸਨ।

ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਇਹ ਚਿੱਠੀਆਂ ਨਾ ਸਿਰਫ਼ ਊਧਮ ਸਿੰਘ ਦੀ ਅੰਦਰੂਨੀ ਸੋਚ ਨੂੰ ਉਜਾਗਰ ਕਰਦੀਆਂ ਹਨ, ਸਗੋਂ ਨੌਜਵਾਨ ਪੀੜ੍ਹੀ ਨੂੰ ਰਾਸ਼ਟਰਭਗਤੀ ਤੇ ਸੰਘਰਸ਼ ਦੀ ਪ੍ਰੇਰਣਾ ਵੀ ਦਿੰਦੀਆਂ ਹਨ। ਇਹ ਚਿੱਠੀਆਂ ਕਈ ਦਹਾਕਿਆਂ ਤੋਂ ਯੂਨੀਵਰਸਿਟੀ ਲਾਇਬ੍ਰੇਰੀ ਦੇ ਵਿਸ਼ੇਸ਼ ਹਿੱਸੇ 'ਚ ਸੁਰੱਖਿਅਤ ਹਨ। ਉਪ-ਕੁਲਪਤੀ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਤਿਹਾਸਕ ਦਸਤਾਵੇਜ਼ਾਂ ਤੇ ਆਜ਼ਾਦੀ ਸੰਗਰਾਮ ਦੀ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇੱਕ ਡਿਜੀਟਲ ਆਰਕਾਈਵ ਤੇ ਡੌਕੂਮੈਂਟਰੀ ਪ੍ਰਾਜੈਕਟ ਦੀ ਵੀ ਸ਼ੁਰੂਆਤ ਕੀਤੀ ਹੈ ਜੋ ਊਧਮ ਸਿੰਘ ਸਮੇਤ ਹੋਰ ਇਨਕਲਾਬੀਆਂ ਦੇ ਦਸਤਾਵੇਜ਼ਾਂ ਨੂੰ ਡਿਜੀਟਲ ਰੂਪ ਵਿੱਚ ਸੰਭਾਲੇਗਾ।

# ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੀਆਂ ਸੰਗਤਾਂ ਲਈ ਵੱਖ-ਵੱਖ ਜਗ੍ਹਾ 'ਤੇ ਅਠ ਸਰਾਵਾਂ ਦੇ ਪ੍ਰਬੰਧਾਂ ਨੂੰ ਲੈ ਕੇ ਮੈਨੇਜਰ ਧੰਗੇੜਾ ਨਾਲ ਮੀਟਿੰਗ

## ਬਜ਼ੁਰਗ ਤੇ ਬਿਮਾਰ ਬੀਬੀਆਂ ਨੂੰ ਪਹਿਲ ਦੇ ਅਧਾਰ 'ਤੇ ਦਿੱਤਾ ਜਾਵੇਗਾ ਸਗਾਂ 'ਚ ਕਮਰਾ : ਗੁਰਪ੍ਰੀਤ ਸਿੰਘ

ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਵੱਖ-ਵੱਖ ਜਗ੍ਹਾ ਤੇ ਅੱਠ ਸਰਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਸਰਾਵਾਂ ਦੇ ਪ੍ਰਬੰਧਾਂ ਨੂੰ ਸਚਾਰੂ ਢੰਗ ਨਾਲ ਚਲਾਉਂਣ ਲਈ ਜਰਨਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਸਬੰਧੀ ਇੰਚਾਰਜ, ਨਿਗਰਾਨ ਤੇ ਮੈਨੇਜਰ ਨਾਲ ਵਿਸ਼ੇਸ਼ ਤੌਰ ਤੇ ਇਕੱਤਰਤਾ ਕੀਤੀ। ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਸ ਇਕੱਤਰਤਾ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ ਤਾਂ ਜੋ ਇਹਨਾਂ ਨੂੰ ਜੋ ਮੁਸ਼ਕਿਲਾਂ ਆ ਰਹੀਆਂ ਹਨ, ਉਹਨਾਂ ਨੂੰ ਸੁਣਿਆ ਗਿਆ। ਇਹਨਾਂ ਨੂੰ ਦੱਸਿਆ ਗਿਆ ਕਿ ਜਿਹੜੀਆਂ ਸੰਗਤਾਂ ਰੋਜਾਨਾ ਇੱਥੇ ਦਰਸ਼ਨ ਕਰਨ ਸਮੇਂ ਰਾਤ ਨੂੰ ਰੁਕਣ ਲਈ ਸਰਾਵਾਂ ਵਿਚ ਆਉਂਦੀਆਂ ਹਨ, ਉਨ੍ਹਾਂ ਸੰਗਤਾਂ ਨਾਲ ਅਸੀਂ ਕਿਸ ਤਰ੍ਹਾਂ ਚੰਗੇ ਵਿਵਹਾਰ ਨਾਲ ਵਿਚਰਨਾ ਹੈ। ਇਕੱਤਰਤਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ, ਇਹਨਾਂ ਨੂੰ



ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਮੁਤਾਬਿਕ ਬਜ਼ੁਰਗਾਂ, ਭੇਣਾਂ, ਬੀਬੀਆਂ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ। ਜਿਹੜੀਆਂ ਬੱਚਿਆਂ ਵਾਲੀਆਂ ਬੀਬੀਆਂ ਪਰਿਵਾਰ ਨਾਲ ਆਉਂਦੀਆਂ ਹਨ ਉਹਨਾਂ ਦਾ ਵੀ ਖਾਸ ਪ੍ਰਬੰਧ ਕੀਤਾ ਜਾਵੇ। ਜਿਹੜੇ ਮਰੀਜ਼ ਆਉਂਦੇ ਹਨ ਉਹਨਾਂ ਨੂੰ ਪਹਿਲ ਦੇ ਅਧਾਰ 'ਤੇ ਕਮਰਾ ਦਿੱਤਾ ਜਾਵੇ। ਬਜ਼ੁਰਗ ਤੇ ਬੱਚਿਆਂ ਵਾਲੀਆਂ ਬੀਬੀਆਂ ਜਾਂ ਮਰੀਜ਼ ਜਿਨ੍ਹਾਂ ਨੂੰ ਦੂਸਰੀਆਂ ਸਰਾਵਾਂ ਵਿਚ ਕਮਰਾ ਦਿੱਤਾ ਜਾਂਦਾ ਹੈ, ਉਨ੍ਹਾਂ ਨੂੰ ਪੈਦਲ ਭੇਜਣ ਦੀ ਥਾਂ ਗੁਰੂ ਅਰਜਨ ਦੇਵ ਸਰਾਂ ਦੇ ਸਾਹਮਣੇ ਬੈਟਰੀ ਵਾਲੀਆਂ ਗੱਡੀਆਂ 'ਤੇ ਭੇਜਿਆ ਜਾਵੇ। ਪ੍ਰਧਾਨ ਧਾਮੀ ਦੇ ਆਦੇਸ਼ਾਂ ਤੇ ਇਹ ਬੈਟਰੀ ਵਾਲੀਆਂ ਗੱਡੀਆਂ ਮੁਫਤ ਸੰਗਤ ਲਈ ਚਲਾਈਆਂ ਗਈਆਂ ਹਨ। ਜਿਸ ਦਿਨ ਕੋਈ ਗੁਰਮਤ ਸਮਾਗਮ ਜਾਂ ਕੋਈ ਦਿਨ ਦਿਹਾੜਾ ਹੁੰਦਾ ਤਾਂ ਉਸ ਦਿਨ ਸੰਗਤਾਂ ਦੀ ਆਮਦ ਵੱਧ ਜਾਂਦੀ ਹੈ, ਉਸ 'ਚ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਦੀ ਲੋੜ ਹੁੰਦੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਅਧੀਨ ਸਰਾਵਾਂ ਲਈ ਐਡੀਸ਼ਨ ਮੈਨੇਜਰ ਗੁਰਪ੍ਰੀਤ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤਾ ਹੈ, ਜੇਕਰ ਸੰਗਤ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਗੁਰਪ੍ਰੀਤ ਸਿੰਘ ਨਾਲ ਸੰਪਕਰਕ ਕਰ ਸਕਦੀ ਹੈ।

# ਬਾਵਾ ਗੁਰਿੰਦਰ ਸਿੰਘ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੇ ਮੈਂਬਰ ਨਿਯੁਕਤ

ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਮੁੰਬਈ ਤੋਂ ਸੀਨੀਅਰ ਸਿੱਖ ਆਗੂ ਸ਼੍ਰੋਮਣੀ ਕਮੇਟੀ ਮੈਂਬਰ ਤੇ ਚੀਫ਼ ਖ਼ਾਲਸਾ ਦੀਵਾਨ, ਮੁੰਬਈ ਦੇ ਪ੍ਰਧਾਨ ਬਾਵਾ ਗੁਰਿੰਦਰ ਸਿੰਘ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਬਾਵਾ ਗੁਰਿੰਦਰ ਸਿੰਘ ਨੂੰ ਚੀਫ ਖ਼ਾਲਸਾ ਦੀਵਾਨ ਦੇ ਕੋਟੇ 'ਚੋਂ ਤਖ਼ਤ ਸ੍ਰੀ ਪਟਨਾ ਸਾਹਿਬ ਬੋਰਡ ਦਾ ਮੈਂਬਰ ਨਾਮਜਦ ਕੀਤਾ ਗਿਆ ਹੈ। ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਜਾਰੀ ਇੱਕ ਪੱਤਰ ਰਾਹੀਂ ਗੁਰਿੰਦਰ ਸਿੰਘ ਬਾਵਾ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਬਾਵਾ ਗੁਰਿੰਦਰ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ, ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਨਾਲ ਨਾਲ ਹੁਣ ਪਟਨਾ ਸਾਹਿਬ ਬੋਰਡ ਦੇ ਮੈਂਬਰ ਨਾਮਜਦ ਹੋਏ ਹਨ। ਗੁਰਿੰਦਰ ਸਿੰਘ ਬਾਵਾ ਪਹਿਲੇ ਸਿੱਖ





ਹਨ ਜੋ ਪੰਜ ਤਖ਼ਤ ਸਹਿਬਾਨ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਹਨ। ਲੰਮੇ ਸਮੇ ਤੋ ਪੰਥਕ ਤੇ ਸਮਾਜ ਸੇਵਾਵਾਂ ਕਰਨ ਵਾਲੇ ਬਾਵਾ ਗੁਰਿੰਦਰ ਸਿੰਘ ਇਸ ਦੇ ਨਾਲ ਨਾਲ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੂੰਗਾ ਦੇ ਚੇਅਰਮੈਨ ਤੇ ਖ਼ਾਲਸਾ ਯੂਨਿਟੀ ਮੰਬਈ ਦੇ ਵੀ ਸਰਗਰਮ ਮੈਂਬਰ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਗੁਰੂ ਨਾਨਕ ਖ਼ਾਲਸਾ ਕਾਲਜ ਨੇ ਤਰੱਕੀ ਦੀਆਂ ਨਵੀਆਂ ਉਚਾਇਆ ਨੂੰ ਛੂਹਿਆ ਹੈ। ਬਾਵਾ ਗੁਰਿੰਦਰ ਸਿੰਘ ਨੇ ਗੁਰੂ ਨਾਨਕ ਖ਼ਾਲਸਾ ਕਾਲਜ 'ਚ ਚਾਰ ਸਾਹਿਬਜਾਦਿਆਂ ਦੇ ਨਾਮ ਤੇ ਲੋੜਵੰਤ ਪਰਵਾਰਾਂ ਲਈ ਇਕ ਐਮ ਆਰ ਆਈ ਸੈਂਟਰ ਵੀ ਖੋਲਿਆ ਹੈ ਜਿਥੇ ਲੋੜਵੰਦ ਮਰੀਜਾਂ ਨੂੰ ਨਾਮਾਤਰ ਕੀਮਤਾਂ ਤੇ ਐਮ.ਆਰ.ਆਈ., ਸੀਟੀ ਸਕੈਨ ਤੇ ਹਰ ਤਰ੍ਹਾਂ ਦੇ ਬਲੱਡ ਟੈਸਟ ਦੀ ਸੇਵਾ ਪ੍ਰਦਾਨ ਕੀਤੀ ਜਾ ਰਹੀ ਹੈ। ਪੱਤਰਕਾਰਾਂ ਨਾਲ ਗਲ ਕਰਦਿਆਂ ਬਾਵਾ ਗੁਰਿੰਦਰ ਸਿੰਘ ਨੇ ਕਿਹਾ ਕਿ ਉਹ ਅਕਾਲ ਪੁਰਖ ਦੇ ਧੰਨਵਾਦੀ ਹਨ ਜਿਹੜੀ ਸੇਵਾ ਉਨਾਂ ਦੇ ਜਿੰਮੇ ਪੰਥ ਨੇ ਲਗਾਈ ਹੈ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਜਲਦ ਹੀ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਤਰਜ ਤੇ ਪਟਨਾ ਸਾਹਿਬ 'ਚ ਦਸ ਕਰੋੜ ਦੀ ਲਾਗਤ ਨਾਲ ਇਕ ਐਮ ਆਰ ਆਈ ਸੈਂਟਰ ਵੀ ਖੋਲਿਆ ਜਾਵੇਗਾ ਜਿਥੇ ਲੋੜਵੰਦ ਮਰੀਜਾਂ ਨੂੰ ਸਸਤੇ ਰੇਟਾਂ ਮੈਡੀਕਲ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦਾ ਵੀ ਧਨਵਾਦ ਕੀਤਾ ਜਿੰਨਾਂ ਨੇ ਦੀਵਾਨ ਵੱਲੋਂ ਉਨ੍ਹਾਂ ਨੂੰ ਮੈਂਬਰ ਨਾਮਜਦ ਕਰਨ ਲਈ ਅਹਿਮ ਰੋਲ ਅਦਾ ਕੀਤਾ।

# ਨਿਠਾਰੀ ਕਤਲ ਕੇਸ 'ਚ ਸੁਪਰੀਮ ਕੋਰਟ ਨੇ ਸੀ.ਬੀ.ਆਈ. ਦੀ ਪਟੀਸ਼ਨ ਰੱਦ

## ਇਲਾਹਾਬਾਦ ਹਾਈ ਕੋਰਟ ਵੱਲੋਂ ਸੁਣਾਈ ਸਜ਼ਾ ਨੂੰ ਰੱਖਿਆ ਬਰਕਰਾਰ

ਨਵੀਂ ਦਿੱਲੀ, 30 ਜੁਲਾਈ (ਚ.ਨ.ਸ.): ਨਿਠਾਰੀ ਕਤਲ ਕਾਂਡ ਦੇ ਦੋਸ਼ੀ ਸੁਰੇਂਦਰ ਕੋਲੀ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਵੱਲੋਂ ਬਰੀ ਕੀਤੇ ਜਾਣ ਵਿਰੁੱਧ ਸੀ.ਬੀ.ਆਈ. ਦੀ ਅਪੀਲ ਰੱਦ ਕਰ ਦਿੱਤੀ ਹੈ। ਸੀਜੇਆਈ ਬੀ.ਆਰ. ਗਵਈ ਦੀ ਅਗਵਾਈ ਵਾਲੇ ਬੈਂਚ ਨੇ ਸੀ.ਬੀ.ਆਈ. ਅਤੇ ਹੋਰਾਂ ਵੱਲੋਂ ਦਾਇਰ ਅਪੀਲ ਰੱਦ ਕਰ ਦਿੱਤੀ ਹੈ। ਅਦਾਲਤ ਨੇ ਪੰਧੇਰ ਵਿਰੁੱਧ ਸੀ.ਬੀ.ਆਈ. ਦੀ ਅਪੀਲ ਵੀ ਰੱਦ ਕਰ ਦਿੱਤੀ ਹੈ। ਕੋਲੀ ਨੂੰ ਬਾਰਾਂ ਮਾਮਲਿਆਂ ਵਿੱਚ ਅਤੇ ਪੰਧੇਰ ਨੂੰ ਦੋ ਮਾਮਲਿਆਂ ਵਿੱਚ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਰੱਦ ਕਰਦੇ ਹੋਏ, ਇਲਾਹਾਬਾਦ ਹਾਈ ਕੋਰਟ ਨੇ ਕਿਹਾ ਸੀ ਕਿ ਇਸਤਗਾਸਾ ਪੱਖ ਹਾਲਾਤੀ ਸਬੂਤਾਂ ਦੇ ਆਧਾਰ ਤੇ ਕੇਸ ਲਈ ਨਿਰਧਾਰਤ ਮਾਪਦੰਡਾਂ ਤੇ ਦੋਵਾਂ ਮੁਲਜ਼ਮਾਂ ਦੇ ਦੋਸ਼ ਨੂੰ ਸ਼ੱਕ ਤੋਂ ਪਰੇ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ। ਤੁਹਾਨੂੰ ਦੱਸ ਦੇਈਏ ਕਿ 2005 ਤੋਂ 2006 ਤੱਕ ਨੋਇਡਾ ਵਿੱਚ ਵਾਪਰੇ ਨਿਠਾਰੀ ਮਾਮਲੇ ਵਿੱਚ ਸੀ.ਬੀ.ਆਈ. ਨੇ ਸੁਰੇਂਦਰ ਕੋਲੀ ਤੇ ਕਤਲ, ਅਗਵਾ, ਬਲਾਤਕਾਰ ਅਤੇ ਸਬੂਤ ਨਸ਼ਟ ਕਰਨ ਦਾ ਦੋਸ਼ ਲਗਾਇਆ ਸੀ, ਜਦੋਂ ਕਿ ਮਨਿੰਦਰ ਸਿੰਘ ਪੰਧੇਰ ਤੇ ਮਨੁੱਖੀ ਤਸਕਰੀ ਦਾ ਵੀ ਦੋਸ਼ ਸੀ। ਦੋਵਾਂ ਦੋਸ਼ੀਆਂ ਨੇ ਆਪਣੀ ਮੌਤ ਦੀ ਸਜ਼ਾ ਨੂੰ ਇਲਾਹਾਬਾਦ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਦੋਸ਼ੀਆਂ ਨੇ ਅਦਾਲਤ ਨੂੰ ਦੱਸਿਆ ਸੀ ਕਿ ਇਨ੍ਹਾਂ ਘਟਨਾਵਾਂ ਦਾ ਕੋਈ ਚਸ਼ਮਦੀਦ ਗਵਾਹ ਨਹੀਂ ਹੈ। ਉਨ੍ਹਾਂ ਨੂੰ ਸਿਰਫ਼ ਵਿਗਿਆਨਕ ਤੇ ਹਾਲਾਤੀ ਸਬੂਤਾਂ ਦੇ ਆਧਾਰ 'ਤੇ ਸਜ਼ਾ ਸੁਣਾਈ ਗਈ ਹੈ।

# ਮੀਤ ਹੇਅਰ ਨੇ ਸੰਸਦ 'ਚ ਦਵਾਈਆਂ ਦੀਆਂ ਵੱਧ ਕੀਮਤਾਂ ਦਾ ਮੁੱਦਾ ਚੁੱਕਿਆ

ਚੰਡੀਗੜ੍ਹ/ਨਵੀਂ ਦਿੱਲੀ, 30 ਜੁਲਾਈ (ਅੰਮ੍ਰਿਤਪਾਲ ਸਿੰਘ): ਸੰਗਰੂਰ ਤੋਂ 'ਆਪ' ਦੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਪਾਰਲੀਮੈਂਟ 'ਚ ਸਿਫ਼ਰ ਕਾਲ 'ਚ ਦਵਾਈਆਂ ਦੀ ਵੱਧ ਕੀਮਤਾਂ ਦਾ ਮੁੱਦਾ ਚੁੱਕਦਿਆਂ ਕੇਂਦਰ ਸਰਕਾਰ ਕੋਲ ਮੰਗ ਕੀਤੀ ਕਿ ਇਕ ਸਮਾਨ ਕੈਮੀਕਲ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਦੀ ਹੱਦ ਤੈਅ ਕੀਤੀ ਜਾਵੇ। ਮੀਤ ਹੇਅਰ ਨੇ ਸਿਫ਼ਰ ਕਾਲ 'ਚ ਸਿਹਤ ਨਾਲ ਜੁੜਿਆਂ ਇੱਕ ਅਹਿਮ ਮਾਮਲਾ ਉਠਾਉਂਦਿਆਂ ਕਿਹਾ ਕਿ ਡਰੱਗ ਪ੍ਰਾਈਸ ਕੰਟਰੋਲ ਆਰਡਰ (ਡੀ.ਪੀ.ਸੀ.ਓ.) 2013 ਦੇ ਕਾਨੂੰਨ



ਤਹਿਤ ਕੁਝ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ 'ਤੇ ਕੰਟਰੋਲ ਕੀਤਾ ਜਾ ਰਿਹਾ ਹੈ ਪ੍ਰੰਤੂ ਜਿਹੜੀਆਂ ਦਵਾਈਆਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ, ਉਹ ਬਲੱਬ ਪ੍ਰੈਸ਼ਰ, ਸ਼ੂਗਰ ਆਦਿ ਲਈ ਵਰਤੀਆਂ ਜਾਂਦੀਆਂ। ਇਨ੍ਹਾਂ ਉਪਰ ਕੀਮਤਾਂ ਦਾ ਕੰਟਰੋਲ ਨਹੀਂ ਹੈ। ਇਨ੍ਹਾਂ ਬਿਮਾਰੀ ਦੇ ਇਲਾਜ ਵਾਸਤੇ ਇਕ ਸਮਾਨ ਕੈਮੀਕਲ ਦੇ ਸੁਮੇਲ ਵਾਲੀਆਂ ਦਵਾਈਆਂ ਵੱਖ-ਵੱਖ ਕੰਪਨੀਆਂ ਵੱਲੋਂ ਬਣਾਈਆਂ ਜਾ ਰਹੀਆਂ ਹਨ ਪਰ ਦਵਾਈਆਂ ਦੀ ਕੀਮਤ ਵੀ ਵੱਖੋ-ਵੱਖਰੀ ਹੈ। ਮੀਤ ਹੇਅਰ ਨੇ ਕਿਹਾ ਕਿ ਇਹ ਸਮੁੱਚੇ ਦੇਸ਼ ਦਾ ਸਾਂਝਾ ਮਸਲਾ ਹੈ ਜਿੱਥੇ ਦਵਾਈਆਂ ਦੀ ਵੱਧ ਕੀਮਤ ਨਾਲ ਦਵਾਈਆਂ ਤੋਂ 300 ਰੁਪਏ ਤੋਂ ਲੈ ਕੇ 1000 ਤੱਕ ਮੁਨਾਫਾ ਕਮਾਇਆ ਜਾ ਰਿਹਾ ਹੈ। ਉਦਾਹਰਨ ਵਜੋਂ 3 ਰੁਪਏ ਦੀ ਨਿਰਮਾਣ ਨਾਲ ਤਿਆਰ ਕੀਤੀ ਜਾ ਰਹੀ ਦਵਾਈ ਕੋਈ ਕੰਪਨੀ 10 ਰੁਪਏ 'ਚ ਵੇਚ ਰਿਹਾ ਹੈ ਤੇ ਕੋਈ 50 ਰੁਪਏ 'ਚ ਵੇਚ ਰਿਹਾ ਹੈ। ਉਨ੍ਹਾਂ ਸਰਕਾਰ ਅੱਗੇ ਗੁਜਾਰਿਸ਼ ਕੀਤੀ ਕਿ ਘੱਟੋ-ਘੱਟ ਇਕ ਸਮਾਨ ਕੈਮੀਕਲ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਦੀ ਹੱਦ ਤੈਅ ਕੀਤੀ ਜਾਵੇ।

# ਰਿਸ਼ਤੇਦਾਰ ਦੀ ਨਬਾਲਿਗ ਲੜਕੀ ਨਾਲ ਜਿਣਸ਼ੀ ਸ਼ੋਸਣ ਕਰਨ ਵਾਲੇ ਚੀਫ਼ ਖਾਲਸਾ ਦੀਵਾਨ ਦੇ ਵਧੀਕ ਆਨਰੇਰੀ ਸਕੱਤਰ ਹਰਿੰਦਰਪਾਲ ਸਿੰਘ ਸੇਠੀ ਦੀਵਾਨ ਵੱਲੋਂ ਮੁਅੱਤਲ

## ਮੁਅੱਤਲ ਹਰਿੰਦਰਪਾਲ ਸਿੰਘ ਸੇਠੀ ਦੀ ਥਾਂ ਸਕੂਲ ਦੇ ਮੈਂਬਰ ਇੰਚਾਰਜ ਧਨਰਾਜ ਸਿੰਘ ਨੂੰ ਲਗਾਇਆ

ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਅੰਮ੍ਰਿਤਸਰ ਦੇ ਰਣਜੀਤ ਐਵੀਨਿਊ ਥਾਣੇ ਵਿਚ ਰਿਸ਼ਤੇਦਾਰ ਦੀ ਨਬਾਲਿਗ ਲੜਕੀ ਨਾਲ ਜਿਨਸ਼ੀ ਸ਼ੋਸਨ ਕਰਨ ਵਾਲੇ ਚੀਫ ਖਾਲਸਾ ਦੀਵਾਨ ਦੇ ਵਧੀਕ ਆਨਰੇਰੀ ਸਕੱਤਰ ਹਰਿੰਦਰ ਪਾਲ ਸਿੰਘ ਸੇਠੀ ਨੂੰ



ਅਜ ਚੀਫ ਖਾਲਸਾ ਦੀਵਾਨ ਵਲੋ ਮੁਅਤਲ ਕਰ ਦਿਤਾ ਗਿਆ ਹੈ। ਇਹ ਫੈਸਲਾ ਚੀਫ ਖਾਲਸਾ ਦੀਵਾਨ ਵਲੋ ਰਣਜੀਤ ਐਵੇਨਿਊ ਥਾਣੇ ਦੀ ਪੁਲਿਸ ਵੱਲੋਂ ਚੀਫ ਖਾਲਸਾ ਦੀਵਾਨ ਦੇ ਐਡੀਸ਼ਨਲ ਆਨਰੇਰੀ ਸਕੱਤਰ ਹਰਿੰਦਰਪਾਲ ਸਿੰਘ ਸੇਠੀ ਉਪਰ ਦਰਜ ਹੋਏ ਮਾਮਲੇ ਤੋਂ ਬਾਅਦ ਲਿਆ ਗਿਆ ਹੈ। ਸੂਤਰਾਂ ਮੁਤਾਬਿਕ ਹਰਿੰਦਰਪਾਲ ਸਿੰਘ ਸੇਠੀ ਨੂੰ ਐਡੀਸ਼ਨਲ ਆਨਰੇਰੀ ਸਕੱਤਰ, ਸਕੂਲ ਦੇ ਮੈਂਬਰ ਇੰਚਾਰਜ ਉਤੇ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕੀਤਾ ਹੈ। ਹਰਿੰਦਰਪਾਲ ਸਿੰਘ ਸੇਠੀ ਉਸ ਸਮੇਂ ਤੱਕ ਮੁਅੱਤਲ ਰਹਿਣਗੇ ਜਦ ਤੱਕ ਉਹ ਇਸ ਮਾਮਲੇ ਵਿਚ ਬਰੀ ਨਹੀਂ ਹੁੰਦੇ, ਜੇਕਰ ਦੋਸ਼ੀ ਪਾਏ ਗਏ ਤੱਕ ਉਨ੍ਹਾਂ ਦੀ ਮੁਢਲੀ ਮੈਂਬਰਸ਼ਿਪ ਨੂੰ ਰੱਦ ਕਰ ਦਿੱਤਾ ਜਾਵੇਗਾ। ਉਨ੍ਹਾਂ ਦੀ ਥਾਂ ਸਕੂਲ ਦੇ ਮੈਂਬਰ ਇੰਚਾਰਜ ਧਨਰਾਜ ਸਿੰਘ ਨੂੰ ਲਗਾਇਆ।

# ਪੰਜਾਬ ਨੇ ਭਾਖੜਾ ਦਾ ਮੰਗਿਆ ਸੰਚਾਲਨ ਖਰਚ

## ਹਰਿਆਣਾ ਸਰਕਾਰ ਨੂੰ ਭੇਜਿਆ 113 ਕਰੋੜ ਰੁ. ਦਾ ਬਕਾਇਆ ਬਿੱਲ

ਚੰਡੀਗੜ੍ਹ, 30 ਜੁਲਾਈ (ਚ.ਨ.ਸ.): ਪੰਜਾਬ ਸਰਕਾਰ ਨੇ ਭਾਖੜਾ ਨਹਿਰ ਦੇ ਸੰਚਾਲਨ ਤੇ ਰਖ-ਰਖਾਅ ਨਾਲ ਜੁੜੇ ਬਕਾਏ ਖਰਚ ਲਈ ਹਰਿਆਣਾ ਸਰਕਾਰ ਨੂੰ 113.24 ਕਰੋੜ ਦਾ ਬਿੱਲ ਭੇਜਿਆ ਹੈ। ਇਹ ਆਡਿਟ ਪੰਜਾਬ ਦੇ ਜਲ ਸਰੋਤ ਵਿਭਾਗ ਨੇ ਕਰਵਾਇਆ ਹੈ, ਜਿਸ ਵਿਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਰਿਪੋਰਟ ਮੁਤਾਬਕ ਹਰਿਆਣਾ ਨੇ ਸਾਲ 2015-16 ਤੋਂ ਬਾਅਦ ਪੈਸੇ ਨਹੀਂ ਦਿੱਤੇ ਹਨ ਤੇ ਮੁਰੰਮਤ ਲਈ ਪੰਜਾਬ ਨੂੰ ਕੋਈ ਭੁਗਤਾਨ ਨਹੀਂ ਕੀਤਾ ਹੈ। ਪੰਜਾਬ ਦੇ ਜਲ ਸਰੋਤ ਵਿਭਾਗ ਨੇ ਹਰਿਆਣਾ ਦੇ ਸਿੰਚਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਇਹ ਰਕਮ ਚੁਕਾਉਣ ਨੂੰ ਕਿਹਾ ਹੈ। ਇਸ ਬਕਾਏ ਵਿਚ ਭਾਖੜਾ ਮੇਨ ਲਾਈਨ ਕੈਨਾਲ ਡਵੀਜ਼ਨ ਪਟਿਆਲਾ ਦੇ 103.92 ਕਰੋੜ ਰੁਪਏ ਤੇ ਮਾਨਸਾ ਕੈਨਾਲ ਡਵੀਜ਼ਨ ਜਵਾਹਰ ਦੇ 9.32 ਕਰੋੜ ਰੁਪਏ ਸ਼ਾਮਲ ਹਨ। ਭਾਖੜਾ ਨਹਿਰ ਤੋਂ ਕੁੱਲ 12455 ਕਿਊਸਿਕ ਪਾਣੀ ਦੀ ਸਪਲਾਈ ਹੁੰਦੀ ਹੈ ਜਿਸ ਵਿਚੋਂ 7841 ਕਿਊਸਿਕ ਹਰਿਆਣਾ ਨੂੰ, 3108 ਪੰਜਾਬ ਨੂੰ, 850 ਕਿਊਸਿਕ ਰਾਜਸਥਾਨ ਨੂੰ, 496 ਕਿਊਸਿਕ ਦਿੱਲੀ ਤੇ 160 ਕਿਊਸਿਕ ਚੰਡੀਗੜ੍ਹ ਨੂੰ ਮਿਲਦੇ ਹਨ। ਭਾਖੜਾ ਨਹਿਰ ਪੰਜਾਬ ਤੋਂ ਹੋ ਕੇ ਲੰਘਦੀ ਹੈ, ਇਸ ਲਈ ਰੱਖ-ਰਖਾਅ ਤੇ ਸੰਚਾਲਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੁੰਦੀ ਹੈ। ਹੋਰ ਸੂਬਿਆਂ ਨੂੰ ਇਸ ਦੇ ਅਨੁਪਾਦਿਕ ਖਰਚ ਵਿਚ ਹਿੱਸਾ ਦੇਣਾ ਹੁੰਦਾ ਹੈ। ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਨਹਿਰ ਰਖ-ਰਖਾਅ, ਮੁਰੰਮਤ ਤੇ ਮੁਲਾਜ਼ਮਾਂ ਦੀ ਤਨਖਾਹ ਆਦਿ ਦੇ ਖਰਚ ਦਾ ਵੱਡਾ ਹਿੱਸਾ ਹਰਿਆਣਾ ਨੂੰ ਦੇਣਾ ਹੁੰਦਾ ਹੈ ਕਿਉਂਕਿ ਉਹ ਸਭ ਤੋਂ ਵੱਧ ਪਾਣੀ ਲੈਂਦਾ ਹੈ ਪਰ 2016-17 ਦੇ ਬਾਅਦ ਹਰਿਆਣਾ ਨੇ ਇਨ੍ਹਾਂ ਖਰਚਿਆਂ ਦੀ ਭਰਪਾਈ ਕਰਨਾ ਬੰਦ ਕਰ ਦਿੱਤਾ। ਸਿਰਫ ਸਾਲ 2023-24 ਵਿਚ ਹਰਿਆਣਾ 'ਤੇ ਤਨਖਾਹ ਤੇ ਦਫਤਰ ਖਰਚ ਦੇ 22.20 ਕਰੋੜ ਰੁਪਏ ਬਕਾਏ ਹਨ।

ਸਾਲ 1990 ਤੋਂ 2023-24 ਤੱਕ ਕੁੱਲ 318.24 ਕਰੋੜ ਰੁਪਏ ਦੀ ਰਕਮ ਤਨਖਾਹ ਤੇ ਪ੍ਰਸ਼ਾਸਨਿਕ ਰਕਮ ਹਰਿਆਣਾ ਨੂੰ ਦੇਣੀ ਚਾਹੀਦੀ ਸੀ। ਸੂਤਰਾਂ ਮੁਤਾਬਕ 2016-17 ਤੋਂ ਪਹਿਲਾਂ ਪੰਜਾਬ ਜਲ ਸਰੋਤ ਵਿਭਾਗ ਰੈਗੂਲਰ ਇਨ੍ਹਾਂ ਖਰਚਿਆਂ ਦਾ ਹਿਸਾਬ-ਕਿਤਾਬ ਰੱਖਦਾ ਸੀ ਪਰ ਇਸ ਦੇ ਬਾਅਦ ਲਾਪ੍ਰਵਾਹੀ ਵਰਤੀ ਗਈ। ਜਲ ਸਰੋਤ ਵਿਭਾਗ ਦੇ ਮੁਖੀ ਸਕੱਤਰ ਕ੍ਰਿਸ਼ਨ ਕੁਮਾਰ ਦੇ ਧਿਆਨ ਵਿਚ ਮਾਮਲਾ ਆਉਣ ਦੇ ਬਾਅਦ ਉਨ੍ਹਾਂ ਨੇ ਆਡਿਟ ਦੇ ਹੁਕਮ ਦਿੱਤੇ ਤਾਂ ਇਹ ਵੱਡੀ ਗਲਤੀ ਸਾਹਮਣੇ ਆਈ। ਹੁਣ ਪੰਜਾਬ ਸਰਕਾਰ ਨੇ ਹਰਿਆਣਾ ਤੋਂ ਵਸੂਲੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਦੇ 4 ਆਈ.ਪੀ.ਐੱਸ. ਅਧਿਕਾਰੀ ਕੇਂਦਰ 'ਚ ਡੀ.ਜੀ.ਪੀ. ਵਜੋਂ ਨਿਯੁਕਤੀ ਲਈ ਸੂਚੀਬੱਧ

ਚੰਡੀਗੜ੍ਹ, 30 ਜੁਲਾਈ (ਚ.ਨ.ਸ.): ਭਾਰਤ ਸਰਕਾਰ ਨੇ ਪੰਜਾਬ ਕਾਡਰ ਦੇ ਚਾਰ ਆਈ.ਪੀ.ਐੱਸ. ਅਧਿਕਾਰੀਆਂ ਨੂੰ ਕੇਂਦਰੀ ਡੈਪੂਟੇਸ਼ਨ ਲਈ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਰੈਂਕ ਦੇ ਅਹੁਦੇ ਲਈ ਸੂਚੀਬੱਧ ਕੀਤਾ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ ਪੰਜਾਬ ਪੁਲਿਸ ਦੇ ਚਾਰ ਸੀਨੀਅਰ ਪੁਲਿਸ ਅਧਿਕਾਰੀਆਂ ਦਾ ਕੇਂਦਰੀ ਡੈਪੂਟੇਸ਼ਨ 'ਤੇ ਡੀ.ਜੀ.ਪੀ. ਜਾਂ ਇਸਦੇ ਬਰਾਬਰ ਦੇ ਰੈਂਕ 'ਤੇ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ। ਵਰਨਣਯੋਗ ਹੈ ਕਿ ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਵੀ ਕੇਂਦਰ ਸਰਕਾਰ ਨੇ ਡੀ.ਜੀ.ਪੀ. ਅਹੁਦੇ ਲਈ ਸੂਚੀਬੱਧ ਕੀਤਾ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਕੇਡਰ ਤੋਂ ਜਿਹੜੇ ਚਾਰ ਅਧਿਕਾਰੀਆਂ ਨੂੰ ਸੂਚੀਬੱਧ ਕੀਤਾ ਹੈ, ਉਨ੍ਹਾਂ 'ਚ ਅਮਰਦੀਪ ਸਿੰਘ ਰਾਏ, ਅਨੀਤਾ ਪੁੰਜ, ਪ੍ਰਵੀਨ ਕੁਮਾਰ ਸਿਨਹਾ ਤੇ ਸੁਧਾਂਸ਼ੂ ਸ਼੍ਰੀਵਾਸਤਵ ਸ਼ਾਮਲ ਹਨ। ਕੇਂਦਰ ਨੇ ਵੱਖ-ਵੱਖ ਸੂਬਿਆਂ ਦੇ ਕੁੱਲ 35 ਆਈਪੀਐੱਸ ਅਧਿਕਾਰੀਆਂ ਨੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਵਜੋਂ ਸੂਚੀਬੱਧ ਕੀਤਾ ਹੈ। ਇਹ ਸੂਚੀ ਇਨ੍ਹਾਂ ਅਧਿਕਾਰੀਆਂ ਦੇ ਕਰੀਅਰ 'ਚ ਇਕ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾਂਦਾ ਹੈ। ਇਹੀ ਨਹੀਂ ਕੌਮੀ ਪੱਧਰ 'ਤੇ ਪੁਲਿਸ ਦੀ ਦਰਜਾਬੰਦੀ ਵਿਚ ਇਹ ਪੰਜਾਬ ਦੀ ਪ੍ਰਤੀਨਿਧਤਾ ਨੂੰ ਦਰਸਾਉਂਦਾ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਪੰਜਾਬ 'ਚ 20 ਅਧਿਕਾਰੀ ਡੀ.ਜੀ.ਪੀ. ਰੈਂਕ 'ਤੇ ਕਾਰਜਸ਼ੀਲ ਹਨ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.

Chief Editor : Jagjit Singh Dardi

PRGI (RNI) Regd. No. 22972/1972

# ਨਾਗਰਿਕ-ਕੇਂਦਰਿਤ ਸ਼ਾਸਨ ਦੀ ਮਜ਼ਬੂਤੀ ਲਈ ਐਨਸੀਜੀਜੀ ਟੀਮ ਵੱਲੋਂ ਪੰਜਾਬ ਪਾਰਦਰਸ਼ਤਾ ਕਮਿਸ਼ਨ ਦਾ ਦੌਰਾ

ਚੰਡੀਗੜ੍ਹ, 30 ਜੁਲਾਈ (ਚ.ਨ.ਸ.): ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ (ਐਨ.ਸੀ.ਜੀ.ਜੀ.) ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਕਮਿਸ਼ਨ ਦਾ ਦੌਰਾ ਕੀਤਾ, ਜੋ ਕਿ ਭਾਰਤ ਦੇ ਰਾਈਟ ਟੂ ਸਰਵਿਸ (ਆਰ.ਟੀ.ਐਸ) ਲਾਗੂਕਰਨ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਭਾਰਤ ਸਰਕਾਰ ਦੇ ਪ੍ਰਸ਼ਾਸਕੀ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਵਿਭਾਗ ਅਧੀਨ ਐਨ.ਸੀ.ਜੀ.ਜੀ. ਦੇ ਡਾਇਰੈਕਟਰ ਜਨਰਲ ਡਾ. ਸੁਰੇਂਦਰ ਕੁਮਾਰ ਬਾਗੜੇ, ਆਈ.ਏ.ਐਸ. ਦੀ ਅਗਵਾਈ ਹੇਠ ਵਫਦ ਵੱਲੋਂ ਕੀਤੀ ਗਈ ਇਹ ਰਣਨੀਤਕ ਸ਼ਮੂਲੀਅਤ, ਨਾਗਰਿਕ-ਕੇਂਦਰਿਤ ਸ਼ਾਸਨ ਮਾਡਲਾਂ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਇਸ ਮਹੱਤਵਪੂਰਨ ਮੀਟਿੰਗ ਨੇ ਸੀਨੀਅਰ ਪ੍ਰਸ਼ਾਸਕੀ ਆਗੂਆਂ ਨੂੰ ਇੱਕ ਮੰਚ 'ਤੇ ਲਿਆਂਦਾ ਜਿਨ੍ਹਾਂ ਵਿੱਚ ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਸ੍ਰੀ ਵੀ.ਕੇ. ਜੰਜੂਆ, ਆਈ.ਏ.ਐਸ. (ਰਿਟਾ.), ਕਮਿਸ਼ਨ ਦੇ ਸਕੱਤਰ ਡਾ. ਨਯਨ ਜੱਸਲ, ਪੀ.ਸੀ.ਐਸ. ਤੇ ਕਮਿਸ਼ਨ ਦੇ ਗਵਰਨੈਂਸ ਫੈਲੋ ਮਿਸ ਸ਼ਿਵਾਨੀ ਸ਼ਾਮਲ ਸਨ। ਇਸ ਉੱਚ-ਪੱਧਰੀ ਗੱਲਬਾਤ



ਦੌਰਾਨ ਬਿਹਤਰ ਸ਼ਾਸਨ ਅਭਿਆਸਾਂ ਅਤੇ ਸੰਸਥਾਗਤ ਮਜ਼ਬੂਤੀ ਸਬੰਧੀ ਵਿਧੀਆਂ 'ਤੇ ਮਹੱਤਵਪੂਰਨ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਗੱਲਬਾਤ ਗਵਰਨੈਂਸ ਦੇ ਤਿੰਨ ਮਹੱਤਵਪੂਰਨ ਥੰਮ$ਹਾਂ 'ਤੇ ਕੇਂਦਰਿਤ ਸੀ ਜਿਨ੍ਹਾਂ 'ਚ ਲੰਬਿਤ ਮਾਮਲਿਆਂ 'ਚ ਯੋਜਨਾਬੱਧ ਕਮੀ, ਸ਼ਿਕਾਇਤ ਨਿਵਾਰਣ ਵਿਧੀਆਂ ਦੀ ਮਜਬੂਤੀ ਤੇ ਮਜ਼ਬੂਤ ਨਿਗਰਾਨੀ ਤੇ ਮੁਲਾਂਕਣ ਲਈ ਏਕੀਕ੍ਰਿਤ ਡਿਜੀਟਲ ਪਲੇਟਫਾਰਮਾਂ ਨੂੰ ਵਿਕਸਿਤ ਕਰਨਾ ਸ਼ਾਮਲ ਹੈ। ਡਾ. ਬਾਗੜੇ ਨੇ ਬਿਹਤਰ ਗਵਰਨੈਂਸ ਨਤੀਜਿਆਂ ਦੀ ਪ੍ਰਾਪਤੀ ਲਈ ਯੋਜਨਾਬੱਧ ਨਿਗਰਾਨ ਢਾਂਚੇ ਦੀ ਠੋਸ ਸੰਭਾਵਨਾ 'ਤੇ ਜ਼ੋਰ ਦਿੰਦਿਆਂ ਵਿਸ਼ੇਸ਼ ਤੌਰ 'ਤੇ ਸਰਵਿਸ ਡਲਿਵਰੀ 'ਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਸਬੰਧੀ ਇਸਦੇ ਸਕਾਰਾਤਮਕ ਪ੍ਰਭਾਵ ਨੂੰ ਉਜਾਗਰ ਕੀਤਾ। ਐਨ.ਸੀ.ਜੀ.ਜੀ. ਦੇ ਡਾਇਰੈਕਟਰ ਜਨਰਲ ਨੇ ਵਿਸ਼ੇਸ਼ ਤੌਰ 'ਤੇ ਡੇਟਾ-ਅਧਾਰਤ ਕਾਰਜਪ੍ਰਣਾਲੀ ਤੇ ਵਿਆਪਕ ਜਨਤਕ ਸੇਵਾ ਸੁਧਾਰ ਪਹਿਲਕਦਮੀਆਂ ਪ੍ਰਤੀ ਪੰਜਾਬ ਦੀ ਸਰਗਰਮ ਪਹੁੰਚ ਦੀ ਸ਼ਲਾਘਾ ਕੀਤੀ।

ਵੀ.ਕੇ. ਜੰਜੂਆ ਨੇ ਪਾਰਦਰਸ਼ਤਾ ਤੇ ਜਵਾਬਦੇਹੀ ਦੇ ਸਿਧਾਂਤਾਂ ਪ੍ਰਤੀ ਸੂਬਾ ਸਰਕਾਰ ਦੇ ਸਮਰਪਣ ਨੂੰ ਉਜਾਗਰ ਕਰਦਾਂ ਪੰਜਾਬ ਸਰਕਾਰ ਦੀਆਂ ਆਈ.ਟੀ.-ਅਧਾਰਤ ਨਿਵੇਕਲੀਆਂ ਪਹਿਲਕਦਮੀਆਂ ਦਾ ਵੇਰਵਾ ਦਿੱਤਾ ਜੋ ਨਾਗਰਿਕ ਸੇਵਾ ਪਹੁੰਚ ਤੇ ਸੰਸਥਾਗਤ ਜਵਾਬਦੇਹੀ ਵਿੱਚ ਕ੍ਰਾਂਤੀ ਲਿਆ ਰਹੀਆਂ ਹਨ। ਇਹ ਤਕਨੀਕੀ ਸੁਵਿਧਾਵਾਂ ਕੁਸ਼ਲ, ਪਾਰਦਰਸ਼ੀ ਤੇ ਜਵਾਬਦੇਹ ਸ਼ਾਸਨ ਢਾਂਚੇ ਵੱਲ ਕ੍ਰਾਂਤੀਕਾਰੀ ਤਬਦੀਲੀ ਨੂੰ ਦਰਸਾਉਂਦੀਆਂ ਹਨ। ਇਹ ਦੌਰਾ ਦੇਸ਼ ਭਰ ਦੇ ਸਟੇਟ ਆਰ.ਟੀ.ਐਸ. ਕਮਿਸ਼ਨਾਂ ਤੱਕ ਐਨ.ਸੀ.ਜੀ.ਜੀ. ਦੇ ਵਿਆਪਕ ਪਹੁੰਚ ਪ੍ਰੋਗਰਾਮ ਦਾ ਮਹੱਤਵਪੂਰਨ ਹਿੱਸਾ ਹੈ, ਜੋ ਨਾਗਰਿਕ-ਕੇਂਦਰਿਤ ਸ਼ਾਸਨ ਸਬੰਧੀ ਬਿਹਤਰ ਅਭਿਆਸਾਂ ਨੂੰ ਅਪਨਾਉਣ ਅਤੇ ਪ੍ਰਸ਼ਾਸਕੀ ਸੁਧਾਰਾਂ ਦੇ ਲਾਗੂਕਰਨ 'ਚ ਤੇਜ਼ੀ ਲਿਆਉਣ ਲਈ ਤਿਆਰ ਕੀਤਾ ਗਿਆ ਹੈ। ਇਹ ਸ਼ਮੂਲੀਅਤ ਕੇਂਦਰੀ ਤੇ ਰਾਜ ਸੰਸਥਾਵਾਂ ਵਿਚਕਾਰ ਸਹਿਯੋਗੀ ਢਾਂਚੇ ਨੂੰ ਮਜ਼ਬੂਤ ਕਰਦਿਆਂ ਦੇਸ਼ ਭਰ ਦੇ ਗਵਰਨੈਂਸ ਈਕੋ ਸਿਸਟਮ ਦੀ ਮਜਬੂਤੀ ਲਈ ਜਾਣਕਾਰੀ ਦੇ ਆਦਾਨ-ਪ੍ਰਦਾਨ ਤੇ ਗਵਰਨੈਂਸ ਦੇ ਬਿਹਤਰ ਅਭਿਆਸਾਂ ਨੂੰ ਅਪਨਾਉਣ ਦੀ ਵਕਾਲਤ ਕਰਦੀ ਹੈ।

# ਰਾਜਸਥਾਨ ਸਰਕਾਰ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਕਕਾਰ ਪਹਿਨਣ ਦੀ ਇਜਾਜ਼ਤ

ਜੈਪੁਰ, 30 ਜੁਲਾਈ (ਚ.ਨ.ਸ.): ਇੱਕ ਸਿੱਖ ਕੁੜੀ ਨੂੰ ਕਕਾਰ ਪਹਿਨਣ ਕਾਰਨ ਪ੍ਰੀਖਿਆ ਕੇਂਦਰਾਂ ਤੋਂ ਰੋਕੇ ਜਾਣ 'ਤੇ ਸਿੱਖ ਭਾਈਚਾਰੇ 'ਚ ਵਧ ਰਹੇ ਰੋਸ ਤੋਂ ਕੁਝ ਦਿਨ ਬਾਅਦ ਰਾਜਸਥਾਨ ਸਰਕਾਰ ਨੇ ਵੱਡਾ ਫੈਸਲਾ ਲੈਂਦੇ ਹੋਏ ਅਧਿਕਾਰਤ ਤੌਰ 'ਤੇ ਪ੍ਰਤੀਯੋਗੀ ਅਤੇ ਭਰਤੀ ਪ੍ਰੀਖਿਆਵਾਂ ਦੌਰਾਨ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਦਸਤਾਰ, ਕੜਾ ਅਤੇ ਕਿਰਪਾਨ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਹੈ। ਰਾਜਸਥਾਨ ਗ੍ਰਹਿ (ਗਰੁੱਪ-1) ਵਿਭਾਗ ਵੱਲੋਂ 29 ਜੁਲਾਈ ਨੂੰ ਜਾਰੀ ਕੀਤਾ ਗਿਆ ਇਹ ਨਿਰਦੇਸ਼, 2019 ਦੇ ਪਿਛਲੇ ਆਦੇਸ਼ ਦੀ ਪੁਸ਼ਟੀ ਕਰਦਾ ਹੈ, ਜਿਸ ਵਿੱਚ ਸਾਰੀਆਂ ਪ੍ਰੀਖਿਆ ਸੰਚਾਲਨ ਏਜੰਸੀਆਂ ਨੂੰ ਪ੍ਰੀਖਿਆ ਸੁਰੱਖਿਆ ਪ੍ਰੋਟੋਕੋਲ ਨੂੰ ਯਕੀਨੀ ਬਣਾਉਂਦੇ ਹੋਏ ਧਾਰਮਿਕ ਅਧਿਕਾਰਾਂ ਦਾ ਸਤਿਕਾਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪੁਲਿਸ, ਸਿੱਖਿਆ ਤੇ ਲੋਕ ਸੇਵਾ ਕਮਿਸ਼ਨ ਸਮੇਤ ਵਿਭਾਗਾਂ ਨੂੰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਗੈਰ-ਭੇਦਭਾਵਪੂਰਨ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਰਾਜ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਦਸਤਾਰ, ਕਿਰਪਾਨ ਤੇ ਕੜਾ ਵਰਗੇ ਧਾਰਮਿਕ ਚਿੰਨ੍ਹ ਪਹਿਨ ਕੇ ਪ੍ਰੀਖਿਆਵਾਂ 'ਚ ਬੈਠਣ ਦੀ ਇਜਾਜ਼ਤ ਦਿੱਤੀ ਜਾਵੇਗੀ, ਬਸ਼ਰਤੇ ਇਹ ਸਪੱਸ਼ਟ ਤੌਰ 'ਤੇ ਧਾਰਮਿਕ ਵਿਸ਼ਵਾਸ ਨਾਲ ਸਬੰਧਤ ਹੋਵੇ ਤੇ ਜਨਤਕ ਵਿਵਸਥਾ ਨੂੰ ਪ੍ਰਭਾਵਤ ਨਾ ਕਰੇ।

# ਸੰਜੀਵ ਅਰੋੜਾ ਵੱਲੋਂ ਸੀ.ਆਈ.ਆਈ. ਸਮਾਗਮ 'ਚ ਉਦਯੋਗਪਤੀਆਂ ਨਾਲ ਮੁਲਾਕਾਤ

## ਨੀਤੀ ਲਾਗੂਕਰਨ ਨੂੰ ਹੋਰ ਮਜ਼ਬੂਤ ਕਰਨ ਲਈ ਉਦਯੋਗਾਂ ਨੂੰ ਉਨ੍ਹਾਂ ਦੇ ਫੀਡਬੈਕ ਤੇ ਸਹਿਯੋਗ ਲਈ ਸੱਦਾ ਦਿੱਤਾ

ਚੰਡੀਗੜ੍ਹ, 30 ਜੁਲਾਈ (ਚ.ਨ.ਸ.): ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀਆਈਆਈ) ਪੰਜਾਬ ਨੇ ਪੰਜਾਬ ਸਰਕਾਰ ਦੇ ਉਦਯੋਗ, ਵਣਜ, ਨਿਵੇਸ਼ ਪ੍ਰੋਤਸਾਹਨ ਤੇ ਐਨਆਰਆਈ ਮਾਮਲਿਆਂ ਬਾਰੇ ਮੰਤਰੀ ਸੰਜੀਵ ਅਰੋੜਾ ਨਾਲ ਸੀਆਈਆਈ ਉੱਤਰੀ ਖੇਤਰ ਹੈੱਡਕੁਆਰਟਰ, ਚੰਡੀਗੜ੍ਹ ਵਿਖੇ ਇੱਕ ਉੱਚ-ਪੱਧਰੀ ਇੰਟਰਐਕਟਿਵ ਸੈਸ਼ਨ ਕਰਵਾਇਆ। ਇਸ ਸੈਸ਼ਨ 'ਚ ਮੋਹਰੀ ਉਦਯੋਗ ਭਾਈਵਾਲਾਂ ਤੇ ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਹਿੱਸਾ ਲਿਆ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਪਣੇ ਮੁੱਖ ਭਾਸ਼ਣ ਦੌਰਾਨ ਪੰਜਾਬ 'ਚ ਇੱਕ ਪ੍ਰਗਤੀਸ਼ੀਲ ਉਦਯੋਗਿਕ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਤੇ ਨੀਤੀ ਲਾਗੂਕਰਨ ਨੂੰ ਮਜ਼ਬੂਤ ਕਰਨ ਲਈ ਉਦਯੋਗਾਂ ਨੂੰ ਉਹਨਾਂ ਦੇ ਫੀਡਬੈਕ ਤੇ ਸਹਿਯੋਗ ਲਈ ਸੱਦਾ ਦਿੱਤਾ। ਮੰਤਰੀ ਨੇ ਕਿਹਾ ਕਿ ਅਸੀਂ ਪੰਜਾਬ ਨੂੰ ਇੱਕ ਮੋਹਰੀ ਨਿਵੇਸ਼ ਸਥਾਨ ਵਜੋਂ ਸਥਾਪਤ ਕਰਨ ਲਈ



ਉਦਯੋਗਿਕ ਖੇਤਰ ਨਾਲ ਮਿਲ ਕੇ ਕੰਮ ਕਰ ਰਹੇ ਹਾਂ।

ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਵਿੱਚ ਕਾਰੋਬਾਰ ਲਈ ਮਾਹੌਲ ਸਿਰਜਣ ਵੱਲ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਨਿਵੇਸ਼ਕ ਲੰਬੇ ਸਮੇਂ ਦੇ ਇਸ ਦ੍ਰਿਸ਼ਟੀਕੋਣ 'ਤੇ ਭਰੋਸਾ ਮਹਿਸੂਸ ਕਰ ਰਹੇ ਹਨ। ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੇ ਉਦਯੋਗਿਕ ਨੀਤੀ 'ਚ ਹੋਰ ਸੁਧਾਰ ਕਰਨ ਅਤੇ ਕਾਰੋਬਾਰ ਕਰਨ 'ਚ ਆਸਾਨੀ ਲਈ ਸੈਕਟਰਲ ਵਿਸ਼ੇਸ਼ ਕਮੇਟੀਆਂ ਦੇ ਗਠਨ ਦੇ ਫੈਸਲੇ ਦੀ ਸ਼ਲਾਘਾ ਕੀਤੀ। ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੁਆਰਾ ਲਏ ਗਏ ਪਿਛਲੇ ਫੈਸਲੇ ਜਿਵੇਂ ਕਿ ਵਨ ਟਾਈਮ ਸੈਟਲਮੈਂਟ ਸਕੀਮ ਅਤੇ ਲੀਜ਼ਹੋਲਡ ਤੋਂ ਫ੍ਰੀਹੋਲਡ ਉਦਯੋਗਿਕ ਪਲਾਟਾਂ ਕਰਨ ਆਦਿ ਦੀ ਵੀ ਸ਼ਲਾਘਾ ਕੀਤੀ ਅਤੇ ਪੰਜਾਬ ਵਿੱਚ ਏਅਰ ਕਾਰਗੋ ਸਹੂਲਤ ਖੋਲ੍ਹਣ ਦੀ ਮੰਗ ਵੀ ਕੀਤੀ ਹੈ। ਸੰਜੀਵ ਅਰੋੜਾ ਨੇ ਉਦਯੋਗਪਤੀਆਂ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਵਿੱਚ ਏਅਰ ਕਾਰਗੋ ਸਹੂਲਤ ਖੋਲ੍ਹਣ ਲਈ ਸੁਹਿਰਦ ਯਤਨ ਕਰਨਗੇ।

ਇੱਕ ਸਵਾਲ ਦੇ ਜਵਾਬ 'ਚ ਸੰਜੀਵ ਅਰੋੜਾ ਨੇ ਕਿਹਾ ਕਿ ਨਗਰ ਨਿਗਮ ਦੀਆਂ ਹੱਦਾਂ ਤੋਂ ਬਾਹਰ ਇਮਾਰਤਾਂ ਲਈ ਸਮਰੱਥ ਅਥਾਰਟੀ ਦੀ ਲੋੜ ਨਹੀਂ ਕਿਉਂਕਿ ਫੈਕਟਰੀ ਵਿਭਾਗ ਦੁਆਰਾ ਪੂਰੀ ਤਰ੍ਹਾਂ ਢਾਂਚਾਗਤ ਤਸਦੀਕ ਤੋਂ ਬਾਅਦ ਜਾਰੀ ਕੀਤਾ ਗਿਆ ਸਥਿਰਤਾ ਸਰਟੀਫਿਕੇਟ ਇਸੇ ਉਦੇਸ਼ ਦੀ ਪੂਰਤੀ ਕਰਦਾ ਹੈ ਤੇ ਇਸਨੂੰ ਜਾਇਜ ਮੰਨਿਆ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਇਸ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਮੋਹਾਲੀ, ਲੁਧਿਆਣਾ ਤੇ ਅੰਮ੍ਰਿਤਸਰ ਵਿਖੇ ਕਨਵੈਨਸ਼ਨ ਸੈਂਟਰ ਤਿਆਰ ਕਰਨ ਦੀ ਪ੍ਰਕਿਰਿਆ ਅਧੀਨ ਹੈ ਅਤੇ ਇੱਕ ਆਨਲਾਈਨ ਸੀਆਰਓ ਸ਼ੁਰੂ ਕੀਤਾ ਹੈ ਜੋ 15 ਕੰਮਕਾਜੀ ਦਿਨਾਂ ਦੇ ਅੰਦਰ ਪ੍ਰਦਾਨ ਕੀਤਾ ਜਾਵੇਗਾ।

ਸੀਆਈਆਈ ਪੰਜਾਬ ਦੇ ਚੇਅਰਮੈਨ ਅਤੇ ਸ਼ਿੰਗੋਰਾ ਟੈਕਸਟਾਈਲਜ਼ ਪ੍ਰਾਈਵੇਟ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਮਿਤ ਜੈਨ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਤੇ ਉਦਯੋਗ-ਸਰਕਾਰ ਗੱਲਬਾਤ ਨੂੰ ਸੁਚਾਰੂ ਬਣਾਉਣ ਵਿੱਚ ਸੀਆਈਆਈ ਦੀ ਭੂਮਿਕਾ 'ਤੇ ਚਾਨਣਾ ਪਾਇਆ। ਇਸ ਸੈਸ਼ਨ ਵਿੱਚ ਇਨਵੈਸਟ ਪੰਜਾਬ ਦੇ ਸੀਈਓ ਅਮਿਤ ਢਾਕਾ ਨੇ ਮੁੱਖ ਭਾਸ਼ਣ ਦਿੱਤਾ, ਜਿਨ੍ਹਾਂ ਨੇ ਰਾਜ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਅਤੇ ਕਾਰੋਬਾਰ ਕਰਨਾ ਸੁਖਾਲਾ ਬਣਾਉਣ ਲਈ ਸਰਕਾਰ ਦੀਆਂ ਚੱਲ ਰਹੀਆਂ ਪਹਿਲਕਦਮੀਆਂ ਸਾਂਝੀਆਂ ਕੀਤੀਆਂ।

ਇਸ ਉਪਰੰਤ ਓਪਨ ਹਾਊਸ ਨੇ ਮੈਂਬਰਾਂ ਨੂੰ ਮੰਤਰੀ ਤੇ ਸੀਨੀਅਰ ਅਧਿਕਾਰੀਆਂ ਨਾਲ ਆਪਣੇ ਸੁਝਾਅ, ਚੁਣੌਤੀਆਂ ਅਤੇ ਸੁਝਾਅ ਸਿੱਧੇ ਸਾਂਝੇ ਕਰਨ ਦੇ ਯੋਗ ਬਣਾਇਆ। ਮੈਂਬਰਾਂ ਨੇ ਸੁਝਾਅ ਦਿੱਤਾ ਕਿ ਉਦਯੋਗਿਕ ਨੀਤੀ ਤਹਿਤ ਲੇਬਰ ਕਲੋਨੀਆਂ ਨੂੰ ਪ੍ਰੋਤਸਾਹਨ ਲਈ ਵਿਚਾਰਿਆ ਜਾਵੇ। ਇਸ ਸਮਾਗਮ ਦਾ ਸਮਾਪਨ ਹਰਪ੍ਰੀਤ ਸਿੰਘ ਨਿੱਬਰ, ਵਾਈਸ ਚੇਅਰਮੈਨ, ਸੀਆਈਆਈ ਪੰਜਾਬ ਤੇ ਸੀਐਮਡੀ, ਪ੍ਰੀਤਿਕਾ ਇੰਡਸਟਰੀਜ਼ ਲਿਮਟਿਡ ਦੁਆਰਾ ਧੰਨਵਾਦ ਨਾਲ ਕੀਤਾ ਗਿਆ ਜਿਸ ਤੋਂ ਬਾਅਦ ਇੱਕ ਦੁਪਹਿਰ ਦੇ ਖਾਣੇ ਦਾ ਆਯੋਜਨ ਕੀਤਾ ਗਿਆ।

# ਰੂਸ 'ਚ ਆਇਆ ਦੁਨੀਆਂ ਦਾ 6ਵਾਂ ਸਭ ਤੋਂ ਵੱਧ 8.8 ਤੀਬਰਤਾ ਵਾਲਾ ਭੂਚਾਲ

## ਵੱਡੇ ਨੁਕਸਾਨ ਦੇ ਖ਼ਦਸ਼ੇ, ਜਾਪਾਨ ਤੋਂ ਲੈ ਕੇ ਅਮਰੀਕਾ ਤੱਕ ਸੁਨਾਮੀ

**ਚੜ੍ਹਦੀਕਲਾ ਬਿਊਰੋ**

================



ਮਾਸਕੋ, 30 ਜੁਲਾਈ : ਰੂਸ ਦੇ ਪੂਰਬ ਵਿੱਚ ਬੁੱਧਵਾਰ ਤੜਕੇ ਕਾਮਚਟਕਾ ਪ੍ਰਾਇਦੀਪ ਨੇੜੇ 8.8 ਤੀਬਰਤਾ ਦੇ ਭੂਚਾਲ ਕਾਰਨ ਉੱਤਰੀ ਪ੍ਰਸ਼ਾਂਤ ਮਹਾਸਾਗਰ ਵਿੱਚ ਚਾਰ ਚਾਰ ਫੁੱਟ ਉੱਚੀਆਂ ਸੁਨਾਮੀ ਦੀਆਂ ਲਹਿਰਾਂ ਆਈਆਂ, ਜਿਸ ਮਗਰੋਂ ਅਮਰੀਕਾ ਦੇ ਅਲਾਸਕਾ ਅਤੇ ਹਵਾਈ, ਜਾਪਾਨ ਅਤੇ ਨਿਊਜ਼ੀਲੈਂਡ ਦੇ ਦੱਖਣ ਵਿੱਚ ਚੇਤਾਵਨੀ ਜਾਰੀ ਕੀਤੀ ਗਈ ਹੈ। ਜਾਪਾਨ ਨੇ ਇਹਤਿਆਤ ਵਜੋਂ ਫੁਕੂਸ਼ੀਮਾ ਵਿਚਲੇ ਪਰਮਾਣੂ ਰਿਐਕਟਰ ਨੂੰ ਖਾਲੀ ਕਰਵਾ ਲਿਆ ਹੈ। ਭੂਚਾਲ ਭਾਰਤੀ ਸਮੇਂ ਅਨੁਸਾਰ ਸਵੇਰੇ ਪੰਜ ਵਜੇ ਦੇ ਕਰੀਬ ਆਇਆ ਤੇ ਭੂਚਾਲ ਦਾ ਕੇਂਦਰ ਸਮੁੰਦਰ ਵਿਚ 19 ਕਿਲੋਮੀਟਰ ਦੀ ਡੂੰਘਾਈ ਵਿਚ ਸੀ। ਇਹ ਭੂਚਾਲ ਮਾਰਚ 2011 ਦੇ ਭੂਚਾਲ ਤੋਂ ਬਾਅਦ ਦੁਨੀਆਂ ਵਿੱਚ ਆਇਆ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਜਾਪਦਾ ਹੈ। ਮਾਰਚ 2011 ਵਿੱਚ ਉੱਤਰ-ਪੂਰਬੀ ਜਾਪਾਨ ਵਿੱਚ ਆਏ ਭੂਚਾਲ ਦੀ ਤੀਬਰਤਾ 9.0 ਸੀ ਅਤੇ ਇਸ ਨਾਲ ਇੱਕ ਵੱਡੀ ਸੁਨਾਮੀ ਆਈ ਜਿਸ ਨੇ ਫੁਕੂਸ਼ੀਮਾ ਦਾਇਚੀ ਪਰਮਾਣੂ ਊਰਜਾ ਪਲਾਂਟ ਦੇ ਕੂਲਿੰਗ ਸਿਸਟਮ ਨੂੰ ਤਬਾਹ ਕਰ ਦਿੱਤਾ ਸੀ।ਮੰਗਲਵਾਰ ਨੂੰ ਹਵਾਈ ਦੀ ਰਾਜਧਾਨੀ ਹੋਨੋਲੂਲੂ ਵਿੱਚ ਸੁਨਾਮੀ ਦੀ ਚੇਤਾਵਨੀ ਦੇਣ ਵਾਲੇ ਸਾਇਰਨ ਵੱਜੇ ਅਤੇ ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਜਾਣ ਦੀ ਹਦਾਇਤ ਕੀਤੀ ਗਈ। ਜਾਪਾਨ ਦੀ ਮੌਸਮ ਵਿਗਿਆਨ ਏਜੰਸੀ ਨੇ ਕਿਹਾ ਕਿ ਪਹਿਲੀ ਸੁਨਾਮੀ ਲਹਿਰ, ਕਰੀਬ 30 ਸੈਂਟੀਮੀਟਰ ਉੱਚੀ, ਹੋਕਾਈਡੋ ਦੇ ਪੂਰਬੀ ਤੱਟ 'ਤੇ ਨੇਮੂਰੋ ਤੱਕ ਪਹੁੰਚ ਗਈ ਸੀ। ਕਾਮਚਟਕਾ ਪ੍ਰਾਇਦੀਪ ਨੇੜੇ ਰੂਸੀ ਖੇਤਰ ਵਿੱਚ ਨੁਕਸਾਨ ਅਤੇ ਨਿਕਾਸੀ ਦੀਆਂ ਰਿਪੋਰਟਾਂ ਹਨ, ਜਿੱਥੇ ਭੂਚਾਲ ਦਾ ਕੇਂਦਰ ਸੀ।

ਸਥਾਨਕ ਗਵਰਨਰ ਵੈਲੇਰੀ ਲਿਮਾਰੈਂਕੋ ਨੇ ਕਿਹਾ ਕਿ ਪਹਿਲੀ ਸੁਨਾਮੀ ਲਹਿਰ ਪ੍ਰਸ਼ਾਂਤ ਮਹਾਸਾਗਰ ਵਿੱਚ ਰੂਸ ਦੇ ਕੁਰਿਲ ਟਾਪੂਆਂ 'ਤੇ ਮੁੱਖ ਬਸਤੀ, ਸੇਵੇਰੋ-ਕੁਰਿਲਸਕ ਦੇ ਸਾਹਿਲੀ ਖੇਤਰ ਤੱਕ ਪਹੁੰਚੀ। ਉਨ੍ਹਾਂ ਕਿਹਾ ਕਿ ਸਥਾਨਕ ਲੋਕ ਸੁਰੱਖਿਅਤ ਹਨ ਅਤੇ ਲਹਿਰਾਂ ਦਾ ਖ਼ਤਰਾ ਟਲ ਜਾਣ ਤੱਕ ਉਹ ਉੱਚੀਆਂ ਥਾਵਾਂ 'ਤੇ ਰਹਿਣਗੇ। ਪ੍ਰਸ਼ਾਂਤ ਸੁਨਾਮੀ ਚੇਤਾਵਨੀ ਕੇਂਦਰ ਨੇ ਕਿਹਾ ਕਿ ਹਵਾਈ, ਚਿਲੀ, ਜਾਪਾਨ ਅਤੇ ਸੋਲੋਮਨ ਟਾਪੂਆਂ ਦੇ ਕੁਝ ਸਾਹਿਲੀ ਖੇਤਰਾਂ ਵਿੱਚ ਲਹਿਰਾਂ ਦੇ ਪੱਧਰ ਤੋਂ ਇੱਕ ਤੋਂ ਤਿੰਨ ਮੀਟਰ ਉੱਚੀਆਂ ਲਹਿਰਾਂ ਉੱਠਣ ਦੀ ਸੰਭਾਵਨਾ ਹੈ। ਰੂਸ ਅਤੇ ਇਕੁਆਡੋਰ ਦੇ ਕੁਝ ਸਾਹਿਲੀ ਖੇਤਰਾਂ ਵਿੱਚ ਤਿੰਨ ਮੀਟਰ ਤੋਂ ਉੱਚੀਆਂ ਲਹਿਰਾਂ ਉੱਠਣ ਦੀ ਉਮੀਦ ਹੈ।ਪ੍ਰਸ਼ਾਂਤ ਸੁਨਾਮੀ ਚੇਤਾਵਨੀ ਕੇਂਦਰ ਨੇ ਕਿਹਾ ਕਿ ਭੂਚਾਲ ਕਾਰਨ ਸੁਨਾਮੀ ਆਈ ਹੈ, ਜਿਸ ਨਾਲ ਸਾਰੇ ਹਵਾਈ ਟਾਪੂਆਂ ਦੇ ਸਾਹਿਲੀ ਖੇਤਰਾਂ ਵਿੱਚ ਨੁਕਸਾਨ ਹੋਣ ਦੀ ਸੰਭਾਵਨਾ ਹੈ। (ਬਾਕੀ ਸਫਾ 11 'ਤੇ)

*ਲੈਂਡ ਪੂਲਿੰਗ ਨੀਤੀ*

# ਕਿਸਾਨ ਆਗੂਆਂ ਵੱਲੋਂ ਸਰਕਾਰ ਨੂੰ ਚੇਤਾਵਨੀ; 'ਨੀਤੀ ਵਾਪਸ ਲਓ ਜਾਂ ਵੱਡੇ ਅੰਦੋਲਨ ਲਈ ਤਿਆਰ ਰਹੋ'

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 30 ਜੁਲਾਈ :ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਦੇ ਕਿਸਾਨਾਂ ਨੇ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨ ਐਕੁਆਇਰ ਕਰਨ ਦੇ ਤਜਵੀਜ਼ ਦਾ ਵਿਰੋਧ ਕਰਨ ਲਈ ਪੰਜਾਬ ਦੇ 116 ਪਿੰਡਾਂ ਵਿੱਚ ਟਰੈਕਟਰ ਮਾਰਚ ਕੱਢਿਆ ਜਾ ਰਿਹਾ ਹੈ। ਇਸ ਸਬੰਧੀ ਲੁਧਿਆਣਾ ਜ਼ਿਲ੍ਹਾ ਟਰੈਕਟਰ ਮਾਰਚ ਦਾ ਮੁੱਖ ਕੇਂਦਰ ਬਿੰਦੂ ਰਿਹਾ, ਜਿੱਥੇ 45,861 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਹੈ। ਇਸ ਵਿੱਚ ਰਿਹਾਇਸ਼ੀ ਮੰਤਵ ਲਈ 24,311 ਏਕੜ ਅਤੇ ਸਨਅਤੀ ਜ਼ੋਨ ਸਥਾਪਤ ਕਰਨ ਲਈ 21,550 ਏਕੜ ਜ਼ਮੀਨ ਸ਼ਾਮਲ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਟਰੈਕਟਰ ਰੈਲੀ ਲੁਧਿਆਣਾ ਜ਼ਿਲ੍ਹੇ ਦੇ ਕੂਮਕਲਾਂ, ਬਲੀਓਂ, ਦਾਖਾ, ਜੋਧਾਂ ਅਤੇ ਜਗਰਾਉਂ ਸਮੇਤ ਵੱਖ-ਵੱਖ ਥਾਵਾਂ ਤੋਂ ਸ਼ੁਰੂ ਹੋਈ।

ਉਨ੍ਹਾਂ ਕਿਹਾ, ਇਹ ਹਾਲ ਹੀ ਦੇ ਸਮੇਂ ਵਿੱਚ ਸਭ ਤੋਂ ਵੱਡਾ ਮਾਰਚ ਹੋਵੇਗਾ, ਕਿਉਂਕਿ ਪੇਂਡੂ ਖੇਤਰਾਂ ਵਿੱਚ ਲੋਕ ਆਪਣੀਆਂ ਉਪਜਾਊ ਜ਼ਮੀਨਾਂ ਖੋਹਣ ਅਤੇ ਆਪਣੇ ਘਰਾਂ ਤੋਂ ਉਜਾੜਨ ਦੀ ਇਸ ਕੋਸ਼ਿਸ਼ ਵਿਰੁੱਧ ਆਪਣਾ ਗੁੱਸਾ ਜ਼ਾਹਰ ਕਰਨਾ ਚਾਹੁੰਦੇ ਹਨ। ਉਧਰ ਪੁਲਿਸ ਨੇ ਵੀ ਟਰੈਕਟਰ ਮਾਰਚ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ ਕੀਤੇ ਹੋਏ ਹਨ।



ਲੈਂਡ ਪੂਲਿੰਗ ਨੀਤੀ ਵਿਰੁੱਧ ਕਿਸਾਨਾਂ ਦੇ ਗੁੱਸੇ ਨੂੰ ਦੇਖਦੇ ਹੋਏ ਰੋਪੜ ਤੋਂ 'ਆਪ' ਵਿਧਾਇਕ ਦਿਨੇਸ਼ ਚੱਢਾ ਨੇ ਇੱਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿੱਚ ਉਨ੍ਹਾਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਜੇਕਰ ਉਹ ਨੀਤੀ ਨੂੰ ਆਪਣੀ ਸਹਿਮਤੀ ਨਹੀਂ ਦਿੰਦੇ ਹਨ, ਤਾਂ ਇੱਕ ਇੰਚ ਵੀ ਜ਼ਮੀਨ ਸੂਬੇ ਵੱਲੋਂ ਨਹੀਂ ਲਈ ਜਾਵੇਗੀ। ਹਾਲਾਂਕਿ, ਜਦੋਂ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਇਸ ਮੁੱਦੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਅਨੰਦਪੁਰ ਸਾਹਿਬ ਸੰਸਦੀ ਹਲਕੇ ਤੋਂ 'ਆਪ' ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਪੰਜਾਬ ਸਰਕਾਰ ਦੀ ਨੀਤੀ ਬਾਰੇ ਸੋਸ਼ਲ ਮੀਡੀਆ 'ਤੇ ਪੋਸਟ ਪਾਈ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ, ਮੰਨਾਂਵਾਲਾ ਅਤੇ ਤਰਨਤਾਰਨ ਵਿੱਚ ਟਰੈਕਟਰ ਮਾਰਚਾਂ ਵਿੱਚ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ, ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਇੱਕ ਵੱਡਾ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਨੀਤੀ ਵਾਪਸ ਲਈ ਜਾਵੇ। ਇਸ ਦੌਰਾਨ ਗੁਰੂ ਕਾ ਬਾਗ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਕਿਸਾਨਾਂ ਨੇ ਅੰਮ੍ਰਿਤਸਰ-ਅਜਨਾਲਾ ਸੜਕ 'ਤੇ ਗੁਰਦੁਆਰਾ ਮੋਰਚਾ ਸਾਹਿਬ ਵੱਲ ਮਾਰਚ ਕੀਤਾ ਜਿੱਥੇ ਰਾਜਾਸਾਂਸੀ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਇੱਕ ਹੋਰ ਕਾਫਲੇ ਨੇ ਉਨ੍ਹਾਂ ਨੂੰ ਸਹਿਯੋਗ ਦਿੱਤਾ।

**ਕਿਸਾਨਾਂ ਵੱਲੋਂ ਫਤਿਹਗੜ੍ਹ ਸਾਹਿਬ 'ਚ ਡੀਸੀ ਦਫਤਰ ਅੱਗੇ ਧਰਨਾ**

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਨੇ ਫਤਿਹਗੜ੍ਹ ਸਾਹਿਬ ਦੇ ਡੀਸੀ ਦਫ਼ਤਰ ਦੇ ਸਾਹਮਣੇ ਪੰਜਾਬ ਸਰਕਾਰ ਵਿਰੁੱਧ ਧਰਨਾ ਲਗਾਇਆ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਦੀ ਅਗਵਾਈ ਵਿੱਚ ਭਾਜਪਾ ਵਰਕਰਾਂ ਨੇ ਇਸ ਲੈਂਡ ਪੂਲਿੰਗ ਨੀਤੀ ਵਿਰੁੱਧ ਡੀ.ਸੀ. ਦਫ਼ਤਰ ਦੇ ਦੂਜੇ ਪਾਸੇ ਧਰਨਾ ਦਿੱਤਾ ਰੋਪੜ ਵਿੱਚ ਸੈਂਕੜੇ ਕਿਸਾਨਾਂ ਨੇ 'ਆਪ' ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਰੈਲੀ ਸ਼ੁਰੂ ਕੀਤੀ। ਇਹ ਰੈਲੀ ਮੋਰਿੰਡਾ ਵਿੱਚ ਖਤਮ ਹੋਈ। ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਨੇ ਦੋਸ਼ ਲਗਾਇਆ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨੀਤੀ ਲਾਗੂ ਕਰਨ ਲਈ ਦਬਾਅ ਪਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨ ਕਿਸੇ ਵੀ ਕੀਮਤ 'ਤੇ ਆਪਣੀ ਜ਼ਮੀਨ ਨਹੀਂ ਦੇਣਗੇ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਮੁਹਾਲੀ ਖੇਤਰ ਦੇ ਕਿਸਾਨਾਂ ਵੱਲੋਂ ਟਰੈਕਟਰ ਮਾਰਚ ਕੱਢਿਆ ਗਿਆ। ਇਹ ਟਰੈਕਟਰ ਮਾਰਚ ਪਿੰਡ ਸਨੇਟਾ ਤੋਂ ਸ਼ੁਰੂ ਹੋਇਆ ਹੈ ਜੋ ਕਿ ਲੈਂਡ ਪੂਲਿੰਗ ਤੋਂ ਪ੍ਰਭਾਵਿਤ ਪਿੰਡਾਂ ਦੈੜੀ , ਪੱਤੋਂ , ਮਾਣਕਪੁਰ ਕੱਲਰ, ਸਿਆਊ, ਬੜੀ ਬਾਕਰਪੁਰ,ਕਿਸ਼ਨਪੁਰਾ ਆਦਿ ਹੁੰਦਿਆਂ ਹੋਇਆ ਪਿੰਡ ਕੁਰੜੀ ਵਿਖੇ ਆ ਕੇ ਸਮਾਪਤ ਹੋਵੇਗਾ। ਟਰੈਕਟਰ ਮਾਰਚ ਦੀ ਅਗਵਾਈ ਕਰ ਰਹੇ ਵੱਖ-ਵੱਖ ਜਥੇਬੰਦੀਆਂ ਦੇ ਕਿਸਾਨ ਆਗੂਆਂ ਦਵਿੰਦਰ ਸਿੰਘ ਦੇਹ ਕਲਾਂ, ਕਿਰਪਾਲ ਸਿੰਘ ਸਿਆਊ, ਲਖਵਿੰਦਰ ਸਿੰਘ ਕਰਾਲਾ, ਪਰਮਦੀਪ ਸਿੰਘ ਬੈਦਵਾਣ, ਦਰਸ਼ਨ ਸਿੰਘ ਦੁਰਾਲੀ,ਕੁਲਵੰਤ ਸਿੰਘ ਚਿੱਲਾ, ਸੁਖਚੈਨ ਸਿੰਘ ਚਿੱਲਾ,ਬਲਬੀਰ ਸਿੰਘ ਦੁਰਾਲੀ,ਜਸਪਾਲ ਸਿੰਘ ਨਿਆਮੀਆਂ,ਸ਼ੇਰ ਸਿੰਘ ਦੈੜੀ,ਹਰਨੇਕ ਸਿੰਘ ਸਿਆਊ ਅਤੇ ਕਈ ਹੋਰਨਾਂ ਨੇ ਦੱਸਿਆ ਕਿ ਲੈਂਡ ਪੂਲਿੰਗ ਨੀਤੀ ਤਹਿਤ ਕਿਸਾਨਾਂ ਵਿੱਚ ਭਾਰੀ ਰੋਸ ਹੈ ਤੇ ਜਦੋਂ ਤੱਕ ਲੈਂਡ ਪੂਲਿੰਗ ਵਾਪਸ ਨਹੀਂ ਲਈ ਜਾਂਦੀ ਉਦੋਂ ਤੱਕ ਕਿਸਾਨ ਅੰਦੋਲਨ ਕਰਦੇ ਰਹਿਣਗੇ। ਕਿਸਾਨਾਂ ਦੇ ਇਸ ਅੰਦੋਲਨ ਨੂੰ ਪੰਜਾਬ ਪ੍ਰੋਗਰੈਸਿਵ ਫਰੰਟ ਦੇ ਚੇਅਰਮੈਨ ਐਡਵੋਕੇਟ ਦਰਸ਼ਨ ਸਿੰਘ ਧਾਲੀਵਾਲ ਵੱਲੋਂ ਵੀ ਮੌਕੇ ਤੇ ਪਹੁੰਚ ਕੇ ਸਮਰਥਨ ਦਾ ਐਲਾਨ ਕੀਤਾ ਗਿਆ।

## ਮਜੀਠੀਆ ਨੂੰ ਨਹੀਂ ਮਿਲੀ ਜ਼ਮਾਨਤ, ਮੁੜ ਸੁਣਵਾਈ 1 ਅਗਸਤ ਨੂੰ

ਮੋਹਾਲੀ, 30 ਜੁਲਾਈ (ਚੜ੍ਹਦੀਕਲਾ ਬਿਊਰੋ) : ਆਮਦਨ ਤੋਂ



ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫ਼ਤਾਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅਜੇ ਤੱਕ ਮੋਹਾਲੀ ਅਦਾਲਤ ਤੋਂ ਰਾਹਤ ਨਹੀਂ ਮਿਲੀ ਹੈ। ਉਨ੍ਹਾਂ ਦੀ ਜ਼ਮਾਨਤ ਪਟੀਸ਼ਨ 'ਤੇ ਅੱਜ ਸਵੇਰੇ 10:30 ਵਜੇ ਤੋਂ ਦੁਪਹਿਰ 3 ਵਜੇ ਤੱਕ ਸੁਣਵਾਈ ਹੋਈ, ਜਿਸ ਵਿੱਚ ਦੋਵਾਂ ਧਿਰਾਂ ਦੇ ਵਕੀਲਾਂ ਨੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ।

ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 1 ਅਗਸਤ ਤੱਕ ਮੁਲਤਵੀ ਕਰ ਦਿੱਤੀ ਹੈ, ਉਸ ਦਿਨ ਵੀ ਬਹਿਸ ਜਾਰੀ ਰਹੇਗੀ। ਪਿਛਲੀ ਸੁਣਵਾਈ ਵਿੱਚ ਸਰਕਾਰ ਨੇ ਮਜੀਠੀਆ ਦੀ ਬੈਰਕ ਬਦਲਣ ਨਾਲ ਸਬੰਧਤ ਪਟੀਸ਼ਨ 'ਤੇ (ਬਾਕੀ ਸਫਾ 11 'ਤੇ)

## ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੀ 20ਵੀਂ ਕਿਸ਼ਤ 2 ਅਗਸਤ ਨੂੰ ਜਾਰੀ ਹੋਵੇਗੀ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 30 ਜੁਲਾਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਅਗਸਤ ਨੂੰ ਉੱਤਰ ਪ੍ਰਦੇਸ਼ ਦੇ ਵਾਰਾਨਸੀ ਵਿੱਚ 20,500 ਕਰੋੜ ਰੁਪਏ ਦੀ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਪੀਐਮ-ਕਿਸਾਨ) ਯੋਜਨਾ ਦੀ 20ਵੀਂ ਕਿਸ਼ਤ ਜਾਰੀ ਕਰਨਗੇ। ਇਸ ਨਾਲ ਦੇਸ਼ ਭਰ ਦੇ 9.7 ਕਰੋੜ ਕਿਸਾਨਾਂ ਨੂੰ ਲਾਭ ਹੋਵੇਗਾ।



ਸਰਕਾਰ ਦੀ ਪ੍ਰਮੁੱਖ ਸਿੱਧੀ ਲਾਭ ਟ੍ਰਾਂਸਫਰ ਯੋਜਨਾ 2019 ਵਿੱਚ ਸ਼ੁਰੂ ਕੀਤੀ ਗਈ ਸੀ। ਹੁਣ ਤੱਕ, ਇਸ ਪ੍ਰੋਗਰਾਮ ਦੇ ਤਹਿਤ 19 ਕਿਸ਼ਤਾਂ ਰਾਹੀਂ 3.69 ਲੱਖ ਕਰੋੜ ਰੁਪਏ ਸਿੱਧੇ ਕਿਸਾਨਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੇ ਜਾ ਚੁੱਕੇ ਹਨ। ਖੇਤੀਬਾੜੀ ਮੰਤਰਾਲੇ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ, 'ਪ੍ਰਧਾਨ ਮੰਤਰੀ-ਕਿਸਾਨ ਦੀ ਅਗਲੀ ਕਿਸ਼ਤ 2 ਅਗਸਤ ਨੂੰ ਜਾਰੀ ਕੀਤੀ ਜਾਵੇਗੀ। 20ਵੀਂ ਕਿਸ਼ਤ ਵਿੱਚ, ਲਗਭਗ 20,500 ਕਰੋੜ ਰੁਪਏ ਦੀ ਰਕਮ 9.7 ਕਰੋੜ ਕਿਸਾਨਾਂ ਨੂੰ ਟ੍ਰਾਂਸਫਰ ਕੀਤੀ ਜਾਵੇਗੀ।' ਪ੍ਰਧਾਨ ਮੰਤਰੀ ਇਹ ਕਿਸ਼ਤ ਆਪਣੇ ਸੰਸਦੀ ਹਲਕੇ ਵਾਰਾਨਸੀ ਵਿੱਚ ਆਯੋਜਿਤ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਜਾਰੀ ਕਰਨਗੇ। ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪ੍ਰੋਗਰਾਮ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਲਈ ਨਵੀਂ ਦਿੱਲੀ ਦੇ ਕ੍ਰਿਸ਼ੀ ਭਵਨ ਵਿੱਚ ਇਸ ਤਿਆਰੀ ਲਈ ਮੀਟਿੰਗ ਕੀਤੀ। ਖੇਤੀਬਾੜੀ ਸਕੱਤਰ ਦੇਵੇਸ਼ ਚਤੁਰਵੇਦੀ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਡਾਇਰੈਕਟਰ ਜਨਰਲ ਡਾ. ਐਮ.ਐਲ. ਜਾਟ ਅਤੇ ਖੇਤੀਬਾੜੀ ਮੰਤਰਾਲੇ ਦੇ (ਬਾਕੀ ਸਫਾ 11 'ਤੇ)

## ਜੈਸ਼ੰਕਰ ਨੇ ਰਾਹੁਲ ਨੂੰ 'ਚਾਈਨਾ ਗੁਰੂ' ਦੱਸਿਆ, ਕਿਹਾ ਚੀਨੀ ਰਾਜਦੂਤ ਤੋਂ ਟਿਊਸ਼ਨਾਂ ਲੈਂਦੇ ਹਨ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 30 ਜੁਲਾਈ :ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਅੱਜ ਰਾਜ ਸਭਾ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਅਸਿੱਧਾ ਹਮਲਾ ਕਰਦਿਆਂ ਉਨ੍ਹਾਂ ਨੂੰ 'ਚਾਈਨਾ ਗੁਰੂ' ਦੱਸਿਆ। ਜੈਸ਼ੰਕਰ ਨੇ ਦਾਅਵਾ ਕੀਤਾ ਕਿ ਅਜਿਹੇ ਲੋਕਾਂ ਨੇ ਬੀਜਿੰਗ ਓਲੰਪਿਕ ਵਿਚ ਹਾਜ਼ਰੀ ਭਰ ਕੇ ਅਤੇ ਚੀਨੀ ਰਾਜਦੂਤ ਕੋਲੋਂ ਵਿਸ਼ੇਸ਼ ਟਿਊਸ਼ਨਾਂ ਲੈ ਕੇ ਚੀਨ ਬਾਰੇ ਜਾਣਕਾਰੀ ਹਾਸਲ ਕੀਤੀ ਹੈ।



ਜੈਸ਼ੰਕਰ ਨੇ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਆਪਣੀ ਹਾਲੀਆ ਚੀਨ ਫੇਰੀ ਦੌਰਾਨ 'ਚੀਨੀ ਗੁਰੂਆਂ' ਵਾਂਗ ਗੁਪਤ ਮੀਟਿੰਗਾਂ ਜਾਂ ਸਮਝੌਤੇ ਨਹੀਂ ਕੀਤੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਚੀਨ ਦੀ ਫੇਰੀ ਦੌਰਾਨ ਅਤਿਵਾਦ, ਸਰਹੱਦ 'ਤੇ ਟਕਰਾਅ ਘਟਾਉਣ ਤੇ ਵਪਾਰ ਤੋਂ ਇਲਾਵਾ ਦੋਵਾਂ ਮੁਲਕਾਂ ਦਰਮਿਆਨ ਪਰਸਪਰ ਹਿੱਤਾਂ ਵਾਲੇ ਮੁੱਦਿਆਂ 'ਤੇ ਚਰਚਾ ਕੀਤੀ। ਕਾਬਿਲੇਗੌਰ ਹੈ ਕਿ ਰਾਹੁਲ ਗਾਂਧੀ ਤੇ ਸੋਨੀਆ ਗਾਂਧੀ 2008 ਬੀਜਿੰਗ ਓਲੰਪਿਕਸ ਵਿਚ ਵਿਸ਼ੇਸ਼ ਇਨਵਾਇਟੀ ਵਜੋਂ ਸ਼ਾਮਲ ਹੋਏ ਸਨ।

ਜੈਸ਼ੰਕਰ ਨੇ ਕਿਹਾ ਕਿ ਪਾਕਿਸਤਾਨ ਤੇ ਚੀਨ ਵਿਚ ਸਹਿਯੋਗ 1960 ਤੋਂ ਸ਼ੁਰੂ ਹੋਇਆ ਸੀ, ਪਰ ਭਾਰਤ ਦੀਆਂ ਪਿਛਲੀਆਂ ਸਰਕਾਰਾਂ ਆਪਣੇ ਗੁਆਂਢੀ ਨਾਲ ਸਹੀ ਤਰੀਕੇ ਨਾਲ ਨਜਿੱਠ ਨਹੀਂ ਸਕੀਆਂ। ਮੰਤਰੀ ਨੇ ਕਿਹਾ ਕਿ ਕੁਝ ਲੋਕਾਂ ਵੱਲੋਂ ਚੀਨ-ਪਾਕਿਸਤਾਨ ਸਬੰਧਾਂ ਬਾਰੇ ਗੱਲ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਦੋਸ਼ ਲਗਾਇਆ ਹੈ ਕਿ ਉਹ (ਜੈਸ਼ੰਕਰ) ਚੀਨ ਨੂੰ ਲੈ ਕੇ ਕੁਝ ਨਹੀਂ ਕਰ ਰਹੇ, ਭਾਵੇਂ ਕਿ ਉਨ੍ਹਾਂ (ਜੈਸ਼ੰਕਰ) ਨੇ 41 ਸਾਲ ਵਿਦੇਸ਼ ਸੇਵਾ ਵਿੱਚ ਬਿਤਾਏ ਹਨ ਅਤੇ ਚੀਨ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਭਾਰਤੀ ਰਾਜਦੂਤ ਰਹੇ ਹਨ।

ਵਿਦੇਸ਼ ਮੰਤਰੀ ਨੇ ਕਿਹਾ, "ਪਰ ਹੁਣ ਕੁਝ 'ਚਾਈਨਾ ਗੁਰੂ' ਹਨ ਤੇ ਇਨ੍ਹਾਂ ਵਿਚੋਂ ਇਕ (ਜੈਰਾਮ ਰਮੇਸ਼) ਮੇਰੇ ਸਾਹਮਣੇ ਬੈਠੇ ਹਨ, ਜਿਨ੍ਹਾਂ ਦਾ ਚੀਨ ਨਾਲ ਮੋਹ ਇੰਨਾ ਜ਼ਿਆਦਾ ਹੈ ਕਿ ਉਨ੍ਹਾਂ ਭਾਰਤ ਤੇ ਚੀਨ 'ਚਿੰਡੀਆ' ਵਿਚਾਲੇ ਇੱਕ ਸੌਦਾ ਕੀਤਾ ਹੈ। ਉਨ੍ਹਾਂ ਨੂੰ ਚੀਨ ਪ੍ਰਤੀ ਬਹੁਤ ਪਿਆਰ ਸੀ। ਮੰਤਰੀ ਨੇ (ਬਾਕੀ ਸਫਾ 11 'ਤੇ)

*ਕਰਨਲ ਬਾਠ ਮਾਮਲਾ*

## ਪੁਲਿਸ ਅਧਿਕਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਸਿਫਾਰਸ਼

### ਤਿੰਨ ਸਾਲ ਦੀ ਸੇਵਾ ਕਟੌਤੀ ਅਤੇ ਇਸ ਮਿਆਦ ਲਈ ਕੋਈ ਤਨਖ਼ਾਹ ਵਾਧਾ ਨਾ ਦੇਣ ਦੀ ਸਿ.ਫਾਰਸ਼

**ਚੜ੍ਹਦੀਕਲਾ ਬਿਊਰੋ**

================



ਪਟਿਆਲਾ, 30 ਜੁਲਾਈ : ਕਰਨਲ ਬਾਠ ਮਾਮਲੇ ਵਿਚ ਕਾਰਵਾਈ ਕਰਦਿਆਂ ਪਟਿਆਲਾ ਪੁਲਿਸ ਨੇ ਚਾਰ ਦੋਸ਼ੀ ਇੰਸਪੈਕਟਰਾਂ ਅਤੇ ਦੋ ਹੋਰ ਅਧਿਕਾਰੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈਆਂ ਦੀ ਸਿਫ਼ਾਰਸ਼ ਕੀਤੀ ਹੈ, ਜਿਸ ਵਿੱਚ ਸੇਵਾ ਵਿੱਚ ਕਟੌਤੀ ਅਤੇ ਤਰੱਕੀਆਂ 'ਤੇ ਰੋਕ ਸ਼ਾਮਲ ਹੈ।

ਅਧਿਕਾਰੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਅਧਿਕਾਰੀਆਂ ਲਈ ਤਿੰਨ ਸਾਲ ਦੀ ਸੇਵਾ ਕਟੌਤੀ ਅਤੇ ਇਸ ਮਿਆਦ ਲਈ ਕੋਈ ਤਨਖਾਹ ਵਾਧਾ ਨਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇੱਕ ਅਧਿਕਾਰੀ ਨੇ ਦੱਸਿਆ, ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਤਿੰਨ ਸਾਲ ਤੱਕ ਕੋਈ ਤਰੱਕੀ ਨਹੀਂ ਮਿਲੇਗੀ ਅਤੇ ਉਨ੍ਹਾਂ ਦੀ ਤਨਖਾਹ ਵਿੱਚ ਵੀ ਕੋਈ ਵਾਧਾ ਨਹੀਂ ਹੋਵੇਗਾ। (ਬਾਕੀ ਸਫਾ 11 'ਤੇ)

*ਪੰਜਾਬ ਮੰਤਰੀ ਮੰਡਲ ਦੀ ਮੀਟਿੰਗ*

## ਸੂਬੇ 'ਚ ਸਾਰੇ 154 ਬਲਾਕਾਂ ਦਾ ਹੋਵੇਗਾ ਪੁਨਰ ਗਠਨ, ਪਾਣੀਆਂ ਦੇ ਬਿੱਲ ਵੀ ਵਸੂਲੇਗੀ ਸਰਕਾਰ !

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 30 ਜੁਲਾਈ :ਪੇਂਡੂ ਇਲਾਕਿਆਂ ਵਿੱਚ ਪ੍ਰਬੰਧਕੀ ਵਿਵਸਥਾ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਪ੍ਰਸ਼ਾਸਕੀ ਸੁਧਾਰ ਲਿਆਉਣ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ ਪੇਂਡੂ ਵਿਕਾਸ ਬਲਾਕਾਂ ਦੇ ਪੁਨਰਗਠਨ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਕਿ ਇਨ੍ਹਾਂ ਬਲਾਕਾਂ ਨੂੰ ਜ਼ਿਲ੍ਹੇ ਦੀਆਂ ਹੱਦਾਂ ਨਾਲ ਜੋੜਿਆ ਜਾ ਸਕੇ। ਇਸ ਫੈਸਲੇ ਨਾਲ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਵਿਆਪਕ ਸੁਧਾਰ ਹੋਵੇਗਾ।

ਇਸ ਬਾਰੇ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਇਹ ਖੁਲਾਸਾ ਕਰਦਿਆਂ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਕਿਹਾ ਕਿ ਵਿਕਾਸ ਬਲਾਕਾਂ ਦੇ ਅਧਿਕਾਰ ਖੇਤਰ ਨੂੰ ਸਬੰਧਤ ਜ਼ਿਲ੍ਹਾ ਸੀਮਾਵਾਂ ਦੇ ਅਨੁਸਾਰ ਲਿਆਉਣ ਲਈ ਪੁਨਰਗਠਨ ਕੀਤਾ ਗਿਆ ਹੈ ਜਿਸ ਨਾਲ ਸੰਗਰੂਰ, ਮਲੇਰਕੋਟਲਾ, ਫਾਜ਼ਿਲਕਾ, ਫਿਰੋਜ਼ਪੁਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਪਟਿਆਲਾ ਜ਼ਿਲ੍ਹਿਆਂ ਨੂੰ ਵਿਸ਼ੇਸ਼ ਤੌਰ 'ਤੇ ਲਾਭ ਹੋਵੇਗਾ। ਇਸ ਪੁਨਰਗਠਨ ਦਾ ਉਦੇਸ਼ ਬਲਾਕ-ਪੱਧਰੀ ਅਤੇ ਜ਼ਿਲ੍ਹਾ-ਪੱਧਰੀ ਪ੍ਰਸ਼ਾਸਨ ਵਿਚਕਾਰ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣਾ, ਪੇਂਡੂ ਵਿਕਾਸ ਯੋਜਨਾਵਾਂ ਦੀ ਬਿਹਤਰ ਵਿਉਂਤਬੰਦੀ ਅਤੇ ਵਿਕਾਸ ਸਕੀਮਾਂ ਨੂੰ ਲਾਗੂਕਰਨ ਨੂੰ ਸੁਚਾਰੂ ਬਣਾਉਣ ਤੋਂ ਇਲਾਵਾ ਪ੍ਰਸ਼ਾਸਕੀ ਕੰਮਾਂ ਦੀ ਅਸਾਵੀਂ ਵਿਵਸਥਾ (ਓਵਰਲੈਪ) ਨੂੰ ਖਤਮ ਕਰਨਾ ਹੈ ਜੋ ਅਕਸਰ ਦੇਰੀ ਅਤੇ ਸੁਸਤ ਕਾਰਗੁਜ਼ਾਰੀ ਦੇ ਕਾਰਨ ਬਣਦੇ ਸਨ। ਪੁਨਰਗਠਨ ਦੀ ਪ੍ਰਕਿਰਿਆ ਮੌਕੇ ਮੌਜੂਦਾ ਪ੍ਰਸ਼ਾਸਕੀ ਸੀਮਾਵਾਂ ਅਤੇ ਕਾਰਜਸ਼ੀਲ ਲੋੜਾਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ ਹੈ।



ਬੁਲਾਰੇ ਨੇ ਅੱਗੇ ਦੱਸਿਆ ਕਿ ਪੁਨਰਗਠਨ ਮੌਕੇ ਸਾਰੀਆਂ ਲੋੜੀਂਦੀਆਂ ਕਾਨੂੰਨੀ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਦੀ ਪਾਲਣਾ ਯਕੀਨੀ ਬਣਾਈ ਗਈ ਹੈ। ਇਸ ਕਦਮ ਨਾਲ ਸੂਬਾ ਸਰਕਾਰ ਦਾ ਉਦੇਸ਼ ਜ਼ਿਲ੍ਹਾ ਪੱਧਰ 'ਤੇ ਯੋਜਨਾਬੰਦੀ ਅਤੇ ਨਿਗਰਾਨ ਵਿਧੀਆਂ ਨੂੰ ਮਜ਼ਬੂਤ ਕਰਨਾ, (ਬਾਕੀ ਸਫਾ 11 'ਤੇ)

## ਪਟਿਆਲਾ ਪੁਲਿਸ ਵੱਲੋਂ ਦੇਸ਼ ਦੀ ਅਖੰਡਤਾ ਤੇ ਸੀਕਰੇਸੀ ਆਊਟ ਕਰਨ ਵਾਲਾ ਵਿਅਕਤੀ ਕਾਬੂ

**ਅਮਰਜੀਤ ਸਿੰਘ/ਰੁਪਾਣਾ/ਭਰਪੂਰ ਸਿੰਘ ਮੱਟਰਾਂ**

================

ਪਟਿਆਲਾ/ਭਾਦਸੋਂ,30 ਜੁਲਾਈ : ਪਟਿਆਲਾ ਪੁਲਿਸ ਨੇ ਪਾਕਿਸਤਾਨੀ ਖੁਫ਼ੀਆ ਏਜੰਸੀਆਂ ਲਈ ਕੰਮ ਕਰਨ ਵਾਲੇ ਇਕ ਜਾਸੂਸ ਨੂੰ ਕਾਬੂ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਸੀਨੀਅਰ ਪੁਲਿਸ ਕਪਤਾਨ ਵਰੁਨ ਸ਼ਰਮਾ ਨੇ ਪ੍ਰੈੱਸ ਨੂੰ ਬਰੀਫ ਕਰਦੇ ਹੋਏ ਦੱਸਿਆ ਕਿ ਭਾਰਤ ਦੇਸ਼ ਦੀ ਸਕਿਉਰਿਟੀ ਸਬੰਧੀ ਮੁਸਤੈਦੀ ਤਹਿਤ ਕਾਰਵਾਈ ਕਰਦੇ ਹੋਏ ਪਟਿਆਲਾ ਪੁਲਿਸ ਨੇ ਗੁਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਫਰੀਦਪੁਰ ਤਹਿ ਨਾਭਾ ਜ਼ਿਲ੍ਹਾ ਪਟਿਆਲਾ, ਨੂੰ ਕਾਬੂ ਕੀਤਾ, ਜੋ ਕਿ ਭਾਰਤ ਦੇਸ਼ ਵਿੱਚ ਰਹਿ ਕੇ ਭਾਰਤ ਦੇਸ਼ ਦੀ ਮਿਲਟਰੀ ਦੀਆਂ ਗਤੀਵਿਧੀਆਂ ਅਤੇ ਭਾਰਤ ਦੇ ਖ਼ਿਲਾਫ਼ ਪਾਕਿਸਤਾਨ ਵਿੱਚ ਬੈਠੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਜਾਣਕਾਰੀ ਦਿੰਦਾ ਸੀ ਅਤੇ ਇਹ ਪੰਜਾਬ ਕੁੜੀ ਨਾਮ ਦੀ ਫੇਸਬੁੱਕ ਆਈ ਡੀ 'ਤੇ ਪਾਕਿਸਤਾਨੀ ਖੁਫ਼ੀਆ ਏਜੰਸੀਆਂ ਨਾਲ ਤਾਲਮੇਲ ਕਰਦਾ ਸੀ।



ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਨੇ ਪੰਜਾਬ ਸਰਕਾਰ ਅਤੇ ਡੀ.ਜੀ.ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਪਤਾਨ ਪੁਲਿਸ ਇਨਵੈਸਟੀਗੇਸ਼ਨ ਸ੍ਰੀ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਡੀਐਸਪੀ ਨਾਭਾ ਮਨਦੀਪ ਕੌਰ ਦੀ ਨਿਗਰਾਨੀ ਵਾਲੀ ਟੀਮ ਦੇ ਥਾਣਾ ਭਾਦਸੋਂ ਦੇ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਹਾਂਡਾ ਦੀ ਟੀਮ ਨੇ ਬੜੀ ਲਗਨ ਅਤੇ ਮਿਹਨਤ ਨਾਲ ਕਾਰਵਾਈ ਕਰਦੇ ਹੋਏ ਭਾਰਤ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ (ਬਾਕੀ ਸਫਾ 11 'ਤੇ)

## ਭਾਰਤ ਤੋਂ ਆਯਾਤ ਵਸਤਾਂ 'ਤੇ 25 .ਫੀਸਦੀ ਟੈਰਿ.ਫ ਲਗਾਏਗਾ ਅਮਰੀਕਾ !

### 1 ਅਗਸਤ ਤੋਂ ਲਾਗੂ ਹੋਵੇਗਾ .ਫੈਸਲਾ

**ਚੜ੍ਹਦੀਕਲਾ ਬਿਊਰੋ**

================

ਵਾਸ਼ਿੰਗਟਨ, 30 ਜੁਲਾਈ : ਅਮਰੀਕਾ ਨੇ 1 ਅਗਸਤ ਦੀ ਡੈੱਡਲਾਈਨ ਖ਼ਤਮ ਹੋਣ ਤੋਂ ਪਹਿਲਾਂ ਹੀ ਭਾਰਤ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਹ 1 ਅਗਸਤ ਤੋਂ ਭਾਰਤ 'ਤੇ ਲਾਗੂ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖੁਦ ਇਸਦਾ ਐਲਾਨ ਕੀਤਾ ਹੈ। ਦਰਅਸਲ, ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਨੂੰ ਲੈ ਕੇ ਲੰਬੇ ਸਮੇਂ ਤੋਂ ਗੱਲਬਾਤ ਚੱਲ ਰਹੀ ਸੀ। ਹੁਣ ਟਰੰਪ ਨੇ ਖੁਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਸ ਬਾਰੇ ਜਾਣਕਾਰੀ ਦਿੱਤੀ ਹੈ।

ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਭਾਰਤ ਸਾਡਾ ਦੋਸਤ ਹੈ, ਪਰ ਅਸੀਂ ਪਿਛਲੇ ਕਈ ਸਾਲਾਂ ਵਿੱਚ ਭਾਰਤ ਨਾਲ ਮੁਕਾਬਲਤਨ ਘੱਟ ਵਪਾਰ ਕੀਤਾ ਹੈ, ਕਿਉਂਕਿ ਉਨ੍ਹਾਂ ਦੇ ਟੈਰਿਫ ਬਹੁਤ ਜ਼ਿਆਦਾ ਹਨ, ਜੋ ਕਿ ਦੁਨੀਆਂ ਵਿੱਚ ਸਭ ਤੋਂ ਵੱਧ ਹਨ। ਇਸ ਤੋਂ ਇਲਾਵਾ ਭਾਰਤ ਨੇ ਹਮੇਸ਼ਾ ਰੂਸ ਤੋਂ ਆਪਣੇ ਫੌਜੀ ਉਪਕਰਣਾਂ ਦਾ ਵੱਡਾ



ਹਿੱਸਾ ਖਰੀਦਿਆ ਹੈ। ਹਰ ਕੋਈ ਚਾਹੁੰਦਾ ਹੈ ਕਿ ਰੂਸ ਯੂਕਰੇਨ ਵਿੱਚ ਕਤਲੇਆਮ ਨੂੰ ਰੋਕੇ - ਸਭ ਕੁਝ ਚੰਗਾ ਨਹੀਂ ਹੈ! ਇਸ ਲਈ ਹੁਣ ਭਾਰਤ ਨੂੰ 1 ਅਗਸਤ ਤੋਂ 25% ਟੈਰਿਫ ਦੇਣਾ ਪਵੇਗਾ, ਅਤੇ ਇਸ ਤੋਂ ਇਲਾਵਾ, ਇਨ੍ਹਾਂ ਕਾਰਨਾਂ ਕਰਕੇ ਜੁਰਮਾਨਾ ਵੀ ਲੱਗੇਗਾ। ਇਸ ਵੱਲ ਧਿਆਨ ਦੇਣ ਲਈ ਧੰਨਵਾਦ।ਧਿਆਨ ਦੇਣ ਯੋਗ ਹੈ ਕਿ ਇਸ ਵਿੱਤੀ ਸਾਲ ਦੀ ਅਪ੍ਰੈਲ-ਜੂਨ ਤਿਮਾਹੀ ਵਿੱਚ, ਭਾਰਤ ਦਾ ਅਮਰੀਕਾ ਨੂੰ ਨਿਰਯਾਤ 22.8 ਪ੍ਰਤੀਸ਼ਤ ਵਧ ਕੇ 25.51 ਬਿਲੀਅਨ ਡਾਲਰ ਹੋ ਗਿਆ, ਜਦੋਂ ਕਿ ਆਯਾਤ 11.68 ਪ੍ਰਤੀਸ਼ਤ ਵਧ ਕੇ 12.86 ਬਿਲੀਅਨ ਡਾਲਰ ਹੋ ਗਿਆ। ਦਰਅਸਲ, ਭਾਰਤ ਪਿਛਲੇ ਕਈ ਸਾਲਾਂ ਤੋਂ ਰੂਸ ਤੋਂ ਸਭ ਤੋਂ ਵੱਧ ਕੱਚਾ ਤੇਲ ਦਰਾਮਦ ਕਰ ਰਿਹਾ ਹੈ। ਜਿਸ ਕਾਰਨ ਅਮਰੀਕੀ ਰਾਸ਼ਟਰਪਤੀ ਨੇ ਭਾਰਤ 'ਤੇ ਜੁਰਮਾਨੇ ਦੇ ਨਾਲ-ਨਾਲ 25 ਪ੍ਰਤੀਸ਼ਤ ਟੈਰਿਫ ਲਗਾਇਆ ਹੈ। ਰੂਸ ਅਤੇ ਯੂਕਰੇਨ ਦਰਮਿਆਨ ਪਿਛਲੇ 3 ਸਾਲਾਂ ਤੋਂ ਜਾਰੀ ਜੰਗ ਕਾਰਨ ਯੂਰਪੀ ਦੇਸ਼ਾਂ ਨੇ ਰੂਸ 'ਤੇ ਕਈ ਪਾਬੰਦੀਆਂ ਲਗਾਈਆਂ ਹਨ ਅਤੇ ਯੂਰਪੀ ਦੇਸ਼ ਰੂਸ ਤੋਂ ਕੱਚਾ ਤੇਲ ਅਤੇ ਗੈਸ ਆਯਾਤ ਨਹੀਂ ਕਰ ਰਹੇ ਹਨ। ਦੂਜੇ ਪਾਸੇ ਭਾਰਤ ਕਈ ਸਾਲਾਂ ਤੋਂ ਰੂਸ ਤੋਂ ਸਸਤਾ ਕੱਚਾ ਤੇਲ ਖਰੀਦ ਰਿਹਾ ਹੈ, ਜੋ ਕਿ ਅਮਰੀਕਾ ਅਤੇ ਯੂਰਪ ਨੂੰ ਪਸੰਦ ਨਹੀਂ। ਇਸ ਕਾਰਨ ਅਮਰੀਕੀ ਰਾਸ਼ਟਰਪਤੀ ਨੇ ਭਾਰਤ 'ਤੇ 25 ਪ੍ਰਤੀਸ਼ਤ ਟੈਰਿਫ ਅਤੇ ਜੁਰਮਾਨਾ ਲਗਾਇਆ ਹੈ।

## ਪੁੰਛ 'ਚ ਸੁਰੱਖਿਆ ਬਲਾਂ ਵੱਲੋਂ 2 ਅੱਤਵਾਦੀ ਢੇਰ



ਪੁੰਛ, 30 ਜੁਲਾਈ (ਚੜ੍ਹਦੀਕਲਾ ਬਿਊਰੋ) : : ਬੁੱਧਵਾਰ ਨੂੰ ਜੰਮੂ-ਕਸ਼ਮੀਰ ਦੇ ਪੁੰਛ ਇਲਾਕੇ ਵਿੱਚ ਅਤਿਵਾਦੀਆਂ ਵਿਰੁੱਧ ਕਾਰਵਾਈ ਵਿੱਚ ਸੁਰੱਖਿਆ ਬਲਾਂ ਨੂੰ ਵੱਡੀ ਸਫ਼ਲਤਾ ਮਿਲੀ। ਸੁਰੱਖਿਆ ਬਲਾਂ ਨੇ ਪੁੰਛ ਦੇ ਕਸਾਲੀਅਨ ਇਲਾਕੇ ਵਿੱਚ ਇੱਕ ਮੁਕਾਬਲੇ ਵਿੱਚ ਦੋ ਅਤਿਵਾਦੀਆਂ ਨੂੰ ਮਾਰ ਦਿੱਤਾ ਹੈ। ਇਸ ਤੋਂ ਪਹਿਲਾਂ, ਵ੍ਹਾਈਟ ਨਾਈਟ ਕੋਰਪਸ ਨੇ ਇੱਕ ਟਵੀਟ ਵਿੱਚ ਕਿਹਾ ਸੀ ਕਿ ਸੁਰੱਖਿਆ ਬਲਾਂ ਨੇ ਪੁੰਛ ਸੈਕਟਰ ਦੇ ਵਾੜ ਵਾਲੇ ਖੇਤਰ ਵਿੱਚ ਦੋ ਲੋਕਾਂ ਦੀਆਂ ਸ਼ੱਕੀ ਗਤੀਵਿਧੀਆਂ ਵੇਖੀਆਂ। ਸੁਰੱਖਿਆ ਬਲਾਂ ਦੁਆਰਾ ਚੁਣੌਤੀ ਦਿੱਤੇ ਜਾਣ 'ਤੇ, ਉਨ੍ਹਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਫ਼ੌਜ ਜਵਾਬੀ ਕਾਰਵਾਈ ਕਰ ਰਹੀ ਹੈ ਅਤੇ ਕਾਰਵਾਈ ਜਾਰੀ ਹੈ।

*ਜਸਟਿਸ ਵਰਮਾ ਤੋਂ ਨਗਦੀ ਬਰਾਮਦਗੀ ਦਾ ਮਾਮਲਾ*

## ਤੁਹਾਡਾ ਕਿਰਦਾਰ ਬੇਇਤਬਾਰੀ ਵਾਲਾ: ਸੁਪਰੀਮ ਕੋਰਟ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 30 ਜੁਲਾਈ :ਸੁਪਰੀਮ ਕੋਰਟ ਨੇ ਨ.ਗਦੀ ਬਰਾਮਦਗੀ ਮਾਮਲੇ ਵਿਚ ਅੰਦਰੂਨੀ ਜਾਂਚ ਕਮੇਟੀ ਦੀ ਰਿਪੋਰਟ ਨੂੰ ਅਵੈਧ ਕਰਾਰ ਦੇਣ ਦੀ ਮੰਗ ਕਰਦੀ ਜਸਟਿਸ ਯਸ਼ਵੰਤ ਵਰਮਾ ਦੇ ਕਿਰਦਾਰ ਨੂੰ ਬੇਇਤਬਾਰੀ ਦੱਸਦਿਆਂ ਉਨ੍ਹਾਂ ਨੂੰ ਕੁਝ ਤਿੱਖੇ ਸਵਾਲ ਕੀਤੇ ਹਨ। ਅੰਦਰੂਨੀ ਕਮੇਟੀ ਦੀ ਰਿਪੋਰਟ ਵਿਚ ਜਸਟਿਸ ਵਰਮਾ ਨੂੰ ਮਰਿਆਦਾ ਦੀ ਉਲੰਘਣਾ ਦਾ ਦੋਸ਼ੀ ਪਾਇਆ ਗਿਆ ਸੀ।

ਸਰਬਉੱਚ ਕੋਰਟ ਨੇ ਜਸਟਿਸ ਵਰਮਾ ਨੂੰ ਪੁੱਛਿਆ ਕਿ ਉਹ ਅੰਦਰੂਨੀ ਜਾਂਚ ਕਮੇਟੀ ਦੇ ਅੱਗੇ ਪੇਸ਼ ਕਿਉਂ ਹੋਏ ਤੇ ਉਸ ਨੂੰ ਉਥੇ ਹੀ ਚੁਣੌਤੀ ਕਿਉਂ ਨਹੀਂ ਦਿੱਤੀ। ਕੋਰਟ ਨੇ ਜਸਟਿਸ ਵਰਮਾ ਨੂੰ ਕਿਹਾ ਕਿ ਉਨ੍ਹਾਂ ਨੂੰ ਕਮੇਟੀ ਦੀ ਰਿਪੋਰਟ ਖਿਲਾਫ਼ ਸੁਪਰੀਮ ਕੋਰਟ ਵਿਚ ਪਹਿਲਾਂ ਆਉਣਾ ਚਾਹੀਦਾ ਸੀ। ਜਸਟਿਸ ਦੀਪਾਂਕਰ ਦੱਤਾ ਤੇ ਜਸਟਿਸ ਏਜੀ ਮਸੀਹ ਦੇ ਬੈਂਚ ਨੇ ਕਿਹਾ ਕਿ ਜੇਕਰ ਭਾਰਤ ਦੇ ਚੀਫ਼ ਜਸਟਿਸ ਕੋਲ ਇਹ ਮੰਨਣ ਲਈ ਕੋਈ ਦਸਤਾਵੇਜ਼ ਹਨ ਕਿ ਕਿਸੇ ਜਸਟਿਸ ਨੇ ਮਰਿਆਦਾ ਦੀ ਉਲੰਘਣਾ ਕੀਤੀ ਹੈ ਤਾਂ ਉਹ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਸੂਚਿਤ ਕਰ ਸਕਦੇ ਹਨ।



ਜਸਟਿਸ ਵਰਮਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਉਨ੍ਹਾਂ ਨੂੰ ਹਟਾਉਣ ਬਾਰੇ ਅੰਦਰੂਨੀ ਜਾਂਚ ਕਮੇਟੀ ਦੀ ਸਿਫ਼ਾਰਸ਼ ਗ਼ੈਰ ਸੰਵਿਧਾਨਕ ਹੈ। ਸਿੱਬਲ ਨੇ ਅਦਾਲਤ ਨੂੰ ਕਿਹਾ ਕਿ ਅਜਿਹੀ ਕਾਰਵਾਈ ਦੀ ਸਿਫਾਰਸ਼ ਕਰਨ ਨਾਲ ਖ਼ਤਰਨਾਕ ਮਿਸਾਲ ਕਾਇਮ ਹੋਵੇਗੀ। (ਬਾਕੀ ਸਫਾ 11 'ਤੇ)

## ਜਥੇਦਾਰ ਗੜਗੱਜ ਦੇ ਜੀਜਾ ਗੁਰਵਿੰਦਰ ਸਿੰਘ ਦਾ ਅੰਤਿਮ ਸਸਕਾਰ ਅੱਜ

ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ) : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਜੀ ਗੁਰਵਿੰਦਰ ਸਿੰਘ ਦਾ ਬੀਤੇ ਦਿਨ ਸੜਕ ਹਾਦਸੇ ਵਿਚ ਗੰਭੀਰ ਜਖਮੀ ਹੋਣ ਤੋਂ ਬਾਅਦ ਇਲਾਜ ਦਰਮਿਆਨ ਦੇਹਾਂਤ ਹੋ ਗਿਆ ਸੀ। ਗੁਰਵਿੰਦਰ ਸਿੰਘ ਦਾ ਅੰਤਿਮ ਸਸਕਾਰ ਅੱਜ ਦੁਪਹਿਰ 12 ਵਜੇ ਸ਼ਮਸ਼ਾਨ ਘਾਟ ਚਾਟੀਵਿੰਡ ਚੌਂਕ ਨੇੜੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਹੋਵੇਗਾ। ਦਸਣਯੋਗ ਹੈ ਕਿ ਬੀਤੇ ਦਿਨੀਂ ਗੁਰਵਿੰਦਰ ਸਿੰਘ ਜੋ ਕਿ ਪੰਜਾਬ ਪੁਲਿਸ ਵਿੱਚ ਬਤੌਰ ਏਐਸਆਈ ਤਾਇਨਾਤ ਸਨ, ਤਰਨ ਤਾਰਨ ਜ਼ਿਲ੍ਹੇ ਦੇ ਖਾਰਾ ਪਿੰਡ ਤੋਂ ਅੰਮ੍ਰਿਤਸਰ ਆਪਣੀ ਰਿਹਾਇਸ਼ ਭਾਈ ਮੰਝ ਸਾਹਿਬ ਰੋਡ ਵਿਖੇ ਗ੍ਰੈਂਡ ਇਸਟੇਟ ਵਿਖੇ ਆ ਰਹੇ ਸਨ, ਜਿਸ ਸਮੇਂ ਰਸਤੇ ਵਿਚ ਗੋਹਲਵੜ ਨੇੜੇ ਮੋਟਰਸਾਈਕਲ ਦੇ ਅੱਗੇ ਅਚਾਨਕ ਗਾਂ ਆ ਗਈ ਅਤੇ ਗਾਂ ਦੇ ਨਾਲ ਟਕਰਾਣ ਤੋਂ ਬਾਅਦ ਗੁਰਵਿੰਦਰ ਸਿੰਘ ਸੜਕ 'ਤੇ ਡਿੱਗ ਗਏ। ਜਿਸ ਦਰਮਿਆਨ ਉਹਨਾਂ ਦੇ ਸਿਰ ਵਿਚ ਗਹਿਰੀਆਂ ਸੱਟਾਂ ਲੱਗੀਆਂ, ਸੱਟਾਂ ਗੰਭੀਰ ਹੋਣ ਕਾਰਨ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿਸ ਦਰਮਿਆਨ ਉਨ੍ਹਾਂ ਦਾ ਦੇਹਾਂਤ ਹੋ ਗਿਆ।



## ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮਾਂ 'ਚ ਹੋਣਗੇ ਸ਼ਾਮਲ

### ਮੁੱਖ ਮੰਤਰੀ ਰੇਖਾ ਗੁਪਤਾ ਵੱਲੋਂ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਸੰਬੰਧੀ ਪ੍ਰੋਗਰਾਮਾਂ ਨੂੰ ਅੰਤਿਮ ਛੋਹਾਂ



**ਅੰਮ੍ਰਿਤਪਾਲ ਸਿੰਘ**

================

ਨਵੀਂ ਦਿੱਲੀ, 30 ਜੁਲਾਈ : ਦਿੱਲੀ ਦੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਵੱਲੋਂ ਅੱਜ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵੰਬਰ ਮਹੀਨੇ ਦੇ ਅਖੀਰਲੇ ਹਫਤੇ ਵਿਚ ਹੋਣ ਵਾਲੇ ਸਮਾਗਮਾਂ ਨੂੰ ਲੈ ਕੇ ਉੱਚ ਪੱਧਰੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਦੱਸਿਆ ਗਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਇਹਨਾਂ ਪ੍ਰੋਗਰਾਮਾਂ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। ਇਸ ਮੀਟਿੰਗ ਵਿਚ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ, ਸ੍ਰੀ ਕਪਿਲ ਮਿਸ਼ਰਾ, ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ, (ਬਾਕੀ ਸਫਾ 11 'ਤੇ)

## ਸੰਪਾਦਕੀ

# ਆਪ੍ਰੇਸ਼ਨ ਸਿੰਦੂਰ 'ਤੇ ਪ੍ਰਧਾਨ ਮੰਤਰੀ ਦਾ ਜਵਾਬ

ਆਪ੍ਰੇਸ਼ਨ ਸਿੰਦੂਰ ਨੂੰ ਲੈ ਕੇ ਬਹੁਤ ਸਾਰੀਆਂ ਗੱਲਾਂ ਅਸਪੱਸ਼ਟ ਸਨ। ਇਸ ਕਾਰਨ ਲਗਾਤਾਰ ਵਿਰੋਧੀ ਧਿਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕਰ ਰਹੀਆਂ ਸਨ। ਖ਼ਾਸ ਕਰਕੇ ਪਾਕਿਸਤਾਨ ਨਾਲ ਹੋਈ ਜੰਗਬੰਦੀ ਦੌਰਾਨ ਕਿਸੇ ਤੀਜੀ ਧਿਰ ਦੀ ਕੀ ਭੂਮਿਕਾ ਰਹੀ। ਕੀ ਸਾਡੇ ਲੜਾਕੂ ਜਹਾਜ਼ਾਂ ਦਾ ਨੁਕਸਾਨ ਵੀ ਹੋਇਆ? ਜਿਹੜੇ ਅੱਤਵਾਦੀਆਂ ਨੇ ਪਹਿਲਗਾਮ ਵਿੱਚ ਨਿਰਦੋਸ਼ ਲੋਕਾਂ ਨੂੰ ਮਾਰਿਆ, ਕੀ ਉਹ ਪਾਕਿਸਤਾਨ ਤੋਂ ਆਏ ਸਨ? ਬਹੁਤ ਸਾਰੇ ਸਵਾਲ ਸਨ ਜਿਨ੍ਹਾਂ ਦਾ ਜਵਾਬ ਦੇਣਾ ਬਹੁਤ ਜ਼ਰੂਰੀ ਸੀ ਕਿਉਂਕਿ ਪੂਰਾ ਦੇਸ਼ ਇਸ ਬਾਰੇ ਸੱਚ ਜਾਣਨਾ ਚਾਹੁੰਦਾ ਸੀ। ਸੰਸਦ ਵਿੱਚ ਆਪ੍ਰੇਸ਼ਨ ਸਿੰਦੂਰ 'ਤੇ ਹੋਈ ਲੰਬੀ ਚਰਚਾ ਨਾ ਸਿਰਫ਼ ਸਿਹਤਮੰਦ, ਅਰਥਪੂਰਨ ਅਤੇ ਜੀਵੰਤ ਸੀ, ਸਗੋਂ ਇਸ ਨੇ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੋਵਾਂ ਨੂੰ ਦੇਸ਼ ਦੇ ਸਾਹਮਣੇ ਆਪਣੇ ਸਭ ਤੋਂ ਵਧੀਆ ਰੰਗਾਂ ਵਿੱਚ ਪੇਸ਼ ਕੀਤਾ। ਖ਼ਾਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਪੱਸ਼ਟ ਐਲਾਨ ਕਿ ਦੁਨੀਆ ਦੇ ਕਿਸੇ ਵੀ ਨੇਤਾ ਨੇ ਭਾਰਤ ਨੂੰ ਆਪ੍ਰੇਸ਼ਨ ਸਿੰਦੂਰ ਬੰਦ ਕਰਨ ਲਈ ਨਹੀਂ ਕਿਹਾ ਨੇ ਇਸ ਮੁੱਦੇ 'ਤੇ ਬਣੀ ਅਸਪਸ਼ਟਤਾ ਨੂੰ ਦੂਰ ਕਰ ਦਿੱਤਾ। ਇੰਨਾ ਹੀ ਨਹੀਂ, ਪ੍ਰਧਾਨ ਮੰਤਰੀ ਨੇ ਅੱਤਵਾਦ ਵਿਰੁੱਧ ਭਾਰਤ ਦੀ ਨਵੀਂ ਨੀਤੀ ਅਤੇ ਆਪ੍ਰੇਸ਼ਨ ਸਿੰਦੂਰ ਦੇ ਪ੍ਰਭਾਵਾਂ ਨੂੰ ਬਹੁਤ ਵਿਸਥਾਰ ਨਾਲ ਸਪੱਸ਼ਟ ਕੀਤਾ। ਪ੍ਰਧਾਨ ਮੰਤਰੀ ਮੋਦੀ ਦਾ ਜਵਾਬ ਸਿਰਫ਼ ਵਿਰੋਧੀ ਧਿਰ ਲਈ ਹੀ ਨਹੀਂ ਸੀ। ਇਹ ਸਵਾਲ ਪੂਰੇ ਦੇਸ਼ ਨੂੰ ਪਰੇਸ਼ਾਨ ਕਰ ਰਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਾਅਵਿਆਂ ਵਿੱਚ ਕਿੰਨੀ ਸੱਚਾਈ ਹੈ ਕਿ ਉਨ੍ਹਾਂ ਨੇ ਵਪਾਰ ਬੰਦ ਕਰਨ ਦੀ ਧਮਕੀ ਦੇ ਕੇ ਜੰਗਬੰਦੀ ਲਈ ਮਜਬੂਰ ਕੀਤਾ ਸੀ। ਹਾਲਾਂਕਿ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਪਹਿਲਾਂ ਹੀ ਟਰੰਪ ਦੇ ਦਾਅਵਿਆਂ ਨੂੰ ਨਕਾਰ ਚੁੱਕੇ ਹਨ, ਪਰ ਸਰਕਾਰ ਦੇ ਮੁਖੀ ਦਾ ਜਵਾਬ ਪੂਰੀ ਦੁਨੀਆ ਲਈ ਇੱਕ ਸੰਦੇਸ਼ ਹੈ ਕਿ ਭਾਰਤ ਕਿਸੇ ਦੇ ਦਬਾਅ ਹੇਠ ਅਜਿਹੇ ਫੈਸਲੇ ਨਹੀਂ ਲੈਂਦਾ। ਪਾਕਿਸਤਾਨ ਨਾਲ ਟਕਰਾਅ ਦੇ ਕਿਸੇ ਵੀ ਸਮੇਂ, ਭਾਰਤ ਦਾ ਇਰਾਦਾ ਟਕਰਾਅ ਨੂੰ ਵਧਾਉਣਾ ਨਹੀਂ ਸੀ। ਸਰਕਾਰ ਵੱਲੋਂ ਦਿੱਤੀ ਗਈ ਖੁੱਲ੍ਹ ਦੇ ਬਾਵਜੂਦ ਭਾਰਤੀ ਫੌਜ ਦੀ ਕਾਰਵਾਈ ਸਟੀਕ, ਸੰਤੁਲਿਤ ਅਤੇ ਗੈਰ-ਭੜਕਾਅ ਵਾਲੀ ਸੀ। ਭਾਰਤ ਸਰਹੱਦ ਪਾਰ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਅਤੇ ਅੱਤਵਾਦ ਦੇ ਮਾਲਕਾਂ ਨੂੰ ਸਬਕ ਸਿਖਾਉਣ ਦੇ ਉਦੇਸ਼ ਨਾਲ ਦੇਸ਼ ਵਿੱਚ ਦਾਖਲ ਹੋਇਆ ਸੀ। ਇਹ ਸੰਜਮੀ ਪਹੁੰਚ ਦਰਸਾਉਂਦੀ ਹੈ ਕਿ ਭਾਰਤ ਜੰਗ ਨਹੀਂ ਚਾਹੁੰਦਾ ਪਰ ਜੇਕਰ ਪਾਕਿਸਤਾਨ ਕੁਝ ਵੀ ਕਰਨ ਦੀ ਹਿੰਮਤ ਕਰਦਾ ਹੈ, ਤਾਂ ਉਹ ਢੁਕਵਾਂ ਜਵਾਬ ਦੇਣ ਤੋਂ ਝਿਜਕੇਗਾ ਨਹੀਂ। ਪ੍ਰਧਾਨ ਮੰਤਰੀ ਨੇ ਰੱਖਿਆ ਖੇਤਰ ਵਿੱਚ ਸੁਧਾਰਾਂ ਤੋਂ ਲੈ ਕੇ ਦੁਨੀਆ ਵਿੱਚ ਭਾਰਤੀ ਹਥਿਆਰਾਂ ਦੀ ਵੱਧਦੀ ਮੰਗ ਤੱਕ ਦੇ ਮੁੱਦਿਆਂ 'ਤੇ ਯੋਜਨਾਬੱਧ ਢੰਗ ਨਾਲ ਗੱਲ ਕੀਤੀ। ਉਨ੍ਹਾਂ ਹਰ ਉਸ ਪਹਿਲੂ ਨੂੰ ਛੂਹਿਆ, ਜਿਸ 'ਤੇ ਹਾਲ ਹੀ ਵਿੱਚ ਬਹਿਸ ਵੱਧ ਰਹੀ ਹੈ। ਆਮ ਤੌਰ 'ਤੇ ਰਾਜ ਨੀਤੀ ਵਿੱਚ, ਮੁੱਦੇ ਨਾਅਰਿਆਂ ਦੇ ਸ਼ੋਰ ਵਿੱਚ ਗੁਆਚ ਜਾਂਦੇ ਹਨ, ਪਰ ਪ੍ਰਧਾਨ ਮੰਤਰੀ ਦੇ ਭਾਸ਼ਣ ਦੌਰਾਨ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੁਆਰਾ ਦਿਖਾਏ ਗਏ ਜ਼ਿੰਮੇਵਾਰ ਵਿਵਹਾਰ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਮਾਨਸੂਨ ਸੈਸ਼ਨ ਵਿੱਚ ਬਹੁਤ ਸਾਰਾ ਸਮਾਂ ਹੰਗਾਮੇ ਵਿੱਚ ਗੁਆਚ ਗਿਆ ਹੈ। ਵਿਰੋਧੀ ਧਿਰ ਨੇ ਸੰਸਦ ਵਿੱਚ ਆਪ੍ਰੇਸ਼ਨ ਸਿੰਦੂਰ 'ਤੇ ਚਰਚਾ ਕਰਨ ਦੀ ਮੰਗ ਕੀਤੀ। ਲੰਬੀ ਚਰਚਾ ਹੋਈ, ਵਿਰੋਧੀ ਧਿਰ ਨੇ ਹਮਲਾਵਰ ਰਵੱਈਆ ਦਿਖਾਇਆ ਅਤੇ ਆਪਣੇ ਸਾਰੇ ਸ਼ੰਕੇ ਅਤੇ ਸਵਾਲ ਸਦਨ ਵਿੱਚ ਰੱਖੇ, ਸਰਕਾਰ ਨੇ ਵੀ ਉਨ੍ਹਾਂ ਦੇ ਆਪਣੇ ਤਰੀਕੇ ਨਾਲ ਜਵਾਬ ਦਿੱਤੇ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਹੁਣ ਸੈਸ਼ਨ ਦੇ ਬਾਕੀ ਹਿੱਸੇ ਵਿੱਚ, ਸੰਸਦ ਵਿੱਚ ਹੰਗਾਮੇ, ਸ਼ੋਰ ਅਤੇ ਬਾਈਕਾਟ ਦੀ ਬਜਾਏ ਸਿਹਤਮੰਦ, ਅਰਥਪੂਰਨ ਚਰਚਾਵਾਂ ਅਤੇ ਸਵਾਲ-ਜਵਾਬ ਹੋਣਗੇ।

**-ਜਗਜੀਤ ਸਿੰਘ ਦਰਦੀ**

# ਭਾਰਤ ਦੀ ਪੁਲਾੜ ਖੋਜ ਵਿੱਚ ਇੱਕ ਨਵਾਂ ਅਧਿਆਇ:ਨਿਸਾਰ ਉਪ ਗ੍ਰਹਿ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਉਪਗ੍ਰਹਿ ਨਿਸਾਰ ਦੇ ਲਾਂਚਿੰਗ ਨਾਲ ਭਾਰਤ ਨੇ ਪੁਲਾੜ ਖੋਜ ਦੀ ਦੁਨੀਆ ਵਿੱਚ ਇਕ ਇਤਿਹਾਸ ਰਚ ਦਿੱਤਾ ਹੈ। ਕੱਲ੍ਹ 30 ਜੁਲਾਈ, 2025 ਨੂੰ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਅਤੇ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਸਾਂਝੇ ਉੱਦਮ, ਨਿਸਾਰ (NASA-ISRO Synthetic Aperture Radar) ਉਪਗ੍ਰਹਿ ਦੀ ਸਫਲ ਲਾਂਚਿੰਗ ਨੇ ਪੂਰੀ ਦੁਨੀਆ ਵਿੱਚ ਤਹਿਲਕਾ ਮਚਾ ਦਿੱਤਾ ਹੈ। ਇਹ ਮਿਸ਼ਨ ਨਾ ਸਿਰਫ਼ ਭਾਰਤ ਅਤੇ ਅਮਰੀਕਾ ਦੀ ਤਕਨੀਕੀ ਸਹਿਯੋਗ ਦੀ ਮਿਸਾਲ ਹੈ, ਸਗੋਂ ਪੁਲਾੜ ਖੋਜ ਦੇ ਖੇਤਰ ਵਿੱਚ ਭਾਰਤ ਦੇ ਵਧਦੇ ਰੁਤਬੇ ਦਾ ਪ੍ਰਤੀਕ ਵੀ ਹੈ। ਨਿਸਾਰ ਉਪਗ੍ਰਹਿ ਦੀਆਂ ਵਿਸ਼ੇਸ਼ਤਾਵਾਂ ਇਸ ਦੇ ਭਵਿੱਖ ਦੇ ਪ੍ਰਭਾਵ ਅਤੇ ਭਾਰਤ ਦੀ ਪੁਲਾੜ ਖੋਜ ਵਿੱਚ ਵਧਦੀ ਮਹੱਤਤਾ ਨੂੰ ਸਮਝਣ ਲਈ ਵਿਸਤ੍ਰਿਤ ਨਿਸਾਰ ਉਪਗ੍ਰਹਿ ਦੀ ਇੱਕ ਸੰਖੇਪ ਜਾਣ-ਪਛਾਣ ਇਹ ਹੈ ਕਿ ਨਿਸਾਰ (NASA-ISRO Synthetic Aperture Radar) ਇੱਕ ਸਾਂਝਾ ਮਿਸ਼ਨ ਹੈ, ਜਿਸ ਵਿੱਚ ਇਸਰੋ ਅਤੇ ਨਾਸਾ ਨੇ ਮਿਲ ਕੇ ਧਰਤੀ ਦੀ ਨਿਗਰਾਨੀ ਲਈ ਇੱਕ ਅਤਿ-ਆਧੁਨਿਕ ਸੈਟੇਲਾਈਟ ਵਿਕਸਿਤ ਕੀਤਾ ਹੈ। ਇਹ ਉਪਗ੍ਰਹਿ 30 ਜੁਲਾਈ, 2025 ਨੂੰ ਸਤੀਸ਼ ਧਵਨ ਪੁਲਾੜ ਕੇਂਦਰ, ਸ੍ਰੀ ਹਰੀਕੋਟਾ ਤੋਂ GSLV ਮਾਰਕ 999 ਰਾਕੇਟ ਰਾਹੀਂ ਸਫਲਤਾਪੂਰਵਕ ਲਾਂਚ ਕੀਤਾ ਗਿਆ। ਨਿਸਾਰ ਦਾ ਮੁੱਖ ਉਦੇਸ਼ ਧਰਤੀ ਦੀ ਸਤਹਿ ਦੀ ਸੂਖਮ ਨਿਗਰਾਨੀ, ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਦਾ ਅਧਿਐਨ, ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਆਫ਼ਤ ਪ੍ਰਬੰਧਨ ਵਿੱਚ ਸਹਾਇਤਾ ਪ੍ਰਦਾਨ ਕਰਨਾ ਹੈ।

ਨਿਸਾਰ ਮਿਸ਼ਨ ਦੀ ਸਫਲਤਾ ਨੇ ਪੁਲਾੜ ਖੋਜ ਵਿੱਚ ਭਾਰਤ ਦੀ ਸਮਰੱਥਾ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕੀਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਭਾਰਤ ਅਤੇ ਅਮਰੀਕਾ ਨੇ ਇੱਕ ਅਜਿਹੇ ਵੱਡੇ ਪੁਲਾੜ ਮਿਸ਼ਨ ਵਿੱਚ ਸਾਂਝੇ ਤੌਰ 'ਤੇ ਕੰਮ ਕੀਤਾ ਹੈ, ਜਿਸ ਨਾਲ ਅੰਤਰਰਾਸ਼ਟਰੀ ਸਹਿਯੋਗ ਦਾ ਇੱਕ ਨਵਾਂ ਅਧਿਆਇ ਸ਼ੁਰੂ ਹੋਇਆ ਹੈ। ਨਿਸਾਰ ਦੀਆਂ ਵਿਸ਼ੇਸ਼ਤਾਵਾਂ ਵਿੱਚ ਨਿਸਾਰ ਉਪਗ੍ਰਹਿ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਹਨ, ਜੋ ਇਸ ਨੂੰ ਇੱਕ ਅਤਿ-ਆਧੁਨਿਕ ਪੁਲਾੜੀ ਯੰਤਰ ਬਣਾਉਂਦੀਆਂ ਹਨ।

ਇਹ ਦੋਹਰੀ-ਫ੍ਰੀਕੁਐਂਸੀ ਸਿੰਥੈਟਿਕ ਅਪਰਚਰ ਰਾਡਾਰ (SAR)-ਨਾਲ ਨਿਸਾਰ ਵਿੱਚ L-ਬੈਂਡ (ਨਾਸਾ ਦੁਆਰਾ ਵਿਕਸਿਤ) ਅਤੇ S-ਬੈਂਡ (ਇਸਰੋ ਦੁਆਰਾ ਵਿਕਸਿਤ) SAR ਸਿਸਟਮ ਸ਼ਾਮਲ ਹਨ। ਇਹ ਰਾਡਾਰ ਸਿਸਟਮ ਧਰਤੀ ਦੀ ਸਤਹਿ ਦੀ 34 ਮੈਪਿੰਗ ਕਰਨ ਦੀ ਸਮਰੱਥਾ ਰੱਖਦੇ ਹਨ, ਜੋ ਮੌਸਮ ਦੀਆਂ ਸਥਿਤੀਆਂ ਜਿਵੇਂ ਬੱਦਲ ਜਾਂ ਰਾਤ ਦੇ ਸਮੇਂ ਵੀ ਕੰਮ ਕਰ ਸਕਦੇ ਹਨ। ਇਹ ਸਿਸਟਮ 10 ਮੀਟਰ ਤੋਂ ਘੱਟ ਦੀ ਸ਼ੁੱਧਤਾ ਨਾਲ ਧਰਤੀ ਦੀ ਸਤਹਿ ਦੀਆਂ ਤਬਦੀਲੀਆਂ ਨੂੰ ਮਾਪ ਸਕਦਾ ਹੈ, ਜਿਸ ਨਾਲ ਭੂ-ਚੱਕਰ, ਜਵਾਲਾਮੁੱਖੀ ਗਤੀਵਿਧੀਆਂ ਅਤੇ ਭੂਚਾਲਾਂ ਦੀ ਨਿਗਰਾਨੀ ਸੰਭਵ ਹੁੰਦੀ ਹੈ। ਇਹ ਵਿਸ਼ਾਲ ਕਵਰੇਜ ਅਤੇ ਉੱਚ ਸ਼ੁੱਧਤਾ ਲਈ ਨਿਸਾਰ ਹਰ 12 ਦਿਨਾਂ ਵਿੱਚ ਧਰਤੀ ਦੀ ਸਤਹਿ ਦੀ ਪੂਰੀ ਮੈਪਿੰਗ ਕਰ ਸਕਦਾ ਹੈ, ਜੋ ਕਿ ਵਿਸ਼ਵਵਿਆਪੀ ਪੈਮਾਨੇ 'ਤੇ ਜਲਵਾਯੂ ਅਤੇ ਵਾਤਾਵਰਣ ਸੰਬੰਧੀ ਤਬਦੀਲੀਆਂ ਦੀ ਨਿਗਰਾਨੀ ਲਈ ਮਹੱਤਵਪੂਰਨ ਹੈ। ਇਸ ਦੀ ਸਮਰੱਥਾ 240 ਕਿਲੋਮੀਟਰ ਦੇ ਵਿਸ਼ਾਲ ਚੌੜਾਈ ਨੂੰ ਕਵਰ ਕਰਨ ਦੀ ਹੈ, ਜੋ ਇਸ ਨੂੰ ਵੱਡੇ ਖੇਤਰਾਂ ਦੀ ਸੂਖਮ ਜਾਂਚ ਲਈ ਢੁਕਵਾਂ ਬਣਾਉਂਦੀ ਹੈ। ਇਹ ਵਾਤਾਵਰਣ ਅਤੇ ਆਫ਼ਤ ਪ੍ਰਬੰਧਨ ਲਈ ਵੀ ਨਿਸਾਰ ਦੇ ਰਾਡਾਰ ਸਿਸਟਮ ਜੰਗਲਾਂ, ਖੇਤੀਬਾੜੀ, ਮਿੱਟੀ ਦੀ ਨਮੀ, ਬਰਫ਼ ਦੇ ਢੱਕਣ ਅਤੇ ਸਮੁੰਦਰੀ ਸਤਹਿ ਦੀਆਂ ਤਬਦੀਲੀਆਂ ਦੀ ਨਿਗਰਾਨੀ ਕਰ ਸਕਦੇ ਹਨ। ਇਹ ਡੇਟਾ ਜਲਵਾਯੂ ਪਰਿਵਰਤਨ, ਹੜ੍ਹਾਂ, ਤੂਫ਼ਾਨਾਂ ਅਤੇ ਸੋਕੇ ਦੀ ਭਵਿੱਖਬਾਣੀ ਅਤੇ ਪ੍ਰਬੰਧਨ ਵਿੱਚ ਸਹਾਇਤਾ ਕਰੇਗਾ। ਇਸ ਦੀ ਸਮਰੱਥਾ ਭੂਮੀ ਦੀ ਵਰਤੋਂ, ਸ਼ਹਿਰੀ ਵਿਕਾਸ ਅਤੇ ਬੁਨਿਆਦੀ ਢਾਂਚੇ ਦੀ ਨਿਗਰਾਨੀ ਵਿੱਚ ਵੀ ਮਦਦ ਕਰੇਗੀ ਅਤੇ ਅੰਤਰਰਾਸ਼ਟਰੀ ਸਹਿਯੋਗ ਨਾਲ ਨਿਸਾਰ ਮਿਸ਼ਨ ਵਿੱਚ ਨਾਸਾ ਨੇ L-ਬੈਂਡ SAR, GPS ਸਿਸਟਮ ਅਤੇ ਡੇਟਾ ਟਰਾਂਸਮਿਸ਼ਨ ਸਿਸਟਮ ਪ੍ਰਦਾਨ ਕੀਤੇ ਹਨ, ਜਦਕਿ ਇਸਰੋ ਨੇ S-ਬੈਂਡ SAR, ਸੈਟੇਲਾਈਟ ਸਟ੍ਰਕਚਰ ਅਤੇ ਲਾਂਚ ਸੇਵਾਵਾਂ ਪ੍ਰਦਾਨ ਕੀਤੀਆਂ ਹਨ।ਇਸ ਦੇ ਤਕਨੀਕੀ ਵਿਸਤਾਰ ਵਿੱਚ ਨਿਸਾਰ ਦਾ ਵਜ਼ਨ ਲਗਭਗ 2600 ਕਿਲੋਗ੍ਰਾਮ ਹੈ ਅਤੇ ਇਹ 705 ਕਿਲੋਮੀਟਰ ਦੀ ਨੀਵੀਂ ਧਰਤੀ ਕਕਸ਼ (Low Earth Orbit) ਵਿੱਚ ਸਥਿਤ ਹੈ ਅਤੇ ਇਸ ਦੀ ਡਿਜ਼ਾਇਨ ਮਿਆਦ 3 ਸਾਲ ਹੈ, ਪਰ ਇਸ ਦੀ ਸਮਰੱਥਾ ਨੂੰ ਵੇਖਦੇ ਹੋਏ, ਇਹ ਇਸ ਤੋਂ ਵੀ ਵੱਧ ਸਮੇਂ ਤੱਕ ਕੰਮ ਕਰ ਸਕਦਾ ਹੈ।ਨਿਸਾਰ ਦੇ ਭਵਿੱਖ ਦੇ ਪ੍ਰਭਾਵਾਂ ਵਿੱਚ ਨਿਸਾਰ ਉਪਗ੍ਰਹਿ ਦੇ ਸਫਲ ਲਾਂਚ ਨੇ ਨਾ ਸਿਰਫ਼ ਭਾਰਤ ਦੀ ਪੁਲਾੜ ਖੋਜ ਸਮਰੱਥਾ ਨੂੰ ਮਜ਼ਬੂਤ ਕੀਤਾ ਹੈ, ਸਗੋਂ ਵਿਸ਼ਵ ਪੱਧਰ 'ਤੇ ਵਾਤਾਵਰਣ, ਖੇਤੀਬਾੜੀ ਅਤੇ ਆਫ਼ਤ ਪ੍ਰਬੰਧਨ ਦੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਦੀ ਸੰਭਾਵਨਾ ਪੈਦਾ ਕੀਤੀ ਹੈ। ਨਿਸਾਰ ਦੇ ਮੁੱਖ ਪ੍ਰਭਾਵ ਹੇਠ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਸਬੰਧੀ ਨਿਗਰਾਨੀ ਜਿਵੇਂ ਨਿਸਾਰ ਦਾ ਡੇਟਾ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ, ਜਿਵੇਂ ਕਿ ਗਲੇਸ਼ੀਅਰਾਂ ਦੇ ਪਿਘਲਣ, ਸਮੁੰਦਰੀ ਪੱਧਰ ਦੇ ਵਾਧੇ ਅਤੇ ਜੰਗਲਾਂ ਦੀ ਕਟਾਈ ਦੀ ਨਿਗਰਾਨੀ ਵਿੱਚ ਮਦਦ ਕਰੇਗਾ।

ਇਹ ਮਿੱਟੀ ਦੀ ਨਮੀ ਅਤੇ ਬਾਇਓਮਾਸ ਦੇ ਅੰਦਾਜ਼ੇ ਲਗਾਉਣ ਵਿੱਚ ਸਹਾਇਤਾ ਕਰੇਗਾ, ਜੋ ਖੇਤੀਬਾੜੀ ਅਤੇ ਜੰਗਲ ਸੰਭਾਲ ਲਈ ਮਹੱਤਵਪੂਰਨ ਹੈ। ਇਹ ਆਫ਼ਤ ਪ੍ਰਬੰਧਨ ਵਿੱਚ ਨਿਸਾਰ ਦੀ ਸਮਰੱਥਾ ਹੜ੍ਹਾਂ, ਭੂਚਾਲਾਂ, ਜਵਾਲਾਮੁੱਖੀ ਫਟਣ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਦੀ ਪਹਿਲਾਂ ਤੋਂ ਭਵਿੱਖਬਾਣੀ ਅਤੇ ਪ੍ਰਬੰਧਨ ਵਿੱਚ ਸਹਾਇਤਾ ਕਰੇਗੀ। ਇਸ ਦੀ 34 ਮੈਪਿੰਗ ਸਮਰੱਥਾ ਨੁਕਸਾਨ ਦੇ ਅੰਦਾਜ਼ੇ ਅਤੇ ਬਚਾਅ ਕਾਰਜਾਂ ਨੂੰ ਸੁਖਾਵਾਂ ਕਰੇਗੀ।ਇਹ ਖੇਤੀਬਾੜੀ ਅਤੇ ਸੰਭਾਲ ਲਈ ਨਿਸਾਰ ਦੇ ਡੇਟਾ ਨਾਲ ਮਿੱਟੀ ਦੀ ਨਮੀ, ਫਸਲਾਂ ਦੀ ਸਿਹਤ ਅਤੇ ਸਿੰਚਾਈ ਦੀਆਂ ਜ਼ਰੂਰਤਾਂ ਦਾ ਸਹੀ ਅੰਦਾਜ਼ਾ ਲਗਾਇਆ ਜਾ ਸਕੇਗਾ, ਜੋ ਭਾਰਤ ਵਰਗੇ ਖੇਤੀਬਾੜੀ ਪ੍ਰਧਾਨ ਦੇਸ਼ ਲਈ ਮਹੱਤਵਪੂਰਨ ਹੈ।ਇਹ ਜੰਗਲਾਂ ਦੀ ਸੰਭਾਲ ਅਤੇ ਵਾਤਾਵਰਣ ਸੁਰੱਖਿਆ ਨੀਤੀਆਂ ਨੂੰ ਬਿਹਤਰ ਬਣਾਉਣ ਵਿੱਚ ਵੀ ਸਹਾਇਤਾ ਕਰੇਗਾ ਅਤੇ ਵਿਗਿਆਨਕ ਖੋਜ ਅਤੇ ਅੰਤਰਰਾਸ਼ਟਰੀ ਸਹਿਯੋਗ ਨਾਲ ਨਿਸਾਰ ਦਾ ਡੇਟਾ ਵਿਸ਼ਵਭਰ ਦੇ ਵਿਗਿਆਨੀਆਂ, ਖੋਜਕਰਤਾਵਾਂ ਅਤੇ ਨੀਤੀ ਨਿਰਮਾਤਾਵਾਂ ਲਈ ਖੁੱਲ੍ਹਾ ਹੋਵੇਗਾ, ਜੋ ਅੰਤਰਰਾਸ਼ਟਰੀ ਸਹਿਯੋਗ ਨੂੰ ਵਧਾਵੇਗਾ।

ਇਸ ਨਾਲ ਭਾਰਤ ਦੀ ਵਿਗਿਆਨਕ ਸਮਰੱਥਾ ਅਤੇ ਤਕਨੀਕੀ ਮੁਹਾਰਤ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕਰੇਗੀ ਅਤੇ ਆਰਥਿਕ ਅਤੇ ਸਮਾਜਕ ਪ੍ਰਭਾਵ ਨੂੰ ਨਿਸਾਰ ਦੀ ਸਮਰੱਥਾ ਨਾਲ ਸਮਾਰਟ ਸਿਟੀਜ਼, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸ਼ਹਿਰੀ ਯੋਜਨਾਬੰਦੀ ਵਿੱਚ ਸੁਧਾਰ ਹੋਵੇਗਾ।

ਇਸ ਦੇ ਡੇਟਾ ਦੀ ਵਰਤੋਂ ਵਪਾਰਕ ਅਤੇ ਉਦਯੋਗਿਕ ਖੇਤਰਾਂ ਵਿੱਚ ਵੀ ਕੀਤੀ ਜਾ ਸਕੇਗੀ, ਜਿਸ ਨਾਲ ਆਰਥਿਕ ਵਿਕਾਸ ਨੂੰ ਉਤਸ਼ਾਹ ਮਿਲੇਗਾ ਅਤੇ ਭਾਰਤ ਦਾ ਪੁਲਾੜ ਖੋਜ ਵਿੱਚ ਵਧਦਾ ਰੁਤਬਾ ਨਿਸਾਰ ਦੀ ਸਫਲ ਲਾਂਚਿੰਗ ਨੇ ਭਾਰਤ ਦੀ ਪੁਲਾੜ ਖੋਜ ਦੇ ਖੇਤਰ ਵਿੱਚ ਵਧਦੀ ਮਹੱਤਤਾ ਨੂੰ ਸਪੱਸ਼ਟ ਕੀਤਾ ਹੈ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਪਿਛਲੇ ਕੁਝ ਦਹਾਕਿਆਂ ਵਿੱਚ ਕਈ ਮੀਲ ਪੱਥਰ ਸਥਾਪਤ ਕੀਤੇ ਹਨ, ਜਿਨ੍ਹਾਂ ਨੇ ਭਾਰਤ ਨੂੰ ਪੁਲਾੜ ਖੋਜ ਦੇ ਖੇਤਰ ਵਿੱਚ ਵਿਸ਼ਵ ਦੀਆਂ ਪ੍ਰਮੁੱਖ ਸ਼ਕਤੀਆਂ ਵਿੱਚ ਸ਼ੁਮਾਰ ਕੀਤਾ ਹੈ।

ਇਹ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗਾ ਤੇ 1975 ਵਿੱਚ ਆਰੀਆਭੱਟ ਉਪਗ੍ਰਹਿ ਦੀ ਲਾਂਚਿੰਗ ਨਾਲ ਸ਼ੁਰੂ ਹੋਇਆ ਇਸਰੋ ਦਾ ਸਫ਼ਰ ਅੱਜ ਨਿਸਾਰ ਵਰਗੇ ਅਤਿ-ਆਧੁਨਿਕ ਮਿਸ਼ਨਾਂ ਤੱਕ ਪਹੁੰਚ ਗਿਆ ਹੈ। ਇਹ ਚੰਦਰਯਾਨ-1 (2008), ਮੰਗਲਯਾਨ (2013), ਅਤੇ ਚੰਦਰਯਾਨ-2 (2019) ਵਰਗੇ ਮਿਸ਼ਨਾਂ ਨੇ ਭਾਰਤ ਦੀ ਗ੍ਰਹਿ-ਅਧਾਰਤ ਖੋਜ ਦੀ ਸਮਰੱਥਾ ਨੂੰ ਵਿਸ਼ਵ ਸਾਹਮਣੇ ਪੇਸ਼ ਕੀਤਾ। 2025 ਵਿੱਚ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਦੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) 'ਤੇ ਸਫਲ ਉਡਾਣ ਨੇ ਭਾਰਤ ਦੀ ਮਾਨਵ ਪੁਲਾੜ ਮਿਸ਼ਨ ਦੀ ਸਮਰੱਥਾ ਨੂੰ ਵੀ ਉਜਾਗਰ ਕੀਤਾ ਹੈ। ਇਸ ਦੀ ਤਕਨੀਕੀ ਸਮਰੱਥ ਅਨੁਸਾਰ ਇਸਰੋ ਦੀ ਪੋਲਰ ਸੈਟੇਲਾਈਟ ਲਾਂਚ ਵਹੀਕਲ (PSLV) ਅਤੇ ਜੀਓਸਿੰਕ੍ਰੋਨਸ ਸੈਟੇਲਾਈਟ ਲਾਂਚ ਵਹੀਕਲ (GSLV) ਨੇ ਭਾਰਤ ਨੂੰ ਸਵਦੇਸ਼ੀ ਲਾਂਚ ਸਮਰੱਥਾ ਵਾਲੇ ਚੋਟੀ ਦੇ ਦੇਸ਼ਾਂ ਵਿੱਚ ਸ਼ੁਮਾਰ ਕੀਤਾ ਹੈ। ਨਿਸਾਰ ਵਿੱਚ S-ਬੈਂਡ SAR ਦਾ ਵਿਕਾਸ ਇਸਰੋ ਦੀ ਤਕਨੀਕੀ ਮੁਹਾਰਤ ਦਾ ਪ੍ਰਮਾਣ ਹੈ।ਇਹ ਅੰਤਰਰਾਸ਼ਟਰੀ ਸਹਿਯੋਗ ਤੇ ਨਿਸਾਰ ਮਿਸ਼ਨ ਨੇ ਭਾਰਤ ਅਤੇ ਅਮਰੀਕਾ ਦੇ ਵਿਚਕਾਰ ਸਹਿਯੋਗ ਦੀ ਮਜ਼ਬੂਤੀ ਨੂੰ ਦਰਸਾਇਆ ਹੈ। ਇਸ ਤੋਂ ਪਹਿਲਾਂ, ਚੰਦਰਯਾਨ-1 ਵਿੱਚ ਨਾਸਾ ਦੇ ਸਾਧਨਾਂ ਦੀ ਵਰਤੋਂ ਅਤੇ ਹੁਣ ਨਿਸਾਰ ਵਰਗੇ ਸਾਂਝੇ ਮਿਸ਼ਨ ਨੇ ਭਾਰਤ ਨੂੰ ਅੰਤਰਰਾਸ਼ਟਰੀ ਪੁਲਾੜ ਸਹਿਯੋਗ ਦਾ ਮੁੱਖ ਸਾਥੀ ਬਣਾਇਆ ਹੈ।

ਹੁਣ ਇਸਰੋ ਦੀਆਂ ਭਵਿੱਖੀ ਯੋਜਨਾਵਾਂ ਵਿੱਚ ਗਗਨਯਾਨ (ਮਾਨਵ ਪੁਲਾੜ ਮਿਸ਼ਨ), ਭਾਰਤੀ ਪੁਲਾੜ ਸਟੇਸ਼ਨ ਅਤੇ ਸੂਰਜ, ਸ਼ੁੱਕਰ, ਅਤੇ ਜੁਪੀਟਰ ਵਰਗੇ ਗ੍ਰਹਿਆਂ ਦੀ ਖੋਜ ਸ਼ਾਮਲ ਹੈ। ਨਿਸਾਰ ਦੀ ਸਫਲਤਾ ਨੇ ਇਸਰੋ ਦੀਆਂ ਇਹਨਾਂ ਅਭਿਲਾਸ਼ੀ ਯੋਜਨਾਵਾਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਹੈ ਅਤੇ ਇਹ ਵਿਸ਼ਵ ਪੱਧਰ 'ਤੇ ਮਾਨਤਾ ਨਿਸਾਰ ਦੀ ਸਫਲਤਾ ਨੇ ਭਾਰਤ ਨੂੰ ਪੁਲਾੜ ਖੋਜ ਦੇ ਖੇਤਰ ਵਿੱਚ ਵਿਸ਼ਵ ਦੀਆਂ ਪ੍ਰਮੁੱਖ ਸ਼ਕਤੀਆਂ ਜਿਵੇਂ ਅਮਰੀਕਾ, ਰੂਸ ਅਤੇ ਚੀਨ ਦੇ ਨਾਲ ਖੜ੍ਹਾ ਕੀਤਾ ਹੈ। ਇਸਰੋ ਦੀ ਘੱਟ ਲਾਗਤ ਅਤੇ ਉੱਚ ਸਫਲਤਾ ਦਰ ਨੇ ਵਿਸ਼ਵਭਰ ਵਿੱਚ ਇਸ ਦੀ ਸਾਖ ਨੂੰ ਵਧਾਇਆ ਹੈ, ਜਿਸ ਨਾਲ ਵਿਦੇਸ਼ੀ ਉਪਗ੍ਰਹਿਆਂ ਦੀ ਲਾਂਚਿੰਗ ਵਿੱਚ ਵੀ ਭਾਰਤ ਦੀ ਮੰਗ ਵਧੀ ਹੈ। ਭਾਰਤ ਦੇ ਪੁਲਾੜ ਖੋਜ ਦੇ ਖੇਤਰ ਵਿੱਚ ਵਧਦਾ ਪ੍ਰਭੁਤਵ ਅੱਜ ਨਿਸਾਰ ਮਿਸ਼ਨ ਦੀ ਸਫਲਤਾ ਨੇ ਭਾਰਤ ਦੀ ਪੁਲਾੜ ਖੋਜ ਦੀ ਸਮਰੱਥਾ ਨੂੰ ਨਾ ਸਿਰਫ਼ ਤਕਨੀਕੀ ਪੱਖੋਂ ਮਜ਼ਬੂਤ ਕੀਤਾ ਹੈ, ਸਗੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਮਾਣ ਵਧਾਇਆ ਹੈ। ਇਸਰੋ ਦੀ ਸਥਾਪਨਾ 1969 ਵਿੱਚ ਵਿਕਰਮ ਸਾਰਾਭਾਈ ਦੀ ਅਗਵਾਈ ਵਿੱਚ ਹੋਈ ਸੀ ਅਤੇ ਅੱਜ ਇਹ ਸੰਸਥਾ ਵਿਸ਼ਵ ਦੀਆਂ ਸਭ ਤੋਂ ਵਧੀਆ ਪੁਲਾੜ ਏਜੰਸੀਆਂ ਵਿੱਚ ਸ਼ੁਮਾਰ ਹੈ। ਘੱਟ ਲਾਗਤ, ਉੱਚ ਸਫਲਤਾ ਨਾਲ ਇਸਰੋ ਦੀ ਸਫਲਤਾ ਦਾ ਰਾਜ਼ ਇਸ ਦੀ ਘੱਟ ਲਾਗਤ ਅਤੇ ਉੱਚ ਸਫਲਤਾ ਦਰ ਹੈ। ਮੰਗਲਯਾਨ ਮਿਸ਼ਨ, ਜਿਸ ਦੀ ਲਾਗਤ ਸਿਰਫ਼ 74 ਮਿਲੀਅਨ ਡਾਲਰ ਸੀ, ਨੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਸੀ।

ਭਾਰਤ ਦਾ ਪੁਲਾੜ ਖੋਜ ਵਿੱਚ ਰੁਤਬਾ, ਇਸਰੋ ਦੀ ਨਿਰੰਤਰ ਸਫਲਤਾਵਾਂ ਅਤੇ ਗਗਨਯਾਨ, ਭਾਰਤੀ ਪੁਲਾੜ ਸਟੇਸ਼ਨ ਅਤੇ ਹੋਰ ਅਭਿਲਾਸ਼ੀ ਮਿਸ਼ਨਾਂ ਦੀਆਂ ਯੋਜਨਾਵਾਂ ਨਾਲ ਹੋਰ ਮਜ਼ਬੂਤ ਹੋ ਰਿਹਾ ਹੈ। ਨਿਸਾਰ ਮਿਸ਼ਨ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਸਿਰਫ਼ ਇੱਕ ਵਿਕਾਸਸ਼ੀਲ ਦੇਸ਼ ਨਹੀਂ, ਸਗੋਂ ਪੁਲਾੜ ਖੋਜ ਦਾ ਇੱਕ ਮੋਹਰੀ ਸ਼ਕਤੀ ਹੈ, ਜੋ ਵਿਸ਼ਵ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਸਥਿਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਸਮਰੱਥਾ ਰੱਖਦਾ ਹੈ।

# ਪੰਜਾਬ ਨਾ ਛੱਡੇ ਚੰਡੀਗੜ੍ਹ ਉੱਤੇ ਆਪਣਾ ਹੱਕ



ਕਮਲਜੀਤ ਸਿੰਘ ਬਨਵੈਤ
98147 34035

## ☛ਚੰਡੀਗੜ੍ਹ ਦਾ ਪੰਜਾਬ ਨੂੰ ਝਟਕਾ, ☛ਪ੍ਰਸ਼ਾਸਨ ਨੇ ਡੈਪੂਟੇਸ਼ਨ 'ਤੇ ਪ੍ਰੋਫੈਸਰ ਨਾ ਭੇਜਣ ਦੀ ਕੇਂਦਰ ਕੋਲ ਲਈ ਸ਼ਿਕਾਇਤ

ਚੰਡੀਗੜ੍ਹ ਨੂੰ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ। ਚੰਡੀਗੜ੍ਹ ਪੰਜਾਬ ਦੀ ਹਿੱਕ ਉੱਤੇ ਉਸਾਰਿਆ ਗਿਆ ਸੀ। ਉਜਾੜੇ ਦੀ ਦਾਸਤਾਨ ਬੜੀ ਦਰਦਮਈ ਰਹੀ ਹੈ। ਉਜਾੜੇ ਗਏ ਪਿੰਡਾਂ ਦੇ ਪੰਜਾਬੀ ਲੋਕਾਂ ਦੇ ਦਹਾਕਿਆਂ ਪਹਿਲਾਂ ਉੱਖੜੇ ਪੈਰ ਹਾਲੇ ਤੱਕ ਲੱਗ ਨਹੀਂ ਸਕੇ ਹਨ। ਪੰਜਾਬ ਪੁਨਰ ਗਠਨ ਐਕਟ 1966 ਵੇਲੇ ਪੰਜਾਬ ਤੇ ਹਰਿਆਣਾ ਦੀ ਚੰਡੀਗੜ੍ਹ ਵਿੱਚ ਹਿੱਸੇਦਾਰੀ 60 :40 ਦੇ ਅਨੁਪਾਤ ਨਾਲ ਤੈਅ ਕਰ ਦਿੱਤੀ ਗਈ ਸੀ। ਸਰਕਾਰਾਂ ਨੇ ਵਾਅਦੇ ਮੁਤਾਬਕ ਪੰਜਾਬ ਨੂੰ ਚੰਡੀਗੜ੍ਹ ਤਾਂ ਕੀ ਦੇਣਾ ਸੀ ਇਸ ਦੀ ਹਿੱਸੇਦਾਰੀ ਨੂੰ ਵੀ ਖੋਰਾ ਲੱਗਦਾ ਰਿਹਾ ਹੈ। ਪੰਜਾਬ ਇਸ ਦੇ ਵਿਰੋਧ ਵਿੱਚ ਸਮੇਂ ਸਮੇਂ ਰੋਸ ਜਤਾਉਂਦਾ ਰਿਹਾ ਹੈ। ਪੰਜਾਬ ਨੂੰ ਚੰਡੀਗੜ੍ਹ ਦੇ ਹਵਾਲੇ ਕਰਨਾ ਹੁਣ ਇੱਕ ਸੁਪਨਾ ਬਣ ਕੇ ਰਹਿ ਗਿਆ ਲੱਗਦਾ ਹੈ, ਜਿਸ ਲਈ ਸਿਆਸੀ ਧਿਰਾਂ ਪੂਰੀ ਤਰ੍ਹਾਂ ਕਸੂਰਵਾਰ ਹਨ।

ਇਸ ਦੇ ਉਲਟ ਹੁਣ ਚੰਡੀਗੜ੍ਹ ਨੇ ਪੰਜਾਬ ਨੂੰ ਇੱਕ ਵੱਡਾ ਝਟਕਾ ਦਿੱਤਾ ਹੈ। ਚੰਡੀਗੜ੍ਹ ਪ੍ਰਸ਼ਾਸਨ ਨੇ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖ ਕੇ ਪੰਜਾਬ ਅਤੇ ਹਰਿਆਣਾ ਸਰਕਾਰ ਦੀ ਸ਼ਿਕਾਇਤ ਕੀਤੀ ਹੈ ਕਿ ਉਹ ਮੁਲਾਜ਼ਮਾਂ ਨੂੰ ਡੈਪੂਟੇਸ਼ਨ ਉੱਤੇ ਭੇਜਣ ਤੋਂ ਇਨਕਾਰੀ ਹੋਣ ਲੱਗੇ ਹਨ। ਕਿੱਥੇ ਇੱਕ ਸਮਾਂ ਸੀ ਜਦੋਂ ਪੰਜਾਬ ਚੰਡੀਗੜ੍ਹ ਵਿੱਚ ਆਪਣਾ ਹਿੱਸਾ ਲੈਣ ਲਈ ਲੜਦਾ ਰਿਹਾ ਹੈ। ਕਿੱਤੇ ਹੁਣ ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਉੱਤੇ ਆਪਣੇ ਹਿੱਸੇਦਾਰੀ ਲੈਣ ਤੋਂ ਟਾਲਾ ਵੱਟਣ ਦੀਆਂ ਸ਼ਿਕਾਇਤਾਂ ਕਰਨ ਲੱਗਾ ਹੈ। ਦੂਜੇ ਬੰਨੇ ਇਸ ਸੱਚਾਈ ਤੋਂ ਵੀ ਮੁੱਖ ਨਹੀਂ ਮੋੜਿਆ ਜਾ ਸਕਦਾ ਕਿ ਪਿਛਲੇ ਕਈ ਸਾਲਾਂ ਤੋਂ ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਨੂੰ ਪਾਸੇ ਰੱਖ ਕੇ ਯੂਟੀ ਕੇਡਰ ਦੇ ਅਧਿਕਾਰੀਆਂ ਦੀ ਤਾਇਨਾਤੀ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਕਰਨ ਲੱਗੀ ਹੈ।

ਤਾਜ਼ਾ ਘਟਨਾਕ੍ਰਮ ਅਨੁਸਾਰ ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬ ਅਤੇ ਹਰਿਆਣਾ ਨੂੰ ਆਪਣੇ ਹਿੱਸੇ ਦੇ ਕਾਲਜ ਅਧਿਆਪਕ ਡੈਪੂਟੇਸ਼ਨ ਉੱਤੇ ਭੇਜਣ ਲਈ ਲਿਖਿਆ ਸੀ। ਦੋਹਾਂ ਸੂਬਿਆਂ ਵੱਲੋਂ ਪੱਤਰ ਦਾ ਜਵਾਬ ਨਾ ਦਿੱਤਾ ਗਿਆ ਤਾਂ ਚੰਡੀਗੜ੍ਹ ਪ੍ਰਸ਼ਾਸਨ ਨੇ ਕੇਂਦਰ ਸ਼ਿਕਾਇਤ ਸਰਕਾਰ ਕੋਲ ਕਰ ਦਿੱਤੀ। ਹੁਣ ਚੰਡੀਗੜ੍ਹ ਪ੍ਰਸ਼ਾਸਨ ਨੇ ਇਹ ਇੱਕ ਇਸ਼ਤਿਹਾਰ ਦੇ ਕੇ ਭਾਰਤ ਭਰ ਦੇ ਕੇਂਦਰ ਸ਼ਾਸਿਤ ਰਾਜਾਂ ਤੋਂ ਕਾਲਜ ਅਧਿਆਪਕਾਂ ਦੀ ਭਰਤੀ ਲਈ ਅਰਜ਼ੀਆਂ ਮੰਗ ਲਈਆਂ ਹਨ। ਇਹਨਾਂ ਅਧਿਆਪਕਾਂ ਦੀ ਭਰਤੀ ਰੈਗੂਲਰ ਤੌਰ 'ਤੇ ਕੀਤੀ ਜਾਵੇਗੀ। ਇਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਅਤੇ ਹਰਿਆਣਾ ਦੇ ਚੰਡੀਗੜ੍ਹ ਵਿੱਚ ਡੈਪੂਟੇਸ਼ਨ ਦੀ ਹਿੱਸੇਦਾਰੀ ਨੂੰ ਪੱਕੇ ਤੌਰ 'ਤੇ ਖੋਰਾ ਲੱਗਣ ਦੀ ਸੰਭਾਵਨਾ ਬਣ ਗਈ ਹੈ।

ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਦਰਜਾ ਦੇਣ ਲਈ ਹਾਮੀ ਭਰ ਦਿੱਤੀ ਸੀ ਤਾਂ ਪੂਰਾ ਪੰਜਾਬ ਇਸ ਦੇ ਖ਼ਿਲਾਫ਼ ਖੜ੍ਹਾ ਹੋ ਗਿਆ ਸੀ ਤੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਪੱਤਰ ਵਾਪਸ ਲੈਣ ਲਈ ਮਜਬੂਰ ਹੋਣਾ ਪੈ ਗਿਆ ਸੀ। ਮੇਰੇ ਚੇਤਿਆਂ ਵਿੱਚ ਪੰਜਾਬ ਦੀ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਦਾ ਰੋਸ ਭਰਿਆ ਪੱਤਰ ਵੀ ਆ ਰਿਹਾ ਹੈ, ਜਦੋਂ ਚੰਡੀਗੜ੍ਹ ਵਿੱਚ ਪੰਜਾਬ ਦੇ ਹਿੱਸੇ ਦੇ ਡਾਇਰੈਕਟਰ ਸਿਹਤ ਦੇ ਅਹੁਦੇ ਉੱਤੇ ਹਰਿਆਣਾ ਸਰਕਾਰ ਦੇ ਡਾਕਟਰ ਨੂੰ ਤਾਇਨਾਤ ਕਰ ਦਿੱਤਾ ਗਿਆ ਸੀ। ਪਿੱਛੇ ਜਿਹੇ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਨਾਲ ਜੁੜਨ ਦਾ ਮਾਮਲਾ ਭਖ਼ਿਆ ਰਿਹਾ ਹੈ। ਚੰਡੀਗੜ੍ਹ ਦੇ ਸਾਬਕਾ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਵਿਚੋਲਗੀ ਕਰਦੇ ਰਹੇ ਔਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰਿਆਣਾ ਦੇ ਉਸ ਵੇਲੇ ਦੇ ਮੁੱਖ ਮੰਤਰੀ ਮਨੋਹਰ ਖੱਟਰ ਨੂੰ ਦੋ ਟੁੱਕ ਜਵਾਬ ਦੇ ਦਿੱਤਾ ਸੀ। ਦੂਜੇ ਬੰਨੇ ਹਰਿਆਣਾ ਵੱਲੋਂ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾਂਦਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਲਈ ਹਾਮੀ ਵੀ ਭਰ ਦਿੱਤੀ ਸੀ। ਪੰਜਾਬੀਆਂ ਵੱਲੋਂ ਰੋਸ ਵੀ ਜ਼ਾਹਿਰ ਕੀਤਾ ਗਿਆ ਸੀ। ਅੰਤ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੂੰ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਤੋਂ ਮੁੱਕਰਨਾ ਪਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਰਿਆਣਾ ਦੇ ਬਰਾਬਰ ਚੰਡੀਗੜ੍ਹ ਵਿੱਚ ਪੰਜਾਬ ਵਿਧਾਨ ਸਭਾ ਲਈ ਵੱਖਰੀ ਥਾਂ ਦੇਣ ਦੀ ਉਕਾਈ ਕਰ ਗਏ ਸਨ ਜਿਸ ਲਈ ਉਹਨਾਂ ਨੂੰ ਸ਼ਰਮਿੰਦਗੀ ਹੀ ਸਹਿਣੀ ਪਈ ਸੀ।

ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀਆਂ ਚੋਣਾਂ ਪਿਛਲੇ ਅੱਠ ਮਹੀਨੇ ਤੋਂ ਲਟਕਦੀਆਂ ਆ ਰਹੀਆਂ ਹਨ। ਹਰਿਆਣਾ ਵੱਲੋਂ ਸੈਨੇਟ ਵਿੱਚ ਨੁਮਾਇੰਦਗੀ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਦਾ ਸਿੱਧਾ ਮਤਲਬ ਪੰਜਾਬ ਦੀ ਮੋਨੋਪਲੀ ਨੂੰ ਮਨਫੀ ਕਰਨਾ ਸਮਝਿਆ ਜਾ ਰਿਹਾ ਹੈ। ਸੈਨੇਟ ਵਿੱਚ ਪੰਜਾਬ ਯੂਨੀਵਰਸਿਟੀ ਤੇ ਇਸ ਦੇ ਨਾਲ ਸਬੰਧਤ ਕਾਲਜਾਂ ਦੇ ਪ੍ਰੋਫੈਸਰਾਂ ਅਤੇ ਪ੍ਰਿੰਸੀਪਲਾਂ ਵਿੱਚੋਂ ਵੱਡੀ ਗਿਣਤੀ ਸੈਨੇਟਰ ਚੁਣੇ ਜਾਂਦੇ ਹਨ। ਯੂਨੀਵਰਸਿਟੀ ਦੇ ਚਾਂਸਲਰ ਦੇ ਦੇਸ਼ ਦੇ ਉਪਰਾਸ਼ਟਰਪਤੀ ਨੂੰ ਚੌਥੀ ਵਾਰ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਹੋਰ 15 ਮੈਂਬਰ ਗ੍ਰੈਜੂਏਟ ਹਲਕੇ ਵਿੱਚੋਂ ਚੁਣੇ ਜਾਂਦੇ ਹਨ। ਕੁੱਲ ਮਿਲਾ ਕੇ ਸੈਨੇਟ ਉੱਤੇ ਪੰਜਾਬ ਭਾਰੂ ਰਹਿੰਦਾ ਹੈ। ਪੰਜਾਬ ਦੇ ਮੁੱਖ ਮੰਤਰੀ, ਸਿੱਖਿਆ ਮੰਤਰੀ, ਦੋ ਵਿਧਾਇਕ ਤੇ ਡੀਪੀਆਈ ਸਰਕਾਰੀ ਅਹੁਦੇ ਨਾਲ ਸੈਨੇਟਰ ਹੁੰਦੇ ਹਨ। ਪੰਜਾਬ ਸਰਕਾਰ ਪੰਜਾਬ ਯੂਨੀਵਰਸਿਟੀ ਦੇ ਬਜਟ ਦਾ 40 ਫ਼ੀਸਦੀ ਹਿੱਸਾ ਢੋਹ ਰਹੀ ਹੈ। ਦੂਜੇ ਬੰਨੇ ਹਰਿਆਣਾ ਨੇ ਕਾਲਜਾਂ ਨੂੰ ਮਾਨਤਾ ਮਿਲਣ ਦੀ ਸੂਰਤ ਵਿੱਚ ਵਿੱਤੀ ਬੋਝ ਚੁੱਕਣ ਦੀ ਵੀ ਵੀ ਆਫ਼ਰ ਦਿੱਤੀ ਹੈ। ਇੱਥੇ ਇਹ ਚੇਤੇ ਕਰਵਾਇਆ ਜਾਂਦਾ ਹੈ ਕਿ ਹਰਿਆਣਾ ਦੇ ਤਿੰਨ ਜ਼ਿਲ੍ਹਿਆਂ ਦੇ ਸ਼ੁਰੂ ਵਿੱਚ ਹਰਿਆਣਾ ਦੇ ਤਿੰਨ ਜ਼ਿਲ੍ਹਿਆਂ ਦੇ ਕਾਲਜ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸਨ।ਪਰ ਸਾਬਕਾ ਮੁੱਖ ਮੰਤਰੀ ਬੰਸੀ ਲਾਲ ਨੇ ਇਹਨਾਂ ਨੂੰ ਤੋੜ ਲਿਆ ਸੀ। ਸੋ ਦੁਬਾਰਾ ਤੋਂ ਕੱਲ ਜੋੜਣ ਉਹਨਾਂ ਦੀ ਮੰਗ ਦੀ ਕੋਈ ਤੁੱਕ ਨਹੀਂ ਰਹਿ ਜਾਂਦੀ ਹੈ। ਇੱਕ ਸਮਾਂ ਸੀ ਜਦੋਂ ਕੇਂਦਰ ਸਰਕਾਰ ਵੱਲੋਂ ਹਰਿਆਣਾ ਨੂੰ ਵੱਖਰੀ ਰਾਜਧਾਨੀ ਬਣਾਉਣ ਲਈ ਕਈ ਸੌ ਕਰੋੜ ਰੁਪਏ ਵੀ ਦਿੱਤੇ ਗਏ ਸਨ ਪਰ ਹਰਿਆਣਾ ਦੀ ਅੱਖ ਚੰਡੀਗੜ੍ਹ ਉੱਤੇ ਹੈ। ਹਰਿਆਣਾ ਦੇ ਕਈ ਨੇਤਾ ਤਾਂ ਪੰਜਾਬ ਨੂੰ ਆਪਣੀ ਵੱਖਰੀ ਰਾਜਧਾਨੀ ਬਣਾਉਣ ਦੀਆਂ ਬੇਤੁਕੀਆਂ ਡੀਂਗਾਂ ਵੀ ਮਾਰ ਜਾਂਦੇ ਹਨ। ਕੇਂਦਰ ਜ਼ੋਰਾਵਰ ਹੈ। ਕੇਂਦਰ ਦੀ ਮਰਜ਼ੀ ਨਾਲ ਯੂਟੀ ਕੇਂਦਰ ਸ਼ਾਸਿਤ ਤਾਂ ਰਹਿ ਸਕਦਾ ਹੈ ਪਰ ਚੰਡੀਗੜ੍ਹ ਤੋਂ ਪੰਜਾਬ ਦਾ ਪੂਰਾ ਸੂਰਾ ਖਤਮ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਹੋਵੇਗਾ।

ਵੈਸੇ ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੋਵੇਗਾ ਕਿ ਪੰਜਾਬ ਨੇ ਤਾਂ ਚੰਡੀਗੜ੍ਹ ਤੋਂ ਕਈ ਚਿਰ ਪਹਿਲਾਂ ਆਪਣਾ ਹੱਕ ਛੱਡਣਾ ਸ਼ੁਰੂ ਕਰ ਦਿੱਤਾ ਸੀ। ਅਕਾਲੀ ਭਾਜਪਾ ਸਰਕਾਰ ਵੇਲੇ ਪੰਜਾਬ ਦੇ ਬਹੁਤ ਸਾਰੇ ਸਰਕਾਰੀ ਦਫ਼ਤਰ ਮੁਹਾਲੀ ਤਬਦੀਲ ਕਰ ਦਿੱਤੇ ਗਏ ਸਨ। ਕਈ ਦਫ਼ਤਰਾਂ ਲਈ ਤਾਂ ਮੋਹਾਲੀ ਵਿੱਚ ਥਾਂ ਲੈ ਕੇ ਇਮਾਰਤਾਂ ਵੀ ਬਣਾ ਦਿੱਤੀਆਂ ਗਈਆਂ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਿਲਡਿੰਗ ਵਿੱਚ ਸਿੱਖਿਆ ਵਿਭਾਗ ਨਾਲ ਸਬੰਧਤ ਸਾਰੇ ਦਫਤਰ ਮੁਹਾਲੀ ਤੋਂ ਕੰਮ ਕਰਨ ਲੱਗੇ ਹਨ। ਮੈਡੀਕਲ ਸਿੱਖਿਆ ਨਾਲ ਸਬੰਧਤ ਸਾਰੇ ਦਫ਼ਤਰਾਂ ਦੀ ਮੁਹਾਲੀ ਵਿੱਚ ਆਪਣੀ ਬਿਲਡਿੰਗ ਹੈ। ਆਬਕਾਰੀ ਵਿਭਾਗ ਅਤੇ ਵਿਜੀਲੈਂਸ ਬਿਊਰੋ ਕੋਲ ਵੀ ਆਪਣੀ ਮਹਿਲਨੁਮਾ ਬਿਲਡਿੰਗ ਹੈ। ਇਸ ਤੋਂ ਬਿਨਾਂ ਜੰਗਲਾਤ ਵਿਭਾਗ ਤੇ ਖੇਤੀ ਕਮਿਸ਼ਨ ਨੇ ਕਈ ਚਿਰ ਪਹਿਲਾਂ ਮੁਹਾਲੀ ਵਿੱਚ ਆਪਣੀ ਬਿਲਡਿੰਗ ਖੜ੍ਹੀ ਕਰ ਲਈ ਸੀ। ਹੁਣ ਜੇਲ੍ਹ ਵਿਭਾਗ ਨੇ ਵੀ ਬਿਲਡਿੰਗ ਸ਼ੁਰੂ ਕਰਨ ਲਈ ਨੀਹਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸ਼ੁਰੂ ਵਿੱਚ ਬਹਾਨਾ ਹੀ ਲਾਇਆ ਗਿਆ ਸੀ ਕਿ ਮੁਹਾਲੀ ਵਿੱਚ ਚੰਡੀਗੜ੍ਹ ਨਾਲੋਂ ਕਿਰਾਇਆ ਘੱਟ ਹੈ। ਇਥੇ ਦੱਸਣਾ ਦਿਲਚਸਪ ਰਹੇਗਾ ਕਿ ਪੰਜਾਬ ਸਰਕਾਰ ਦੇ ਆਪਣੇ ਪੱਲੇ ਕੁਝ ਨਹੀਂ ਹੈ, ਇਸ ਕਰਕੇ ਡੈਪੂਟੇਸ਼ਨ 'ਤੇ ਮੁਲਾਜ਼ਮ ਭੇਜਣੇ ਸੰਭਵ ਨਹੀਂ ਰਹੇ ਹਨ। ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀਆਂ 1873 ਅਸਾਮੀਆਂ ਵਿੱਚੋਂ 1000 ਤੋਂ ਵੱਧ ਖ਼ਾਲੀ ਪਈਆਂ ਹਨ। ਗੈਸਟ ਫੈਕਲਟੀ ਅਤੇ ਪਾਰਟ ਟਾਈਮ ਅਧਿਆਪਕ ਰੱਖ ਕੇ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ 1996 ਵਿੱਚ ਰੈਗੂਲਰ ਭਰਤੀ ਬੰਦ ਕਰ ਦਿੱਤੀ ਗਈ ਸੀ, ਜਿਸ ਕਰਕੇ ਸਿੱਖਿਆ ਵਿਭਾਗ ਸਮੇਤ ਦੂਜੇ ਵਿਭਾਗਾਂ ਵਿੱਚ ਵੀ ਮੁਲਾਜ਼ਮਾਂ ਦੀ ਭਾਰੀ ਤੋਟ ਹੈ। ਪੰਜਾਬ ਵਿੱਚ ਇੱਕ ਨਵੰਬਰ 2015 ਤੋਂ ਤਿੰਨ ਸਾਲਾਂ ਲਈ ਬੇਸਿਕ ਪੇਅ ਉੱਤੇ ਐਡਹਾਕ ਭਰਤੀ ਸ਼ੁਰੂ ਕੀਤੀ ਗਈ ਜਿਸ ਦੇ ਚਲਦਿਆਂ ਪੰਜਾਬ ਵਿੱਚ ਪੱਕੇ ਮੁਲਾਜ਼ਮਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਇਸ ਕਰਕੇ ਪੰਜਾਬ ਸਰਕਾਰ ਦੇ ਆਪਣੇ ਹੱਥ ਬੰਨੇ ਗਏ ਹਨ। ਇੱਕ ਵੱਖਰੀ ਤਰ੍ਹਾਂ ਦੀ ਚਰਚਾ ਤਾਂ ਇਹ ਵੀ ਹੈ ਕਿ ਪੰਜਾਬ ਸਰਕਾਰ ਚਾਹੇ ਅਕਾਲੀਆਂ ਦੀ ਰਹੀ ਹੋਵੇ ਜਾਂ ਕਾਂਗਰਸ ਦੀ ਤੇ ਜਾਂ ਹੁਣ ਆਮ ਆਦਮੀ ਪਾਰਟੀ ਦੀ ਰੈਗੂਲਰ ਭਰਤੀ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਅਦਾਲਤ ਵਿੱਚ ਪਟੀਸ਼ਨਾਂ ਦਾਇਰ ਕਰਵਾ ਦਿੱਤੀਆਂ ਜਾਂਦੀਆਂ ਹਨ। ਪੰਜਾਬ ਦੇ ਲੋਕ ਚੰਡੀਗੜ੍ਹ ਨਾਲ ਭਾਵਨਾਤਮਿਕ ਤੌਰ 'ਤੇ ਜੁੜੇ ਹੋਏ ਹਨ। ਚੰਡੀਗੜ੍ਹ,ਪੰਜਾਬ ਦੇ ਲੋਕਾਂ ਦੇ ਦਿਲਾਂ ਦੇ ਨੇੜੇ ਹੈ। ਸਿਆਸੀ ਪਾਰਟੀਆਂ ਨੇ ਚੰਡੀਗੜ੍ਹ ਦੇ ਮੁੱਦੇ ਉੱਤੇ ਗੰਭੀਰਤਾ ਨਹੀਂ ਦਿਖਾਈ ਸਗੋਂ ਸਿਆਸਤ ਕੀਤੀ ਹੈ, ਜਿਸ ਤੋਂ ਬਾਅਦ ਕੇਂਦਰ ਸਰਕਾਰ ਦਾ ਪੰਜਾਬ ਵਿੱਚ 15 ਦੀ ਥਾਂ 50 ਕਿਲੋਮੀਟਰ ਤੱਕ ਬੀਐਸਐਫ ਤਾਇਨਾਤ ਕਰਨ ਅਤੇ ਭਾਖੜਾ ਡੈਮ 'ਤੇ ਸੀ ਆਈ ਐਸ ਐਫ ਤਾਇਨਾਤ ਕਰਨ ਦਾ ਹੌਸਲਾ ਪਿਆ ਹੈ। ਸਿਆਸੀ ਪਾਰਟੀਆਂ ਦੀ ਨਲਾਇਕੀ ਕਾਰਨ ਹੀ ਭਾਖੜਾ ਵਿੱਚੋਂ ਪੰਜਾਬ ਦੀ ਮੈਂਬਰੀ ਮਨਫੀ ਹੋਈ ਹੈ। ਜੇ ਹਾਲੇ ਵੀ ਸਰਕਾਰਾਂ ਤੇ ਸਿਆਸੀ ਪਾਰਟੀਆਂ ਨਾ ਜਾਗੀਆਂ ਤਾਂ ਉਹ ਦਿਨ ਦੂਰ ਨਹੀਂ ਜਿੰਦਣ ਚੰਡੀਗੜ੍ਹ ਤੋਂ ਪੰਜਾਬ ਦਾ ਪੂਰੀ ਤਰ੍ਹਾਂ ਹੱਕ ਚੁੱਕਿਆ ਜਾਵੇਗਾ। ਪੰਜਾਬੀ ਬੱਸ ਹੱਥ ਮਲਦੇ ਰਹਿ ਜਾਣਗੇ।

# ਸ਼ਹੀਦ ਸ. ਊਧਮ ਸਿੰਘ ਸੂਰਮਾ



ਧਰਮਿੰਦਰ ਸਿੰਘ(ਚੱਬਾ)
9781751690

ਸ੍ਰ. ਊਧਮ ਸਿੰਘ ਦਲੇਰ ਮਰਦ ਸੀ। ਇੰਝ ਜਾਪਦਾ ਹੈ ਕਿ ਜਿਵੇਂ ਉਸ ਦੇ ਜੀਵਨ ਵਿੱਚ ਡਰ ਨਾਂਅ ਦੀ ਚੀਜ਼ ਹੀ ਨਹੀ ਸੀ। ਬਚਪਨ ਸਮੇਂ ਤੋਂ ਹੀ ਸਾਹਸ ਭਰੇ ਕੰਮਾਂ ਨੂੰ ਅੰਜ਼ਾਮ ਦੇਣਾ ਸ਼ੁਰੂ ਕਰ ਦਿੱਤਾ ਸੀ। ਉਸ ਦੇ ਜੀਵਨ ਨੂੰ ਪੜ੍ਹ ਕੇ ਪਤਾ ਚੱਲਦਾ ਹੈ ਕਿ ਉਸ ਵਰਗੇ ਸੂਰਮੇ ਧਰਤੀ 'ਤੇ ਕਦੇ-ਕਦੇ ਹੀ ਜਨਮ ਲੈਂਦੇ ਹਨ। ਸੂਰਮਿਆਂ ਦੇ ਹੀ ਗੀਤ ਗਾਏ ਜਾਂਦੇ ਹਨ, ਵਾਰਾਂ ਗਾਈਆਂ ਜਾਂਦੀਆਂ ਹਨ। ਊਧਮ ਸਿੰਘ ਸੂਰਮੇ 'ਤੇ ਕਈ ਗੀਤ ਤੇ ਕਈ ਵਾਰਾਂ ਲਿਖੀਆਂ ਗਈਆਂ ਤੇ ਗਾਈਆਂ ਗਈਆਂ ਜੋ ਸੁਣਨ ਵਾਲਿਆਂ ਵਿੱਚ ਜੋਸ਼ ਤੇ ਉਤਸ਼ਾਹ ਭਰਦੀਆਂ ਹਨ।

ਜਨਮ-

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੰਗਰੂਰ ਜ਼ਿਲ੍ਹੇ ਦੇ ਸੁਨਾਮ ਪਿੰਡ ਵਿੱਚ ਪਿਤਾ ਸ੍ਰ. ਟਹਿਲ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ। ਇਤਿਹਾਸ ਦੱਸਦਾ ਹੈ ਕਿ ਸ੍ਰ. ਊਧਮ ਸਿੰਘ ਦੇ ਮਾਤਾ ਪਿਤਾ ਦਾ ਪਹਿਲਾ ਨਾਂ ਚੂਹੜ ਰਾਮ ਤੇ ਮਾਤਾ ਦਾ ਨਾਂ ਨਰਾਇਣੀ ਸੀ। ਪਰ ਦੋਹਾਂ ਨੇ ਕਪਤਾਨ ਰਾਮ ਸਿੰਘ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਛੱਕ ਲਿਆ ਸੀ ਤਾਂ ਉਸ ਸਮੇਂ ਇਹਨਾਂ ਦਾ ਨਾਂ ਸ੍ਰ. ਟਹਿਲ ਸਿੰਘ ਤੇ ਮਾਤਾ ਹਰਨਾਮ ਕੌਰ ਰੱਖ ਦਿੱਤਾ ਸੀ। ਪਿਤਾ ਇੱਕ ਗਰੀਬ ਕਿਸਾਨ ਸਨ। ਦੋ ਭਰਾ ਸਨ। ਬਚਪਨ ਦਾ ਨਾਂ ਸ਼ੇਰ ਸਿੰਘ ਸੀ ਤੇ ਵੱਡੇ ਭਰਾ ਦਾ ਨਾਂ ਸਾਧੂ ਸਿੰਘ ਸੀ। ਸ਼ੇਰ ਸਿੰਘ ਬਚਪਨ ਵਿੱਚ ਖੁੱਲ੍ਹੇ-ਡੁਲ੍ਹੇ ਸਰੀਰ ਦਾ ਮਾਲਕ ਸੀ, ਭੂਰੀਆਂ ਅੱਖਾਂ, ਕਾਲੇ ਵਾਲ, ਗੁੰਦਵਾਂ ਸਰੀਰ, ਤੇਜ਼-ਤਰਾਰ ਤੇ ਚੁਸਤੀ ਫੁਰਤੀ ਰੱਜ ਕੇ ਸੀ। ਤਿੰਨ ਸਾਲ ਦੀ ਉਮਰ ਵਿੱਚ ਹੀ ਸ਼ੇਰ ਸਿੰਘ ਦੀ ਮਾਤਾ ਅਕਾਲ ਚਲਾਣਾ ਕਰ ਗਈ। ਪਿਤਾ ਰੇਲਵੇ ਫਾਟਕ 'ਤੇ ਚੌਕੀਦਾਰੀ ਦੀ ਨੌਕਰੀ ਕਰਦੇ ਸਨ। ਜਵਾਨੀ ਵਿੱਚ ਪਹੁੰਚ ਕੇ ਸ਼ੇਰ ਸਿੰਘ ਦਾ 5 ਫੁੱਟ 9 ਇੰਚ ਕੱਦ ਨਿਕਲਿਆ।

ਬਚਪਨ ਤੋਂ ਹੀ ਸੀ ਦਲੇਰ-

ਸ਼ੇਰ ਸਿੰਘ (ਊਧਮ ਸਿੰਘ) ਬਚਪਨ ਸਮੇਂ ਤੋਂ ਹੀ ਦਲੇਰ ਸੀ। ਇੱਕ ਘਟਨਾ ਦਾ ਜ਼ਿਕਰ ਮਿਲਦਾ ਹੈ ਕਿ ਜਦ ਇਹਨਾਂ ਦੀ ਮਾਤਾ ਦੀ ਮੌਤ ਹੋ ਜਾਂਦੀ ਹੈ ਤਾਂ ਇਨ੍ਹਾਂ ਦੇ ਪਿਤਾ ਨੇ ਇਹਨਾਂ ਨੂੰ ਆਪਣੀ ਭੈਣ ਕੋਲ ਛੱਡ ਦਿੱਤਾ। ਫਿਰ ਰੇਲਵੇ ਵਿੱਚ ਚੌਕੀਦਾਰੀ ਦੀ ਡਿਊਟੀ ਮਿਲ ਗਈ। ਉੱਥੇ ਫਾਟਕ 'ਤੇ ਹੀ ਕੁਆਰਟਰ ਮਿਲ ਗਿਆ ਸੀ। ਇਸ ਲਈ ਇਹਨਾਂ ਦੇ ਪਿਤਾ ਨੇ ਦੋਵਾਂ ਭਰਾਵਾਂ ਨੂੰ ਆਪਣੀ ਭੈਣ ਕੋਲੋਂ ਆਪਣੇ ਨਾਲ ਰੱਖ ਲਿਆ। ਉੱਥੇ ਫਾਟਕ 'ਤੇ ਡਿਊਟੀ ਕਰਦੇ ਸਮੇਂ ਹੀ ਇਨ੍ਹਾਂ ਦੇ ਪਿਤਾ ਨੇ ਇੱਕ ਵਾੜਾ ਬਣਾ ਕੇ ਨਾਲ ਬੱਕਰੀਆਂ ਵੀ ਰੱਖ ਲਈਆਂ। ਦਿਨੇ ਬੱਕਰੀਆਂ ਚਰਦੀਆਂ ਰਹਿੰਦੀਆਂ ਤੇ ਰਾਤ ਨੂੰ ਵਾੜੇ ਵਿੱਚ ਡੱਕ ਦਿੰਦੇ ਸਨ। ਆਸ-ਪਾਸ ਜੰਗਲ ਹੋਣ ਕਰਕੇ ਬਘਿਆੜ, ਰਿੱਛ ਤੇ ਹੋਰ ਇਸ ਤਰ੍ਹਾਂ ਦੇ ਜਾਨਵਰ ਰਹਿੰਦੇ ਸਨ। ਇੱਕ ਦਿਨ ਸੁਭਾ-ਸਵੇਰੇ ਜਦ ਇਨ੍ਹਾਂ ਦਾ ਪਿਤਾ ਜੰਗਲ ਪਾਣੀ ਗਿਆ ਹੋਇਆ ਸੀ ਤਾਂ ਬਾਹਰ ਵਾੜੇ ਵਿੱਚ ਘੁਸਰ-ਮੁਸਰ ਹੁੰਦੀ ਸ਼ੇਰ ਸਿੰਘ (ਊਧਮ ਸਿੰਘ) ਨੇ ਸੁਣੀ। ਬਾਹਰ ਆ ਕੇ ਵੇਖਿਆ ਕਿ ਇੱਕ ਬਘਿਆੜ ਵਾੜੇ ਵਿੱਚ ਵੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਵੇਖ ਕੇ ਸ਼ੇਰ ਸਿੰਘ ਨੇ ਹੌਂਸਲਾ ਕਰਕੇ ਕੁਆਰਟਰ ਵਿੱਚੋਂ ਕੁਹਾੜੀ ਕੱਢ ਲਿਆਇਆ ਤੇ ਉਸ ਬਘਿਆੜ ਦੇ ਸਿਰ ਵਿੱਚ ਤਿੰਨ ਚਾਰ ਵਾਰ ਕਰ ਦਿੱਤੇ। ਬਘਿਆੜ ਫਿਰ ਵੀ ਝਵੀਆਂ ਲੈ-ਲੈ ਕੇ ਸ਼ੇਰ ਸਿੰਘ ਨੂੰ ਦੰਦ ਦਿਖਾਵੇ। ਇੰਨ੍ਹੇ ਚਿਰ ਨੂੰ ਪਿਤਾ ਵੀ ਆ ਗਿਆ ਤੇ ਆਸ-ਪਾਸ ਦੇ ਲੋਕ ਵੀ ਇੱਕਠੇ ਹੋ ਗਏ। ਬਘਿਆੜ ਭੱਜ ਗਿਆ। ਲੋਕਾਂ ਨੇ ਸ਼ੇਰ ਸਿੰਘ ਦੀ ਬਹੁਤ ਤਾਰੀਫ ਕੀਤੀ ਤੇ ਕਿਹਾ ਕਿ 'ਸ਼ੇਰ ਸਿੰਘ ਤੂੰ ਵਾਕਈ ਸ਼ੇਰ ਨਿਕਲਿਆ'।

ਅਖ਼ਬਾਰਾਂ ਦੀਆਂ ਸੁਰਖੀਆਂ-

14 ਮਾਰਚ ਸੰਨ 1940 ਦੀ ਸਵੇਰ ਨੂੰ ਅਖ਼ਬਾਰਾਂ ਦੀਆ ਸੁਰਖੀਆਂ ਇਸ ਖ਼ਬਰ ਨਾਲ ਭਰੀਆਂ ਪਈਆਂ ਸਨ। ਸਭ ਤੋਂ ਪਹਿਲਾਂ ਇਹ ਖ਼ਬਰ ਬੀ.ਬੀ.ਸੀ ਨੇ ਨਸ਼ਰ ਕੀਤੀ ਸੀ। ਲੰਡਨ ਦੀਆਂ ਬਾਕੀ ਅਖ਼ਬਾਰਾਂ ਵੀ ਜਿਵੇਂ 'ਦਾ ਟਾਈਮਜ਼', 'ਡੇਲੀ ਮਿਰਰ', ਡੇਲੀ ਟੈਲੀਗ੍ਰਾਫ', 'ਨਿਊ ਸਟੇਟਸ ਮੈਨ' ਤੇ ਰੇਡੀਓ 'ਤੇ ਇਹੀ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲੀਆਂ। 'ਡੇਲੀ ਵਰਕਰਜ਼' ਨਾਂਅ ਦੇ ਅਖ਼ਬਾਰ ਨੇ ਊਧਮ ਸਿੰਘ ਦੀ ਫੋਟੋ ਸਮੇਤ ਇਹ ਖ਼ਬਰ ਛਾਪੀ ਤੇ ਲਿਖਿਆ ਕਿ ਅਣਖੀਲੇ ਯੋਧੇ ਹਿੰਦੁਸਤਾਨੀ ਨੇ ਪੂਰੇ ਇੱਕੀ ਸਾਲ ਬਾਅਦ ਜਲ੍ਹਿਆਂਵਾਲੇ ਬਾਗ ਦਾ ਬਦਲਾ ਲੈ ਲਿਆ ਹੈ। ਮਹਾਤਮਾ ਗਾਂਧੀ ਨੇ ਆਪਣੀ ਅਖ਼ਬਾਰ 'ਹਰੀਜਨ' ਵਿੱਚ ਸ੍ਰ. ਊਧਮ ਸਿੰਘ ਨੂੰ ਪਾਗਲ ਦੱਸਿਆ ਸੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੀ ਅਖ਼ਬਾਰ 'ਨੈਸ਼ਨਲ ਹੈਰਾਲਡ' ਵਿੱਚ ਸਰ ਮਾਈਕਲ ਉਡਵਾਇਰ ਦੀ ਮੌਤ 'ਤੇ ਅਫਸੋਸ ਜਤਾਇਆ ਸੀ।

ਮੁਕੱਦਮਾ-

14 ਮਾਰਚ ਸੰਨ 1940 ਨੂੰ ਸ੍ਰ. ਊਧਮ ਸਿੰਘ ਨੂੰ ਚੀਫ ਮੈਜਿਸਟਰੇਟ 'ਸਰ ਰਾਬਰਟ ਡੂਮਟ' ਸਾਹਮਣੇ ਪੁਲਿਸ ਕੋਰਟ ਵਿੱਚ ਪੇਸ਼ ਕੀਤਾ ਗਿਆ। ਉੱਥੋਂ ਉਸ ਨੂੰ ਬ੍ਰਿਕਸਟਨ ਜੇਲ੍ਹ ਭੇਜ ਦਿੱਤਾ ਗਿਆ। ਉਸ 'ਤੇ ਮੁਕੱਦਮਾ ਚਲਾਉਣ ਦੀ ਕਾਰਵਾਈ ਸ਼ੁਰੂ ਕੀਤੀ ਗਈ। ਦੀ 'ਦ ਟਾਈਮਜ਼' ਲੰਡਨ 23 ਮਾਰਚ 1940 ਦੀ ਖ਼ਬਰ ਅਨੁਸਾਰ ਜਦ ਸਰ ਮਾਈਕਲ ਉਡਵਾਇਰ ਦੀ ਮੌਤ ਤੋਂ ਅਗਲੇ ਦਿਨ 15 ਮਾਰਚ ਸੰਨ 1940 ਨੂੰ ਸ੍ਰ. ਊਧਮ ਸਿੰਘ ਨੂੰ ਪਕੜਿਆ ਗਿਆ ਤਾਂ ਉਸ ਕੋਲੋਂ ਬਰਾਮਦ ਸਮਾਨ ਵਿੱਚੋਂ ਉਸਦਾ ਊਧਮ ਸਿੰਘ ਨਾਂਅ ਵਾਲਾ ਪਾਸਪੋਰਟ ਨੰਬਰ 52753 ਵੀ ਪਕੜਿਆ ਗਿਆ, ਪਰ ਪਕੜੇ ਜਾਣ 'ਤੇ ਉਸ ਨੇ ਆਪਣਾ ਨਾਂਅ 'ਰਾਮ ਮੁਹੰਮਦ ਸਿੰਘ ਅਜ਼ਾਦ' ਦੱਸਿਆ ਸੀ। ਇਹ ਨਾਂਅ ਉਸ ਦੀ ਬਾਂਹ 'ਤੇ ਵੀ ਉੱਕਰਿਆ ਹੋਇਆ ਸੀ। 24 ਮਈ ਸੰਨ 1940 ਨੂੰ 'ਕ੍ਰੀਅਰਸਨ' ਮੈਡੀਕਲ ਅਫਸਰ ਵੱਲੋਂ ਸ੍ਰ. ਊਧਮ ਸਿੰਘ ਦਾ ਮੈਡੀਕਲ ਕੀਤਾ ਗਿਆ। ਫਿਰ ਕ੍ਰਿਮੀਨਲ ਕੋਰਟ ਵਿੱਚ ਜੱਜ 'ਐਟਕਿਨਸਨ' ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ 4 ਜੂਨ 1940 ਨੂੰ ਮੁਕੱਦਮਾ ਚਲਾਇਆ ਗਿਆ। ਸ੍ਰ. ਊਧਮ ਸਿੰਘ ਵੱਲੋਂ 'ਸਟੇਂ ਜਾਨ ਹੁਚਿਨਸਨ' ਨਾਂਅ ਦਾ ਵਕੀਲ ਪੇਸ਼ ਹੋਇਆ। ਅੰਗਰੇਜ਼ ਸਰਕਾਰ ਜਲਦੀ ਤੋਂ ਜਲਦੀ ਇਹ ਮੁਕੱਦਮਾ ਖਤਮ ਕਰਕੇ ਸ੍ਰ. ਊਧਮ ਸਿੰਘ ਨੂੰ ਫਾਂਸੀ 'ਤੇ ਲਟਕਾਉਣ ਲਈ ਕਾਹਲੀ ਸੀ। ਜੱਜ ਨੇ ਸ੍ਰ. ਊਧਮ ਸਿੰਘ ਨੂੰ ਆਪਣੀ ਸਫਾਈ ਵਿੱਚ ਕੁੱਝ ਕਹਿਣ ਲਈ ਮੌਕਾ ਦਿੱਤਾ। ਉਸੇ ਵੇਲੇ ਉਸ ਨੇ ਆਪਣੀ ਜੇਬ ਵਿੱਚੋਂ ਕਾਗਜ਼ ਕੱਢਿਆ ਤੇ ਆਪਣਾ ਲਿਖਿਆ ਭਾਸ਼ਣ ਬੋਲਣ ਲੱਗ ਪਿਆ ਕਿ 'ਬ੍ਰਿਟਿਸ਼ ਸਾਮਰਾਜ ਮੁਰਦਾਬਾਦ, ਅਸੀਂ ਗੁਲਾਮ ਹਾਂ। ਤੁਸੀ ਸਾਡੀਆਂ ਪੀੜ੍ਹੀਆਂ ਬਰਬਾਦ ਕਰ ਦਿੱਤੀਆਂ ਹਨ। ਤੁਸੀ ਸ਼ਰਮ ਕਰੋ। ਮੈਨੂੰ ਮੌਤ ਦੀ ਪ੍ਰਵਾਹ ਨਹੀਂ। ਮੈਂ ਮੌਤ ਤੋਂ ਨਹੀਂ ਡਰਦਾ। ਮੈਨੂੰ ਮਰਨ 'ਤੇ ਮਾਣ ਹੈ। ਮੇਰੇ ਦੇਸ਼ ਵਾਸੀ ਤੁਹਾਨੂੰ ਗੰਦੇ ਕੁੱਤਿਆਂ ਨੂੰ ਭਾਰਤ ਦੇਸ਼ ਵਿੱਚੋਂ ਬਾਹਰ ਕੱਢ ਦੇਣਗੇ। ਜੋ ਤੁਹਾਡੀ ਸਰਕਾਰ ਭਾਰਤ ਵਿੱਚ ਹੈ। ਉਸ ਵਿੱਚ ਕੁੱਝ ਗੰਦੇ ਲੋਕ ਹਨ। ਮੈਂ ਅੰਗਰੇਜ਼ ਦੇ ਵਿਰੁੱਧ ਨਹੀ ਹਾਂ। ਮੈਂ ਸਾਮਰਾਜੀ ਸਰਕਾਰ ਦੇ ਵਿਰੁੱਧ ਹਾਂ। ਮੇਰੀ ਇੰਗਲੈਂਡ ਦੇ ਮਜ਼ਦੂਰਾਂ ਤੇ ਕਾਮਿਆਂ ਨਾਲ ਹਮਦਰਦੀ ਹੈ'। (ਫਾਈਲ ਨੰਬਰ ਮੀਪੋਲ 3/1743 ਪਬਲਿਕ ਰਿਕਾਰਡ ਆਫਿਸ, ਲੰਡਨ ਪੇਜ਼. 84) ਜੱਜ ਨੇ ਸ੍ਰ. ਊਧਮ ਸਿੰਘ ਨੂੰ 5 ਜੂਨ ਸੰਨ 1940 ਨੂੰ ਮੌਤ ਦੀ ਸਜ਼ਾ ਫਾਂਸੀ ਸੁਣਾ ਦਿੱਤੀ।

ਸ਼ਹੀਦ ਦੀਆਂ ਅਸਥੀਆਂ ਦੇਸ਼ ਵਾਪਸ-

ਸ੍ਰ. ਊਧਮ ਸਿੰਘ ਦੀ ਦੇਹ ਨੂੰ ਲੰਡਨ ਦੀ ਪੈਂਟੋਨਵਿਲੇ ਜੇਲ੍ਹ ਵਿੱਚ ਹੀ ਬਾਹਰ ਇੱਕ ਪਾਸੇ ਤਾਬੂਤ ਵਿੱਚ ਪਾ ਕੇ ਧਰਤੀ ਵਿੱਚ ਦਫਨ ਕਰ ਦਿੱਤਾ ਗਿਆ ਸੀ। ਸਮੇਂ-ਸਮੇਂ 'ਤੇ ਸ਼ਹੀਦ ਦੀਆਂ ਅਸਥੀਆਂ ਦੇਸ਼ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ, ਪਰ ਕਾਮਯਾਬੀ ਨਹੀਂ ਮਿਲ ਰਹੀ ਸੀ। ਆਖਿਰ ਕੋਸ਼ਿਸ਼ ਰੰਗ ਲਿਆਈ ਤੇ ਠੀਕ 34 ਸਾਲ ਪਿੱਛੋਂ 19 ਜੁਲਾਈ ਸੰਨ 1974 ਨੂੰ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੇਸ਼ ਵਾਪਸ ਆਈਆਂ। ਰਾਸ਼ਟਰਪਤੀ ਗਿਆਨੀ ਜੈਲ ਸਿੰਘ, ਆਰਮੀ ਜਨਰਲ ਮੋਹਨ ਸਿੰਘ, ਐੱਮ.ਐੱਲ.ਏ ਸ੍ਰ. ਸਾਧੂ ਸਿੰਧ ਕੰਬੋਜ ਨੇ ਦਿੱਲੀ ਹਵਾਈ ਅੱਡੇ 'ਤੇ ਸ਼ਹੀਦ ਦੀਆਂ ਅਸਥੀਆਂ ਦਾ ਜ਼ੋਰਦਾਰ ਸਵਾਗਤ ਕੀਤਾ। ਉੱਥੋਂ ਜਲੂਸ ਦੀ ਸ਼ਕਲ ਵਿੱਚ ਹੁੰਦਾ ਹੋਇਆ ਇਹ ਕਾਰਵਾਂ ਉਹਨਾਂ ਦੇ ਪਿੰਡ ਸੁਨਾਮ ਵਿੱਚ ਪਹੁੰਚਿਆ। ਉਹਨਾਂ ਦੇ ਜੱਦੀ ਪਿੰਡ ਸੁਨਾਮ ਵਿੱਚ ਉਹਨਾਂ ਦੀਆਂ ਅਸਥੀਆਂ ਨੂੰ ਰੱਖ ਕੇ ਅਗਨੀ ਦਿੱਤੀ ਗਈ। ਸ੍ਰ. ਊਧਮ ਸਿੰਘ ਦੀਆਂ ਦੂਸਰੀਆਂ ਨਿਸ਼ਾਨੀਆਂ ਵੀ ਜਿਨ੍ਹਾਂ ਵਿੱਚ ਸ੍ਰ. ਊਧਮ ਸਿੰਘ ਦਾ ਰਿਵਾਲਵਰ, ਉਹ ਕਿਤਾਬ ਜਿਸ ਵਿੱਚ ਰਿਵਾਲਵਰ ਲੁਕਾ ਕੇ ਰੱਖਿਆ ਸੀ, ਕਮਾਨੀਦਾਰ ਚਾਕੂ, ਡਾਇਰੀ, ਇੱਕ ਲੱਕੜੀ ਦਾ ਬਕਸਾ, 27 ਕਾਰਤੂਸ, ਇੱਕ ਘੜੀ, ਕਾਰ ਦੀ ਚਾਬੀ ਤੇ ਕੁੱਝ ਫੋਟੋਗ੍ਰਾਫਸ ਆਦਿ ਨਿਸ਼ਾਨੀਆਂ ਦੀ ਮੰਗ ਕੀਤੀ ਗਈ ਸੀ ਜੋ ਲੰਡਨ ਸਰਕਾਰ ਨੇ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਸ੍ਰ. ਊਧਮ ਸਿੰਘ ਦਾ ਇਹ ਸਮਾਨ ਕੇਸ ਦੇ ਸਬੂਤ ਵਜੋਂ ਹਨ ਜੋ ਅਸੀਂ ਨਹੀਂ ਦੇ ਸਕਦੇ।

ਵਿਰਾਸਤ ਨਾਲ ਛੇੜਛਾੜ-

ਪਿਛਲੇ ਸਾਲ ਦੌਰਾਨ ਹੁਣ ਇੱਕ ਨਵਾਂ ਹੀ ਵਿਵਾਦ ਪੈਦਾ ਹੋ ਗਿਆ ਸੀ। ਜਲ੍ਹਿਆਂ ਵਾਲੇ ਬਾਗ ਦੀ ਵਿਰਾਸਤ ਨਾਲ ਛੇੜਛਾੜ ਕੀਤੀ ਗਈ ਸੀ। ਜਲ੍ਹਿਆਂ ਵਾਲੇ ਬਾਗ ਦੇ ਸੁੰਦਰੀਕਰਨ ਦੇ ਬਹਾਨੇ ਉੱਥੋਂ ਦਾ ਢਾਂਚਾ ਬਦਲਿਆ ਜਾ ਰਿਹਾ ਸੀ। ਜਿਸ ਖੂਹ ਵਿੱਚ ਭੱਜਦੇ ਹੋਏ ਲੋਕਾਂ ਨੇ ਜਾਨਾਂ ਬਚਾਉਣ ਲਈ ਛਾਲਾਂ ਮਾਰੀਆਂ ਸਨ। ਉਸ ਖੂਹ ਦੀ ਦਿੱਖ ਵਿਗਾੜੀ ਜਾ ਰਹੀ ਸੀ। ਆਉਣ ਜਾਣ ਵਾਲੇ ਰਸਤੇ ਨਾਲ ਛੇੜਛਾੜ ਕੀਤੀ ਜਾ ਰਹੀ ਸੀ। ਜਦੋਂ ਦਾ ਸੁੰਦਰੀਕਰਨ ਦਾ ਕੰਮ ਚੱਲ ਰਿਹਾ ਸੀ। ਉਦੋਂ ਦਾ ਨੋ ਐਂਟਰੀ ਦਾ ਬੋਰਡ ਲਗਾ ਦਿੱਤਾ ਗਿਆ ਸੀ। ਖ਼ਬਰਾਂ ਇਹ ਸਨ ਕਿ ਅੰਦਰ ਮਿਊਜ਼ੀਅਮ ਵਿੱਚ ਜੋ ਫੋਟੋਆਂ ਲੱਗੀਆਂ ਹਨ, ਉਹ ਇਤਰਾਜ਼ਯੋਗ ਹਨ। ਅੰਦਰ ਗੁਰੂ ਸਾਹਿਬ ਜੀ ਦੀਆਂ ਫੋਟੋਆਂ ਲੱਗੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੀਆਂ ਫੋਟੋਆਂ ਲੱਗੀਆਂ ਤੇ ਉਹਨਾਂ ਦੇ ਨਾਲ ਹੀ ਉੱਥੇ ਸੱਭਿਅਤਾ ਦੇ ਬੋਰਡ ਲਗਾਏ ਸਨ ਕਿ ਇਹ ਸਾਡੀ ਸੱਭਿਅਤਾ ਹੈ। ਕਿੰਨੇ ਸ਼ਰਮ ਵਾਲੀ ਗੱਲ ਹੈ ਕਿ ਜਿੱਥੋਂ ਨੌਜਵਾਨਾਂ ਨੇ ਕੋਈ ਸੇਧ ਲੈਣੀ ਸੀ। ਉਸ ਇਤਿਹਾਸ ਨੂੰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਮਨਸ਼ਾ ਸ਼ਾਇਦ ਇਹ ਹੈ ਕਿ ਆਉਣ ਵਾਲੀ ਪੀੜ੍ਹੀ ਇਸ ਇਤਿਹਾਸ ਤੋਂ ਅਣਜਾਣ ਹੀ ਰਹੇ। ਲੋਕ ਅਸਲੀ ਮੁੱਦਿਆਂ ਤੋਂ ਭਟਕੇ ਹੀ ਰਹਿਣ। ਸਮਾਜ ਸੇਵੀ ਲੋਕਾਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਸੀ। ਹਰ ਖਾਸ ਤੇ ਆਮ ਜਨਤਾ ਨੂੰ ਵੀ ਸਰਕਾਰ ਦੇ ਐਸੇ ਕੰਮਾਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਇਸ ਵੱਲ ਤੁਰੰਤ ਧਿਆਨ ਦੇਵੇ ਕਿ ਕਿਸੇ ਵੀ ਵਿਰਾਸਤ ਨਾਲ ਛੇੜਛਾੜ ਨਾ ਕੀਤੀ ਜਾਵੇ। ਜਲ੍ਹਿਆਂ ਵਾਲੇ ਬਾਗ ਵਿੱਚ ਸ਼ਹੀਦਾਂ ਦੇ ਇਤਿਹਾਸ ਨੂੰ ਦੁਹਰਾਉਂਦੇ ਚਿੱਤਰ ਹੀ ਲਗਾਏ ਜਾਣ। ਆਉ ਇਸ ਸ਼ਹੀਦ ਦੇ ਸ਼ਹੀਦੀ ਦਿਹਾੜੇ ਇਸ ਮਹਾਨ ਸ਼ਹੀਦ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਭੇਟ ਕਰੀਏ। ਰਾਜਨੀਤੀ ਨਾ ਕਰੀਏ।

# ਨਗਰ ਨਿਗਮ ਵੱਲੋਂ ਸ਼ਹਿਰ ਦੇ ਸੁੰਦਰੀਕਰਨ ਲਈ ਚਲਾਇਆ ਜਾ ਰਿਹਾ ਅਭਿਆਨ ਤੀਜੇ ਦਿਨ ਵੀ ਜਾਰੀ



ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ ਦੀ ਅਗਵਾਈ ਹੇਠ ਨਗਰ ਨਿਗਮ ਵੱਲੋਂ ਸ਼ਹਿਰ ਦੇ ਸੁੰਦਰੀਕਰਨ ਲਈ ਚਲਾਇਆ ਜਾ ਰਿਹਾ ਵਿਸ਼ੇਸ਼ ਅਭਿਆਨ ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਨਗਰ ਨਿਗਮ ਦੇ ਵੱਖ-2 ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਮਿਲ ਕੇ ਨਿਊ ਅੰਮ੍ਰਿਤਸਰ ਜੀ.ਟੀ.ਰੋਡ 'ਤੇ ਸੁੰਦਰੀਕਰਨ ਦੇ ਕੰਮ ਦੀ ਸ਼ੁਰੂਆਤ ਕੀਤੀ। ਪਿਛਲੇ ਦਿਨੀਂ ਕਮਿਸ਼ਨਰ ਨਗਰ ਨਿਗਮ ਵੱਲੋਂ ਅੰਮ੍ਰਿਤਸਰ ਸ਼ਹਿਰ ਦੀਆਂ ਸਮਾਜਸੇਵੀ ਅਤੇ ਰਿਹਾਇਸ਼ੀ ਵੈਲਫੇਅਰ ਸੰਸਥਾਵਾਂ ਨੂੰ ਇਸ ਸੁੰਦਰੀਕਰਨ ਅਭਿਆਨ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ ਸੀ, ਜਿਸ ਦੇ ਸਿੱਟੇ ਵਜੋਂ ਅੱਜ ਫਿਨਿਲੁਪ ਨਾ ਦੀ ਇਕ ਸਮਾਜਸੇਵੀ ਸੰਸਥਾ ਨੇ ਇਸ ਅਭਿਆਨ ਵਿੱਚ ਭਰਵਾਂ ਹੁੰਗਾਰਾ ਦਿੰਦੇ ਹੋਏ ਨਗਰ ਨਿਗਮ ਕਰਮਚਾਰੀਆਂ ਦੇ ਨਾਲ ਮਿਲ ਕੇ ਸ਼ਹਿਰ ਦੇ ਸੁੰਦਰੀਕਰਨ ਦੇ ਕੰਮ ਵਿੱਚ ਆਪਣਾ ਯੋਗਦਾਨ ਪਾਇਆ।

ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੀ ਸੁੰਦਰੀਕਰਨ ਦਾ ਇਹ ਪ੍ਰੋਜੈਕਟ ਇਕ ਪਹਿਲ ਹੈ, ਜਿਸ ਅਧੀਨ ਸ਼ਹਿਰ ਦੇ ਸਾਰੇ ਇਲਾਕਿਆਂ 'ਚ ਵਿਕਾਸ ਦੇ ਕੰਮ ਕੀਤੇ ਜਾਣੇ ਹਨ ਤੇ ਵਿਕਾਸ ਪੱਖੋਂ ਕੋਈ ਵੀ ਇਲਾਕਾ ਵਾਂਝਿਆ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਸ਼ਹਿਰ ਦੇ ਚਹੁੰ-ਮੁਖੀ ਵਿਕਾਸ ਨੂੰ ਲੈ ਕੇ ਗੰਭੀਰ ਹਨ। ਇਸ ਵਾਸਤੇ ਇਹ 7 ਦਿਨਾਂ ਦਾ ਅਭਿਆਨ ਡੇਰਾ ਬਾਬਾ ਭੂਰੀ ਵਾਲਿਆਂ ਦੇ ਨਾਲ ਮਿਲ ਕੇ ਸ਼ਹਿਰ ਦੇ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਸ਼ੁਰੂ ਕੀਤਾ ਗਿਆ ਹੈ ਅਤੇ ਜੋ ਕਿ ਸ੍ਰੀ ਦਰਬਾਰ ਸਾਹਿਬ ਤੱਕ ਜਾਰੀ ਰਹੇਗਾ। ਇਸੇ ਤਰ੍ਹਾਂ ਅੱਜ ਇਕ ਹੋਰ ਸਮਾਜ ਸੇਵੀ ਸੰਸਥਾ ਫਿਨਿਲੁਪ ਵੱਲੋਂ ਇਸ ਅਭਿਆਨ ਵਿੱਚ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਵਧੀਕ ਕਮਿਸ਼ਨਰ ਨੇ ਕਿਹਾ ਕਿ ਇਸ ਤਿੰਨ ਦਿਨਾਂ ਤੋਂ ਚੱਲ ਰਹੇ ਅਭਿਆਨ ਦੇ ਬੜੇ ਸ਼ਲਾਘਾ ਯੋਗ ਨਤੀਜੇ ਆਏ ਹਨ ਅਤੇ ਜੀ.ਟੀ.ਰੋਡ ਦੀ ਦਿੱਖ ਵਿਚ ਸੁਧਾਰ ਹੋਇਆ ਹੈ। ਅਸਟੇਟ ਵਿਭਾਗ ਵੱਲੋਂ ਸੜਕਾਂ ਤੋਂ ਰੇਹੜੀਆਂ ਫੜ੍ਹੀਆਂ ਨਾਲ ਕੀਤੇ ਗਏ ਨਜਾਇਜ਼ ਕਬਜਿਆਂ ਨੂੰ ਹਟਾ ਦਿੱਤਾ ਗਿਆ ਹੈ। ਨਜਾਇਜ਼ ਲੱਗੇ ਵਿਗਿਆਪਨ ਦੇ ਬੋਰਡ ਉਤਾਰ ਦਿੱਤੇ ਗਏ ਹਨ। ਜੰਗਲੀ ਬੂਟੀ ਅਤੇ ਘਾਹ ਦੀ ਕਟਾਈ ਕੀਤੀ ਜਾ ਰਹੀ ਹੈ ਅਤੇ ਸਾਰਾ ਕੂੜਾ ਅਤੇ ਮਲਬਾ ਸੜਕਾਂ ਤੋਂ ਚੁੱਕਿਆ ਜਾ ਰਿਹਾ ਹੈ। ਜੀ.ਟੀ. ਰੋਡ 'ਤੇ ਆ ਜਾ ਰਹੇ ਸ਼ਹਿਰਵਾਸੀਆਂ ਵੱਲੋਂ ਨਗਰ ਨਿਗਮ ਦੇ ਇਸ ਕੰਮ ਦੀ ਬੜੀ ਸ਼ਲਾਘਾ ਕੀਤੀ ਜਾ ਰਹੀ ਹੈ। ਵਧੀਕ ਕਮਿਸ਼ਨਰ ਨੇ ਸ਼ਹਿਰ ਦੀਆਂ ਸਾਰੀਆਂ ਸਮਾਜਸੇਵੀ ਅਤੇ ਰਿਹਾਇਸ਼ੀ ਵੈਲਫੇਅਰ ਐਸੋਸੀਏਸ਼ਨਾਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਵੱਲੋਂ ਚਲਾਏ ਜਾ ਰਹੇ ਇਸ ਅਭਿਆਨ ਵਿੱਚ ਵੱਧ-ਚੜ੍ਹ ਕੇ ਯੋਗਦਾਨ ਪਾਉਣ ਅਤੇ ਸ਼ਹਿਰ ਨੂੰ ਸਾਫ-ਸੁਥਰਾ ਅਤੇ ਹਰਾ ਭਰਾ ਤੇ ਸੁੰਦਰ ਬਣਾਉਣ ਵਿੱਚ ਨਗਰ ਨਿਗਮ ਦਾ ਸਹਿਯੋਗ ਦੇਣ। ਇਸ ਮੌਕੇ 'ਤੇ ਨਿਗਰਾਨ ਇੰਜੀਨੀਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨੀਅਰ ਭਲਿੰਦਰ ਸਿੰਘ, ਸਿਹਤ ਅਫਸਰ ਡਾ. ਯੋਗੇਸ਼ ਅਰੋੜਾ, ਸੀ.ਐਸ.ਓ ਰਣਜੀਤ ਸਿੰਘ, ਸੀ.ਐਸ.ਆਈ ਵਿਜੇ ਗਿੱਲ, ਵਿਗਿਆਪਨ ਸੁਪਰਡੰਟ ਪੁਸ਼ਪਿੰਦਰ ਸਿੰਘ ਤੋਂ ਇਲਾਵਾ ਫਿਨਿਲੁਪ ਸੰਸਥਾ ਦੇ ਪ੍ਰੋਗਰਾਮ ਮੈਨੇਜਰ ਬਰਿੰਦਾ ਸ਼ਰਮਾ, ਸਿਟੀ ਹੈੱਡ ਅਰਜੁਨ ਰਾਮ, ਸੁਕੇਸ਼ੀ ਗੁਪਤਾ, ਅਜੇ ਕਾਹਨੇ, ਜਸਕਰਨ ਸਿੰਘ, ਗੁਰਦੀਪ ਕੁਮਾਰ, ਸੰਦੀਪ ਕੁਮਾਰ ਤੇ ਬਾਕੀ ਟੀਮ ਦੇ ਮੈਂਬਰ ਹਾਜ਼ਰ ਸਨ।

## ਰਾਜਸਥਾਨ ਸਰਕਾਰ ਵੱਲੋਂ ਪ੍ਰੀਖਿਆਵਾਂ 'ਚ ਸਿੱਖ ਵਿਦਿਆਰਥੀਆਂ ਨੂੰ ਕਕਾਰ ਪਾਉਣ ਦੀ ਮਨਜ਼ੂਰੀ 'ਤੇ ਐਡ. ਧਾਮੀ ਦੀ ਪ੍ਰਤੀਕਿਰਿਆ



ਅੰਮ੍ਰਿਤਸਰ, 30 ਜੁਲਾਈ (ਗੁਰਦਿਆਲ ਸਿੰਘ): ਰਾਜਸਥਾਨ ਅੰਦਰ ਪ੍ਰੀਖਿਆ ਦੌਰਾਨ ਗੁਰਸਿੱਖ ਲੜਕੀ ਨੂੰ ਕਕਾਰ ਪਾਉਣ ਕਾਰਨ ਪ੍ਰੀਖਿਆ 'ਚ ਦਾਖਲਾ ਨਾ ਦੇਣ 'ਤੇ ਸਿੱਖ ਕੌਮ ਵੱਲੋਂ ਪ੍ਰਗਟਾਏ ਰੋਸ ਮਗਰੋਂ ਰਾਜਸਥਾਨ ਸਰਕਾਰ ਵੱਲੋਂ ਸਿੱਖ ਉਮੀਦਵਾਰਾਂ ਨੂੰ ਕਕਾਰਾਂ ਸਮੇਤ ਪ੍ਰੀਖਿਆ ਦੇਣ ਦੀ ਪ੍ਰਵਾਨਗੀ 'ਤੇ ਪ੍ਰਤੀਕ੍ਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਨੂੰ ਅਜਿਹਾ ਕਦਮ ਬਹੁਤ ਪਹਿਲਾਂ ਚੁੱਕਣਾ ਚਾਹੀਦਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਅਧਿਕਾਰੀਆਂ ਦੇ ਗਲਤ ਵਤੀਰੇ ਕਾਰਨ ਪੇਪਰ ਦੇਣ ਤੋਂ ਵਾਂਝੀ ਰਹਿ ਗਈ ਸਿੱਖ ਉਮੀਦਵਾਰ ਲਈ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕਰਕੇ ਪੇਪਰ ਦੇਣ ਦਾ ਮੌਕਾ ਦਿੱਤਾ ਜਾਵੇ, ਤਾਂ ਜੋ ਉਸ ਨੂੰ ਇਨਸਾਫ਼ ਮਿਲ ਸਕੇ।

ਐਡ. ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਪਹਿਲਾਂ ਹੀ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸ਼ਰੀਰ ਨਾਲੋਂ ਪੰਜ ਕਕਾਰ ਵੱਖ ਨਹੀਂ ਕਰ ਸਕਦਾ। ਇਸ ਲਈ ਬਕਾਇਦਾ ਨਿਯਮ ਹਨ, ਜਿਨ੍ਹਾਂ ਨੂੰ ਅਕਸਰ ਅਣਗੌਲਿਆਂ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸਭ ਨੂੰ ਪਤਾ ਹੋਣ ਦੇ ਬਾਵਜੂਦ ਵੀ ਬੀਤੇ ਅੰਦਰ ਕਈ ਥਾਵਾਂ 'ਤੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਧਾਰਮਿਕ ਚਿੰਨ੍ਹ ਕਕਾਰ ਉਤਾਰਨ ਲਈ ਮਜਬੂਰ ਕੀਤਾ ਗਿਆ ਅਤੇ ਵਿਰੋਧ ਕਰਨ ਉੱਤੇ ਪ੍ਰੀਖਿਆਵਾਂ 'ਚ ਦਾਖਲਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਪੰਜ ਕਕਾਰ ਸਿੱਖ ਪਛਾਣ ਤੇ ਮੌਲਿਕ ਅਧਿਕਾਰਾਂ ਦੇ ਤਰਜਮਾਨ ਹਨ, ਜਿਸ ਦਾ ਸਭ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸੂਬਾ ਸਰਕਾਰਾਂ ਨੂੰ ਹਦਾਇਤ ਕਰਨ ਕਿ ਸਿੱਖ ਵਿਦਿਆਰਥੀਆਂ ਨਾਲ ਹੁੰਦੀਆਂ ਅਜਿਹੀਆਂ ਜ਼ਿਆਦਤੀਆਂ ਨੂੰ ਰੋਕਣ ਲਈ ਭਾਰਤੀ ਸਵਿਧਾਨ ਅੰਦਰ ਸਿੱਖਾਂ ਨੂੰ ਮਿਲੇ ਅਧਿਕਾਰਾਂ ਦੀ ਰਖਵਾਲੀ ਕੀਤੀ ਜਾਵੇ, ਇਸ ਵਾਸਤੇ ਪ੍ਰੀਖਿਆਵਾਂ ਸਮੇਂ ਸਿੱਖ ਕਕਾਰਾਂ ਨੂੰ ਲੈਣ ਕੇ ਪ੍ਰੀਖਿਆ ਅਮਲੇ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸਵਿਧਾਨ ਵਿਰੁੱਧ ਜਾ ਕੇ ਸਿੱਖ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਅਧਿਕਾਰੀਆਂ ਖਿਲਾਫ ਸਖ਼ਤ ਕਾਰਵਾਈ ਨੂੰ ਵੀ ਅਮਲ ਵਿੱਚ ਲਿਆਂਦਾ ਜਾਵੇ, ਤਾਂ ਜੋ ਅਜਿਹੀਆਂ ਕਾਰਵਾਈਆਂ ਨੂੰ ਠੱਲ੍ਹ ਪੈ ਸਕੇ।


## ਪੰਜਾਬ ਵਿਧਾਨ ਸਭਾ ਸਕੱਤਰੇਤ

### ਜਨਤਕ ਸੂਚਨਾ

ਪੰਜਾਬ ਰਾਜ ਵਿੱਚ ਵਸਦੇ ਵੱਖ ਵੱਖ ਧਾਰਮਿਕ ਵਿਸ਼ਵਾਸਾਂ ਅਤੇ ਆਸਥਾਵਾਂ ਵਾਲੇ ਲੋਕਾਂ ਵਿੱਚ ਧਾਰਮਿਕ ਅਤੇ ਸੰਪਰਦਾਇਕ ਇਕਸੁਰਤਾ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਅਤੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਦੇ ਮੰਤਵ ਨਾਲ ਪੰਜਾਬ ਵਿਧਾਨ ਸਭਾ ਵਿੱਚ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025" ਪੇਸ਼ ਕੀਤਾ ਗਿਆ ਹੈ। ਇਸ ਬਿੱਲ ਦੀ ਕਾਪੀ ਪੰਜਾਬ ਵਿਧਾਨ ਸਭਾ ਦੀ ਵੈਬਸਾਇਟ https://punjabassembly.gov.in/Legislations/IntroducedBills ਤੇ ਉਪਲਬਧ ਹੈ ਅਤੇ ਇਹ ਬਿੱਲ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਵੀ ਮਿਤੀ 15 ਜੁਲਾਈ. 2025 ਨੂੰ ਨੋਟੀਫਾਈ ਹੋ ਚੁੱਕਿਆ ਹੈ। ਪੰਜਾਬ ਵਿਧਾਨ ਸਭਾ ਵੱਲੋਂ ਇਹ ਬਿੱਲ ਘੋਖਣ ਅਤੇ ਜਨਤਾ ਦੀ ਰਾਏ ਲੈਣ ਲਈ ਸਿਲੈਕਟ ਕਮੇਟੀ ਨੂੰ ਸੌਂਪਿਆ ਗਿਆ ਹੈ

ਪੰਜਾਬ ਵਿਧਾਨ ਸਭਾ ਦੇ ਫ਼ੈਸਲੇ ਅਨੁਸਾਰ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਵੱਲੋਂ ਸਰਦਾਰ ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਵਿੱਚ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025" ਦੀ ਘੋਖ ਕਰਨ ਲਈ ਪੰਜਾਬ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਦੀ ਡਿਟੇਲ ਵੀ ਉਕਤ Website ਤੇ ਉਪਲਬਧ ਹੈ।

ਵਿਧਾਨ ਸਭਾ ਦੇ ਫੈਸਲੇ ਅਨੁਸਾਰ ਸਿਲੈਕਟ ਕਮੇਟੀ ਵੱਲੋਂ ਇਸ ਬਿੱਲ ਸਬੰਧੀ ਜਨਤਾ, ਧਾਰਮਿਕ ਅਦਾਰਿਆਂ, ਗੈਰ-ਸਰਕਾਰੀ ਸੰਗਠਨਾਂ, ਮਾਹਿਰਾਂ, ਬੁੱਧੀਜੀਵੀਆਂ ਅਤੇ ਸਿਵਲ ਸੋਸਾਇਟੀ ਦੇ ਵੱਖ ਵੱਖ ਨੁਮਾਇੰਦਿਆਂ ਤੋਂ ਵਿਚਾਰ ਅਤੇ ਸੁਝਾਅ ਮੰਗੇ ਜਾਂਦੇ ਹਨ। ਸੁਝਾਅ ਪੰਜਾਬੀ, ਹਿੰਦੀ, ਅੰਗਰੇਜ਼ੀ ਜਾਂ ਉਰਦੂ ਭਾਸ਼ਾ ਵਿਚ ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ, ਸੈਕਟਰ-1, ਚੰਡੀਗੜ੍ਹ-160001 ਨੂੰ ਜਨਤਾ ਦੁਆਰਾ ਲਿਖਤੀ ਰੂਪ ਵਿੱਚ ਹੇਠ ਦਰਸਾਏ ਢੰਗਾਂ ਰਾਹੀਂ ਭੇਜੇ ਜਾ ਸਕਦੇ ਹਨ:-

1. ਆਪਣੇ ਹਲਕੇ ਨਾਲ ਸਬੰਧਤ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਮੈਂਬਰ ਸਾਹਿਬਾਨ ਰਾਹੀਂ;
2. ਵਟਸਐਪ ਨੰ: 8054495560 ਰਾਹੀਂ;
3. ਈ-ਮੇਲ: "secy-vs-punjab@nic.in" ਜਾਂ "pvs.legislation@gmail.com" ਰਾਹੀਂ; ਅਤੇ
4. ਦਸਤੀ ਜਾਂ ਡਾਕ ਰਾਹੀਂ (ਉਕਤ ਪਤੇ ਤੇ)।

**ਮਿਤੀ 31 ਅਗਸਤ, 2025 ਤੱਕ ਪ੍ਰਾਪਤ ਹੋਏ ਸੁਝਾਵਾਂ ਤੇ ਕਮੇਟੀ ਵਿਚਾਰ ਕਰੇਗੀ।**

**ਸਕੱਤਰ**
**ਪੰਜਾਬ ਵਿਧਾਨ ਸਭਾ ਸਕੱਤਰੇਤ, ਚੰਡੀਗੜ੍ਹ।**
**ਫੋਨ: 0172-2740786**

**RO No. PR-Advt. No.: 2342/11/2025-26/1785/Dated CHD: 30.07.2025**


## ਵਾਲੀਬਾਲ ਟੂਰਨਾਮੈਂਟ ਕਰਵਾਇਆ

ਪੱਟੀ, 30 ਜੁਲਾਈ (ਹਰਜਿੰਦਰ ਸੰਧੂ, ਹਰਪਾਲ ਸਿੰਘ ਪੂਹਲਾ): ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਕਰਨਲ ਅਮਰਜੀਤ ਸਿੰਘ ਗਿੱਲ (ਪ੍ਰਧਾਨ ਖੁਸ਼ਹਾਲੀ ਦੇ ਰਾਖੇ) ਦੀ ਅਗਵਾਈ ਹੇਠ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ। ਇਹ ਟੂਰਨਾਮੈਂਟ "ਮਿਸ਼ਨ ਨਸ਼ਾ ਮੁਕਤ ਰੰਗਲਾ ਪੰਜਾਬ" ਤਹਿਤ ਆਯੋਜਿਤ ਕੀਤਾ ਗਿਆ ਸੀ। ਇਸ ਪ੍ਰਤੀ ਇਲਾਕੇ ਦੇ ਨੌਜਵਾਨਾਂ, ਵਿਦਿਆਰਥੀਆਂ ਤੇ ਨਿਵਾਸੀਆਂ ਵਿੱਚ ਬਹੁਤ ਉਤਸ਼ਾਹ ਦੇਖਿਆ ਗਿਆ। ਇਸ 'ਚ ਖੇਡਣ ਲਈ ਇਲਾਕੇ ਦੀਆਂ ਟੀਮਾਂ ਪਹੁੰਚੀਆਂ, ਜਿਨ੍ਹਾਂ 'ਚੋਂ ਚਾਰ ਟੀਮਾਂ ਸੈਮੀਫਾਈਨਲ 'ਚ ਤੇ ਦੋ ਟੀਮਾਂ ਫਾਈਨਲ 'ਚ ਪਹੁੰਚੀਆਂ ਫਾਈਨਲ ਬਰਾਬਰ ਤੇ ਬਹੁਤ ਹੀ ਦਿਲਚਸਪ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ 'ਚ ਪਿੰਡ ਬਾਗੜੀਕੇ ਦੀ ਟੀਮ ਜੇਤੂ ਰਹੀ ਤੇ ਪਿੰਡ ਭਾਗਵਾਲ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਸ ਮੌਕੇ 'ਤੇ ਫੌਜ ਦੇ ਅਧਿਕਾਰੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਜੇਤੂ ਟੀਮ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਤੇ ਸਾਰੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਖੇਡਾਂ 'ਚ ਦਿਲਚਸਪੀ ਪੈਦਾ ਕਰਨ ਦੀ ਅਪੀਲ ਕੀਤੀ। ਇਸ ਦੌਰਾਨ "ਖੁਸ਼ਹਾਲੀ ਦੇ ਰਾਖੇ" ਸੰਸਥਾ ਦੇ ਸਾਰੇ ਮੈਂਬਰਾਂ ਨੇ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ 'ਚ ਬਹੁਤ ਯੋਗਦਾਨ ਪਾਇਆ ਤੇ ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ "ਮਿਸ਼ਨ ਨਸ਼ਾ ਮੁਕਤ ਰੰਗਲਾ ਪੰਜਾਬ" ਹੈ। ਇਸ ਦੌਰਾਨ ਜ਼ਿਲ੍ਹਾ ਉਪ ਪ੍ਰਧਾਨ ਸੂਬੇਦਾਰ ਮੁਖਤਿਆਰ ਸਿੰਘ, ਬਲਾਕ ਮੁਖੀ ਸੂਬੇਦਾਰ ਜਸਵੰਤ ਸਿੰਘ, ਬਲਾਕ ਮੁਖੀ ਕੈਪਟਨ ਦਿਆਲ ਸਿੰਘ, ਜ਼ਿਲ੍ਹਾ ਸਕੱਤਰ ਛਤਰਪਾਲ ਸਿੰਘ, ਤਰਨਜੀਤ ਸਿੰਘ ਤੇ ਸਮੂਹ ਸੰਸਥਾ ਮੈਂਬਰਾਂ ਨੇ ਵੀ ਸ਼ਮੂਲੀਅਤ ਕੀਤੀ।

# ਬੀ.ਬੀ.ਐਮ.ਬੀ. ਵੱਲੋਂ ਸੀ.ਆਈ.ਐਸ.ਐਫ. ਲਈ ਭੁਗਤਾਨ 'ਤੇ ਭੜਕੇ ਬ੍ਰਹਮਪੁਰਾ



ਤਰਨ ਤਾਰਨ, 30 ਜੁਲਾਈ (ਗੁਰਦਿਆਲ ਸਿੰਘ): ਪੰਜਾਬ ਦੇ ਡੈਮਾਂ ਦੀ ਸੁਰੱਖਿਆ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਨੂੰ ਲੈ ਕੇ ਸੂਬੇ ਵਿੱਚ ਉਸ ਵੇਲੇ ਇੱਕ ਵੱਡਾ ਸਿਆਸੀ ਵਿਵਾਦ ਖੜ੍ਹਾ ਹੋ ਗਿਆ, ਜਦੋਂ ਇਹ ਤੱਥ ਸਾਹਮਣੇ ਆਇਆ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਸ ਕਦਮ ਦੇ ਵਿਰੁੱਧ ਮਤਾ ਪਾਸ ਕਰਨ ਦੇ ਬਾਵਜੂਦ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਨੇ ਕੇਂਦਰ ਨੂੰ ਕਰੋੜਾਂ ਰੁਪਏ ਦੀ ਅਦਾਇਗੀ ਕਰ ਦਿੱਤੀ ਹੈ। ਇਸ ਘਟਨਾਕ੍ਰਮ ਨੇ 'ਆਪ' ਸਰਕਾਰ ਦੀ ਭਰੋਸੇਯੋਗਤਾ ਤੇ ਪੰਜਾਬ ਦੇ ਹੱਕਾਂ ਪ੍ਰਤੀ ਉਸਦੀ ਵਚਨਬੱਧਤਾ 'ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ।

ਇਸ ਮੁੱਦੇ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਇੰਚਾਰਜ ਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਇਹ 'ਆਪ' ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਸਿੱਧਾ ਧੋਖਾ ਹੈ। ਉਨ੍ਹਾਂ ਤੱਥਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਰਕਾਰ ਦਾ ਦੋਹਰਾ ਚਿਹਰਾ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ, "11 ਜੁਲਾਈ ਨੂੰ ਪੰਜਾਬ ਸਰਕਾਰ ਵਿਧਾਨ ਸਭਾ ਵਿੱਚ ਇਹ ਮਤਾ ਪਾਸ ਕਰਦੀ ਹੈ ਕਿ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਦੀ ਤਾਇਨਾਤੀ ਮਨਜ਼ੂਰ ਨਹੀਂ ਅਤੇ ਪੰਜਾਬ ਇਸਦਾ ਕੋਈ ਖਰਚਾ ਨਹੀਂ ਦੇਵੇਗਾ। ਪਰ ਠੀਕ 14 ਦਿਨ ਬਾਅਦ, 25 ਜੁਲਾਈ ਨੂੰ, ਬੀ.ਬੀ.ਐਮ.ਬੀ. ਵੱਲੋਂ ਇਸੇ ਤਾਇਨਾਤੀ ਲਈ 8.58 ਕਰੋੜ ਦਾ ਭੁਗਤਾਨ ਕਰ ਦਿੱਤਾ ਜਾਂਦਾ ਹੈ। ਇਹ ਸਾਬਤ ਕਰਦਾ ਹੈ ਕਿ ਵਿਧਾਨ ਸਭਾ ਦਾ ਮਤਾ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਲਈ ਸੀ।"

ਬ੍ਰਹਮਪੁਰਾ ਨੇ ਸਿੱਧਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ, "ਮੁੱਖ ਮੰਤਰੀ ਸਪੱਸ਼ਟ ਕਰਨ ਕਿ ਇਹ ਭੁਗਤਾਨ ਕਿਸ ਦੇ ਇਸ਼ਾਰੇ 'ਤੇ ਹੋਇਆ? ਜੇ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਹੋਇਆ ਹੈ ਤਾਂ ਇਹ ਸਰਕਾਰ ਦੀ ਪ੍ਰਸ਼ਾਸਨਿਕ ਨਾਕਾਮੀ ਹੈ ਤੇ ਜੇ ਉਨ੍ਹਾਂ ਦੀ ਸਹਿਮਤੀ ਨਾਲ ਹੋਇਆ ਹੈ ਤਾਂ ਇਹ ਪੰਜਾਬ ਨਾਲ ਸਿੱਧਾ ਵਿਸ਼ਵਾਸਘਾਤ ਹੈ।" ਉਨ੍ਹਾਂ ਨੇ ਪੰਜਾਬ ਦੇ ਮੁੱਖ ਸਕੱਤਰ ਦੇ ਉਸ ਬਿਆਨ ਨੂੰ ਵੀ ਮੰਦਭਾਗਾ ਕਰਾਰ ਦਿੱਤਾ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ 'ਹੁਣ ਭਾਰਤ ਸਰਕਾਰ ਫੈਸਲਾ ਕਰੇਗੀ', ਜੋ ਕਿ ਪੰਜਾਬ ਦੇ ਹੱਕਾਂ ਦੀ ਲੜਾਈ ਤੋਂ ਪਿੱਛੇ ਹਟਣ ਦੇ ਬਰਾਬਰ ਹੈ।

ਇਸ ਮਾਮਲੇ ਦਾ ਇੱਕ ਹੋਰ ਦਿਲਚਸਪ ਪਹਿਲੂ ਇਹ ਹੈ ਕਿ ਜਿਸ ਸਮੇਂ ਇਹ ਘਟਨਾਕ੍ਰਮ ਚੱਲ ਰਿਹਾ ਸੀ, ਉਸੇ ਦਿਨ 'ਆਪ' ਸਰਕਾਰ ਦੀ ਕੈਬਨਿਟ ਬੀ.ਬੀ.ਐਮ.ਬੀ. ਦੀ 113.24 ਕਰੋੜ ਦੀ ਦੇਣਦਾਰੀ ਹਰਿਆਣਾ ਨੂੰ ਭੇਜਣ ਦੇ ਫੈਸਲੇ 'ਤੇ ਆਪਣੀ ਸ਼ਲਾਘਾ ਕਰ ਰਹੀ ਸੀ। ਇਸ 'ਤੇ ਟਿੱਪਣੀ ਕਰਦਿਆਂ ਬ੍ਰਹਮਪੁਰਾ ਨੇ ਕਿਹਾ ਕਿ ਸਰਕਾਰ ਇਕ ਪਾਸੇ ਪੁਰਾਣੇ ਬਕਾਏ ਦਾ ਬੋਝ ਘਟਾਉਣ ਦਾ ਦਿਖਾਵਾ ਕਰ ਰਹੀ ਹੈ, ਪਰ ਦੂਜੇ ਪਾਸੇ ਚੁੱਪ-ਚਪੀਤੇ ਪੰਜਾਬ 'ਤੇ 49.32 ਕਰੋੜ ਸਾਲਾਨਾ ਦਾ ਨਵਾਂ ਵਿੱਤੀ ਬੋਝ ਪਾ ਰਹੀ ਹੈ। ਇਸ ਪੂਰੇ ਵਿਵਾਦ ਨੇ 'ਆਪ' ਸਰਕਾਰ ਨੂੰ ਬੁਰੀ ਤਰ੍ਹਾਂ ਘੇਰ ਲਿਆ ਹੈ ਤੇ ਇਹ ਦੇਖਣਾ ਹੋਵੇਗਾ ਕਿ ਉਹ ਪੰਜਾਬ ਦੇ ਹੱਕਾਂ ਨਾਲ ਜੁੜੇ ਇਸ ਗੰਭੀਰ ਮੁੱਦੇ 'ਤੇ ਜਨਤਾ ਨੂੰ ਕੀ ਜਵਾਬ ਦਿੰਦੀ ਹੈ।

# ਸੀ.ਕੇ.ਡੀ. ਪ੍ਰੀਖਿਆਵਾਂ 8ਵੀਂ ਦੇ ਵਿਦਿਆਰਥੀਆਂ ਨੂੰ 10ਵੀਂ/12ਵੀਂ ਪ੍ਰੀਖਿਆਵਾਂ ਲਈ ਤਿਆਰ ਕਰਨ 'ਚ ਮਦਦਗਾਰ : ਡਾ. ਨਿੱਜਰ



ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਅਧੀਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਛੋਟੀਆਂ ਜਮਾਤਾਂ 'ਚ ਹੀ ਬੋਰਡ ਇਮਤਿਹਾਨਾਂ ਦੀ ਤਿਆਰੀ, ਅਭਿਆਸ ਤੇ ਵਧੀਆ ਪ੍ਰਦਰਸ਼ਨ ਦੀ ਪ੍ਰੈਕਟਿਸ ਕਰਵਾਉਣ ਦੇ ਮਨੋਰਥ ਨਾਲ ਪਿਛਲੇ ਸਾਲ ਚੀਫ਼ ਖ਼ਾਲਸਾ ਦੀਵਾਨ ਪ੍ਰੀਖਿਆਵਾਂ ਅਠੱਵੀਂ ਜਮਾਤ ਸ਼ੁਰੂ ਕੀਤੀਆਂ ਗਈਆਂ ਸਨ। ਜਿਸ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਸੰਤ ਐਵੀਨਿਊ ਵਿਖੇ ਆਈ.ਸੀ.ਐਸ.ਈ ਸਕੂਲਾਂ ਦੇ ਅਠੱਵੀਂ ਕਲਾਸ ਸੀ.ਕੇ.ਡੀ. ਪ੍ਰੀਖਿਆਵਾਂ ਦੇ ਨਤੀਜਿਆਂ 'ਚ ਵਧੀਆ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਆਗਾਜ਼ ਸਕੂਲ ਸ਼ਬਦ ਨਾਲ ਕਰਨ ਉਪਰੰਤ ਛੋਟੇ-ਛੋਟੇ ਬੱਚਿਆਂ ਵੱਲੋਂ ਮਨਮੋਹਕ ਸੁਆਗਤੀ ਨਾਚ ਪੇਸ਼ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੀਵਾਨ ਵੱਲੋਂ ਬੋਰਡ ਤਰੀਕੇ ਨਾਲ ਕਰਵਾਈਆਂ ਜਾ ਰਹੀਆਂ ਇਹ ਪ੍ਰੀਖਿਆਵਾਂ ਵਿਦਿਆਰਥੀਆਂ ਲਈ ਇਕ ਤਰ੍ਹਾਂ ਨਾਲ ਰਿਹਰਸਲ ਹਨ ਜੋ ਉਨ੍ਹਾਂ ਨੂੰ ਅੱਗੇ ਆਉਣ ਵਾਲੀਆਂ ਉਚ ਪੱਧਰੀ ਜਮਾਤਾਂ ਦਸਵੀਂ/ਬਾਰ੍ਹਵੀਂ ਦੇ ਬੋਰਡ ਇਮਤਿਹਾਨਾਂ 'ਚ ਵਧੀਆ ਕਾਰਗੁਜ਼ਾਰੀ ਲਈ ਤਿਆਰ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਇਸੇ ਸਾਲ ਦੀਵਾਨ ਵੱਲੋਂ ਸੀ.ਕੇ.ਡੀ. ਪ੍ਰੀਖਿਆਵਾਂ ਜਮਾਤ ਪੰਜਵੀਂ ਦੀ ਵੀ ਸ਼ੁਰੂਆਤ ਕੀਤੀ ਜਾ ਰਹੀ ਹੈ ਤਾਂ ਜੋ ਇਹ ਨਵਾਂ ਕਦਮ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਦਸਵੀਂ ਤੇ 12ਵੀਂ (ਆਈ.ਸੀ.ਐਸ.ਸੀ/ਸੀ.ਬੀ.ਐਸ.ਈ/ਸਟੇਟ ਬੋਰਡ) ਦੀਆਂ ਪ੍ਰੀਖਿਆਵਾਂ 'ਚ ਵਧੀਆ ਪ੍ਰਦਰਸ਼ਨ ਕਰਨ ਲਈ ਮਦਦਗਾਰ ਸਾਬਤ ਹੋ ਸਕੇ। ਦੀਵਾਨ ਦੇ ਐਡੀ.ਆਨਰੇਰੀ ਸਕੱਤਰ/ਚੇਅਰਮੈਨ ਸੀ.ਕੇ.ਡੀ ਪ੍ਰੀਖਿਆਵਾਂ ਜਸਪਾਲ ਸਿੰਘ ਢਿੱਲੋਂ ਤੇ ਸਕੱਤਰ ਸੀ.ਕੇ.ਡੀ ਪ੍ਰੀਖਿਆਵਾਂ ਪ੍ਰੋ. ਭੁਪਿੰਦਰ ਸਿੰਘ ਸੇਠੀ ਨੇ ਵਿਦਿਆਰਥੀਆਂ ਦੇ ਚੰਗੇ ਨਤੀਜਿਆਂ ਦਾ ਸਿਹਰਾ ਸਕੂਲ ਪ੍ਰਿੰਸੀਪਲ ਦੀ ਅਗਵਾਈ ਹੇਠ ਬੱਚਿਆਂ ਦੀ ਮਿਹਨਤ, ਅਧਿਆਪਕਾਂ ਦੇ ਸਹੀ ਮਾਰਗ ਦਰਸ਼ਨ ਤੇ ਮਾਪਿਆਂ ਦੀ ਪ੍ਰੇਰਣਾ ਨੂੰ ਪਾਇਆ ਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਗੁਣਾਂ ਦਾ ਧਾਰਨੀ ਬਣਨ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਪ੍ਰੀਖਿਆਵਾਂ ਦੀ ਸਫਲਤਾ ਲਈ ਦੀਵਾਨ ਪ੍ਰਬੰਧਕਾਂ ਤੇ ਦਫ਼ਤਰ ਡਾਇਰੈਕਟੋਰੇਟ ਦੇ ਵੱਡਮੁੱਲੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ।

ਸਮਾਰੋਹ ਦੌਰਾਨ ਡਾਇਰੈਕਟਰ ਡਾ.ਏ.ਪੀ.ਐਸ ਚਾਵਲਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਜਮਾਤ ਅਠੱਵੀਂ ਸੀ.ਕੇ.ਡੀ ਪ੍ਰੀਖਿਆਵਾਂ ਦੇ ਨਤੀਜਿਆਂ 'ਚ ਪੰਜ ਆਈ.ਸੀ.ਐਸ.ਈ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ 'ਚੋਂ ਬਸੰਤ ਐਵੀਨਿਊ ਦੀ ਅਵਨੀਤ ਕੌਰ ਨੇ ਪਹਿਲਾ ਸਥਾਨ, ਅਰਸ਼ਮੀਤ ਕੌਰ ਨੇ ਦੂਸਰਾ ਸਥਾਨ 'ਤੇ ਗੁਰਸੀਰਤ ਕੌਰ ਨੇ ਤੀਸਰਾ ਸਥਾਨ ਹਾਸਿਲ ਕਰਕੇ ਸਕੂਲ ਤੇ ਅਧਿਆਪਕਾਂ ਦਾ ਨਾਮ ਰੋਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 20 ਸੀ.ਬੀ.ਐਸ.ਈ ਸੀ.ਕੇ.ਡੀ ਸਕੂਲਾਂ 'ਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ ਦੀ ਸ਼ਹਿਨਾਜ਼ ਕੌਰ ਤੇ ਜੀ.ਟੀ. ਰੋਡ ਸਕੂਲ ਦੇ ਗਰਵ ਮਹਾਜਨ ਨੇ ਪਹਿਲਾ ਸਥਾਨ, ਮੱਝਵਿੰਡ ਸਕੂਲ ਦੀ ਗੁਰਲੀਨ ਕੌਰ ਨੇ ਦੂਸਰਾ ਸਥਾਨ ਤੇ ਜੀ.ਟੀ.ਰੋਡ ਦੀ ਸੰਨਤ, ਪੱਤੇਰੀ ਖਜੂਰ ਦੀ ਜਸਮੀਨ ਕੌਰ ਤੇ ਤਰਨਤਾਰਨ ਦੀ ਮਹਿਤਾਬ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਸਮੂਹ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਰਨਾਂ ਨੂੰ ਵੀ ਮਿਹਨਤ ਕਰਕੇ ਵਧੀਆ ਪ੍ਰਦਰਸ਼ਨ ਕਰਨ ਲਈ ਕਿਹਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਐਡੀ. ਆਨਰੇਰੀ ਸਕੱਤਰ/ਚੇਅਰਮੈਨ ਸੀ.ਕੇ.ਡੀ ਪ੍ਰੀਖਿਆਵਾਂ ਜਸਪਾਲ ਸਿੰਘ ਢਿੱਲੋਂ, ਸੀ.ਕੇ.ਡੀ ਪ੍ਰੀਖਿਆਵਾਂ ਦੇ ਸਕੱਤਰ ਪ੍ਰੋ. ਭੁਪਿੰਦਰ ਸਿੰਘ ਸੇਠੀ, ਸਕੂਲ ਮੈਂਬਰ ਇੰਚਾਰਜ ਰਣਦੀਪ ਸਿੰਘ, ਡਾਇਰੈਕਟਰ ਡਾ. ਏ.ਪੀ.ਐਸ. ਚਾਵਲਾ, ਪ੍ਰਿੰਸੀਪਲ ਨਿਰਮਲ ਕੌਰ ਤੇ ਹੋਰ ਪ੍ਰਿੰਸੀਪਲਜ਼ ਸਾਹਿਬਾਨ, ਸਟਾਫ ਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਡੀ.ਸੀ. ਨੇ ਕੀਤੀ ਆਜ਼ਾਦੀ ਦਿਵਸ ਸਬੰਧੀ ਮੀਟਿੰਗ



ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਨੂੰ ਸਫਲਤਾ ਪੂਰਵਕ ਕਰਵਾਉਣ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਸਬੰਧੀ ਪਲੇਠੀ ਮੀਟਿੰਗ ਕਰਦੇ ਡੀ.ਸੀ. ਸਾਕਸ਼ੀ ਸਾਹਨੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਕਤ ਪ੍ਰੋਗਰਾਮ ਸਾਡਾ ਰਾਸ਼ਟਰੀ ਤਿਓਹਾਰ ਹੈ ਤੇ ਇਸ ਨੂੰ ਸ਼ਾਨਦਾਰ ਢੰਗ ਨਾਲ ਕਰਵਾਉਣ ਲਈ ਪ੍ਰਬੰਧ ਕੀਤੇ ਜਾਣ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਗਮ 'ਚ ਭਾਗ ਲੈਣ ਵਾਲੇ ਬੱਚਿਆਂ ਲਈ ਪਾਣੀ, ਮੈਡੀਕਲ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਡੀ.ਸੀ. ਨੇ ਦੱਸਿਆ ਕਿ ਸਮਾਗਮ ਦੀ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਹੋਵੇਗੀ। ਇਸ ਤੋਂ ਪਹਿਲਾਂ ਸਕੂਲਾਂ ਤੇ ਸਟੇਡੀਅਮ ਵਿਚ ਲਗਾਤਾਰ ਅਭਿਆਸ ਕੀਤਾ ਜਾਵੇ।

ਉਨ੍ਹਾਂ ਨੇ ਦੱਸਿਆ ਕਿ ਆਜ਼ਾਦੀ ਦਿਵਸ ਦੇ ਸਮਾਗਮਾਂ 'ਚ ਭਾਗ ਲੈਣ ਲਈ ਬੱਚਿਆਂ ਉਤਸ਼ਾਹਿਤ ਕੀਤਾ ਜਾਵੇ ਤੇ ਉਹ ਅਜ਼ਾਦੀ ਦਿਵਸ ਸਬੰਧੀ ਕੋਰਿਓਗ੍ਰਾਫੀ ਤੇ ਸੱਭਿਆਚਾਰਕ ਪ੍ਰੋਗਰਾਮ ਹੀ ਪੇਸ਼ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਵਧੀਕ ਮੁੱਖ ਪ੍ਰਸ਼ਾਸਕ ਏ.ਡੀ.ਏ, ਇਨਾਇਤ, ਪ੍ਰਿਯੂਸ਼ਾ ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ, ਏ.ਡੀ.ਸੀ.ਪੀ ਪਰਮਿੰਦਰ ਕੌਰ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫਸਰ ਪੱਲਵ ਸ਼ੇਸਠਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੰਦੀਪ ਮਲਹੋਤਰਾ, ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਅਮਨਜੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਸਕੰਵਲਜੀਤ ਸਿੰਘ, ਸਕੱਤਰ ਰੈਡ ਕਰਾਸ ਸੁਸਾਇਟੀ ਸੈਮਸਨ ਮਸੀਹ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸਿਹਤ ਵਿਭਾਗ ਨੇ ਕੋਟਪਾ ਐਕਟ ਤਹਿਤ ਕੱਟੇ 32 ਚਲਾਨ



ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀ.ਡੀ.ਐਚ.ਓ. ਡਾ. ਜਗਨਜੋਤ ਕੌਰ ਦੀ ਅਗਵਾਹੀ ਹੇਠ ਕੋਟਪਾ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਇਕ ਵਿਸੇਸ਼ ਟੀਮ ਦਾ ਗਠਨ ਕੀਤਾ ਗਿਆ। ਜਿਸ ਵਿੱਚ ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਰਵਿੰਦਰ ਕੌਰ, ਐਸ.ਆਈ. ਪਰਮਜੀਤ ਸਿੰਘ, ਦੀਪਕ ਕੁਮਾਰ, ਰਮੇਸ਼ ਕੁਮਾਰ, ਰਜੇਸ਼ ਕੁਮਾਰ, ਰਸਪਾਲ ਸਿੰਘ ਅਤੇ ਹਰਦੇਵ ਸਿੰਘ ਸ਼ਾਮਲ ਸਨ। ਇਸ ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਕਵਿੰਸ ਰੋਡ, ਹਾਲ ਬਾਜ਼ਾਰ, ਕਟੜਾ ਜੈਮਲ ਸਿੰਘ, ਕਟੜਾ ਸ਼ੇਰ ਸਿੰਘ ਤੇ ਹਾਥੀ ਗੇਟ ਦੇ ਇਲਾਕਿਆਂ ਵਿੱਚ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲੇ ਦੁਕਾਨਦਾਰਾਂ ਅਤੇ ਜਨਤਕ ਥਾਵਾਂ 'ਤੇ ਤੰਬਾਕੂ ਨੋਸ਼ੀ ਕਰਨ ਵਾਲੇ 32 ਲੋਕਾਂ ਦੇ ਚਲਾਨ ਕੱਟੇ ਗਏ।

ਇਸ ਮੌਕੇ 'ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਜ਼ਿਲ੍ਹੇ ? ਨੂੰ ਤੰਬਾਕੂ ਮੁਕਤ ਕਰਨ ਕੋਟਪਾ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਓਹਨਾਂ ਕਿਹਾ ਕਿ ਸਰਕਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਲਾਜ਼ਮੀਂ ਕੀਤਾ ਹੈ ਕਿ ਹਰੇਕ ਤੰਬਾਕੂ ਪ੍ਰੋਡਕਟ ਦੇ ਪੈਕਟ ਦੇ ਦੋਵੇਂ ਪਾਸੇ ਇਕ ਨਿਰਧਾਰਤ ਮਾਪਦੰਡ ਅਨੁਸਾਰ ਇਕ ਨਿਰਧਾਰਤ ਫੋਟੋ ਅਤੇ ਉਸ ਉਪੱਰ ਤੰਬਾਕੂ ਦਰਦਨਾਕ ਮੌਤ ਅਤੇ ਕੈਂਸਰ ਦਾ ਕਾਰਣ ਬਣਦਾ ਹੈ, ਲਿਖਿਆ ਜਾਣਾ ਲਾਜ਼ਮੀਂ ਹੈ। ਇਸ ਲਈ ਬਿਨਾਂ ਉਪਰੋਕਤ ਮਾਪਦੰਡ ਦੇ ਤੰਬਾਕੂ ਵੇਚਣਾਂ ਕਾਨੂੰਨਣ ਅਪਰਾਧ ਹੈ। ਇਸ ਤੋਂ ਇਲਾਵਾ ਖੁੱਲ੍ਹੀ ਸਿਗਟਰ ਵੇਚਣਾਂ ਤੇ ਪਬਲਿਕ ਪਲੇਸ 'ਤੇ ਤੰਬਾਕੂ ਨੋਸ਼ੀ ਕਰਨਾ ਵੀ ਸਜ਼ਾ/ਜੁਰਮਾਨੇ ਯੋਗ ਅਪਰਾਧ ਹੈ।

## ਜਲੰਧਰ ਸਿਵਲ ਹਸਪਤਾਲ ਲਾਪਰਵਾਹੀ ਕਰਨ ਵਾਲੇ ਦੋਸ਼ੀਆਂ 'ਤੇ ਹੋਵੇ ਐਫਆਈਆਰ

ਜਲੰਧਰ, 30 ਜੁਲਾਈ (ਚ.ਨ.ਸ.): ਪੰਜਾਬ ਯੂਥ ਕਾਂਗਰਸ ਦੇ ਸਕੱਤਰ ਅੰਗਦ ਦੱਤਾ ਨੇ ਸੰਦੀਪ ਕੁਮਾਰ ਸ਼ਰਮਾ, ਪੀਪੀਐਸ, ਜੌਇੰਟ ਕਮਿਸ਼ਨਰ ਆਫ ਪੁਲਿਸ, ਜਲੰਧਰ ਨਾਲ ਮੁਲਾਕਾਤ ਕਰਦੇ ਹੋਏ ਲਿਖਿਤ ਸ਼ਿਕਾਇਤ ਸੌਂਪੀ। ਇਸ 'ਚ 27 ਜੁਲਾਈ ਨੂੰ ਸ਼ਹੀਦ ਬਾਬੂ ਲਭ ਸਿੰਘ ਸਿਵਲ ਹਸਪਤਾਲ, ਜਲੰਧਰ 'ਚ ਆਈਸੀਯੂ 'ਚ ਲਗਭਗ 30 ਮਿੰਟ ਆਕਸੀਜਨ ਸਪਲਾਈ ਰੁਕਣ ਕਾਰਨ ਤਿੰਨ ਮਰੀਜ਼ਾਂ ਦੀ ਮੌਤ ਦੇ ਮਾਮਲੇ 'ਚ ਦੋਸ਼ੀਆਂ ਖ਼ਿਲਾਫ਼ ਐਫਆਈਆਰ ਦਰਜ ਕਰਨ ਦੀ ਮੰਗ ਕੀਤੀ ਗਈ।

ਗੰਭੀਰ ਲਾਪਰਵਾਹੀ: ਜਾਂਚ 'ਚ ਸਾਹਮਣੇ ਆਇਆ ਕਿ ਆਕਸੀਜਨ ਸਪਲਾਈ ਲੰਬੇ ਸਮੇਂ ਲਈ ਰੁਕ ਗਈ, ਗੈਰ-ਪ੍ਰਸ਼ਿਖਤ ਕਰਮਚਾਰੀ ਪਲਾਂਟ ਚਲਾ ਰਹੇ ਸਨ, ਅਤੇ ਅਲਾਰਮ ਸਿਸਟਮ ਵੀ ਖਰਾਬ ਸੀ।

ਰੋਕਿਆ ਜਾ ਸਕਣ ਵਾਲੀਆਂ ਮੌਤਾਂ: ਪਰਿਵਾਰਾਂ ਨੇ ਕਿਹਾ ਕਿ ਮਰੀਜ਼ਾਂ ਦੀ ਹਾਲਤ ਸਥਿਰ ਸੀ, ਪਰ ਆਕਸੀਜਨ ਬੰਦ ਹੋਣ ਕਾਰਨ ਮੌਤ ਹੋਈ।

ਕੋਈ ਪੋਸਟਮਾਰਟਮ ਨਹੀਂ: ਅਸਵਭਾਵਿਕ ਮੌਤਾਂ ਦੇ ਬਾਵਜੂਦ ਪੋਸਟਮਾਰਟਮ ਨਹੀਂ ਕੀਤਾ ਗਿਆ, ਜਿਸ ਨਾਲ ਸਬੂਤ ਮਿਟਾਉਣ ਦਾ ਸ਼ੱਕ ਹੈ। ਕਾਨੂੰਨੀ ਕਾਰਵਾਈ ਦੀ ਮੰਗ: ਬੀਐਨਐਸ ਧਾਰਾ 106 (ਲਾਪਰਵਾਹੀ ਨਾਲ ਮੌਤ) ਤੇ ਹੋਰ ਧਾਰਾਵਾਂ ਹੇਠ ਐਫਆਈਆਰ ਦਰਜ ਕੀਤੀ ਜਾਵੇ। "ਤਿੰਨ ਬੇਗੁਨਾਹ ਜ਼ਿੰਦਗੀਆਂ ਲਾਪਰਵਾਹੀ ਦੀ ਭੇਟ ਚੜ੍ਹ ਗਈਆਂ। ਹਸਪਤਾਲ ਜ਼ਿੰਦਗੀ ਬਚਾਉਣ ਲਈ ਹਨ, ਲੈਣ ਲਈ ਨਹੀਂ। ਦੋਸ਼ੀਆਂ ਨੂੰ ਸਜ਼ਾ ਤੇ ਪਰਿਵਾਰਾਂ ਨੂੰ ਇਨਸਾਫ਼ ਮਿਲਣ ਤੱਕ ਅਸੀਂ ਚੁੱਪ ਨਹੀਂ ਬੈਠਾਂਗੇ।

## ਕਾਂਗਰਸ ਦੇ ਸਾਬਕਾ ਵਿਧਾਇਕ ਵੱਲੋਂ ਮੇਲੇ ਸਬੰਧੀ ਕਾਨਫਰੰਸ਼ 'ਤੇ ਲੋਕਾਂ ਨੂੰ ਖੁੱਲ੍ਹਾ ਸੱਦਾ



ਰਈਆ, 30 ਜੁਲਾਈ (ਰਾਕੇਸ਼ ਸਲਵਾਨ): ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਇੰਚਾਰਜ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਲੋਕਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ। ਸੰਤੋਖ ਸਿੰਘ ਭਲਾਈਪੁਰ ਤੇ ਉਨ੍ਹਾਂ ਦੀ ਟੀਮ ਵੱਲੋਂ ਪਿੰਡਾਂ 'ਚ ਤੂਫ਼ਾਨੀ ਦੌਰੇ ਕੀਤੇ ਜਾ ਰਹੇ ਹਨ। ਹਰ ਇੱਕ ਪਿੰਡ 'ਚ ਦੂਸਰੀਆਂ ਪਾਰਟੀਆਂ 'ਚੋਂ ਸੰਤੋਖ ਸਿੰਘ ਭਲਾਈਪੁਰ ਨਾਲ ਜੁੜ ਰਹੇ ਹਨ। ਸਮੇਂ-ਸਮੇਂ ਸਿਰ ਸੰਤੋਖ ਸਿੰਘ ਭਲਾਈਪੁਰ ਤੇ ਉਨ੍ਹਾਂ ਦੀ ਟੀਮ ਵੱਲੋਂ ਕਾਨਫਰੰਸ਼ ਵਾਸਤੇ ਲਈ ਗਈ ਜਗ੍ਹਾ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਪਿੰਡ ਪਡਿਆ ਤੋਂ ਤੇ ਲੋਹਗੜ੍ਹ ਸੇਰੋ ਵਹਾਂਗਾ ਦੀ ਪੰਚਾਇਤ ਦੀ ਚੋਣ ਹੋਈ, ਜਿਸ 'ਚ ਕਾਂਗਰਸ ਪਾਰਟੀ ਦਾ ਸਰਪੰਚ ਬਣੇ ਸੰਤੋਖ ਸਿੰਘ ਭਲਾਈਪੁਰ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ, ਤੇ ਬਣੇ ਹੋਏ ਸਰਪੰਚਾਂ ਵੱਲੋਂ ਭਲਾਈਪੁਰ ਦਾ ਅਸ਼ੀਰਵਾਦ ਲਿਆ। ਸੰਤੋਖ ਸਿੰਘ ਭਲਾਈਪੁਰ ਨੂੰ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਭਰਵਾਂ ਹੰਗਾਰਾ ਮਿਲ ਰਿਹਾ। ਉਨ੍ਹਾਂ ਦੀ ਕੀਤੀ ਜਾ ਰਹੀ ਮਿਹਨਤ ਨੂੰ ਦੇਖ ਕੇ ਹਲਕਾ ਬਾਬਾ ਬਕਾਲਾ ਸਾਹਿਬ ਦੀ ਜਨਤਾ 'ਚ ਆਉਣ ਵਾਲੀਆਂ ਵਿਧਾਨ ਸਭਾ 2027 ਦੀਆਂ ਚੋਣਾਂ 'ਚ ਇੱਕ ਵਾਰ ਫਿਰ ਤੋਂ ਸੰਤੋਖ ਸਿੰਘ ਭਲਾਈਪੁਰ ਨੂੰ ਵਿਧਾਇਕ ਦੇ ਰੂਪ 'ਚ ਦੇਖਿਆ ਜਾ ਰਿਹਾ, ਜਿਸ ਤਰ੍ਹਾਂ ਲੋਕ ਉਨ੍ਹਾਂ ਨਾਲ ਧੜਾ ਧੜ ਜੁੜ ਰਹੇ ਹਨ, ਇਸ ਸਮੇਂ ਵਿਰੋਧੀਆਂ ਦੇ ਵੀ ਹੋਸ਼ ਉਡੇ ਹੋਏ ਸਾਫ ਦੇਖੇ ਜਾ ਰਹੇ ਹਨ। ਇਸ ਮੌਕੇ 'ਤੇ ਸੰਤੋਖ ਸਿੰਘ ਭਲਾਈਪੁਰ ਨਾਲ ਗੁਰਦਿਆਲ ਸਿੰਘ ਕੰਗ ਗੁਰਦੀਪ ਸਿੰਘ ਐਮ.ਸੀ. ਜੋਵਰਾਜ ਮੈਡੀਕਲ ਸ਼ਾਬਾ ਭਲੋਜਲਾ ਹੈਪੀ ਸ਼ਾਹ ਭਲੋਜਲਾ ਬਚਿੱਤਰ ਸਿੰਘ ਬਾਠ ਮੰਗਲ ਸਿੰਘ ਨੰਬਰਦਾਰ ਬਿੱਕਰਮ ਸਿੰਘ ਬਾਠ ਆਦਿ ਤੇ ਨਵੀਂ ਬਣੀ ਹੋਈ ਪੰਚਾਇਤ ਦੇ ਸਰਪੰਚ ਪੰਚ ਤੇ ਪਿੰਡ ਦੇ ਲੋਕ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਸਿਵਲ ਹਸਪਾਲ ਦੀ ਅਚਨਚੇਤ ਚੈਕਿੰਗ



ਅੰਮ੍ਰਿਤਸਰ, 30 ਜੁਲਾਈ (ਬਬਲੂ ਮਹਾਜਨ): ਡੀ.ਸੀ. ਸਾਕਸ਼ੀ ਸਾਹਨੀ ਨੇ ਸਿਵਲ ਹਸਪਤਾਲ ਅੰਮ੍ਰਿਤਸਰ ਦਾ ਅਚਾਨਕ ਦੌਰਾ ਕੀਤਾ ਤੇ ਐਮਰਜੈਂਸੀ ਵਾਰਡ ਦੀ ਚੈਕਿੰਗ ਕਰਦਿਆਂ ਮਰੀਜ਼ਾਂ ਨਾਲ ਗੱਲਬਾਤ ਕੀਤੀ, ਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣਦੇ ਹੋਏ ਤੁਰੰਤ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਤੁਰੰਤ ਕੀਤਾ ਜਾਵੇ। ਕਿਸੇ ਵੀ ਮਰੀਜ਼ ਨੂੰ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਡੀ.ਸੀ. ਨੇ ਉੱਥੇ ਚੱਲ ਰਹੇ ਆਕਸੀਜਨ ਪਲਾਂਟ ਦਾ ਨਿਰੀਖਣ ਕਰਦੇ ਹੋਏ ਸਬੰਧਤ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਉਹ ਸਮੇਂ-ਸਮੇਂ ਸਿਰ ਆਕਸੀਜਨ ਪਲਾਂਟ ਦੀ ਜਾਂਚ ਕਰਵਾਉਣ, ਤਾਂ ਜੋ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ। ਡੀ.ਸੀ. ਨੇ ਹਸਪਾਲ ਵਿਖੇ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਕੋਲੋਂ ਹਸਪਤਾਲ ਦੇ ਅੰਦਰੋਂ ਹੀ ਦਵਾਈ ਲੈਣ ਸਬੰਧੀ ਫੀਡ ਬੈਕ ਵੀ ਲਈ ਗਈ, ਤੇ ਡਾਕਟਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਹਸਪਤਾਲ ਵਿਖੇ ਆਉਣ ਵਾਲੇ ਮਰੀਜ਼ਾਂ ਨੂੰ ਦਵਾਈ ਹਸਪਤਾਲ ਤੋਂ ਹੀ ਮਿਲੇ ਤਾਂ ਜੋ ਉਨ੍ਹਾਂ ਨੂੰ ਦਵਾਈ ਲਈ ਬਾਹਰ ਨਾ ਜਾਣਾ ਪਵੇ। ਡੀ.ਸੀ. ਨੇ ਹਸਪਤਾਲ ਦੇ ਸਟਾਫ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਇੱਥੇ ਇਲਾਜ ਕਰਵਾਉਣ ਆਏ ਹੋਏ ਮਰੀਜ਼ਾਂ ਨਾਲ ਹਲੀਮੀ ਨਾਲ ਪੇਸ਼ ਆਇਆ ਜਾਵੇ। ਡੀ.ਸੀ. ਨੇ ਸਿਵਲ ਹਸਪਤਾਲ ਦਾ ਨਰੀਖਣ ਕਰਦਿਆਂ ਪਾਣੀ ਦੀ ਲੀਕੇਜ ਨੂੰ ਦੇਖਦਿਆਂ ਤੁਰੰਤ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਫੋਨ ਕਰਕੇ ਪਾਣੀ ਦੀ ਲੀਕੇਜ਼ ਨੂੰ ਠੀਕ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਿਵਲ ਹਸਪਤਾਲ ਦੀ ਸੀਨੀਅਰ ਮੈਡੀਕਲ ਅਧਿਕਾਰੀ ਡਾ ਰਸ਼ਮੀ ਨੂੰ ਹਦਾਇਤ ਕੀਤੀ ਕਿ ਹਸਪਤਾਲ ਅੰਦਰ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ। ਡੀ.ਸੀ. ਨੇ ਸਿਵਲ ਹਸਪਤਾਲ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਵੀ ਲਿਆ ਤੇ ਸਾਰੇ ਵਿਕਾਸ ਕਾਰਜਾਂ ਨੂੰ ਸਮੇ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਡੀ.ਸੀ. ਨੇ ਸਿਵਲ ਹਸਪਤਾਲ ਤੇ ਗੁਰੂ ਨਾਨਕ ਦੇਵ ਹਸਪਤਾਲ ਦੇ ਡਾਕਟਰਾਂ ਨਾਲ ਮੀਟਿੰਗ ਕਰਦੇ ਹੋਏ ਕਿਹਾ, ਕਿ ਜਦੋਂ ਵੀ ਸਿਵਲ ਹਸਪਤਾਲ ਤੋਂ ਕਿਸੇ ਮਰੀਜ਼ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਰੈਫਰ ਕੀਤਾ ਜਾਂਦਾ ਹੈ, ਤਾਂ ਸਬੰਧਤ ਡਾਕਟਰ ਵੱਲੋਂ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਨਾਲ ਤਾਲਮੇਲ ਕੀਤਾ ਜਾਵੇ, ਤੇ ਰੈਫਰ ਕੀਤੇ ਜਾਣ ਵਾਲੇ ਮਰੀਜ਼ ਨੂੰ ਐਂਬੂਲੈਂਸ ਰਾਹੀਂ ਹੀ ਸ਼ਿਫਟ ਕੀਤਾ ਜਾਵੇ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰਜਿੰਦਰ ਪਾਲ ਕੌਰ ਤੇ ਮੈਡੀਕਲ ਸਪਰਡੰਟ ਡਾ. ਕਰਮਜੀਤ ਸਿੰਘ ਵੀ ਹਾਜ਼ਰ ਸਨ।


## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ ਪੰਜਾਬ ਸਟੇਟ ਡੀਅਰ 50 ਬਸਟਰ ਬੁੱਧਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ ਡਰਾਅ ਮਿਤੀ : 30.07.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁ. 26.25 ਲੱਖ)
E 16864

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 10,100/- ਹਰੇਕ)

| | | | | | | | | | |
|---|---|---|---|---|---|---|---|---|---|
| 03982 | 11051 | 16106 | 27443 | 30801 | 33683 | 49446 | 56841 | 57617 | 79930 |

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 5,600/- ਹਰੇਕ)

| | | | | |
|---|---|---|---|---|
| 0231 | 5825 | 7732 | 8653 | 9163 |

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 2,250/- ਹਰੇਕ)

| | | | | | | | | | |
|---|---|---|---|---|---|---|---|---|---|
| 0394 | 0528 | 2956 | 3026 | 3229 | 5697 | 6161 | 6545 | 8303 | 9397 |

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 1,150/- ਹਰੇਕ)

| | | | | | | | | | |
|---|---|---|---|---|---|---|---|---|---|
| 1238 | 1485 | 1541 | 3968 | 4318 | 6107 | 6188 | 6251 | 8069 | 9536 |

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁ. 570/- ਹਰੇਕ)

| | | | | | | | | | |
|---|---|---|---|---|---|---|---|---|---|
| 0123 | 1879 | 2789 | 3111 | 4325 | 6521 | 7297 | 7488 | 8938 | 9890 |

ਛੇਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0005 | 0010 | 0025 | 0028 | 0050 | 0054 | 0082 | 0087 | 0126 | 0135 |
| 0149 | 0157 | 0181 | 0197 | 0201 | 0208 | 0225 | 0227 | 0253 | 0260 |
| 0261 | 0268 | 0275 | 0284 | 0296 | 0302 | 0329 | 0333 | 0375 | 0387 |
| 0397 | 0399 | 0407 | 0413 | 0422 | 0428 | 0429 | 0436 | 0444 | 0480 |
| 0532 | 0543 | 0546 | 0550 | 0558 | 0574 | 0578 | 0591 | 0599 | 0608 |
| 0612 | 0666 | 0675 | 0678 | 0680 | 0735 | 0741 | 0745 | 0756 | 0757 |
| 0760 | 0763 | 0790 | 0792 | 0812 | 0837 | 0857 | 0862 | 0864 | 0877 |
| 0881 | 0883 | 0886 | 0911 | 0918 | 0927 | 0947 | 0963 | 0964 | 1002 |
| 1045 | 1083 | 1093 | 1112 | 1129 | 1130 | 1159 | 1160 | 1163 | 1176 |
| 1201 | 1207 | 1211 | 1216 | 1228 | 1234 | 1242 | 1264 | 1301 | 1327 |
| 1336 | 1343 | 1358 | 1366 | 1369 | 1372 | 1382 | 1383 | 1401 | 1402 |
| 1404 | 1425 | 1431 | 1432 | 1445 | 1510 | 1549 | 1554 | 1569 | 1578 |
| 1610 | 1621 | 1623 | 1647 | 1663 | 1673 | 1680 | 1706 | 1732 | 1761 |
| 1771 | 1772 | 1785 | 1787 | 1818 | 1843 | 1844 | 1868 | 1874 | 1880 |
| 1901 | 1908 | 1931 | 1949 | 1950 | 1959 | 2000 | 2015 | 2021 | 2026 |
| 2125 | 2128 | 2133 | 2136 | 2140 | 2156 | 2172 | 2181 | 2184 | 2191 |
| 2193 | 2200 | 2253 | 2264 | 2279 | 2288 | 2302 | 2310 | 2320 | 2339 |
| 2345 | 2350 | 2370 | 2377 | 2391 | 2435 | 2440 | 2458 | 2480 | 2494 |
| 2495 | 2496 | 2501 | 2508 | 2515 | 2516 | 2517 | 2519 | 2520 | 2521 |
| 2523 | 2524 | 2537 | 2538 | 2562 | 2563 | 2566 | 2581 | 2593 | 2603 |
| 2607 | 2612 | 2621 | 2632 | 2661 | 2684 | 2687 | 2688 | 2703 | 2709 |
| 2711 | 2714 | 2718 | 2728 | 2737 | 2750 | 2754 | 2758 | 2763 | 2773 |
| 2788 | 2823 | 2836 | 2839 | 2860 | 2865 | 2899 | 2901 | 2903 | 2919 |
| 2923 | 2958 | 2977 | 2991 | 3069 | 3088 | 3096 | 3125 | 3130 | 3143 |
| 3156 | 3191 | 3211 | 3215 | 3232 | 3235 | 3272 | 3290 | 3309 | 3316 |
| 3319 | 3326 | 3361 | 3373 | 3393 | 3397 | 3405 | 3454 | 3472 | 3485 |
| 3487 | 3490 | 3503 | 3538 | 3544 | 3581 | 3597 | 3609 | 3628 | 3638 |
| 3647 | 3648 | 3651 | 3652 | 3654 | 3656 | 3659 | 3665 | 3684 | 3693 |
| 3698 | 3704 | 3709 | 3711 | 3716 | 3733 | 3752 | 3756 | 3764 | 3767 |
| 3777 | 3810 | 3823 | 3842 | 3859 | 3868 | 3881 | 3885 | 3886 | 3908 |
| 3933 | 3934 | 3939 | 3959 | 3965 | 3985 | 3994 | 4020 | 4029 | 4040 |
| 4045 | 4049 | 4096 | 4099 | 4119 | 4131 | 4142 | 4144 | 4154 | 4158 |
| 4166 | 4174 | 4187 | 4195 | 4218 | 4258 | 4266 | 4294 | 4298 | 4321 |
| 4346 | 4348 | 4359 | 4360 | 4363 | 4427 | 4439 | 4442 | 4448 | 4461 |
| 4468 | 4519 | 4521 | 4582 | 4593 | 4595 | 4597 | 4601 | 4611 | 4614 |
| 4622 | 4623 | 4641 | 4643 | 4645 | 4649 | 4650 | 4667 | 4671 | 4698 |
| 4707 | 4709 | 4726 | 4733 | 4734 | 4743 | 4747 | 4751 | 4761 | 4765 |
| 4800 | 4802 | 4804 | 4819 | 4841 | 4842 | 4850 | 4851 | 4854 | 4857 |
| 4880 | 4890 | 4894 | 4895 | 4901 | 4942 | 4952 | 4955 | 4956 | 4963 |
| 4981 | 4995 | 5012 | 5015 | 5019 | 5030 | 5038 | 5041 | 5045 | 5049 |
| 5059 | 5062 | 5082 | 5104 | 5109 | 5110 | 5123 | 5124 | 5129 | 5143 |
| 5144 | 5146 | 5148 | 5151 | 5169 | 5175 | 5178 | 5201 | 5211 | 5214 |
| 5219 | 5231 | 5244 | 5250 | 5255 | 5260 | 5261 | 5267 | 5283 | 5295 |
| 5325 | 5329 | 5342 | 5346 | 5349 | 5356 | 5379 | 5407 | 5474 | 5483 |
| 5489 | 5491 | 5514 | 5515 | 5521 | 5542 | 5546 | 5596 | 5599 | 5600 |
| 5605 | 5614 | 5615 | 5621 | 5633 | 5642 | 5679 | 5687 | 5692 | 5711 |
| 5712 | 5719 | 5764 | 5787 | 5826 | 5830 | 5851 | 5881 | 5895 | 5900 |
| 5914 | 5930 | 5941 | 5970 | 5990 | 6027 | 6028 | 6031 | 6048 | 6056 |
| 6057 | 6060 | 6077 | 6086 | 6088 | 6104 | 6124 | 6174 | 6178 | 6198 |
| 6230 | 6240 | 6247 | 6253 | 6257 | 6261 | 6262 | 6264 | 6280 | 6291 |
| 6299 | 6368 | 6386 | 6388 | 6395 | 6403 | 6414 | 6416 | 6431 | 6433 |
| 6452 | 6474 | 6476 | 6483 | 6490 | 6496 | 6501 | 6504 | 6522 | 6534 |
| 6549 | 6552 | 6573 | 6582 | 6595 | 6597 | 6606 | 6613 | 6654 | 6662 |
| 6666 | 6684 | 6687 | 6690 | 6735 | 6743 | 6749 | 6750 | 6754 | 6784 |
| 6797 | 6799 | 6808 | 6823 | 6827 | 6849 | 6855 | 6889 | 6919 | 6941 |
| 6955 | 6964 | 6978 | 7028 | 7029 | 7044 | 7083 | 7098 | 7103 | 7130 |
| 7149 | 7152 | 7162 | 7164 | 7190 | 7198 | 7213 | 7252 | 7260 | 7274 |
| 7276 | 7287 | 7300 | 7301 | 7306 | 7316 | 7332 | 7339 | 7344 | 7348 |
| 7353 | 7378 | 7394 | 7409 | 7418 | 7445 | 7454 | 7465 | 7471 | 7475 |
| 7494 | 7500 | 7501 | 7508 | 7513 | 7537 | 7538 | 7548 | 7551 | 7560 |
| 7578 | 7588 | 7630 | 7637 | 7641 | 7647 | 7658 | 7660 | 7662 | 7670 |
| 7672 | 7678 | 7690 | 7721 | 7733 | 7737 | 7746 | 7759 | 7768 | 7774 |
| 7778 | 7786 | 7811 | 7813 | 7821 | 7836 | 7841 | 7846 | 7852 | 7869 |
| 7877 | 7885 | 7887 | 7905 | 7908 | 7921 | 7950 | 7982 | 7984 | 7985 |
| 7988 | 7989 | 7994 | 8010 | 8019 | 8037 | 8047 | 8057 | 8058 | 8064 |
| 8079 | 8166 | 8170 | 8185 | 8192 | 8211 | 8213 | 8215 | 8217 | 8224 |
| 8226 | 8235 | 8240 | 8241 | 8243 | 8245 | 8257 | 8275 | 8291 | 8315 |
| 8366 | 8371 | 8383 | 8415 | 8425 | 8456 | 8458 | 8481 | 8489 | 8490 |
| 8512 | 8517 | 8525 | 8527 | 8548 | 8562 | 8565 | 8594 | 8657 | 8678 |
| 8681 | 8686 | 8697 | 8730 | 8751 | 8780 | 8812 | 8833 | 8853 | 8854 |
| 8862 | 8873 | 8874 | 8878 | 8892 | 8906 | 8935 | 8947 | 8949 | 8971 |
| 8978 | 8987 | 9010 | 9020 | 9078 | 9080 | 9086 | 9105 | 9114 | 9117 |
| 9119 | 9127 | 9136 | 9151 | 9156 | 9160 | 9182 | 9184 | 9214 | 9241 |
| 9247 | 9252 | 9275 | 9281 | 9285 | 9301 | 9311 | 9323 | 9357 | 9363 |
| 9364 | 9395 | 9400 | 9409 | 9411 | 9419 | 9420 | 9462 | 9476 | 9503 |
| 9509 | 9515 | 9524 | 9545 | 9557 | 9569 | 9585 | 9589 | 9594 | 9612 |
| 9617 | 9618 | 9627 | 9634 | 9640 | 9651 | 9665 | 9669 | 9681 | 9684 |
| 9690 | 9691 | 9719 | 9727 | 9742 | 9747 | 9754 | 9775 | 9776 | 9805 |
| 9817 | 9818 | 9829 | 9831 | 9848 | 9866 | 9875 | 9877 | 9903 | 9906 |
| 9910 | 9913 | 9914 | 9916 | 9919 | 9941 | 9946 | 9967 | 9979 | 9987 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ

RO. No. PR-Advt. No. 1118/11/2025-26/1418/Dated CHD 28.7.2025

# ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਹਜ਼ਾਰਾਂ ਟਰੈਕਟਰਾਂ ਸਮੇਤ ਕਿਸਾਨ ਮਾਰਚ 'ਚ ਸ਼ਾਮਿਲ ਹੋਏ



ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਪ੍ਰੈੱਸ ਨੋਟ ਜ਼ਾਰੀ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜੋ ਪੰਜਾਬ ਸਰਕਾਰ ਪੰਜਾਬ ਦੀਆਂ ਜ਼ਮੀਨਾਂ ਕਿਸਾਨਾਂ ਕੋਲੋਂ ਖੋਹਣ ਦੀ ਲੈਂਡ ਪੂਲਿੰਗ ਪੋਲਸੀ ਲੈ ਕੇ ਆਈ ਹੈ ਦੇ ਵਿਰੋਧ ਵਿੱਚ ਪੂਰੇ ਪੰਜਾਬ ਭਰ ਵਿੱਚ ਹਜ਼ਾਰਾਂ ਟਰੈਕਟਰ,ਕਾਰਾਂ,ਗੱਡੀਆਂ ਤੇ ਕਿਸਾਨਾਂ ਨੇ ਰੋਹ ਭਰਭੂਰ ਮਾਰਚ ਕੀਤਾ ਤੇ ਪੰਜਾਬ ਸਰਕਾਰ ਖਿਲਾਫ਼ ਜੰਮ ਕੇ ਨਾਰੇਬਾਜ਼ੀ ਕੀਤੀ ਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਇਹ ਆਰਡੀਨੈਂਸ ਸਰਕਾਰ ਫੌਰੀ ਤੌਰ 'ਤੇ ਵਾਪਸ ਲਵੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੇ ਨੁਮਾਇੰਦਿਆਂ ਨੂੰ ਪਿੰਡਾਂ ਅੰਦਰ ਨਹੀਂ ਵੜਨ ਦਿੱਤਾ ਜਾਵੇਗਾ। ਕਿਉਂਕਿ ਇਸ ਪਾਲਸੀ ਦੇ ਲਾਗੂ ਹੋਣ ਨਾਲ ਕਿਸਾਨ,ਮਜ਼ਦੂਰ ਤੇ ਪਿੰਡਾਂ ਦੇ ਪਿੰਡ ਉਜਾੜੇ ਦਾ ਸ਼ਿਕਾਰ ਹੋਣਗੇ ਸਰਕਾਰ ਇੱਕ ਅੱਧਾ ਸਾਲ ਜ਼ਮੀਨ ਦਾ ਠੇਕਾ ਕਿਸਾਨਾਂ ਨੂੰ ਦੇ ਦੇਵੇਗੀ। ਪਰ ਬਾਅਦ ਵਿੱਚ ਕਿਸਾਨਾਂ ਨੂੰ ਪੈਸੇ ਵੀ ਨਹੀਂ ਮਿਲਣੇ ਕਿਉਂਕਿ ਸਰਕਾਰ ਕੋਲ ਤਾਂ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਲਈ ਵੀ ਪੈਸੇ ਨਹੀਂ ਹਨ। ਤਨਖਾਹਾਂ ਤਾਂ ਲੋਨ ਲੈ ਕੇ ਦਿੱਤੀਆਂ ਜਾ ਰਹੀਆਂ ਹਨ ਕਿਸਾਨ ਕਿਸ ਕੋਲ ਆਪਣੇ ਜ਼ਮੀਨ ਦੇ ਠੇਕੇ ਦੇ ਪੈਸੇ ਲੈਣ ਜਾਵੇਗਾ। ਇਸ ਲਈ ਸਰਕਾਰ ਕਿਸਾਨਾਂ ਦੇ ਸਬਰ ਨਾ ਪਰਖੇ ਕਿਸਾਨ ਕਿਸੇ ਵੀ ਕੀਮਤ 'ਤੇ ਜ਼ਮੀਨਾਂ ਸਰਕਾਰ ਨੂੰ ਨਹੀਂ ਦੇਣਗੇ।

ਲੱਖੋਵਾਲ ਨੇ ਦੱਸਿਆ ਕਿ ਉਹ ਅੱਜ ਕੂੰਮ ਕਲਾਂ ਤੋਂ ਅਵਤਾਰ ਸਿੰਘ ਮੇਹਲੋਂ ਸਮੇਤ ਹਜ਼ਾਰਾਂ ਕਿਸਾਨਾਂ 'ਤੇ ਟਰੈਕਟਰਾਂ ਨਾਲ ਟਰੈਕਟਰ ਮਾਰਚ ਵਿੱਚ ਸ਼ਾਮਿਲ ਹੋਏ ਜਿੱਥੇ ਉਨ੍ਹਾਂ ਆਪ ਟਰੈਕਟਰ ਚਲਾ ਕੇ 30 ਪਿੰਡਾਂ ਵਿਚ ਇਸ ਟਰੈਕਟਰ ਮਾਰਚ ਦੀ ਅਗਵਾਹੀ ਕੀਤੀ। ਅੱਜ ਦੇ ਮਾਰਚ ਵਿੱਚ ਉਹਨਾਂ ਨਾਲ ਰਘਵੀਰ ਸਿੰਘ ਬੈਨੀਪਾਲ ਸੂਬਾਈ ਸਕੱਤਰ ਜਮਹੂਰੀ ਕਿਸਾਨ ਸਭਾ, ਲਛਮਣ ਸਿੰਘ ਕੂੰਮ ਕਲਾਂ, ਡਾ. ਗਗਨਦੀਪ ਸਿੰਘ ਸਰਪੰਚ ਭਾਗਪੁਰ, ਅਮਰਨਾਥ ਕੂੰਮ ਕਲਾਂ ਸੂਬਾ ਸਕੱਤਰ ਸੀਟੂ ਪੰਜਾਬ,,ਪਮਨਦੀਪ ਸਿੰਘ ਮੇਹਲੋਂ ਮੀਤ ਪ੍ਰਧਾਨ ਲੁਧਿਆਣਾ, ਈਰਿੰਦਰ ਸਿੰਘ ਜੌਲੀ, ਰਘਵੀਰ ਸਿੰਘ ਕੂੰਮ ਕਲਾਂ,ਸੁਰਿੰਦਰ ਸਿੰਘ ਗਿੱਲ ਬਲਾਕ ਪ੍ਰਧਾਨ, ਜੀਤੀ ਗਿੱਲ ਭੈਣੀ ਨੱਥੂ, ਕਰਮਜੀਤ ਸਿੰਘ ਗਿੱਲ ਭੈਣੀ ਨੱਥੂ, ਦਵਿੰਦਰ ਸਿੰਘ ਗਿੱਲ ਭੈਣੀ ਨੱਥੂ,ਗੁਰਿੰਦਰ ਸਿੰਘ ਲੱਖੋਵਾਲ,ਅਜਮੇਰ ਸਿੰਘ ਲਾਲੀ ਕੋਹਾੜਾ,ਜਤਿੰਦਰਪਾਲ ਜਿੰਦੂ,ਨੰਬਰਦਾਰ ਜਸਵੀਰ ਸਿੰਘ ਗਿੱਲ ਚੌਂਤਾ, ਸਾਬਕਾ ਸਰਪੰਚ ਜਸਪਾਲ ਸਿੰਘ ਭੈਣੀ ਗਾਹੀ, ਸਰਪੰਚ ਭੁਪਿੰਦਰ ਸਿੰਘ ਗਿੱਲ ਭੈਣੀ ਗਾਹੀ, ਜੋਧ ਸਿੰਘ, ਪੂਰਨ ਸਿੰਘ, ਸਾਬਕਾ ਸਰਪੰਚ ਹਰਪ੍ਰਸ਼ਾਦ ਵਿਰਕ ਕੂੰਮ ਕਲਾਂ, ਗੁਰਜੀਤ ਸਿੰਘ ਵਿਰਕ, ਕੁਲਜੀਤ ਸਿੰਘ ਸਿੱਧੂ, ਬਿੱਟੂ, ਸਤਨਾਮ ਸਿੰਘ ਗੱਦੋਵਾਲ, ਮਹਿੰਦਰ ਸਿੰਘ ਗੱਦੋਵਾਲ, ਸਰਪੰਚ ਪਤੀ ਸਤਨਾਮ ਸਿੰਘ ਗਿੱਲ ਲੱਖੋਵਾਲ, ਪਰਮਿੰਦਰ ਸਿੰਘ ਗਿੱਲ ਕਰੌੜ, ਪ੍ਰਦੀਪ ਸਿੰਘ ਸਾਲੂ ਭੈਣੀ, ਹਰਿੰਦਰ ਸਿੰਘ ਗਰਚਾ, ਗੁਰਮੀਤ ਸਿੰਘ ਝਿੰਜਰ ਭੈਣੀ ਕੀਮਾਂ, ਸਰਪੰਚ ਅਵਤਾਰ ਸਿੰਘ ਭੈਣੀ ਦੋਆਬਾ, ਸਰਪੰਚ ਜੁਗਰਾਜ ਸਿੰਘ ਕਡਿਆਣਾ ਆਦਿ ਹਾਜ਼ਰ ਸਨ।

# ਭਾਸ਼ਣ ਮੁਕਾਬਲੇ 'ਚ ਸਪਰਿੰਗ ਡੇਲ ਸਕੂਲ ਦੀਆਂ ਕੁੜੀਆਂ ਦਾ ਓਵਰਆਲ ਟਰਾਫ਼ੀ 'ਤੇ ਕਬਜ਼ਾ



ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਦੀਆਂ ਕੁੜੀਆਂ ਗੁਰਲੀਨ ਕੌਰ (ਗਿਆਰਵੀਂ ਕਾਮਰਸ) ਅਤੇ ਇਪਸ਼ਿਤਾ (ਗਿਆਰਵੀਂ ਨੋਨ ਮੈਡੀਕਲ) ਨੇ ਹਰਜੀਤ ਸਿੰਘ ਮੈਮੋਰੀਅਲ ਭਾਸ਼ਣ ਮੁਕਾਬਲੇ ਦੇ ਵਿੱਚ ਆਪਣੇ ਜ਼ੋਰਦਾਰ ਭਾਸ਼ਣਾਂ ਦੇ ਨਾਲ? ਪਹਿਲਾ ਅਤੇ ਕੌਂਸੋਲੇਸ਼ਨ ਪ੍ਰਾਈਜ਼ ਜਿੱਤ ਕੇ ਓਵਰਆਲ ਟਰਾਫ਼ੀ 'ਤੇ ਆਪਣਾ ਕਬਜ਼ਾ ਕੀਤਾ। ਇਹ ਮੁਕਾਬਲਾ ਜੀ.ਜੀ.ਐੱਨ ਸਕੂਲ, ਰੋਜ਼ਗਾਰਡਨ ਵਿਖੇ ਆਯੋਜਿਤ ਹੋਇਆ। ਇਸ ਮੁਕਾਬਲੇ ਨੂੰ ਦੋ ਭਾਗਾਂ ਪੰਜਾਬੀ ਅਤੇ ਅੰਗਰੇਜ਼ੀ ਦੇ ਵਿੱਚ ਵੰਡਿਆ ਗਿਆ। ਪੰਜਾਬੀ ਭਾਸ਼ਣ ਮੁਕਾਬਲੇ ਵਿੱਚ ਸਪਰਿੰਗ ਡੇਲ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਪਹਿਲਾ ਇਨਾਮ ਜਿੱਤਿਆ ਅਤੇ ਅੰਗਰੇਜ਼ੀ ਭਾਸ਼ਣ ਮੁਕਾਬਲੇ ਦੇ ਵਿੱਚ ਇਪਸ਼ਿਤਾ ਨੇ ਕੌਂਸੋਲੇਸ਼ਨ ਪ੍ਰਾਈਜ਼ ਜਿੱਤਿਆ। ਇਸ ਮੁਕਾਬਲੇ ਵਿੱਚ 41 ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਕਿ ਸਪਰਿੰਗ ਡੇਲ ਦੀਆਂ ਦੋਵੇਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਦਿਖਾਉਂਦੇ ਹੋਏ ਪਹਿਲਾ ਅਤੇ ਕੌਂਸੋਲੇਸ਼ਨ ਪ੍ਰਾਈਜ਼ ਜਿੱਤ ਕੇ ਓਵਰਆਲ ਟਰਾਫ਼ੀ 'ਤੇ ਵੀ ਆਪਣਾ ਹੱਕ ਜਮਾਇਆ।

ਸਕੂਲ ਦੇ ਚੇਅਰਪਰਸਨ ਮੈਡਮ ਅਵਿਨਾਸ਼ ਕੌਰ ਵਾਲੀਆ ਨੇ ਦੋਵੇਂ ਹੀ ਵਿਦਿਆਰਥਣਾਂ ਨੂੰ ਉਹਨਾਂ ਦੀ ਇਸ ਸ਼ਾਨਦਾਰ ਜਿੱਤ 'ਤੇ ਬਹੁਤ ਵਧਾਈ ਦਿੱਤੀ ਅਤੇ ਨਾਲ? ਹੀ ਭਵਿੱਖ ਵਿੱਚ ਵੀ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਪ੍ਰੇਰਿਆ। ਇਸ ਦੇ ਨਾਲ? ਹੀ ਡਾਇਰੈਕਟਰਜ਼ ਮਨਦੀਪ ਵਾਲੀਆ, ਕਮਲਪ੍ਰੀਤ ਕੌਰ, ਡਿਪਟੀ-ਡਾਇਰੈਕਟਰ ਸੋਨੀਆ ਵਰਮਾ ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਵੀ ਦੋਵੇਂ ਹੀ ਵਿਦਿਆਰਥਣਾਂ ਦੀ ਖ਼ੂਬ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਜਿੱਤਾਂ ਦੇ ਇਸ ਸਿਲਸਿਲੇ ਨੂੰ ਇੰਝ ਹੀ ਬਰਕਰਾਰ ਰੱਖਣ ਦੇ ਲਈ ਵੀ ਪ੍ਰੇਰਿਆ।

# ਕੈਨੇਡਾ ਵਿਖੇ ਸੜਕ ਹਾਦਸੇ 'ਚ ਪੰਜਾਬ ਦੇ ਨੌਜਵਾਨ ਦੀ ਮੌਤ, ਘਰ 'ਚ ਮਾਤਮ ਛਾਇਆ



ਲੁਧਿਆਣਾ, 30 ਜੁਲਾਈ (ਵਿਸ਼ਾਲ ਸ਼ਰਮਾ/ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਕੈਨੇਡਾ ਤੋਂ ਦੁਖਦਾਈ ਖ਼ਬਰ ਆ ਰਹੀ ਹੈ। ਖ਼ਬਰ ਹੈ ਕਿ ਕੈਨੇਡਾ ਵਿੱਚ ਇੱਕ ਸੜਕ ਹਾਦਸੇ ਵਿੱਚ ਪੰਜਾਬ ਦੇ ਇੱਕ ਨੌਜਵਾਨ ਦੀ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲੁਧਿਆਣਾ ਦੇ ਰਾਇਕੋਟ ਦੇ ਪਿੰਡ ਬ੍ਰਹਮਪੁਰ ਦੇ ਵਸਨੀਕ ਮਨਿੰਦਰ ਸਿੰਘ ਦੀ ਕੈਨੇਡਾ ਦੇ ਐਡਮਿੰਟਨ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮਨਿੰਦਰ 16 ਸਾਲ ਪਹਿਲਾਂ ਬਿਹਤਰ ਭਵਿੱਖ ਲਈ ਕੈਨੇਡਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਮਨਿੰਦਰ ਕੈਨੇਡਾ ਵਿੱਚ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ। ਜਾਣਕਾਰੀ ਅਨੁਸਾਰ, ਮਨਿੰਦਰ ਆਪਣੇ ਟਰੱਕ ਵਿੱਚ ਸਫ਼ਰ ਕਰ ਰਿਹਾ ਸੀ, ਜਦੋਂ ਸਾਈਡ 'ਤੇ ਖੜ੍ਹੇ ਇੱਕ ਹੋਰ ਟਰੱਕ ਡਰਾਈਵਰ ਨੇ ਅਚਾਨਕ ਆਪਣਾ ਟਰੱਕ ਸੜਕ 'ਤੇ ਚਲਾ ਦਿੱਤਾ। ਮਨਿੰਦਰ ਨੂੰ ਆਪਣੇ ਆਪ ਨੂੰ ਕਾਬੂ ਕਰਨ ਦਾ ਮੌਕਾ ਨਹੀਂ ਮਿਲਿਆ ਅਤੇ ਦੋਵੇਂ ਬੁਰੀ ਤਰ੍ਹਾਂ ਟਕਰਾ ਗਏ। ਟਰੱਕ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਮਨਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਆਪਣੇ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਕੇ ਪਰਿਵਾਰ ਬਹੁਤ ਦੁਖੀ ਹੋ ਗਿਆ। ਪਰਿਵਾਰ ਦੇ ਮੈਂਬਰ ਬਹੁਤ ਸਦਮੇ ਵਿਚ ਹਨ ਨਾਲ ਹੀ ਉਹਨਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਿੰਡ ਦੇ ਮੁਖੀ ਨੇ ਪੰਜਾਬ ਸਰਕਾਰ ਤੋਂ ਮਨਿੰਦਰ ਦੀ ਲਾਸ਼ ਨੂੰ ਭਾਰਤ ਵਾਪਸ ਲਿਆਉਣ ਵਿੱਚ ਮਦਦ ਦੀ ਬੇਨਤੀ ਕੀਤੀ ਹੈ।

# ਵਿਧਾਇਕਾਂ ਅਤੇ ਸੀ.ਡੀ. ਮੇਅਰ ਨੇ ਨਵੇਂ ਬਣੇ ਟਾਇਲਟ ਅਤੇ ਪੁਲੀ ਦਾ ਕੀਤਾ ਉਦਘਾਟਨ



ਲੁਧਿਆਣਾ, 30 ਜੁਲਾਈ (ਵਿਸ਼ਾਲ ਸ਼ਰਮਾ) : ਬਾਜ਼ਾਰ ਵਿੱਚ ਆਉਣ ਵਾਲੇ ਸੈਲਾਨੀਆਂ ਅਤੇ ਇਲਾਕੇ ਦੇ ਵਸਨੀਕਾਂ ਦੀ ਸਹੂਲਤ ਲਈ, ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ ਅਤੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪ੍ਰਾਸ਼ਰ ਨੇ ਬੁੱਧਵਾਰ ਨੂੰ ਨਮਕ ਮੰਡੀ (ਗੁੜ ਮੰਡੀ-ਵਾਰਡ ਨੰਬਰ 90) ਖੇਤਰ ਵਿੱਚ ਨਵੇਂ ਬਣੇ ਜਨਤਕ ਟਾਇਲਟ ਅਤੇ ਨਾਲੇ ਉੱਤੇ ਬਣੇ ਪੁਲੀ (ਪੁਲ) ਦਾ ਉਦਘਾਟਨ ਕੀਤਾ। ਇਹ ਪ੍ਰੋਜੈਕਟ ਲੱਗਭੱਗ 20 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤੇ ਗਏ ਹਨ। ਵਿਧਾਇਕ ਬੱਗਾ, ਵਿਧਾਇਕ ਪ੍ਰਾਸ਼ਰ ਅਤੇ ਸੀਨੀਅਰ ਡਿਪਟੀ ਮੇਅਰ ਪ੍ਰਾਸ਼ਰ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਵਸਨੀਕਾਂ ਨੂੰ ਜ਼ਰੂਰੀ ਸਹੂਲਤਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ, ਗੁਰਦੁਆਰਾ ਦੁਖਨਿਵਾਰਨ ਸਾਹਿਬ ਸੜਕ, ਗੁਰਦੁਆਰਾ ਕਲਗੀਧਰ ਸਿੰਘ ਸਭਾ ਸੜਕ ਅਤੇ ਪਿੰਡੀ ਗਲੀ ਖੇਤਰ ਦੇ ਪੁਨਰ ਨਿਰਮਾਣ ਦੇ ਪ੍ਰੋਜੈਕਟਾਂ ਸਮੇਤ ਵੱਡੇ ਸੜਕ ਨਿਰਮਾਣ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾਣਗੇ। ਵਾਰਡ ਨੰਬਰ 90 ਵਿੱਚ ਸਾਈਨ ਬੋਰਡ ਲਗਾਏ ਜਾਣਗੇ।

ਉਦਘਾਟਨ ਸਮਾਰੋਹ ਦੌਰਾਨ ਨਮਕ ਮੰਡੀ (ਗੁੜ ਮੰਡੀ) ਖੇਤਰ ਦੇ ਸਥਾਨਕ ਨਿਵਾਸੀ ਅਤੇ ਵਪਾਰੀ ਵੀ ਮੌਜੂਦ ਸਨ। ਵਿਧਾਇਕ ਮਦਨ ਲਾਲ ਬੱਗਾ, ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ ਅਤੇ ਸੀਨੀਅਰ ਡਿਪਟੀ ਮੇਅਰ ਰਾਕੇਸ਼ ਪ੍ਰਾਸ਼ਰ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ, ਭਵਿੱਖ ਵਿੱਚ ਵੀ, ਇਨ੍ਹਾਂ ਖੇਤਰਾਂ ਵਿੱਚ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਜਾਰੀ ਰਹਿਣਗੇ ਤਾਂ ਜੋ ਹੋਰ ਤਰੱਕੀ ਨੂੰ ਯਕੀਨੀ ਬਣਾਇਆ ਜਾ ਸਕੇ। ਉਦਘਾਟਨ ਸਮਾਰੋਹ ਦੌਰਾਨ ਸੁਨੀਲ ਤਾਂਗੜੀ, ਕਮਲ ਆਦਿਆ, ਕੁਲਦੀਪ ਸਿੰਘ, ਅਮਿਤ ਸ਼ਰਮਾ, ਰਮੇਸ਼ ਸ਼ਰਮਾ, ਗੁਲਸ਼ਨ ਠੁਕਰਾਲ, ਧੀਰੇਨ ਅਗਰਵਾਲ, ਹੈਪੀ ਵੋਹਰਾ, ਸ਼ੈਰੀ ਟੱਕਰ, ਰਮੇਸ਼ ਜੈਨ, ਵਿਜੇ ਸਿੰਘਾਨੀਆ, ਸ਼ਾਂਤੀ ਤਨੇਜਾ, ਐਸਸੀ ਅਰੋੜਾ, ਵਾਈਐਸ ਆਹੂਜਾ ਸਮੇਤ ਹੋਰ ਹਾਜ਼ਰ ਸਨ।

# ਗੁਰਦੁਆਰਾ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਅੱਜ



ਲੁਧਿਆਣਾ, 30 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਚੁਪਹਿਰਾ ਸਮਾਗਮ 31 ਜੁਲਾਈ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਇਹ ਚੁਪਹਿਰਾ ਸਮਾਗਮ ਹਰ ਹਫਤੇ ਬਾਅਦ ਦੁਪਹਿਰ 2 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਹੁੰਦਾ ਹੈ। ਉਹਨਾਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

# ਏਸ਼ੀਆ ਕੱਪ ਦੌਰਾਨ ਭਾਰਤ ਤੇ ਪਾਕਿਸਤਾਨ ਵਿਚਾਲੇ ਮੈਚ ਰੱਦ ਹੋਣੇ ਚਾਹੀਦੇ ਨੇ : ਦੀਵਾਨ



ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਤੇ ਸਾਬਕਾ ਜਿਲ੍ਹਾ ਕਾਂਗਰਸ ਪਾਰਟੀ ਪਵਨ ਦੀਵਾਨ ਨੇ ਏਸ਼ੀਆ ਕੱਪ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਮੈਚ ਰੱਦ ਕੀਤੇ ਜਾਣ ਦੀ ਮੰਗ ਕੀਤੀ ਅਤੇ ਇਸ ਸਬੰਧੀ ਸੂਬਾ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪਾਰਲੀਮੈਂਟ ਵਿੱਚ ਮੁੱਦਾ ਚੁੱਕਣ ਦੀ ਅਪੀਲ ਵੀ ਕੀਤੀ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ, ਦੀਵਾਨ ਨੇ ਕਿਹਾ ਕਿ ਸਤੰਬਰ 'ਚ ਹੋਣ ਵਾਲੇ ਏਸ਼ੀਆ ਕੱਪ ਦੌਰਾਨ ਪ੍ਰਸਤਾਵਿਤ ਭਾਰਤ ਅਤੇ ਪਾਕਿਸਤਾਨ ਵਿਚਲਿਆਂ ਕ੍ਰਿਕਟ ਮੈਚਾਂ ਨੂੰ ਮਨਜ਼ੂਰੀ ਨਹੀਂ ਮਿਲਣੀ ਚਾਹੀਦੀ ਹੈ। ਉਹਨਾਂ ਨੇ ਲੋਕ ਸਭਾ ਮੈਂਬਰ ਅਤੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅੱਤਵਾਦ 'ਤੇ ਖੇਡ ਇਕੱਠੇ ਨਹੀਂ ਹੋ ਸਕਦੇ ਹਨ। ਉਹਨਾਂ ਨੇ ਕਿਹਾ ਕਿ ਭਾਰਤੀਯ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਵੱਲੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਮੈਚਾਂ ਨੂੰ ਲੈ ਕੇ ਪਾਕਿਸਤਾਨ ਕ੍ਰਿਕਟ ਬੋਰਡ (ਪੀਸੀਬੀ) ਨਾਲ ਕੀਤੇ ਗਏ ਕਥਿਤ ਸਮਝੌਤੇ ਨੂੰ ਲੈ ਕੇ ਲੋਕਾਂ ਵਿਚਾਲੇ ਬਹੁਤ ਨਰਾਜ਼ਗੀ ਹੈ।

ਦੀਵਾਨ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਣ ਵਾਲੇ ਕ੍ਰਿਕਟ ਮੈਚ ਨਾਲ ਪਾਕਿਸਤਾਨੀ ਕ੍ਰਿਕਟ ਬੋਰਡ ਦੇ ਖਜ਼ਾਨੇ ਵਿੱਚ ਬਹੁਤ ਸਾਰੇ ਪੈਸੇ ਜਾਣਗੇ ਅਤੇ ਇਹਨਾਂ ਵੱਲੋਂ ਉਹਨਾਂ ਪੈਸਿਆਂ ਦਾ ਇਸਤੇਮਾਲ ਭਾਰਤ ਖਿਲਾਫ ਅੱਤਵਾਦ ਫੈਲਾਉਣ ਵਿੱਚ ਕੀਤਾ ਜਾ ਸਕਦਾ ਹੈ। ਇਸ ਦੌਰਾਨ ਉਹਨਾਂ ਨੇ ਆਪਰੇਸ਼ਨ ਸਿੰਦੂਰ ਨੂੰ ਲੈ ਕੇ ਵੀ ਗੱਲ ਕੀਤੀ ਕਿ ਇੱਕ ਪਾਸੇ ਸਰਕਾਰ ਆਪਰੇਸ਼ਨ ਸਿੰਦੂਰ ਨੂੰ ਹਾਲੇ ਤੱਕ ਬੰਦ ਨਾ ਕਰਨ ਸਬੰਧੀ ਗੱਲ ਕਹਿ ਰਹੀ ਹੈ, ਤਾਂ ਦੂਜੇ ਪਾਸੇ ਪਾਕਿਸਤਾਨ ਨਾਲ ਮੈਚ ਖੇਡਣ ਦੀ ਤਿਆਰੀ ਚੱਲ ਰਹੀ ਹੈ।

# ਗੁਰਦੁਆਰਾ ਸਿੱਖ ਸੁਸਾਇਟੀ ਆਫ਼ ਨਿਆਗਰਾ ਫਾਲ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਸਨਮਾਨ





ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸਿੱਖ ਸੁਸਾਇਟੀ ਆਫ ਨਿਆਗਰਾਫਾਲ ਕਨੇਡਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਇੱਥੇ ਪਹੁੰਚਣ 'ਤੇ ਸਨਮਾਨ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਭਾਈ ਗੁਰਪ੍ਰੀਤ ਸਿੰਘ ਝੱਬਰ ਅਤੇ ਭਾਈ ਭਗਵੰਤ ਸਿੰਘ ਸਿਆਲਕਾ ਮੈਂਬਰ ਸ਼੍ਰੋਮਣੀ ਸ਼ਾਮਿਲ ਸਨ। ਦੋਨਾਂ ਮੈਂਬਰਾਂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੇ ਮਿਹਨਤਾਂ ਕਰਕੇ ਬਹੁਤ ਤਰੱਕੀਆ ਕੀਤੀਆਂ ਨੇ । ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਬਣਾਏ ਹਨ ਜੋ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੇ ਹਨ ।ਉਹਨਾਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਤੁਸੀਂ ਗੁਰੂ ਸਾਹਿਬ ਦੇ ਦਰਸਾਏ ਮਾਰਗ ਤੇ ਚੱਲ ਰਹੇ ਹੋ ਸਾਨੂੰ ਜੋ ਮਾਣ ਸਤਿਕਾਰ ਦਿੱਤਾ। ਇਸ ਮੌਕੇ ਭਾਈ ਗੁਰਭੇਜ ਸਿੰਘ ਅਕਲੀਆ(ਹਜ਼ੂਰੀ ਰਾਗੀ ਜੱਥਾ), ਭਾਈ ਅਮਰ ਸਿੰਘ ਜੀ (ਹੈੱਡ ਗ੍ਰੰਥੀ), ਭਾਈ ਭਗਵਾਨ ਸਿੰਘ ਜੀ (ਮੈਨੇਜਰ),ਪ੍ਰਬੰਧਕ ਸੇਵਾਦਾਰ ਸੋਹਣ ਸਿੰਘ ਗੋਗਾ ਕੌਂਸਲਰ ਰੁਪਿੰਦਰ ਸਿੰਘ ਸਰਪੰਚ ਹਰਜੀਤ ਸਿੰਘ ਫੌਜੀ ਹਰਮਨਜੀਤ ਸਿੰਘ ਚੀਮਾ ਹਰਪ੍ਰੀਤ ਸਿੰਘ ਬੱਲੋਮਾਜਰਾ ਸ ਟਹਿਲ ਸਿੰਘ ਬਰਾੜ ਜਗਤਾਰ ਸਿੰਘ ਹਰਭਿੰਦਰ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪੀ.ਐਮ. ਦਫ਼ਤਰ ਦੇ ਡਾਇਰੈਕਟਰ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਸਮੀਖਿਆ ਕੀਤੀ



ਲੁਧਿਆਣਾ, 30 ਜੁਲਾਈ (ਵਿਸ਼ਾਲ ਸ਼ਰਮਾ): ਯੋਗ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਲਾਭ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਪ੍ਰਧਾਨ ਮੰਤਰੀ ਦਫ਼ਤਰ (PMO) ਦੀ ਡਾਇਰੈਕਟਰ ਮਨਮੀਤ ਕੌਰ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ (PMAY-U) ਦੇ ਤਹਿਤ ਪ੍ਰਗਤੀ ਦੀ ਸਮੀਖਿਆ ਕੀਤੀ। ਬੁੱਧਵਾਰ ਨੂੰ ਨਗਰ ਨਿਗਮ (MC) ਦੇ ਜ਼ੋਨ ਡੀ ਦਫ਼ਤਰ ਵਿਖੇ ਹੋਈ ਸਮੀਖਿਆ ਮੀਟਿੰਗ ਦੌਰਾਨ, ਪ੍ਰਧਾਨ ਮੰਤਰੀ ਦਫ਼ਤਰ ਦੇ ਡਾਇਰੈਕਟਰ ਮਨਮੀਤ ਕੌਰ ਨੇ ਸਬੰਧਤ ਅਧਿਕਾਰੀਆਂ ਤੋਂ ਫੀਡਬੈਕ ਲਿਆ ਅਤੇ ਵਸਨੀਕਾਂ ਨੂੰ ਵੱਧ ਤੋਂ ਵੱਧ ਲਾਭ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕੀਤੇ। ਨਗਰ ਨਿਗਮ (MC) ਕਮਿਸ਼ਨਰ ਆਦਿੱਤਿਆ ਡਚਲਵਾਲ, ਏਡੀਸੀ ਰੁਪਿੰਦਰਪਾਲ ਸਿੰਘ, ਸਹਾਇਕ ਕਮਿਸ਼ਨਰ (ਯੂਟੀ) ਡਾ. ਪ੍ਰਗਤੀ ਰਾਣੀ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ ਅਤੇ ਅਭਿਸ਼ੇਕ ਸ਼ਰਮਾ, ਜ਼ੋਨਲ ਕਮਿਸ਼ਨਰ ਨੀਰਜ ਜੈਨ, ਗੁਰਪਾਲ ਸਿੰਘ ਅਤੇ ਜਸਦੇਵ ਸੇਖੋਂ, ਸਥਾਨਕ ਸਰਕਾਰਾਂ ਵਿਭਾਗ ਦੇ ਤਕਨੀਕੀ ਡਾਇਰੈਕਟਰ ਬਲਦੀਪ ਸਿੰਘ, ਲੁਧਿਆਣਾ ਜ਼ਿਲ੍ਹੇ ਦੀਆਂ ਵੱਖ-ਵੱਖ ਨਗਰ ਕੌਂਸਲਾਂ ਦੇ ਕਾਰਜਕਾਰੀ ਅਧਿਕਾਰੀ (EO) ਸਮੇਤ ਹੋਰ ਅਧਿਕਾਰੀ ਮੀਟਿੰਗ ਵਿੱਚ ਮੌਜੂਦ ਸਨ। ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ ਭਾਰਤ ਸਰਕਾਰ ਦਾ ਇੱਕ ਪ੍ਰਮੁੱਖ ਮਿਸ਼ਨ ਹੈ ਜਿਸਨੂੰ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ (MoHUA) ਦੁਆਰਾ ਲਾਗੂ ਕੀਤਾ ਜਾ ਰਿਹਾ ਹੈ। ਇਹ ਮਿਸ਼ਨ ਸਾਰੇ ਯੋਗ ਸ਼ਹਿਰੀ ਪਰਿਵਾਰਾਂ ਨੂੰ ਪੱਕਾ ਘਰ ਯਕੀਨੀ ਬਣਾ ਕੇ EWS/LIG ਅਤੇ MIG ਸ਼੍ਰੇਣੀਆਂ ਵਿੱਚ ਸ਼ਹਿਰੀ ਰਿਹਾਇਸ਼ ਦੀ ਘਾਟ ਨੂੰ ਦੂਰ ਕਰਦਾ ਹੈ। ਮੀਟਿੰਗ ਦੌਰਾਨ, ਡਾਇਰੈਕਟਰ ਮਨਮੀਤ ਕੌਰ ਨੂੰ ਇੱਕ ਪੇਸ਼ਕਾਰੀ ਦਿਖਾਈ ਗਈ, ਜਿਸ ਵਿੱਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲਾਭ ਪ੍ਰਾਪਤ ਕਰਨ ਲਈ ਲੁਧਿਆਣਾ ਅਤੇ ਰਾਜ ਦੇ ਹੋਰ ਜ਼ਿਲ੍ਹਿਆਂ ਦੇ ਵਸਨੀਕਾਂ ਦੁਆਰਾ ਜਮ੍ਹਾਂ ਕਰਵਾਈਆਂ ਗਈਆਂ ਅਰਜ਼ੀਆਂ ਦੀ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ।

ਅਧਿਕਾਰੀਆਂ ਨਾਲ ਮੀਟਿੰਗ ਕਰਨ ਤੋਂ ਬਾਅਦ, ਡਾਇਰੈਕਟਰ ਮਨਮੀਤ ਕੌਰ ਵੀ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਲਾਭਪਾਤਰੀਆਂ ਨਾਲ ਗੱਲਬਾਤ ਕਰਨ ਲਈ ਫੀਲਡ ਵਿੱਚ ਚਲੀ ਗਈ। ਉਸਨੇ ਲੋਹਾਰਾ ਦੇ ਗੁਰਮੇਲ ਨਗਰ, ਫਤਿਹਪੁਰ ਅਵਾਣਾ, ਬਾੜੇਵਾਲ, ਗੁਰੂ ਗੋਬਿੰਦ ਸਿੰਘ ਨਗਰ, ਪ੍ਰੀਤ ਨਗਰ ਸ਼ਿਮਲਾਪੁਰੀ ਅਤੇ ਹੋਰ ਨੇੜਲੇ ਖੇਤਰਾਂ ਸਮੇਤ ਵੱਖ-ਵੱਖ ਖੇਤਰਾਂ ਦੇ ਲਾਭਪਾਤਰੀਆਂ ਤੋਂ ਫੀਡਬੈਕ ਲਿਆ। ਦੌਰੇ ਦੌਰਾਨ, ਉਸਨੇ ਕੁਝ ਯੋਗ ਨਿਵਾਸੀਆਂ ਨੂੰ ਯੋਜਨਾ ਦੇ ਤਹਿਤ ਲਾਭ ਪ੍ਰਾਪਤ ਕਰਨ ਲਈ ਵੀ ਉਤਸ਼ਾਹਿਤ ਕੀਤਾ।

# ਜ਼ਿਲ੍ਹਾ ਪ੍ਰਸ਼ਾਸਨ ਗਿੱਲ ਪਿੰਡ ਵਿਖੇ ਜਲਦੀ ਹਾਈਵੇ ਤੇ ਕੱਟ ਬਣਾਵੇ : ਸਲੂਜਾ



ਲੁਧਿਆਣਾ, 30 ਜੁਲਾਈ (ਵਿਸ਼ਾਲ ਸ਼ਰਮਾ) : ਉੱਘੇ ਸੋਸ਼ਲ ਆਗੂ ਅਤੇ ਸ਼ਾਪਕੀਪਰ ਐਸੋਸੀਏਸ਼ਨ ਮਿਸਿੰਗ ਲਿੰਕ ਦੁੱਗਰੀ 2 ਦੇ ਪ੍ਰਧਾਨ ਜਤਿੰਦਰਪਾਲ ਸਿੰਘ ਸਲੂਜਾ ਨੇ ਇਕ ਬਿਆਨ ਰਾਹੀਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਫਿਰੋਜ਼ਪੁਰ ਰੋਡ ਤੋਂ ਮਾਲੇਰਕੋਟਲਾ ਰੋਡ ਨੂੰ ਮਿਲਾਉਣ ਵਾਲਾ ਆਰ. ਓ.ਬੀ ਸ਼ੁਰੂ ਹੋਣ ਨਾਲ? ਸੜਕ 'ਤੇ ਟਰੈਫਿਕ ਬਹੁਤ ਵਧ ਗਿਆ ਹੈ, ਪਰ ਜਦੋਂ ਇਹ ਟਰੈਫਿਕ ਦੁੱਗਰੀ ਸਾਈਡ ਤੋਂ ਪੁਲ ਪਾਰ ਕਰਕੇ ਗਿੱਲ ਰੋਡ 'ਤੇ ਮਿਲਦਾ ਹੈ ਤਾਂ ਓਥੇ ਸੱਜੇ ਪਾਸੇ ਮਲੇਰ ਕੋਟਲਾ ਸਾਈਡ ਜਾਣ ਲਈ ਕੋਈ ਕੱਟ ਨਹੀਂ ਹੈ ਤੇ ਆਮ ਲੋਕਾਂ ਨੂੰ ਸੂਆ ਰੋਡ ਜੀ. ਐਨ ਈ ਕਾਲਜ ਤੋਂ ਪਰਤ ਕੇ ਵਾਪਸ ਆਉਣਾ ਪੈਂਦਾ ਹੈ, ਜਿਸ ਨਾਲ ਸਮਾਂ ਵੱਧ ਲੱਗਦਾ ਹੈ, ਤੇ ਤੇਲ ਦੀ ਖੱਪਤ ਹੁੰਦੀ ਹੈ ਤੇ ਕੁੱਝ ਲੋਕ ਉਲਟ ਪਾਸੇ ਹੀ ਚੱਲ ਪੈਂਦੇ ਹਨ ਜਿਸ ਨਾਲ ਟਰੈਫਿਕ ਵਿੱਚ ਵੀ ਵਿਘਨ ਪੈਂਦਾ ਹੈ ਅਤੇ ਦੁਰਘਟਨਾ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ। ਸੋ ਕਿਰਪਾ ਕਰਕੇ ਗਲਾਡਾ ਅਤੇ ਪੁਲਿਸ ਅਧਿਕਾਰੀ ਨੂੰ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਏਥੇ ਕੱਟ ਬਣਾਇਆ ਜਾਏ, ਤਾਂ ਕਿ ਆਮ ਲੋਕਾਂ ਨੂੰ ਰਾਹਤ ਮਿਲੇ ਤੇ ਕਿਸੇ ਦੁਰਘਟਨਾ ਤੋਂ ਵੀ ਬਚਿਆ ਜਾ ਸਕੇ।

# ਜਗਰਾਓਂ ਸ਼ਹਿਰ 'ਚ ਨਹੀਂ ਰੁਕ ਰਹੀਆਂ ਵਾਰਦਾਤਾਂ, ਲੋਕਾਂ 'ਚ ਸਹਿਮ ਦਾ ਮਾਹੌਲ



ਜਗਰਾਓਂ, 30 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਪਿਛਲੇ ਕੁਝ ਮਹੀਨਿਆਂ ਤੋਂ ਜਗਰਾਓਂ ਸ਼ਹਿਰ ਅੰਦਰ ਲਗਾਤਾਰ ਕਈ ਵਾਰਦਾਤਾਂ ਸਾਹਮਣੇ ਆਈਆਂ। ਕਿਸੇ ਵੀ ਦੁਕਾਨ 'ਤੇ ਫਾਇਰਿੰਗ ਕਰਨੀ ਆਮ ਜਿਹੀ ਗੱਲ ਹੋ ਗਈ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਲਾਅ ਐਂਡ ਆਰਡਰ ਦੀ ਸਥਿਤੀ ਡਾਵਾਂ ਡੋਲ ਹੋ ਗਈ ਹੋਵੇ। ਲਗਾਤਾਰ ਵਾਪਰ ਰਹੇ ਹਾਦਸੇ ਪੁਲਿਸ ਦੀ ਗਲੇ ਦੀ ਹੱਡੀ ਬਣਦੇ ਜਾ ਰਹੇ ਹਨ। ਬੀਤੀ ਰਾਤ ਹੋਏ ਹਾਦਸੇ ਨਾਲ ਲੋਕਾਂ ਦੇ ਮਨਾਂ ਵਿੱਚ ਸਹਿਮ ਦਾ ਮਾਹੌਲ ਹੈ। ਬੀਤੀ ਰਾਤ ਆਪਣੇ ਘਰ ਕੋਠੇ ਸ਼ੇਰ ਜੰਗ ਨੂੰ ਜਾ ਰਹੇ ਇੱਕ ਨੌਜਵਾਨ, ਜਿਸ ਦਾ ਨਾਮ ਜਸਕੀਰਤ ਸਿੰਘ ਹੈ, ਨੂੰ ਕਈ ਨੌਜਵਾਨਾਂ ਨੇ ਘੇਰ ਕੇ ਉਸ ਦੀ ਸਕਾਰਪੀਓ ਗੱਡੀ ਨੂੰ ਅੱਗ ਲਗਾ ਦਿੱਤੀ ਅਤੇ ਜਸਕੀਤ ਸਿੰਘ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ।

ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਮੌਕੇ ਗੋਲੀਆਂ ਚੱਲਣ ਦੀ ਆਵਾਜ਼ ਵੀ ਸੁਣਾਈ ਦਿੱਤੀ ਸੀ। ਜਸਕੀਰਤ ਸਿੰਘ ਨੂੰ ਸਿਵਲ ਹਸਪਤਾਲ ਜਗਰਾਓਂ ਲਜਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਨਾ ਦੇਖ ਕੇ ਡਾਕਟਰਾਂ ਨੇ ਉਸ ਨੂੰ ਲੁਧਿਆਣੇ ਰੈਫਰ ਕਰ ਦਿੱਤਾ। ਜਖਮਾਂ ਦੀ ਤਾਵ ਨਾ ਝੱਲਦਾ ਹੋਇਆ ਜਸਕੀਰਤ ਸਿੰਘ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ। ਇੱਥੇ ਇਹ ਗੱਲ ਦੱਸਣ ਯੋਗ ਹੈ ਕਿ ਜਸਕੀਰਤ ਸਿੰਘ ਨੂੰ ਫਿਰੌਤੀ ਲਈ ਧਮਕੀ ਮਿਲ ਚੁੱਕੀ ਸੀ। ਹੁਣ ਦੇਖਣਾ ਇਹ ਹੋਵੇਗਾ ਕਿ ਜਗਰਾਓਂ ਪੁਲਿਸ ਇਸ ਮਾਮਲੇ ਵਿੱਚ ਕੀ ਕਾਰਵਾਈ ਕਰਦੀ ਹੈ। ਕੀ ਜਸਕੀਰਤ ਸਿੰਘ ਦੇ ਹਥਿਆਰੇ ਪੁਲਿਸ ਦੇ ਹੱਥ ਲੱਗਣਗੇ ? ਹੁਣ ਵੇਖਣਾ ਇਹ ਹੋਵੇਗਾ ਕਦ ਤੱਕ ਪੁਲਿਸ ਜਸਕੀਰਤ ਸਿੰਘ ਦੇ ਹਤਿਆਰਿਆਂ ਨੂੰ ਕਾਬੂ ਕਰਦੀ ਹੈ।



## ਸ਼ਹਿਰ ਅੰਦਰ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਵਿਗੜਨ ਨਹੀਂ ਦਿੱਤਾ ਜਾਵੇਗਾ : ਐਸ.ਐਸ.ਪੀ.

ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸ਼ਹਿਰ ਅੰਦਰ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਵਿਗੜਨ ਨਹੀਂ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਜਸਕੀਰਤ ਸਿੰਘ ਦੇ ਹਤਿਆਰਿਆਂ ਨੂੰ ਬਖਸ਼ਾਂਗੇ ਨਹੀਂ। ਪੁਲਿਸ ਵਿਭਾਗ ਲਗਾਤਾਰ ਇਸ ਵਿਸ਼ੇ 'ਤੇ ਕੰਮ ਕਰ ਰਿਹਾ ਹੈ ।ਉਹਨਾਂ ਕਿਹਾ ਕਿ ਜਲਦ ਹੀ ਅਸੀਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਸੁੱਟਾਂਗੇ।

# ਲੈਂਡ ਪੂਲਿੰਗ ਨੀਤੀ ਕਿਸਾਨਾਂ ਨੂੰ ਬੇਘਰ ਕਰਨ ਦੀ ਸਾਜਿਸ਼ : ਜੇ.ਜੇ. ਅਰੋੜਾ



ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਿਸਾਨ ਯੂਨੀਅਨ ਚੜੂਨੀ ਗਰੁੱਪ ਦੀ ਇੱਕ ਅਹਿਮ ਮੀਟਿੰਗ ਯੂਨੀਅਨ ਦੀ ਪੰਜਾਬ ਇਕਾਈ ਦੇ ਜਨਰਲ ਸਕੱਤਰ ਜਗਜੀਤ ਸਿੰਘ ਅਰੋੜਾ ਉਰਫ ਜੇ ਜੇ ਅਰੋੜਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਨੀਤੀ ਉੱਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜਗਜੀਤ ਸਿੰਘ ਅਰੋੜਾ ਨੇ ਆਖਿਆ ਕਿ ਇਹ ਨੀਤੀ ਕਿਸਾਨਾਂ ਦਾ ਮੁਕੰਮਲ ਉਜਾੜਾ ਕਰਨ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਇਸ ਨੀਤੀ ਪਿੱਛੇ ਸਾਜਿਸ਼ ਕੰਮ ਕਰ ਰਹੀ ਹੈ ਕਿ ਕਿਹੜੇ ਤਰੀਕੇ ਨਾਲ ਕਿਸਾਨਾਂ ਨੂੰ ਬੇਘਰ ਤੇ ਬੇਜ਼ਮੀਨੇ ਕੀਤਾ ਜਾ ਸਕਦਾ ਹੈ। ਉਹਨਾਂ ਆਖਿਆ ਕਿ ਪਹਿਲਾਂ ਕੇਂਦਰ ਦੀ ਮੋਦੀ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਤੋਂ ਜ਼ਮੀਨ ਖੋਹਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਹ ਕਾਮਯਾਬ ਨਹੀਂ ਹੋ ਸਕੇ ਅਤੇ ਹੁਣ ਆਮ ਆਦਮੀ ਪਾਰਟੀ ਨੇ ਉਸੇ ਤਰਜ 'ਤੇ ਚੱਲਦਿਆਂ ਲੈਣ ਪੂਲਿੰਗ ਨੀਤੀ ਲਾਗੂ ਕਰਕੇ ਕਿਸਾਨਾਂ ਨੂੰ ਬੇਜ਼ਮੀਨੇ ਅਤੇ ਬੇਘਰ ਕਰਨ ਦਾ ਨਿਸ਼ਚਾ ਕੀਤਾ ਹੋਇਆ ਹੈ। ਪ੍ਰੰਤੂ ਪੰਜਾਬ ਦੇ ਜਾਂਬਾਜ ਕਿਸਾਨ ਇਸ ਨੀਤੀ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦੇਣਗੇ। ਉਹਨਾਂ ਕਿਹਾ ਕਿ ਇਹ ਕਿਸਾਨਾਂ ਦੀਆਂ ਜ਼ਮੀਨਾਂ ਦਾ ਨਹੀਂ ਬਲਕਿ ਆਉਣ ਵਾਲੀਆਂ ਨਸਲਾਂ ਦਾ ਸਵਾਲ ਹੈ ਕਿ ਜੇਕਰ ਅੱਜ ਕਿਸਾਨਾਂ ਨੇ ਆਪਣੀ ਜ਼ਮੀਨ ਸਰਕਾਰ ਨੂੰ ਲੈਣ ਪੂਲਿੰਗ ਨੀਤੀ ਲਈ ਦੇ ਦਿੱਤੀ ਤਾਂ ਆਉਣ ਵਾਲੇ ਕੱਲ੍ਹ ਨੂੰ ਇਹਨਾਂ ਕਿਸਾਨਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਬੇਜ਼ਮੀਨੀਆਂ ਅਤੇ ਬੇਰੋਜ਼ਗਾਰ ਹੋ ਜਾਣਗੀਆਂ। ਉਹਨਾਂ ਕਿਹਾ ਕਿ ਕਿਸਾਨ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹਨ। ਪਰੰਤੂ ਕਿਸੇ ਵੀ ਕੀਮਤ ਦੇ ਉੱਤੇ ਪੰਜਾਬ ਦੀਆਂ ਕੀਮਤੀ ਜ਼ਮੀਨਾਂ ਇਸ ਨੀਤੀ ਦੀ ਭੇਟ ਨਹੀਂ ਚੜ੍ਹਨ ਦੇਣਗੀਆਂ। ਇਸ ਮੌਕੇ ਯੂਨੀਅਨ ਦੇ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰੋਸ਼ਨ ਸਿੰਘ ਸਾਗਰ, ਸਾਹਨੇਵਾਲ ਦੇ ਇੰਚਾਰਜ ਕਰਨਜੀਤ ਸਿੰਘ ਸੰਧੂ, ਸਰਪੰਚ ਅਤਰ ਸਿੰਘ, ਕੈਪਟਨ ਨਛੱਤਰ ਸਿੰਘ, ਕੈਪਟਨ ਮਲਕੀਤ ਸਿੰਘ, ਸੁਖਦੇਵ ਸਿੰਘ ਕਨੀਜਾ, ਸੁਖਦੇਵ ਸਿੰਘ ਕਰੀਜਾ ਜਨਰਲ ਸਕੱਤਰ ਜ਼ਿਲ੍ਹਾ ਲੁਧਿਆਣਾ ਅਤੇ ਦਲਵਿੰਦਰ ਸਿੰਘ ਘੁੰਮਣ ਆਦਿ ਵੀ ਮੌਜੂਦ ਸਨ।

# 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਬੀਤੀ ਰਾਤ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਗੁਰਕੀਰਤ ਸਿੰਘ ਹਾਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਗੁਰਕੀਰਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਵਿੱਚ ਇੰਦਰਬੀਰ ਸਿੰਘ ਬੱਤਰਾ,ਹਰਪਾਲ ਸਿੰਘ ਬੱਤਰਾ,ਨਰਿੰਦਰਪਾਲ ਸਿੰਘ ਕਥੂਰੀਆ ,ਰਜਿੰਦਰ ਸਿੰਘ ਡੰਗ,ਭੁਪਿੰਦਰ ਸਿੰਘ ਜੁਨੇਜਾ,ਸਰਬਜੀਤ ਸਿੰਘ ਦਸ਼ਮੇਸ਼ ਪੰਪ ਵਾਲੇ, ਬਲਬੀਰ ਸਿੰਘ ਭਾਟੀਆ , ਸੁਰਿੰਦਰਪਾਲ ਸਿੰਘ ਭੁਟੀਆਣੀ ,ਹਰਪਾਲ ਸਿੰਘ ਖਾਲਸਾ ,ਮਹਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ ,ਗੁਰਬਚਨ ਸਿੰਘ, ਅਤੱਰ ਸਿੰਘ ਮਕੱੜ, ਅਵਤਾਰ ਸਿੰਘ ਮਿੱਢਾ ,ਹਰਪ੍ਰੀਤ ਸਿੰਘ ਨੀਟਾ , ਦਵਿੰਦਰ ਸਿੰਘ ਬਿੱਟੂ ,ਖੁਸ਼ਹਾਲ ਸਿੰਘ ,ਹਰਚਰਨ ਸਿੰਘ ਕਾਲੜਾ,ਕਵੰਲਪ੍ਰੀਤ ਸਿੰਘ ਸੋਢੀ, ਇੰਦਰਜੀਤ ਸਿੰਘ ਛਾਬੜਾ ਅਤੇ ਵਿਜੈ ਕੁਮਾਰ ਸੂਦ ਵੀ ਹਾਜ਼ਰ ਸਨ।

# ਰੋਟੀ ਵੱਲੋਂ ਆਵਾਜਾਰ ਗਾਇਕਾਂ ਦੀ ਸਾਰ ਲਈ ਜਾਵੇ : ਬਖਤੜੀ ਵਾਲਾ



ਲੁਧਿਆਣਾ, 30 ਜੁਲਾਈ (ਰਵਿੰਦਰ ਸਿੰਘ ਨਿੱਝਰ) : ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ ਦੀ ਇੱਕ ਮੀਟਿੰਗ ਮੰਚ ਦੇ ਕੌਮੀ ਪ੍ਰਧਾਨ ਹਾਕਮ ਬਖਤੜੀ ਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੌਜੂਦਾ ਸਮੇਂ ਵਿੱਚ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਸਾਜਿੰਦਿਆਂ ਆਦਿ ਕਲਾਕਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਹਾਕਮ ਨੇ ਕਿਹਾ ਕਿ ਅੱਜ ਕੱਲ੍ਹ ਪਹਿਲਾਂ ਵਾਂਗੂੰ ਗਾਇਕਾਂ ਦੇ ਪ੍ਰੋਗਰਾਮ ਨਹੀਂ ਲੱਗਦੇ। ਇਸ ਲਈ ਬਹੁਤ ਸਾਰੇ ਗਾਇਕ, ਗੀਤਕਾਰ ਅਤੇ ਸਾਜੀ ਬੇਰੁਜ਼ਗਾਰ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਕਰ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਨਾਜ਼ੁਕ ਸਮੇਂ ਵਿੱਚ ਕਲਾਕਾਰਾਂ ਦੀ ਬਾਂਹ ਫੜਨ ਤਾਂ ਕਿ ਬੁਢਾਪੇ ਵਿੱਚ ਉਹ ਆਪਣਾ ਜੀਵਨ ਸੌਖੇ ਢੰਗ ਨਾਲ ਜਿਉਂ ਸਕਣ। ਇਸ ਮੌਕੇ ਵਰਿਆਮ ਸਰੋਏ ਨੂੰ ਮੰਚ ਦੀ ਜ਼ਿਲਾ ਤਰਨ ਤਾਰਣ ਇਕਾਈ ਦਾ ਪ੍ਰਧਾਨ ਥਾਪਿਆ ਗਿਆ। ਬਾਅਦ ਵਿੱਚ ਸਰੋਏ ਨੇ 21 ਮੈਂਬਰੀ ਕਮੇਟੀ ਬਣਾਈ, ਜਿਸ ਵਿੱਚ ਗੁਰਦੇਵ ਚਾਹਲ , ਦਿਲਬਾਗ ਹੁੰਦਲ, ਸਰਵਣ ਸੰਧੂ , ਮਨਜੀਤ ਗਿੱਲ , ਸਿੰਗਾਰਾ ਸਿੰਘ ਚਮਕ, ਗੁਰਦੇਵ ਪੱਧਰੀ , ਗੁਰਮੀਤ ਪੰਜਾਬੀ , ਚਰਨਜੀਤ ਕੌਰ , ਸਤਨਾਮ ਝਾਮਕਾ , ਬਿੱਟੂ ਮੀਆਂਪੁਰੀ , ਕਸ਼ਮੀਰ ਸਿੰਘ ਅਤਰੋ, ਕਮਲਦੀਪ ਸਰਾਂ , ਸ਼ਿਵ ਅਮਰਕੋਟੀ , ਮੰਗਾ ਰਾਜੋਕੇ , ਰਾਜੂ ਵਾਂ ਵਾਲਾ , ਮੁਖਤਾਰ ਹੰਸ , ਜੱਗੂ ਗਿੱਲ , ਸਾਬਾ ਅਟਵਾਲ , ਲਾਡੀ ਤਿਆਲ , ਸਾਬਾ ਜਮਾਲਪੁਰ , ਕੁਲਵੰਤ ਚਾਹਲ , ਪ੍ਰਗਟ ਪੱਗਾ , ਪ੍ਰੀਤ ਪੰਜਾਬੀ , ਨਿਸ਼ਾਨ ਸੁਖੀਰਾ, ਨਿਰਮਲ ਨਿੰਮਾ , ਹਰਦੇਵ ਰੰਧਾਵਾ , ਸ ਸ ਸਿੱਧੂ, ਭਜਨ ਕਮਾਲਪੁਰੀ , ਅਮਰੀਕ ਪੰਨੂੰ , ਜਗਤਾਰ ਗੋਖਾਂ, ਨੂੰ ਸ਼ਾਮਲ ਕੀਤਾ।

# ਬਾਬਾ ਰਾਜਾ ਰਾਮ ਦੇ ਸਾਲਾਨਾ ਜੋੜ-ਮੇਲਾ 'ਤੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ



ਲੁਧਿਆਣਾ, 30 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਬਾਬਾ ਰਾਜਾ ਰਾਮ ਜੀ ਪਿੰਡ ਜੋੜ ਸਿੰਘ ਵਾਲਾ ਤਹਿਸੀਲ ਪੱਟੀ ਵਿਖੇ ਬਾਬਾ ਰਾਜਾ ਰਾਮ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ-ਮੇਲੇ ਮੌਕੇ ਤੇ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਗੁਰਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ 820ਵਾਂ ਮਹਾਨ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਮਹਾਨ ਖੂਨਦਾਨ ਕੈਂਪ ਦਾ ਉਦਘਾਟਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਨੇ ਨੌਜਵਾਨਾਂ ਨੂੰ ਪ੍ਰੇਰਦਿਆਂ ਕਿਹਾ ਕਿ ਖੂਨਦਾਨ ਕਰਨ ਨਾਲ ਕਿਸੇ ਤਰ੍ਹਾਂ ਦੀ ਸਰੀਰ ਵਿੱਚ ਕਮਜ਼ੋਰੀ ਨਹੀਂ ਆਉਂਦੀ। ਹਰੇਕ ਤੰਦਰੁਸਤ ਇਨਸਾਨ ਨੂੰ ਤਿੰਨ ਮਹੀਨੇ ਬਾਅਦ ਵੱਡੀਆਂ ਬਿਮਾਰੀਆਂ ਤੋਂ ਬਚਣ ਲਈ ਖੂਨਦਾਨ ਕਰਨਾ ਚਾਹੀਦਾ ਹੈ । ਇਸ ਮੌਕੇ 'ਤੇ ਗੁਰਿੰਦਰ ਸਿੰਘ ਸੰਧੂ ਨੇ ਦੱਸਿਆ ਖੂਨਦਾਨ ਕੈਂਪ ਦੌਰਾਨ 45 ਬਲੱਡ ਯੂਨਿਟ ਅਮਨਦੀਪ ਹਸਪਤਾਲ ਦੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ 'ਤੇ ਦਲਜੀਤ ਸਿੰਘ ਫੌਜੀ ਮੁੱਖ ਸੇਵਾਦਾਰ ਗੁ: ਬਾਬਾ ਰਾਜਾ ਰਾਮ ਜੀ, ਬਾਬਾ ਕੁਲਵਿੰਦਰ ਸਿੰਘ ਅਰਦਾਸੀਆ, ਸਰਪੰਚ ਜਸਵਿੰਦਰ ਸਿੰਘ ਜੋੜ ਸਿੰਘ ਵਾਲਾ, ਅੰਮ੍ਰਿਤਪਾਲ ਸਿੰਘ, ਰਵੀਸ਼ੇਰ ਸਿੰਘ, ਦਲਬੀਰ ਸਿੰਘ ਕਵੀਸ਼ਰ, ਨਿਰਵੈਰ ਸਿੰਘ ਕਵੀਸ਼ਰ, ਸੁਰਜੀਤ ਸਿੰਘ ਫੌਜੀ, ਬਿਕਰਮਜੀਤ ਸਿੰਘ ਆੜ੍ਹਤੀ, ਮੁਖਤਿਆਰ ਸਿੰਘ, ਅਮਨਦੀਪ ਸਿੰਘ ਮੋਕੀਮਾ, ਦੇਸਾ ਸਿੰਘ, ਰਾਜ ਸਿੰਘ, ਨਿਰਮਲ ਸਿੰਘ, ਫੌਜੀ ਬਿਲਗਾ ਅਤੇ ਗੁਰਦੁਆਰਾ ਰਾਜਾ ਰਾਮ ਜੀ ਦੇ ਸਮੂਹ ਸੇਵਾਦਾਰ ਹਾਜ਼ਰ ਸਨ।

# ਸਨਮਤੀ ਵਿਮਲ ਜੈਨ ਸਕੂਲ ਜਗਰਾਓਂ ਵਿਖੇ ਤੀਜ ਦਾ ਤਿਉਹਾਰ ਮਨਾਇਆ




ਜਗਰਾਓਂ, 30 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਜਗਰਾਓਂ ਸ਼ਹਿਰ ਵਿੱਚ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਦੀ ਯੋਗ ਅਗਵਾਈ ਹੇਠ ਸਾਵਣ ਦੇ ਮਹੀਨੇ ਵਿੱਚ ਤੀਜ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ। ਇਸ ਮੌਕੇ ਜਿੱਥੇ ਪੀਂਘਾਂ ਝੂਟੀਆਂ ਅਤੇ ਖੀਰ-ਪੂੜੇ ਦੇ ਸਟਾਲ ਲਗਾਏ ਗਏ, ਉੱਥੇ ਹੀ ਵਿਦਿਆਰਥਣਾਂ ਵਿੱਚ ਮਿਸ ਤੀਜ ਮੁਕਾਬਲਾ ਅਤੇ ਮਹਿੰਦੀ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰਿੰਸੀਪਲ ਸੁਪ੍ਰਿਆ ਖੁਰਾਨਾ ਨੇ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਤੀਜ ਤਿਉਹਾਰ ਮਨਾਉਣਾ ਬਹੁਤ ਜ਼ਰੂਰੀ ਹੈ, ਜੋ ਸਾਡੇ ਪੁਰਾਣੇ ਵਿਰਸੇ ਦੀਆਂ ਯਾਦਾਂ ਨੂੰ ਤਾਜ਼ਾ ਕਰਦਾ ਹੈ ਅਤੇ ਬੱਚਿਆਂ ਨੂੰ ਸੱਭਿਆਚਾਰ ਨਾਲ ਜੋੜ ਕੇ ਉਹ ਅਜਿਹੇ ਤਿਉਹਾਰ ਮਨਾਉਣ ਲਈ ਉਤਸ਼ਾਹਿਤ ਹੁੰਦੇ ਹਨ। ਪ੍ਰਬੰਧਕ ਕਮੇਟੀ ਤੀਜ ਤਿਉਹਾਰ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸੀ ਅਤੇ ਪ੍ਰਿੰਸੀਪਲ ਮੈਡਮ ਨੂੰ ਵਧਾਈ ਦਿੱਤੀ। ਤੀਜ ਤਿਉਹਾਰ ਦੌਰਾਨ, ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਪੰਜਾਬੀ ਪਹਿਰਾਵਾ ਪਹਿਨਿਆ। ਪ੍ਰਿੰਸੀਪਲ ਸੁਪ੍ਰਿਆ ਖੁਰਾਨਾ ਨੇ ਕਿਹਾ ਕਿ ਅਸੀਂ ਸਕੂਲ ਵੱਲੋਂ ਹਰ ਸਾਲ ਤੀਜ ਤਿਉਹਾਰ ਮਨਾ ਕੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੇ ਯਤਨਾਂ ਦੀ ਸ਼ਲਾਘਾ ਕਰਦੇ ਹਾਂ, ਜੋ ਕਿ ਸਾਡੀ ਪੰਜਾਬੀ ਵਿਰਾਸਤ ਦਾ ਹਿੱਸਾ ਹੈ। ਇਸ ਮੌਕੇ 'ਤੇ ਹਰਸਿਮਰਨਜੀਤ ਕੌਰ ਮਿਸ ਤੀਜ ਵਜੋਂ ਚੁਣੀ ਗਈ ਵਿਦਿਆਰਥਣ ਅਤੇ ਮਹਿੰਦੀ ਮੁਕਾਬਲੇ ਵਿੱਚ ਜਿੱਤਣ ਵਾਲੀਆਂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਗਈ।

ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੇ ਕੁੜਤਾ ਪਜਾਮੇ ਦੇ ਨਾਲ-ਨਾਲ ਪੰਜਾਬੀ ਸੂਟ ਅਤੇ ਪੱਗਾਂ ਪਹਿਨੀਆਂ, ਜਿਸ ਕਾਰਨ ਸਕੂਲ ਦਾ ਮਾਹੌਲ ਪੰਜਾਬੀ ਸੱਭਿਆਚਾਰ ਵਿੱਚ ਬਦਲ ਗਿਆ। ਇਲਾਕੇ ਦੇ ਪਤਵੰਤਿਆਂ ਦੇ ਨਾਲ-ਨਾਲ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਤੀਜ ਤਿਉਹਾਰ ਦਾ ਆਨੰਦ ਮਾਣਿਆ। ਸਟੇਜ ਦੀ ਭੂਮਿਕਾ ਮੈਡਮ ਮਲਕੀਤ ਕੌਰ ਅਤੇ ਕੁਲਦੀਪ ਕੌਰ ਨੇ ਬਾਖ਼ੂਬੀ ਨਿਭਾਈ।

# ਭਾਈ ਦਵਿੰਦਰ ਸਿੰਘ ਖ਼ਾਲਸਾ ਨੂੰ ਜੈਕਾਰਿਆਂ ਦੀ ਗੂੰਜ 'ਚ ਕੀਤਾ ਸਨਮਾਨਤ

ਲੁਧਿਆਣਾ, 30 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਸੀ. ਆਰ. ਪੀ ਕਲੋਨੀ, ਦੁੱਗਰੀ, ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਪੰਥ ਪ੍ਰਚਾਰਕ ਤੇ ਗੁਰੂ ਘਰ ਦੇ ਕੀਰਤਨੀਏ ਭਾਈ ਦਵਿੰਦਰ ਸਿੰਘ ਖਾਲਸਾ (ਸੁਹਾਣੇ ਵਾਲਿਆਂ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਹਿੱਤ ਆਯੋਜਿਤ ਕੀਤੇ ਗਏ ਸਨਮਾਨ ਸਮਾਗਮ ਦੌਰਾਨ ਇਕੱਤਰ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬੈਨੀਪਾਲ ਨੇ ਕਿਹਾ ਪੰਥ ਪ੍ਰਚਾਰਕ ਤੇ ਗੁਰੂ ਘਰ ਦੇ ਕੀਰਤਨੀਏ ਭਾਈ ਦਵਿੰਦਰ ਸਿੰਘ ਖਾਲਸਾ (ਸੁਹਾਣੇ ਵਾਲਿਆਂ) ਵੱਲੋਂ ਮੌਜੂਦਾ ਸਮੇਂ ਅੰਦਰ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਿਭਾਈਆਂ ਜਾ ਰਹੀਆਂ ਵਡਮੁੱਲੀਆਂ ਸੇਵਾਵਾਂ ਸਮੁੱਚੇ ਪੰਥ ਲਈ ਪ੍ਰੇਰਨਾ ਦਾ ਸਰੋਤ ਹਨ । ਜਿਸ ਦੇ ਮੱਦੇਨਜ਼ਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਅੱਜ ਭਾਈ ਦਵਿੰਦਰ ਸਿੰਘ ਖਾਲਸਾ (ਸੁਹਾਣੇ ਵਾਲਿਆਂ) ਨੂੰ ਸਨਮਾਨਿਤ ਕਰਨ ਵਿੱਚ ਮਾਣ ਮਹਿਸੂਸ ਕਰ ਰਹੀਆਂ ਹਨ । ਇਸ ਦੌਰਾਨ ਉਨ੍ਹਾਂ ਨੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਮਹਾਨ ਗੁਰਮਤਿ ਸਮਾਗਮਾਂ ਦੀ ਆਰੰਭਤਾ ਲੜੀ ਦਾ ਰਸਮੀ ਤੌਰ 'ਤੇ ਐਲਾਨ ਵੀ ਕੀਤਾ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਹੋਣ ਵਾਲੇ ਯਾਦਗਾਰੀ ਗੁਰਮਤਿ ਸਮਾਗਮਾਂ ਅੰਦਰ ਉਹ ਆਪਣੀਆਂ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕਰਨ।

# ਪੰਜਾਬ 'ਚ ਭਾਜਪਾ ਨੂੰ ਤਕੜਾ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਕਰਨਗੇ ਵਿਸ਼ਾਲ ਰੈਲੀ



ਅੰਮ੍ਰਿਤਸਰ, 30 ਜੁਲਾਈ (ਚ.ਨ.ਸ.): ਪੰਜਾਬ 'ਚ ਭਾਜਪਾ ਨੂੰ ਹੋਰ ਵਧੇਰੇ ਤਕੜਾ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੰਮ੍ਰਿਤਸਰ 'ਚ ਵਿਸ਼ਾਲ ਰੈਲੀ ਕਰਨ ਦਾ ਐਲਾਨ ਕੀਤਾ ਹੈ। ਵਿਧਾਨ ਸਭਾ ਹਲਕਾ ਦੱਖਣੀ ਅੰਮ੍ਰਿਤਸਰ ਤੋਂ ਭਾਜਪਾ ਦੇ ਸੀਨੀਅਰ ਆਗੂ ਸਾਹਿਬ ਸਿੰਘ ਮੁੱਛਲ ਦੀ ਅਗਵਾਈ 'ਚ ਪਹੁੰਚੇ ਵਫਦ ਨਾਲ ਮੀਟਿੰਗ ਕਰਨ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰੈਲੀ ਕਰਨ ਦਾ ਐਲਾਨ ਕੀਤਾ। ਇਸ ਮੌਕੇ 'ਤੇ ਭਾਜਪਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਖਾਸ ਤੌਰ 'ਤੇ ਹਾਜ਼ਰ ਸਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਵਿਸ਼ਾਲ ਰੈਲੀ 6 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਕੀਤੀ ਜਾਵੇਗੀ, ਜਿਸ ਨੂੰ ਸਫਲ ਬਣਾਉਣ ਲਈ ਸਾਰੇ ਪ੍ਰਬੰਧ ਸਾਹਿਬ ਸਿੰਘ ਮੁੱਛਲ ਕਰਨਗੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 2027 'ਚ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣੇਗੀ, ਜਿਹੜੀ ਸੂਬੇ ਨੂੰ ਨਸ਼ਿਆਂ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਰੇਗੀ। ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਾਹਿਬ ਸਿੰਘ ਮੁੱਛਲ ਨੂੰ ਪਾਰਟੀ ਦੀ ਮਜ਼ਬੂਤੀ ਲਈ ਤਕੜੇ ਹੋ ਕੇ ਕੰਮ ਕਰਨ ਦਾ ਥਾਪੜਾ ਦਿੱਤਾ। ਇਸ ਸਮੇਂ ਰਘੁਬੀਰ ਸਿੰਘ ਛਿੰਦਾ ਜਗਰਾਵੀ ਵਾਲੇ, ਨਰਿੰਦਰ ਸਿੰਘ ਭੋਲਾ, ਮਨਿੰਦਰ ਸਿੰਘ, ਵਰਿੰਦਰ ਸਿੰਘ ਬਿੱਟੂ, ਰਾਜਨ ਅਰੋੜਾ, ਬਘੇਲ ਸਿੰਘ ਬਿੱਲਾ, ਸੁਖਵਿੰਦਰ ਸਿੰਘ ਲਾਡੀ, ਗੁਰਜੀਤ ਸਿੰਘ ਮਨੀ, ਦੀਪੂ ਸੁਨਿਆਰਾ, ਦਵਿੰਦਰ ਸਿੰਘ ਲਾਡੀ, ਬਲਬੀਰ ਸਿੰਘ ਕਾਲਾ, ਬਾਊ ਵਿਰਦੀ, ਅਮਰਜੀਤ ਸਿੰਘ ਮਾਹਣਾ, ਬਖਸ਼ੀਸ਼ ਸਿੰਘ, ਗੁਰਵਿੰਦਰਪਾਲ ਸਿੰਘ ਤੇ ਹੋਰ ਵੀ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ।

# ਪ੍ਰੇਮ ਵਿਆਹ ਕਰਵਾਉਣ 'ਤੇ ਪੰਚਾਇਤ ਨੇ ਲੜਕੇ ਤੇ ਪਰਿਵਾਰ ਨੂੰ ਘਰੋਂ ਕੱਢਿਆ

**☛ ਪਰਿਵਾਰ ਸੜਕ 'ਤੇ ਰਾਤਾਂ ਬਿਤਾਉਣ ਲਈ ਮਜਬੂਰ**

ਮੋਗਾ, 30 ਜੁਲਾਈ (ਚ.ਨ.ਸ.): ਇਥੇ ਥਾਣਾ ਸਦਰ ਅਧੀਨ ਪਿੰਡ ਘੱਲ ਕਲਾਂ ਦੀ ਪੰਚਾਇਤ ਵੱਲੋਂ ਪ੍ਰੇਮ ਵਿਆਹ ਦੀ ਲੜਕੀ ਦੇ ਪਰਿਵਾਰ ਨੂੰ ਅਨੋਖੀ ਸਜ਼ਾ ਦਿੱਤੀ ਗਈ। ਲੜਕੇ ਦੇ ਪਰਿਵਾਰ ਦੇ ਘਰ ਨੂੰ ਤਾਲਾ ਲਗਾ ਕੇ ਪਿੰਡ ਤੋਂ ਬਾਹਰ ਕੱਢ ਦੇਣ ਨਾਲ ਪੂਰਾ ਪਰਿਵਾਰ ਸੜਕ 'ਤੇ ਰਾਤਾਂ ਬਿਤਾਉਣ ਲਈ ਮਜਬੂਰ ਹਨ। ਜਾਣਕਾਰੀ ਅਨੁਸਾਰ ਪੰਚਾਇਤ ਨੇ ਇੱਕ ਮਤਾ ਪਾਸ ਕੀਤਾ ਸੀ ਕਿ ਜੇ ਪਿੰਡ ਦਾ ਕੋਈ ਵੀ ਲੜਕਾ ਜਾਂ ਲੜਕੀ ਪ੍ਰੇਮ ਵਿਆਹ ਕਰਦਾ ਹੈ, ਤਾਂ ਉਨ੍ਹਾਂ ਨੂੰ ਪਿੰਡ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪਿੰਡ ਘੱਲ ਕਲਾਂ ਵਾਸੀ ਅਨੁਸੂਚਿਤ ਜਾਤੀ ਪਰਿਵਾਰ ਨਾਲ ਸਬੰਧਤ ਮੁਖਿਆਰ ਸਿੰਘ ਦੇ ਨੌਜਵਾਨ ਨੇ ਇਸੇ ਵਰ੍ਹੇ 5 ਮਈ ਨੂੰ ਪ੍ਰੇਮ ਵਿਆਹ ਕਰਵਾਇਆ ਸੀ। ਲੜਕਾ ਪਰਿਵਾਰ ਦਾ ਦੋਸ਼ ਹੈ ਕਿ ਲੜਕੀ ਦੇ ਪਰਿਵਾਰ ਅਤੇ ਕੁਝ ਹੋਰ ਲੋਕਾਂ ਨੇ ਮਿਲ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਅਤੇ ਘਰ ਨੂੰ ਤਾਲਾ ਲਗਾ ਦਿੱਤਾ ਅਤੇ ਉਨ੍ਹਾਂ ਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਗਿਆ। ਲੜਕੇ ਦੀ ਮਾਂ ਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਲੜਕੇ ਦੀ ਮਾਂ ਨੇ ਦੱਸਿਆ ਕਿ ਉਹ ਸਰਕਾਰੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਉਸ ਦਾ ਪਤੀ ਅਤੇ ਛੋਟਾ ਪੁੱਤਰ ਸੜਕ 'ਤੇ ਸੌਂ ਰਹੇ ਹਨ। ਉਧਰ, ਥਾਣਾ ਸਦਰ ਮੁਖੀ ਗੁਰਸੇਵਕ ਸਿੰਘ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਥਾਣੇ ਸੱਦਿਆ ਗਿਆ ਹੈ ਅਤੇ ਆਹਮੋ ਸਾਹਮਣੇ ਗੱਲ ਕਰਵਾਈ ਜਾਵੇਗੀ। ਪਿੰਡ ਦੇ ਮੋਹਤਬਰਾਂ ਦੇ ਦਖ਼ਲ ਨਾਲ ਉਮੀਦ ਹੈ ਕਿ ਮਾਮਲਾ ਖ਼ਤਮ ਹੋ ਜਾਵੇਗਾ।

# ਡੋਨਾਲਡ ਟਰੰਪ ਨੇ ਗੁਰਪਤਵੰਤ ਸਿੰਘ ਪੰਨੂੰ ਨੂੰ ਲਿਖੀ ਚਿੱਠੀ! ਸੋਸ਼ਲ ਮੀਡੀਆ 'ਤੇ ਹੋ ਰਹੀ ਵਾਇਰਲ



ਵਾਸ਼ਿੰਗਟਨ/ਨਿਊਯਾਰਕ, 30 ਜੁਲਾਈ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਵੱਲੋਂ ਭਾਰਤ ਵੱਲੋਂ ਪਾਬੰਦੀਸ਼ੁਦਾ ਐਲਾਨੇ ਗਏ ਸੰਗਠਨ ਸਿੱਖਸ ਫਾਰ ਜਸਟਿਸ ਦੇ ਅਟਾਰਨੀ ਜਨਰਲ ਗੁਰਪਤਵੰਤ ਸਿੰਘ ਪੰਨੂੰ ਨੂੰ ਲਿਖੀ ਚਿੱਠੀ ਨੇ ਅੰਤਰਰਾਸ਼ਟਰੀ ਰਾਜਨੀਤਿਕ ਮੰਚ ਉੱਤੇ ਇਕ ਨਵੀਂ ਚਰਚਾ ਦੀ ਸ਼ੁਰੂਆਤ ਕਰ ਦਿੱਤੀ ਹੈ। ਇਹ ਚਿੱਠੀ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ। ਹਾਲਾਂਕਿ ਅਖ਼ਬਾਰ ਇਸ ਚਿੱਠੀ ਦੀ ਪੁਸ਼ਟੀ ਨਹੀਂ ਕਰਦਾ। ਇਹ ਚਿੱਠੀ ਵ੍ਹਾਈਟ ਹਾਊਸ ਦੇ ਲੈਟਰਹੈੱਡ 'ਤੇ 24 ਜੁਲਾਈ 2025 ਨੂੰ ਜਾਰੀ ਕੀਤੀ ਗਈ ਹੈ, ਜਿਸ 'ਚ ਟਰੰਪ ਨੇ ਪੰਨੂ ਵੱਲੋਂ ਭੇਜੇ ਗਏ ਵਿਚਾਰਾਂ ਦਾ ਧੰਨਵਾਦ ਕੀਤਾ। ਪੰਨੂ ਨੇ ਲਿਖੀ ਚਿੱਠੀ ਚਿੱਠੀ ਵਿਚ ਟਰੰਪ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਵਿਦੇਸ਼ ਮਦਦ ਅਤੇ ਵਿਦੇਸ਼ ਮੰਤਰਾਲੇ ਦੇ ਢਾਂਚੇ ਦੀ ਸਮੀਖਿਆ ਕਰਨ ਦੇ ਆਦੇਸ਼ ਦਾ ਵੀ ਹਵਾਲਾ ਦਿੱਤਾ। ਇਨ੍ਹਾਂ ਨੀਤੀਆਂ ਦੀ ਪਿੱਠਭੂਮੀ 'ਚ ਟਰੰਪ ਨੇ ਅਮਰੀਕਾ ਦੇ ਰਾਸ਼ਟਰਹਿਤ, ਨਾਗਰਿਕਾਂ ਦੀ ਸੁਰੱਖਿਆ ਅਤੇ ਮੁੱਲਾਂ ਦੀ ਰੱਖਿਆ ਨੂੰ ਪਹਿਲ ਦਿੱਤੀ। ਚਿੱਠੀ ਵਿਚ ਲਿਖਿਆ ਗਿਆ ਹੈ ਕਿ ਅਮਰੀਕਾ ਮਜ਼ਬੂਤ ਹੁੰਦਾ ਹੈ ਤਾਂ ਸੰਸਾਰ ਵੀ ਜ਼ਿਆਦਾ ਸੁਰੱਖਿਅਤ ਅਤੇ ਖੁਸ਼ਹਾਲ ਹੁੰਦਾ ਹੈ। ਚਿੱਠੀ ਵਿਚ ਕਿਹਾ ਗਿਆ ਹੈ ਕਿ ਕਾਰਜਕਾਲ ਦੇ ਪਹਿਲੇ ਦਿਨ ਉਨ੍ਹਾਂ ਨੇ ਇਕ ਆਦੇਸ਼ ਜਾਰੀ ਕੀਤਾ ਸੀ, ਜਿਸ ਰਾਹੀਂ ਵਿਦੇਸ਼ ਮੰਤਰੀ ਨੂੰ ਹੁਕਮ ਦਿੱਤਾ ਕਿ ਸਾਰੇ ਨੀਤੀਆਂ, ਪ੍ਰੋਗਰਾਮ ਅਤੇ ਖਰਚੇ ਅਮਰੀਕਾ ਦੇ ਹਿੱਤਾਂ ਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਕੀਤੇ ਜਾਣ। ਵਿਦੇਸ਼ੀ ਮਦਦ 'ਤੇ 90 ਦਿਨਾਂ ਦੀ ਰੋਕ ਲਾਈ ਗਈ ਤਾਂ ਜੋ ਟੈਕਸ ਪੇਅਰਾਂ ਦੀ ਰਕਮ ਦਾ ਪੁਨਰਵਿਚਾਰ ਕੀਤਾ ਜਾ ਸਕੇ। ਸੈਨਾ ਨੂੰ ਆਧੁਨਿਕ ਬਣਾਉਣ, ਗਠਜੋੜ ਮਜ਼ਬੂਤ ਕਰਨ ਅਤੇ ਨਵੀਂ ਮਿਜ਼ਾਇਲ ਸਿਸਟਮ ਲਾਗੂ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਨੇ ਅਮਰੀਕਾ ਦੀ ਊਰਜਾ ਯੋਗਤਾ ਨੂੰ ਮੁੜ-ਮਜ਼ਬੂਤ ਕਰਨ ਦੀ ਗੱਲ ਵੀ ਕੀਤੀ। ਅਮਰੀਕੀ ਕਾਮਿਆਂ, ਕਿਸਾਨਾਂ ਅਤੇ ਉਦਯੋਗਾਂ ਲਈ ਨਿਆਂਪੂਰਨ ਮੌਕਿਆਂ ਨੂੰ ਯਕੀਨੀ ਬਣਾਉਣ ਦੀ ਗੱਲ ਕੀਤੀ ਗਈ ਹੈ। ਵਿਦੇਸ਼ੀ ਨਿਰਭਰਤਾ ਨੂੰ ਘਟਾਉਣ ਅਤੇ ਅਮਰੀਕਾ ਵਿਚ ਉਤਪਾਦਨ ਵਧਾਉਣ ਦੀ ਯੋਜਨਾ 'ਤੇ ਕੰਮ ਜਾਰੀ ਹੈ।

# ਅਵਾਰਾ ਕੁੱਤਿਆਂ ਨੇ ਨਾਬਾਲਗ ਦੇ ਸਿਰ ਦੇ ਅੱਧੇ ਹਿੱਸੇ ਦੀ ਚਮੜੀ ਉਧੇੜੀ



ਅੰਬਾਲਾ, 30 ਜੁਲਾਈ (ਚ.ਨ.ਸ.): ਇੱਥੋਂ ਦੇ ਟੋਬਾ ਪਿੰਡ ਵਿੱਚ 10 ਕੁੱਤਿਆਂ ਨੇ ਗਲੀ ਵਿੱਚ ਖੇਡ ਰਹੇ ਸੱਤ ਸਾਲਾ ਬੱਚੇ ਨੂੰ ਜ਼ਖ਼ਮੀ ਕਰ ਦਿੱਤਾ। ਬੱਚੇ ਦੇ ਸਰੀਰ 'ਤੇ ਕੁੱਤਿਆਂ ਦੇ ਵੱਢਣ ਦੇ ਕਰੀਬ 40 ਜ਼ਖ਼ਮ ਹਨ। ਬੱਚੇ ਦੀ ਮਾਂ ਨੇ ਦੱਸਿਆ ਕਿ ਉਸ ਦੇ ਤਿੰਨ ਬੱਚੇ ਹਨ ਅਤੇ ਪਤੀ ਦੀ ਮੌਤ ਹੋ ਚੁੱਕੀ ਹੈ। ਉਸ ਦਾ ਪੁੱਤਰ ਅਭਿਰਾਜ (7) ਗੁਆਂਢੀਆਂ ਦੇ ਘਰ ਸਾਲ ਦੇ ਬੱਚਿਆਂ ਨਾਲ ਗਲੀ ਵਿੱਚ ਖੇਡ ਰਿਹਾ ਸੀ। ਇਸ ਦੌਰਾਨ ਕੁੱਤਿਆਂ ਨੇ ਹਮਲਾ ਕਰ ਦਿੱਤਾ। ਗੁਆਂਢੀਆਂ ਦਾ ਬੱਚਾ ਸਾਈਕਲ 'ਤੇ ਚੜ੍ਹ ਕੇ ਭੱਜ ਗਿਆ। ਕੁੱਤਿਆਂ ਨੇ ਉਸ ਦੇ ਪੁੱਤਰ 'ਤੇ ਹਮਲਾ ਕਰਕੇ ਸਿਰ ਦੇ ਅੱਧੇ ਹਿੱਸੇ ਦੀ ਚਮੜੀ ਉਧੇੜ ਦਿੱਤੀ। ਬੱਚੇ ਦੀਆਂ ਚੀਕਾਂ ਸੁਣ ਕੇ ਪਿੰਡ ਵਾਸੀਆਂ ਨੇ ਡੰਡਿਆਂ ਤੇ ਪੱਥਰਾਂ ਨਾਲ ਕੁੱਤਿਆਂ ਨੂੰ ਭਜਾਇਆ। ਬੱਚੇ ਨੂੰ ਪਹਿਲਾਂ ਅੰਬਾਲਾ ਛਾਉਣੀ ਦੇ ਸਿਵਲ ਹਸਪਤਾਲ ਮਗਰੋਂ ਚੰਡੀਗੜ੍ਹ ਮੈਡੀਕਲ ਕਾਲਜ ਦੇ ਆਈਸੀਯੂ ਵਿੱਚ ਦਾਖ਼ਲ ਕਰਵਾਇਆ ਗਿਆ। ਉਸ ਨੇ ਦੱਸਿਆ ਕਿ ਸਿਰ ਦੇ ਅਪਰੇਸ਼ਨ ਦੇ ਨਾਲ ਅਭਿਰਾਜ ਦੀ ਪਲਾਸਟਿਕ ਸਰਜਰੀ ਵੀ ਕੀਤੀ ਜਾਵੇਗੀ।

# ਰਿਮਟ ਯੂਨੀਵਰਸਿਟੀ ਨੇ ਜੀਵੰਤ ਤੀਜ ਤਿਉਹਾਰ ਮਨਾਇਆ



ਮੰਡੀ ਗੋਬਿੰਦਗੜ੍ਹ, 30 ਜੁਲਾਈ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਕੈਂਪਸ ਵਿੱਚ ਜੀਵੰਤ ਜਸ਼ਨਾਂ ਨਾਲ ਤੀਜ ਦੇ ਖੁਸ਼ੀ ਭਰੇ ਮੌਕੇ ਨੂੰ ਮਨਾਇਆ ਜੋ ਕਿ ਤਿਉਹਾਰ, ਪਰੰਪਰਾ ਅਤੇ ਔਰਤ ਹੋਣ ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਹ ਸਮਾਗਮ ਸੱਭਿਆਚਾਰਕ ਕਲੱਬ ਅਤੇ ਫਾਈਨ ਆਰਟਸ ਕਲੱਬ ਦੁਆਰਾ ਵਿਦਿਆਰਥੀ ਭਲਾਈ ਵਿਭਾਗ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਵਿਦਿਆਰਥੀਆਂ ਨੇ ਇੱਕ ਜੀਵੰਤ ਰੰਗੋਲੀ ਮੇਲਾ ਪੇਸ਼ ਕੀਤਾ ਜਿਸ ਉਪਰੰਤ ਉਤਸ਼ਾਹਜਨਕ ਗਿੱਧਾ ਅਤੇ ਸੁਰੀਲੇ ਲੋਕ ਗੀਤਾਂ ਸਮੇਤ ਰਵਾਇਤੀ ਪ੍ਰਦਰਸ਼ਨਾਂ ਦੀ ਲੜੀ ਪੇਸ਼ ਕੀਤੀ ਗਈ। ਇਹ ਸਮਾਗਮ ਵਿਦਿਆਰਥੀਆਂ ਅਤੇ ਫੈਕਲਟੀ ਦੋਵਾਂ ਲਈ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੁੜਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਸੀ ਅਤੇ ਪੰਜਾਬੀ ਅਤੇ ਉੱਤਰੀ ਭਾਰਤੀ ਸੱਭਿਆਚਾਰ ਦੀਆਂ ਅਮੀਰ ਪਰੰਪਰਾਵਾਂ ਨੂੰ ਉਜਾਗਰ ਕਰਦਾ ਸੀ। ਮਹਿਲਾ ਫੈਕਲਟੀ ਮੈਂਬਰਾਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ, ਰਵਾਇਤੀ ਨਾਚ ਪੇਸ਼ ਕੀਤੇ। ਇਸ ਮੌਕੇ ਮਿਸ ਪੰਜਾਬਣ ਮੁਕਾਬਲੇ ਕਰਵਾਏ ਗਏ, ਜਿਸ ਵਿਚ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਐਂਡ ਕਾਮਰਸ ਦੀ ਬੀ ... ਜਯੋਤਸਨਾ ਸ਼ਰਮਾ ਨੇ 'ਮਿਸ ਪੰਜਾਬਣ' ਦਾ ਖਿਤਾਬ ਜਿੱਤਿਆ। ਕੈਂਪਸ ਰੰਗੀਨ ਸਜਾਵਟ, ਫੁੱਲਾਂ ਦੇ ਪ੍ਰਬੰਧ, ਝੂਲਿਆਂ ਅਤੇ ਨਸਲੀ ਰੂਪਾਂ ਨਾਲ ਸਜਾਇਆ ਗਿਆ। ਮਹਿੰਦੀ ਦੇ ਸਟਾਲਾਂ ਅਤੇ ਰਵਾਇਤੀ ਭੋਜਨ ਕਾਊਂਟਰਾਂ ਨੇ ਸੱਭਿਆਚਾਰਕ ਅਨੁਭਵ ਨੂੰ ਹੋਰ ਵਧਾਇਆ।

# ਜਲੰਧਰ ਸਿਵਲ ਹਸਪਤਾਲ 'ਚ ਹੋਈਆਂ 3 ਮੌਤਾਂ ਦੇ ਮਾਮਲੇ ਦੀ ਰਿਪੋਰਟ ਤਿਆਰ, ਵੱਡੇ ਅਧਿਕਾਰੀਆਂ 'ਤੇ ਡਿੱਗੇਗੀ ਗਾਜ਼

ਜਲੰਧਰ, 30 ਜੁਲਾਈ (ਚ.ਨ.ਸ.): ਜਲੰਧਰ ਦੇ ਸਿਵਲ ਹਸਪਤਾਲ 'ਚ 2 ਦਿਨ ਪਹਿਲਾਂ ਆਕਸੀਜਨ ਨਾ ਮਿਲਣ ਕਾਰਨ 3 ਮਰੀਜ਼ਾਂ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਸਿਵਲ ਹਸਪਤਾਲ 'ਚ ਕਾਫ਼ੀ ਹੰਗਾਮਾ ਕੀਤਾ ਸੀ ਅਤੇ ਜਲਦੀ ਵਿਚ ਸਿਵਲ ਹਸਪਤਾਲ ਦੇ ਅਧਿਕਾਰੀਆਂ ਵੱਲੋਂ 9 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਬਾਅਦ ਸਿਹਤ ਮੰਤਰੀ ਬਲਬੀਰ ਸਿੰਘ ਦੇਰ ਰਾਤ ਸਿਵਲ ਹਸਪਤਾਲ ਪਹੁੰਚੇ ਸਨ। ਇਸ ਤੋਂ ਬਾਅਦ ਮੰਤਰੀ ਬਲਬੀਰ ਸਿੰਘ ਨੇ 9 ਮੈਂਬਰੀ ਕਮੇਟੀ ਨੂੰ ਖ਼ਤਮ ਕਰ ਦਿੱਤਾ ਸੀ ਅਤੇ ਚੰਡੀਗੜ੍ਹ ਦੀ ਟੀਮ ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਸੀ। ਹੁਣ ਸਿਹਤ ਮੰਤਰੀ ਵੱਲੋਂ ਕੀਤੀ ਜਾਂਚ ਦੀ ਮਿਆਦ ਖ਼ਤਮ ਹੋ ਗਈ ਹੈ ਪਰ ਜਾਂਚ ਰਿਪੋਰਟ ਅਜੇ ਤੱਕ ਨਹੀਂ ਆਈ ਹੈ। ਸੂਤਰਾਂ ਅਨੁਸਾਰ ਜਾਂਚ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਆਕਸੀਜਨ ਪਲਾਂਟ 'ਤੇ ਲੱਗੇ ਕੇ ਉਸ ਨੂੰ ਮੰਗਵਾਉਣ ਤੱਕ ਦਾ ਕੰਮ ਇਕ ਨਾਨ ਟੈਕਨੀਕਲ ਕਰਮਚਾਰੀ ਕਰਦਾ ਸੀ, ਜਿਸ ਨੂੰ ਇਸ ਕੰਮ ਦੀ ਕੋਈ ਸਮਝ ਨਹੀਂ ਸੀ। ਇਸ ਤੋਂ ਇਲਾਵਾ ਆਕਸੀਜਨ ਪਲਾਂਟ 'ਤੇ ਸੈਂਸਰ ਅਲਾਰਮ ਵੀ ਇਕ ਮਹੀਨੇ ਤੋਂ ਕੰਮ ਨਹੀਂ ਕਰ ਰਿਹਾ ਸੀ, ਜਿਸ 'ਤੇ ਕਿਸੇ ਅਧਿਕਾਰੀ ਦਾ ਧਿਆਨ ਨਹੀਂ ਗਿਆ। ਸੂਤਰਾਂ ਨੇ ਦੱਸਿਆ ਕਿ ਚੰਡੀਗੜ੍ਹ ਦੀ ਟੀਮ ਮਾਮਲੇ ਦੀ ਰਿਪੋਰਟ ਤਿਆਰ ਕਰ ਚੁੱਕੀ ਹੈ ਅਤੇ ਕਿਸੇ ਵੀ ਸਮੇਂ ਵੱਡੇ ਅਧਿਕਾਰੀਆਂ 'ਤੇ ਗਾਜ਼ ਡਿੱਗ ਸਕਦੀ ਹੈ। **ਮਾਮਲਾ ਹਾਈਕੋਰਟ ਪਹੁੰਚਿਆ, ਸੁਣਵਾਈ ਅੱਜ:** ਜਲੰਧਰ ਦੇ ਆਰ.ਟੀ.ਆਈ. ਕਾਰਕੁੰਨ ਸਿਮਰਨਜੀਤ ਸਿੰਘ ਨੇ ਇਸ ਮਾਮਲੇ ਨੂੰ ਹਾਈਕੋਰਟ ਪਹੁੰਚਾ ਦਿੱਤਾ ਹੈ, ਉਨ੍ਹਾਂ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕਰਦੇ ਹੋਏ ਪਟੀਸ਼ਨ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ ਅੱਜ ਹੋਵੇਗੀ। ਸਿਮਰਨਜੀਤ ਸਿੰਘ ਨੇ ਕਿਹਾ ਕਿ ਬੀਮਾਰ ਹੋਕੇ ਸਿਵਲ ਹਸਪਤਾਲ ਵਿਚ ਇਸ ਉਮੀਦ ਨਾਲ ਇਲਾਜ ਲਈ ਆਉਂਦੇ ਹਨ ਕਿ ਡਾਕਟਰ ਉਨ੍ਹਾਂ ਨੂੰ ਠੀਕ ਕਰ ਦੇਣਗੇ ਪਰ ਜਲੰਧਰ ਦੇ ਸਿਵਲ ਹਸਪਤਾਲ ਵਿਚ ਮਰੀਜ਼ਾਂ ਨੂੰ ਮਾਰ ਦਿੱਤਾ ਜਾਂਦਾ ਹੈ।

# ਦੇਸ਼ ਭਗਤ ਯੂਨੀਵਰਸਿਟੀ ਦੀ ਐੱਨ.ਸੀ.ਸੀ. ਯੂਨਿਟ ਵੱਲੋਂ ਕਾਰਗਿਲ ਨਾਇਕਾਂ ਨੂੰ ਸ਼ਰਧਾਂਜਲੀ ਭੇਟ




ਮੰਡੀ ਗੋਬਿੰਦਗੜ੍ਹ, 30 ਜੁਲਾਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੀ ਐਨਸੀਸੀ ਯੂਨਿਟ ਨੇ 1999 ਦੇ ਕਾਰਗਿਲ ਯੁੱਧ ਦੌਰਾਨ ਭਾਰਤੀ ਸੈਨਿਕਾਂ ਦੀ ਬਹਾਦਰੀ ਅਤੇ ਸਰਵਉੱਚ ਕੁਰਬਾਨੀ ਦਾ ਸਨਮਾਨ ਕਰਦੇ ਹੋਏ ਕਾਰਗਿਲ ਵਿਜੇ ਦਿਵਸ ਮਨਾਉਣ ਲਈ ਇੱਕ ਸਮਾਗਮ ਕੀਤਾ, ਜਿਸ ਦਾ ਉਦੇਸ਼ ਕੈਡਿਟਾਂ ਤੇ ਵਿਆਪਕ ਯੂਨੀਵਰਸਿਟੀ ਭਾਈਚਾਰੇ ਵਿੱਚ ਹਥਿਆਰਬੰਦ ਸੈਨਾਵਾਂ ਪ੍ਰਤੀ ਦੇਸ਼ ਭਗਤੀ, ਹਿੰਮਤ ਤੇ ਸ਼ਰਧਾ ਦੀ ਭਾਵਨਾ ਪੈਦਾ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਕਾਰਗਿਲ ਨਾਇਕਾਂ ਨੂੰ ਫੁੱਲਾਂ ਦੀ ਭੇਟ ਨਾਲ ਹੋਈ, ਜਿਸਦੀ ਅਗਵਾਈ ਪ੍ਰੋ. (ਡਾ.) ਅਮਰਜੀਤ ਸਿੰਘ ਪ੍ਰੋ-ਵਾਈਸ ਚਾਂਸਲਰ (ਅਕਾਦਮਿਕ) ਨੇ ਕੀਤੀ। ਇਸ ਮੌਕੇ ਰਜਿਸਟਰਾਰ ਡਾ. ਸੁਰਿੰਦਰ ਕਪੂਰ ਤੇ ਪਤਵੰਤੇ ਸ਼ਾਮਲ ਸਨ। ਬਾਅਦ ਵਿਚ ਐਨਸੀਸੀ ਕੈਡਿਟਾਂ ਨੇ ਸਮਕਾਲੀ ਡ੍ਰਿਲ ਪ੍ਰਦਰਸ਼ਨੀ ਕੀਤੀ ਜੋ ਅਨੁਸ਼ਾਸਨ, ਏਕਤਾ ਅਤੇ ਸਮਰਪਣ ਨੂੰ ਦਰਸਾਉਂਦੀ ਹੈ। ਇਸ ਮੌਕੇ ਪ੍ਰੋ. (ਡਾ.) ਅਮਰਜੀਤ ਸਿੰਘ ਨੇ ਕਾਰਗਿਲ ਵਿਜੇ ਦਿਵਸ ਦੀ ਮਹੱਤਤਾ ਤੇ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਭਾਵਨਾ ਨੂੰ ਉਜਾਗਰ ਕੀਤਾ। ਉਨ੍ਹਾਂ ਕਾਰਗਿਲ ਯੁੱਧ ਤੇ ਬਹਾਦਰੀ ਦੀਆਂ ਕਹਾਣੀਆਂ ਸੁਣਾਈਆਂ ਅਤੇ ਕੈਡਿਟਾਂ ਨੂੰ ਫਰਜ਼, ਅਨੁਸ਼ਾਸਨ ਅਤੇ ਰਾਸ਼ਟਰ ਪ੍ਰਤੀ ਸਮਰਪਣ ਦੇ ਮੂਲ ਮੁੱਲਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ। ਅੰਤ ਵਿਚ ਐਨਸੀਸੀ ਅਫਸਰ-ਇਨ-ਚਾਰਜ ਲੈਫਟੀਨੈਂਟ ਤਾਬਿਸ਼ ਅਲੀ ਤੇ ਏਐਨਓ ਚਮਨਪ੍ਰੀਤ ਨੇ ਧੰਨਵਾਦ ਕੀਤਾ ਤੇ ਬਾਅਦ ਵਿਚ ਰਿਫਰੈਸ਼ਮੈਂਟ ਦਿੱਤੀ ਗਈ।

# ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ 31 ਪਿੰਡਾਂ 'ਚ ਬਣਨਗੇ ਮਾਡਲ ਖੇਡ ਮੈਦਾਨ: ਵਿਧਾਇਕ ਦਹੀਯਾ



ਫ਼ਿਰੋਜ਼ਪੁਰ, 30 ਜੁਲਾਈ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵੱਡਾ ਕਦਮ ਪੁੱਟਦੇ ਹੋਏ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ 31 ਪਿੰਡਾਂ ਦੇ ਵਿੱਚ 10 ਕਰੋੜ 96 ਲੱਖ 42 ਹਜ਼ਾਰ (ਕਰੀਬ 11 ਕਰੋੜ) ਰੁਪਏ ਦੀ ਲਾਗਤ ਨਾਲ ਮਾਡਲ ਖੇਡ ਮੈਦਾਨ ਬਣਾਏ ਜਾਣਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਰਜਨੀਸ਼ ਕੁਮਾਰ ਦਹੀਯਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਪੱਧਰ 'ਤੇ 13 ਹਜ਼ਾਰ ਅਤਿ-ਆਧੁਨਿਕ ਖੇਡ ਮੈਦਾਨਾਂ ਦੀ ਉਸਾਰੀ ਦੀ ਘੋਸ਼ਣਾ ਕੀਤੀ ਗਈ ਹੈ, ਜਿਸ ਦੇ ਪਹਿਲੇ ਪੜ੍ਹਾਅ ਅਧੀਨ 3083 ਅਜਿਹੇ ਖੇਡ ਮੈਦਾਨਾਂ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਰੋੜਾਂ ਰੁਪਏ ਦੀ ਰਾਸ਼ੀ ਦੇ ਨਾਲ ਮਾਡਲ ਖੇਡ ਮੈਦਾਨ ਤਿਆਰ ਕੀਤੇ ਜਾਣਗੇ ਤਾਂ ਜੋ ਨੌਜਵਾਨ ਆਪਣਾ ਧਿਆਨ ਖੇਡਾਂ ਵੱਲ ਲਗਾ ਸਕਣ। ਵਿਧਾਇਕ ਦਹੀਯਾ ਨੇ ਦੱਸਿਆ ਕਿ ਪਿੰਡ ਚੰਦੜ ਵਿਖੇ 44.02 ਲੱਖ, ਫਰੀਦੇਵਾਲਾ 24 ਲੱਖ, ਲੋਹਾਮ 21.07, ਖਵਾਜਾ ਖੜਕ ਵਿਖੇ 30.50 ਲੱਖ, ਭਾਲਾ ਫਰਾਇਆ ਮੱਲ ਵਿਖੇ 31.02 ਲੱਖ, ਭਾਂਗਰ ਵਿਖੇ 45.63 ਲੱਖ, ਹਰਾਜ ਵਿਖੇ 46.54, ਜਵਾਹਰ ਸਿੰਘ ਵਾਲਾ 18.31 ਲੱਖ, ਕਾਦਾ ਬੋੜਾ ਵਿਖੇ 45.02, ਲੱਲ੍ਹੇ 41.03 ਲੱਖ, ਮੱਲਵਾਲ ਕਦੀਮ ਵਿਖੇ 40.70 ਲੱਖ, ਮਾਣਾ ਸਿੰਘ ਵਾਲਾ 29.16, ਫਿੱਡੇ ਵਿਖੇ 43.14, ਰੁਕਨਾ ਬੇਗੂ 47.16, ਸ਼ੇਰਖਾਂ ਵਿਖੇ 48.51 ਲੱਖ, ਸੁਲਹਾਣੀ ਵਿਖੇ 31.36 ਲੱਖ, ਸੁਰ ਸਿੰਘ ਵਾਲਾ 23.39 ਲੱਖ, ਠੇਠਰ ਕਲਾਂ 32.45 ਲੱਖ, ਤੂਤ ਵਿਖੇ 35.67 ਲੱਖ, ਉਗੋਕੇ 44.47 ਲੱਖ, ਵਾੜਾ ਜਵਾਹਰ ਸਿੰਘ ਵਾਲਾ 23.15 ਲੱਖ, ਮੱਲਾ ਰਹਿਮੇ ਕੇ 30.48 ਲੱਖ, ਚੱਕ ਦੋਨਾ ਰਹੀਮੇ ਕੇ 27.31 ਲੱਖ, ਕੋਠੇ ਕਿੱਲੀ ਵਾਲੇ 21.01 ਲੱਖ, ਚੱਕ ਭੰਗੇ ਵਾਲਾ 37.88 ਲੱਖ, ਲਖਮੀਰ ਕੇ ਹਿਠਾੜ 17.08 ਲੱਖ, ਬੇਟੂ ਕਦੀਮ 55.07 ਲੱਖ, ਬੂਟੇ ਵਾਲਾ 46.10 ਲੱਖ, ਧੀਰਾ ਪੱਤਰਾ 51.89 ਲੱਖ, ਝੋਕ ਹਰੀਹਰ 42.21 ਲੱਖ, ਮੋਹਰੇ ਵਾਲਾ 19.68 ਲੱਖ ਰੁਪਏ ਦੀ ਲਾਗਤ ਦੇ ਨਾਲ ਮਾਡਲ ਖੇਡ ਸਟੇਡੀਅਮ ਬਣਾਏ ਜਾਣਗੇ। ਵਿਧਾਇਕ ਦਹੀਯਾ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖੇਡਾਂ ਵੱਲ ਧਿਆਨ ਦੇਣ ਅਤੇ ਨਸ਼ਿਆਂ ਦੇ ਖਾਤਮੇ ਦੇ ਲਈ ਇਕਜੁੱਟ ਹੋ ਕੇ ਮਾਨ ਸਰਕਾਰ ਦਾ ਸਾਥ ਦੇਣ।

# ਸ਼੍ਰੀ ਬਜਰੰਗ ਭਵਨ ਮੰਦਰ 'ਚ ਮਨਾਇਆ ਤੀਆਂ ਦਾ ਤਿਉਹਾਰ



ਜ਼ੀਰਾ, 30 ਜੁਲਾਈ (ਦੀਪਕ ਭਾਰਗੋ): ਸਾਵਨ ਦੇ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਬਹੁਤ ਹੀ ਮਹੱਤਵ ਰੱਖਦਾ ਹੈ ਤੇ ਇਸ ਦਿਨ ਬੀਬੀਆਂ ਭੈਣਾਂ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਹਨ ਪ੍ਰੰਤੂ ਸ਼੍ਰੀ ਬਜਰੰਗ ਭਵਨ ਮੰਦਰ ਜ਼ੀਰਾ ਦੀ ਕੀਰਤਨ ਕਮੇਟੀ ਵੱਲੋਂ ਮੰਦਰ ਵਿੱਚ ਅਲੱਗ ਅਲੱਗ ਤਰ੍ਹਾਂ ਦੇ ਭਜਨ ਗਾਏ ਤੇ ਉਹਨਾਂ ਦੇ ਉੱਪਰ ਨਾਚ ਗਿੱਧਾ ਕੀਤਾ। ਇਸ ਮੌਕੇ ਕਮੇਟੀ ਮੈਂਬਰ ਸੱਜ ਧੱਜ ਕੇ ਪਹੁੰਚੇ। ਇਸ ਮੌਕੇ ਸੰਤੋਸ਼ ਰਾਣੀ, ਕਮਲਾ ਰਾਣੀ, ਸੁਨੀਤਾ, ਰੰਜਨਾ ਉਪਲ, ਨਿਸ਼ਾ ਉਪਲ, ਮੋਨਿਕਾ ਸੂਦ, ਮੀਨਾਕਸ਼ੀ, ਕਵਿਤਾ ਜੈਨ, ਨੀਲਮ ਅਰੋੜਾ, ਰਮਾ ਸ਼ਰਮਾ, ਮੀਨੂ ਮੋਂਗਾ, ਸੁਨੀਤਾ ਸ਼ਰਮਾ, ਉਮਾ ਧਵਨ, ਚਮੇਲੀ ਭੈਣ, ਕਮਲੇਸ਼ ਰਾਣੀ, ਅਨੇਜਾ ਪਰਿਵਾਰ ਤੋਂ ਇਲਾਵਾ ਹੋਰ ਵੀ ਕੀਰਤਨ ਮੰਡਲੀ ਦੀਆਂ ਮਹਿਲਾਵਾਂ ਮੌਜੂਦ ਸਨ।

# ਇੰਪਲਾਈਜ਼ ਸੰਘਰਸ਼ ਯੂਨੀਅਨ ਪਾਵਰਕਾਮ ਦੀ ਹੋਈ ਚੋਣ



ਭੋਗਪੁਰ, 30 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਇੰਪਲਾਈਜ਼ ਸੰਘਰਸ਼ ਯੂਨੀਅਨ ਪਾਵਰ ਕਾਮ ਤੇ ਟਰਾਂਸਕੋ ਪੰਜਾਬ ਸਰਕਲ ਪ੍ਰਧਾਨ ਪਰਮਜੀਤ ਸਿੰਘ ਪਿੰਡ ਭੋਗਪੁਰ ਲੜੋਆ ਦੀ ਅਗਵਾਈ ਹੇਠ ਖਾਸ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਇੰਪਲਾਈਜ਼ ਸੰਘਰਸ਼ ਯੂਨੀਅਨ ਪਾਵਰਕਾਮ ਤੇ ਟਰਾਂਸਕੋ ਦੇ ਅਹੁਦੇਦਾਰ ਸ਼ਾਮਿਲ ਹੋਏ। ਜਿਸ ਵਿੱਚ ਡਵੀਜ਼ਨ ਜਲੰਧਰ ਦੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ। ਹਾਜ਼ਰ ਮੈਂਬਰ ਅਤੇ ਫੋਨ 'ਤੇ ਹਾਜ਼ਰ ਮੈਂਬਰਾਂ ਦੁਆਰਾ ਆਪਣੀ ਸਹਿਮਤੀ ਨਾਲ ਚੁਣੇ ਗਏ ਅਹੁਦੇਦਾਰ. ਤਰੁਨ ਸ਼ਰਮਾ ਪ੍ਰਧਾਨ ਚੁਣੇ ਗਏ. ਜੋਹਨ ਮੀਤ ਪ੍ਰਧਾਨ, ਬਲਵਿੰਦਰ ਸਿੰਘ ਮੀਤ ਪ੍ਰਧਾਨ, ਪ੍ਰਦੀਪ ਸਿੰਘ ਸਕੱਤਰ, ਮਨੀ ਖਜ਼ਾਨਚੀ, ਹਿਮਾਂਸ਼ੂ ਗੁਲਾਟੀ ਸਹਾਇਕ ਸਕੱਤਰ, ਸੁਰਿੰਦਰ ਸਿੰਘ ਕੇਬੀ ਪ੍ਰੈਸ ਸਕੱਤਰ, ਉਪਰੰਤ ਜਲੰਧਰ ਸਕੱਤਰ ਪ੍ਰਧਾਨ ਪਰਮਜੀਤ ਸਿੰਘ ਲੜੋਆ ਭੋਗਪੁਰ ਨੇ ਚੁਣੇ ਹੋਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਯੂਨੀਅਨ ਪ੍ਰਤੀ ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣ ਦੀ ਤਾਕੀਦ ਕੀਤੀ, ਉਪਰੰਤ ਅਹੁਦੇਦਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਨੈਸ਼ਨਲ ਹਾਈਵੇਜ਼ ਦੇ ਬਣਨ ਸਮੇਂ ਆਉਣ ਵਾਲੀਆਂ ਸਮੱਸਿਆਵਾਂ ਨੂੰ ਲੈ ਕੇ ਉਪ-ਮੰਡਲ ਮੈਜਿਸਟਰੇਟ ਨੂੰ ਦਿੱਤਾ ਮੰਗ ਪੱਤਰ



ਸ੍ਰੀ ਅਨੰਦਪੁਰ ਸਾਹਿਬ, 30 ਜੁਲਾਈ (ਤਰਲੋਚਨ ਸਿੰਘ): ਕੀਰਤਪੁਰ ਸਾਹਿਬ ਤੋਂ ਮਹਿਤਪੁਰ ਤੱਕ ਬਣਨ ਵਾਲੇ ਨੈਸ਼ਨਲ ਹਾਈਵੇ ਦੇ ਰੋਡ 'ਤੇ ਆਉਣ ਵਾਲੀਆਂ ਮੁਸ਼ਕਲਾਂ ਸਬੰਧੀ ਇੱਕ ਮੰਗ ਪੱਤਰ ਅੱਜ ਸਥਾਨਕ ਉਪ ਮੰਡਲ ਮੈਜਿਸਟਰੇਟ ਨੂੰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਨੈਸ਼ਨਲ ਹਾਈਵੇ ਦੀ ਉਸਾਰੀ ਸਮੇਂ ਅਬਾਦੀ ਵਾਲੇ ਖੇਤਰਾਂ ਵਿੱਚ ਸਰਵਿਸ ਰੋਡ ਬਣਾਏ ਜਾਣ ਅਤੇ ਜਿੱਥੇ ਵਿਦਿਅਕ ਅਦਾਰੇ ਸਥਿਤ ਹਨ, ਉਹਨਾਂ ਥਾਵਾਂ 'ਤੇ ਸੜਕ ਦੇ ਥੱਲਿਓਂ ਜਾਂ ਉੱਪਰੋਂ ਰਸਤੇ ਬਣਾਏ ਜਾਣ। ਇਸ ਮੰਗ ਪੱਤਰ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਪਿੰਡ ਢੇਰ ਦੇ ਪਾਸ ਗੰਦੇ ਪਾਣੀ ਦੀ ਨਿਕਾਸੀ ਲਈ ਸੜਕ ਤੇ ਦੋਵੇਂ ਪਾਸੇ ਦਸਗਰਾਈਂ ਪੁੱਲ ਅਤੇ ਡੱਬਰੀ ਦੇ ਪੁਲ ਤੱਕ ਨਾਲੇ ਬਣਾਏ ਜਾਣ। ਅੱਜ ਇਸ ਮੌਕੇ 'ਤੇ ਕਾਮਰੇਡ ਸੁਰਜੀਤ ਸਿੰਘ ਢੇਰ, ਨਰਿੰਦਰ ਸਿੰਘ ਮਾਵੀ, ਜਗਤਾਰ ਸਿੰਘ ਬਾਬਾ, ਇੰਦਰਜੀਤ ਸਿੰਘ ਫੌਜੀ, ਬਰਜਿੰਦਰ ਸਿੰਘ ਡੋਡ ,ਅਮਰਜੀਤ ਸਿੰਘ, ਡਾ. ਰਵਿੰਦਰ ਨਾਥ ਦੀ ਅਗਵਾਈ ਹੇਠ ਉਪ ਮੰਡਲ ਮੈਜਿਸਟਰੇਟ ਜਸਪ੍ਰੀਤ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ 'ਤੇ ਜਸਪ੍ਰੀਤ ਸਿੰਘ ਨੇ ਡੈਪੂਟੇਸ਼ਨ ਦੇ ਵਿੱਚ ਸ਼ਾਮਿਲ ਮੈਂਬਰਾਂ ਦੀ ਗੱਲ ਨੂੰ ਨੈਸ਼ਨਲ ਹਾਈਵੇ ਦੇ ਸਬੰਧਤ ਅਫਸਰਾਂ ਨਾਲ ਇਹ ਇੱਕ ਮੀਟਿੰਗ ਆਪਣੇ ਦਫਤਰ ਵਿੱਚ ਕਰਵਾਉਣ ਦੇ ਹੁਕਮ ਜਾਰੀ ਕੀਤੇ। ਉਹਨਾਂ ਨੂੰ ਦੱਸਿਆ ਗਿਆ ਕਿ ਨਜ਼ਦੀਕੀ ਪਿੰਡਾਂ ਦੇ ਜੋ ਮੇਨ ਰੋਡ 'ਤੇ ਸਕੂਲ ਹਨ ਉਹਨਾਂ ਬੱਚਿਆਂ ਨੂੰ ਸੜਕ ਪਾਰ ਕਰਨ ਦੀ ਬਹੁਤ ਵੱਡੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੁਸ਼ਕਲ ਨੂੰ ਦੇਖਦੇ ਹੋਏ ਵਿਦਿਅਕ ਅਦਾਰਿਆਂ ਦੇ ਨੇੜੇ ਸੜਕ ਦੇ ਥੱਲੇ ਜਾਂ ਉੱਪਰੋਂ ਰਸਤੇ ਬਣਾਏ ਜਾਣ। ਕੀਰਤਪੁਰ ਸਾਹਿਬ ਤੋਂ ਲੈ ਕੇ ਮਹਿਤਪੁਰ ਤੱਕ ਬਣਨ ਵਾਲੇ ਇਸ ਨੈਸ਼ਨਲ ਹਾਈਵੇ ਦੇ ਹਰ ਕਸਬਿਆਂ ਵਿੱਚ ਸਰਵਿਸ ਰੋਡ ਬਣਾਏ ਜਾਣ ਤਾਂ ਜੋ ਸੜਕਾਂ ਦਾ ਫਾਇਦਾ ਆਮ ਲੋਕਾਂ ਨੂੰ ਹੋ ਸਕੇ। ਇਸ ਮੌਕੇ 'ਤੇ ਆਗੂਆਂ ਨੇ ਇਹ ਵੀ ਕਿਹਾ ਕਿ ਇਸ ਸਮੇਂ ਇਹ ਸੜਕ ਖੂਨੀ ਸੜਕ ਬਣਦੀ ਜਾ ਰਹੀ ਹੈ ਤੇ ਟ੍ਰੈਫਿਕ ਜ਼ਿਆਦਾ ਵਧਣ ਕਰਕੇ ਵਹੀਕਲਾਂ ਦੀ ਰਫਤਾਰ ਵੀ ਬਹੁਤ ਜ਼ਿਆਦਾ ਤੇਜ਼ ਹੈ ਤੇ ਇਹਨਾਂ ਦੀ ਰੋਕਥਾਮ ਲਈ ਪੁਲਿਸ ਨੂੰ ਜ਼ਰੂਰੀ ਹਦਾਇਤਾਂ ਕੀਤੀਆਂ ਜਾਣ। ਵਫਦ ਵਿੱਚ ਸ਼ਾਮਲ ਆਗੂਆਂ ਨੇ ਮਹਿਸੂਸ ਕੀਤਾ ਕਿ ਜੋ ਮੁਸ਼ਕਲਾਂ ਰੱਖੀਆਂ ਗਈਆਂ ਐਸਡੀਐਮ ਉਨ੍ਹਾਂ ਦਾ ਹੱਲ ਜ਼ਰੂਰ ਕਰਨਗੇ।

# ਮਿੱਡ-ਡੇ-ਮੀਲ ਵਰਕਰਾਂ ਦੇ ਖਾਤੇ ਜਬਰੀ ਕੈਨਰਾ ਬੈਂਕ 'ਚ ਖੁੱਲ੍ਹਵਾਉਣ ਦੇ ਹੁਕਮਾਂ ਦੀ ਕੀਤੀ ਜ਼ੋਰਦਾਰ ਨਿਖੇਧੀ



ਸ੍ਰੀ ਅਨੰਦਪੁਰ ਸਾਹਿਬ, 30 ਜੁਲਾਈ (ਤਰਲੋਚਨ ਸਿੰਘ): ਪੰਜਾਬ ਸਰਕਾਰ ਅਤੇ ਮਿੱਡ-ਡੇ-ਮੀਲ ਸੁਸਾਇਟੀ ਪੰਜਾਬ ਵੱਲੋਂ ਮਿੱਡ-ਡੇ-ਮੀਲ ਵਰਕਰਾਂ ਦੇ ਮਾਣ ਭੱਤੇ ਦੀ ਅਦਾਇਗੀ ਕਰਨ ਲਈ ਨਵੇਂ ਖਾਤੇ ਕੈਨਰਾ ਬੈਂਕ ਵਿੱਚ ਜ਼ਬਰਦਸਤੀ ਖੁੱਲ੍ਹਵਾਉਣ ਦੇ ਜਾਰੀ ਹੁਕਮਾਂ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਮਿੱਡ -ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਰੋਪੜ ਦੇ ਆਗੂਆਂ ਕਮਲੇਸ਼ ਕੌਰ ਪ੍ਰਧਾਨ, ਹਰਮੇਸ਼ ਕੌਰ ਜਨਰਲ ਸਕੱਤਰ, ਮਹਿੰਦਰ ਕੌਰ, ਸੋਮਨਾਥ ਬੰਦਲਹਿੜੀ, ਸਤਵਿੰਦਰ ਕੌਰ ਠਾਣਾ ਪੰਜਾਬ ਸਰਕਾਰ ਅਤੇ ਮਿੱਡ-ਡੇ-ਮੀਲ ਸੁਸਾਇਟੀ ਪੰਜਾਬ ਦੇ ਸੂਬਾਈ ਮੈਨੇਜਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਮਿੱਡ-ਡੇ-ਮੀਲ ਵਰਕਰਾਂ ਦੇ ਪਿਛਲੇ ਲੰਬੇ ਸਮੇਂ ਤੋਂ ਜਿਹਨਾਂ ਬੈਂਕਾਂ ਵਿੱਚ ਖਾਤੇ ਚੱਲ ਰਹੇ ਹਨ, ਉਹਨਾਂ ਨੂੰ ਹੀ ਭਵਿੱਖ ਵਿੱਚ ਵੀ ਚੱਲਦਾ ਰੱਖਿਆ ਜਾਵੇ ਅਤੇ ਉਹਨਾਂ ਖਾਤਿਆਂ ਵਿੱਚ ਹੀ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਭੇਜਿਆ ਜਾਵੇ। ਆਗੂਆਂ ਨੇ ਕਿਹਾ ਕਿ ਪਹਿਲਾਂ ਚਲਦੇ ਖਾਤਿਆਂ ਵਾਲੀਆਂ ਬੈਂਕਾਂ ਦੀਆਂ ਸ਼ਾਖਾਵਾਂ ਜ਼ਿਆਦਾ ਹੋਣ ਕਾਰਨ ਮਾਣ ਭੱਤਾ ਪ੍ਰਾਪਤ ਕਰਨ ਲਈ ਮਿੱਡ-ਡੇ-ਮੀਲ ਵਰਕਰਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਹੁੰਦੀ ਅਤੇ ਆਸਾਨੀ ਨਾਲ ਬੈਂਕ ਤੱਕ ਪਹੁੰਚ ਹੋ ਜਾਂਦੀ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਕੈਨਰਾ ਬੈਂਕ ਦੀਆਂ ਸ਼ਾਖਾਵਾਂ ਬਹੁਤ ਹੀ ਘੱਟ ਹਨ ਅਤੇ ਜ਼ਿਆਦਾ ਦੂਰ -ਦੂਰ ਹਨ, ਜਿਸ ਕਾਰਨ ਵਰਕਰਾਂ ਨੂੰ ਮਾਣ ਭੱਤਾ ਪ੍ਰਾਪਤ ਕਰਨ ਲਈ ਬਹੁਤ ਹੀ ਜ਼ਿਆਦਾ ਪ੍ਰੇਸ਼ਾਨੀ ਅਤੇ ਖ਼ੱਜਲ ਖੁਆਰ ਹੋਣਾ ਪਵੇਗਾ। ਆਗੂਆਂ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਅਤੇ ਮਿੱਡ-ਡੇ-ਮੀਲ ਸੁਸਾਇਟੀ ਪੰਜਾਬ ਕੈਨਰਾ ਬੈਂਕ ਨਾਲ ਜ਼ਰੂਰ ਲੈਣ ਦੇਣ ਕਰਨਾ ਚਾਹੁੰਦੀ ਹੈ ਤਾਂ ਉਹ ਕੈਨਰਾ ਬੈਂਕ ਰਾਹੀਂ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਪਹਿਲੀਆਂ ਬੈਂਕਾਂ ਵਿੱਚ ਚੱਲਦੇ ਖਾਤਿਆਂ ਵਿੱਚ ਹੀ ਪਵਾ ਸਕਦੀ ਹੈ ਤਾਂ ਜੋ ਮਿੱਡ-ਡੇ-ਮੀਲ ਵਰਕਰਾਂ ਦੀ ਹੋਣ ਵਾਲੀ ਖ਼ੱਜਲ ਖੁਆਰੀ ਨੂੰ ਰੋਕਿਆ ਜਾ ਸਕੇ। ਆਗੂਆਂ ਨੇ ਅੱਗੇ ਕਿਹਾ ਕਿ ਮਿਡ ਡੇ ਮੀਲ ਵਰਕਰ ਪਹਿਲਾਂ ਹੀ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ, ਉਹਨਾਂ ਦੇ ਮਾਣਭੱਤੇ 'ਚ ਵਾਧਾ ਕਰਨਾ ਤਾਂ ਦੂਰ ਉਲਟਾ ਉਹਨਾਂ ਦੀਆਂ ਤਨਖਾਹਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਆਗੂਆਂ ਨੇ ਤਨਖਾਹਾਂ ਛੇਤੀ ਤੋਂ ਛੇਤੀ ਜਾਰੀ ਕਰਨ ਦੀ ਮੰਗ ਕੀਤੀ ਨਹੀਂ ਤਾਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਆਗੂਆਂ ਨੇ ਅੱਗੇ ਕਿਹਾ ਕਿ ਮਿਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਦੇ ਸਬੰਧ ਵਿੱਚ 16 ਅਗਸਤ ਨੂੰ ਸੰਗਰੂਰ ਵਿਖੇ ਧਰਨਾ ਦਿੱਤਾ ਜਾ ਰਿਹਾ ਹੈ।

# ਰਜਨੀਸ਼ ਕੁਮਾਰ ਦਹੀਯਾ ਨੇ 40 ਲਾਭਪਾਤਰੀਆਂ ਨੂੰ ਇੱਕ ਕਰੋੜ ਰੁਪਏ ਦੇ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਵੰਡੇ



ਫ਼ਿਰੋਜ਼ਪੁਰ, 30 ਜੁਲਾਈ (ਤਿਵਾੜੀ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਮਾਜ ਦੇ ਪਿਛੜੇ ਤੇ ਗਰੀਬ ਵਰਗ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਹੀ ਕੋਸ਼ਿਸ਼ਾਂ ਦੀ ਇੱਕ ਮਹੱਤਵਪੂਰਨ ਕੜੀ ਤਹਿਤ ਅੱਜ ਵਿਧਾਇਕ ਹਲਕਾ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਕੁਮਾਰ ਦਹੀਯਾ ਵੱਲੋਂ ਪੰਜਾਬ ਸਰਕਾਰ ਦੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੇ ਕਰਜ਼ਾ ਮੁਆਫ਼ੀ ਸਕੀਮ ਅਧੀਨ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ 40 ਲਾਭਪਾਤਰੀਆਂ ਨੂੰ ਕਰਜ਼ਾ ਮੁਆਫੀ ਦੇ ਪ੍ਰਮਾਣ ਪੱਤਰ ਸੌਂਪੇ ਗਏ, ਜਿਨ੍ਹਾਂ ਦੀ ਕੁੱਲ ਰਕਮ ਲਗਭਗ 1 ਕਰੋੜ ਰੁਪਏ ਬਣਦੀ ਹੈ। ਇਸ ਮੌਕੇ ਜ਼ਿਲ੍ਹਾ ਮੈਨੇਜਰ ਐਸ.ਸੀ. ਕਾਰਪੋਰੇਸ਼ਨ ਹੁਕਮ ਚੰਦ ਅਗਰਵਾਲ ਵੀ ਹਾਜ਼ਰ ਸਨ। ਇਸ ਮੌਕੇ ਵਿਧਾਇਕ ਦਹੀਯਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਕਰਜ਼ਾ ਮੁਆਫੀ ਨਾ ਸਿਰਫ਼ ਇਨ੍ਹਾਂ ਲਾਭਪਾਤਰੀਆਂ 'ਤੇ ਆਰਥਿਕ ਬੋਝ ਹਟਾਵੇਗੀ, ਸਗੋਂ ਲਾਭਪਾਤਰੀਆਂ ਨੂੰ ਇੱਕ ਨਵੀਂ ਸ਼ੁਰੂਆਤ ਕਰਨ ਲਈ ਹੌਸਲਾ ਵੀ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸੂਬੇ ਦਾ ਕੋਈ ਵੀ ਨਾਗਰਿਕ ਆਰਥਿਕ ਮੁਸ਼ਕਲਾਂ ਦੀ ਵਜ੍ਹਾ ਨਾਲ ਪਿੱਛੇ ਨਾ ਰਹਿ ਜਾਵੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਲਾਗੂ ਕੀਤੀ ਗਈ ਇਹ ਕਰਜ਼ਾ ਮੁਆਫੀ ਸਕੀਮ ਪੰਜਾਬ ਸਰਕਾਰ ਦੀ ਸੰਵੇਦਨਸ਼ੀਲਤਾ ਅਤੇ ਆਮ ਆਦਮੀ ਲਈ ਕੰਮ ਕਰਨ ਦੀ ਨਿਸ਼ਾਨੀ ਹੈ। ਇਸ ਮੌਕੇ ਵਿਧਾਇਕ ਦਹੀਯਾ ਨੇ ਕਿਹਾ ਕਿ ਕੁਝ ਪਰਿਵਾਰ ਆਪਣੇ ਕਿਸੇ ਜ਼ਰੂਰੀ ਰੁਝੇਵਿਆਂ ਕਾਰਨ ਉਨ੍ਹਾਂ ਕੋਲ ਨਹੀਂ ਪਹੁੰਚ ਸਕੇ। ਇਸ ਲਈ ਉਹ ਖੁਦ ਉਨ੍ਹਾਂ ਦੇ ਘਰ ਜਾ ਕੇ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਦੇਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਨਿੱਜੀ ਸਕੱਤਰ ਰੌਬੀ ਸੰਧੂ ਲਈ, ਪਰਮਜੀਤ ਸਿੰਘ ਜੰਮੂ ਜ਼ਿਲ੍ਹਾ ਮੀਤ ਪ੍ਰਧਾਨ ਬੀਸੀ ਵਿੰਗ, ਸਰਪੰਚ ਮਨਦੀਪ ਸਿੰਘ ਪਿਆਰੇਆਣਾ, ਸਰਪੰਚ ਬੋਹੜ ਸਿੰਘ ਕਾਕੜ, ਸਰਪੰਚ ਅਜਮੇਰ ਸਿੰਘ ਮੁਰਕ ਵਾਲਾ, ਸਰਪੰਚ ਮੇਜਰ ਸਿੰਘ ਬੁਰਜੀ, ਸਰਪੰਚ ਜਸਪਾਲ ਸਿੰਘ ਨਿਹਾਲਾ ਕਿਲਚਾ, ਸਰਪੰਚ ਪਿੱਪਲ ਸਿੰਘ ਸਾਵਣ ਵਾਲੇ ਝੁੱਗੇ, ਸਰਪੰਚ ਨਰਾਇਣ ਸਿੰਘ ਮਹਿਲ ਸਿੰਘ ਵਾਲਾ ਹਾਜ਼ਰ ਸਨ।

# ਸੰਯੁਕਤ ਮੋਰਚੇ ਵੱਲੋਂ ਕੀਤੇ ਐਲਾਨ ਦੀ ਹਮਾਇਤ 'ਚ ਕਿਸਾਨ-ਮਜ਼ਦੂਰ ਮੋਰਚਾ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਨੇ ਕੱਢਿਆ ਟਰੈਕਟਰ ਮਾਰਚ

ਮੱਲਾਂ ਵਾਲਾ, 30 ਜੁਲਾਈ (ਹਰਪਾਲ ਸਿੰਘ ਖਾਲਸਾ ਇੰਦਰਜੀਤ ਸਿੰਘ ਸੰਧੂ): ਕਿਸਾਨ ਮਜ਼ਦੂਰ ਮੋਰਚਾ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਤੋਂ ਜ਼ਿਲ੍ਹਾ ਪਧਾਨ ਗੁਰਪ੍ਰੀਤ ਸਿੰਘ ਫਰੀਦੇ ਵਾਲਾ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੋਂ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫੱਤੇਵਾਲਾ ਤੇ ਕਿਸਾਨ ਮਜ਼ਦੂਰ ਮੋਰਚਾ ਜਥੇਬੰਦੀ ਤੋਂ ਮਲਕੀਤ ਸਿੰਘ ਗੁਲਾਮੀ ਵਾਲਾ ਦੀ ਅਗਵਾਈ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤੇ ਐਲਾਨ ਦੀ ਹਮਾਇਤ ਕਰਦੇ ਹੋਏ, ਕਸਬਾ ਮੱਲਾਂ ਵਾਲਾ ਵਿਖੇ ਟਰੈਕਟਰ ਮਾਰਚ ਕੱਢਿਆ ਗਿਆ। ਇਸ ਮੌਕੇ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਸਾਂਝੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਜੋ ਲੈਂਡ ਪੂਲਿੰਗ ਪੋਲਿਸੀ ਤਹਿਤ ਪੂਰੇ ਪੰਜਾਬ ਵਿੱਚ ਜ਼ਮੀਨਾਂ ਐਕਵਾਇਰ ਕਰਨ ਲਈ ਨੋਟੀਫਿਕੇਸ਼ਨ ਕੀਤਾ ਗਿਆ ਹੈ, ਉਸ ਦਾ ਪੂਰੇ ਪੰਜਾਬ ਦੇ ਕਿਸਾਨਾਂ ਵੱਲੋਂ ਅੱਜ ਟਰੈਕਟਰ ਮਾਰਚ ਕਰਕੇ ਵਿਰੋਧ ਕੀਤਾ ਜਾ ਰਿਹਾ ਹੈ। ਕਿਉਂਕਿ ਸਰਕਾਰ ਕਾਰਪੋਰੇਟ ਪੱਖੀ ਨੀਤੀ ਤੇ ਮੋਦੀ ਸਰਕਾਰ ਦੇ ਪੈਰਾਂ 'ਤੇ ਪੈਰ ਰੱਖਦੇ ਹੋਏ ਪਿੰਡ ਉਜਾੜ ਕੇ ਸ਼ਹਿਰ ਵਸਾਉਣਾ ਚਾਹੁੰਦੀ ਹੈ, ਜਿਸ ਨਾਲ ਪੰਜਾਬ ਦੇ ਅਨੇਕਾਂ ਕਿਸਾਨਾਂ ਦੀ ਕੌਡੀਆਂ ਦੇ ਭਾਅ ਧੱਕੇ ਨਾਲ ਜ਼ਮੀਨ ਖੋਹ ਕੇ ਕਿਸਾਨੀ ਕਿੱਤੇ ਤੋਂ ਬਾਹਰ ਕਰਨ ਦੀ ਤਿਆਰੀ ਹੈ। ਏਸੇ ਤਰ੍ਹਾਂ ਫਿਰੋਜ਼ਪੁਰ ਦੇ ਤਿੰਨ ਪਿੰਡ ਮੋਹਮ ਖਾਂ ਵਾਲਾ, ਸਤੀਏ ਵਾਲਾ, ਡੂਮਨੀ ਵਾਲਾ ਦੀ 311 ਏਕੜ ਜ਼ਮੀਨ ਐਕਵਾਇਰ ਕਰਨ ਦੀ ਵੀ ਤਿਆਰੀ ਹੈ। ਇਸ ਕਰਕੇ ਪੰਜਾਬ ਦੀਆਂ ਸਾਰੀਆਂ ਜਥੇਬੰਦੀਆਂ ਇਸ ਮਸਲੇ 'ਤੇ ਇੱਕਜੁੱਟ ਹੋ ਕੇ ਪੀੜਤ ਕਿਸਾਨਾਂ ਦੇ ਨਾਲ ਖੜ੍ਹੀਆਂ ਹਨ, ਇਹਨਾਂ ਨਾਲ ਧੱਕੇਸ਼ਾਹੀ ਨਹੀਂ ਹੋਣ ਦਿਆਂਗੇ। ਸਾਡੀ ਜ਼ੋਰਦਾਰ ਮੰਗ ਹੈ ਕਿ ਭਗਵੰਤ ਮਾਨ ਸਰਕਾਰ ਲੈਂਡਪੂਲਿੰਗ ਪੋਲਿਸੀ ਰੱਦ ਕਰੇ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਅਮਰੀਕਾ ਨਾਲ ਜੋ ਟੈਰਿਫ ਸਮਝੌਤਾ ਰੱਦ ਕਰੇ, ਕਿਉਂਕਿ ਇਸ ਸਮਝੌਤੇ ਨਾਲ ਬਾਹਰਲੇ ਦੇਸ਼ਾਂ ਦੀਆਂ ਵਸਤਾਂ ਬਿਨ੍ਹਾਂ ਟੈਕਸ ਦਿੱਤੇ ਭਾਰਤ ਵਿੱਚ ਸਸਤੀਆਂ ਵਿਕਣਗੀਆਂ ਤਾਂ ਭਾਰਤ ਦੇ ਕਿਸਾਨਾਂ ਵੱਲੋਂ ਪੈਦਾ ਕੀਤੀਆਂ ਵਸਤਾਂ ਸਸਤੀਆਂ ਵਿਕਣਗੀਆਂ। ਇਸ ਕਰਕੇ ਇਹ ਸਮਝੌਤਾ ਰੱਦ ਕਰਕੇ ਐਮਐਸਪੀ ਗਰੰਟੀ ਕਾਨੂੰਨ ਬਣਾਇਆ ਜਾਵੇ, ਬਿਜਲੀ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਸਮਾਰਟ ਮੀਟਰ ਲਾਉਣੇ ਬੰਦ ਕੀਤੇ ਜਾਣ, ਫਸਲ ਬੀਮਾ ਯੋਜਨਾ ਬਣਾਈ ਜਾਵੇ। ਇਸ ਮੌਕੇ ਗੁਰਮੁੱਖ ਸਿੰਘ ਕਾਮਲ ਵਾਲਾ, ਸੁਖਦੇਵ ਸਿੰਘ ਆਸਫ ਵਾਲਾ, ਜਗਤਾਰ ਸਿੰਘ ਜੱਲੇ ਵਾਲਾ, ਬਗੀਚਾ ਸਿੰਘ, ਬੋਹੜ ਸਿੰਘ ਮੁੱਠਿਆ ਵਾਲਾ, ਬਚਿੱਤਰ ਸਿੰਘ ਫਰੀਦੇ ਵਾਲਾ, ਕੁਲਦੀਪ ਸਿੰਘ ਹਾਜ਼ਰ ਸਨ।



# ਵਿਧਾਇਕ ਬੜਿੰਗ ਦੀ ਅਗਵਾਈ 'ਚ ਸਾਬਕਾ ਕੌਂਸਲਰ ਹਰਚੰਦ ਸਿੰਘ ਨਸਰਾਲੀ ਸਾਥੀਆਂ ਸਮੇਤ 'ਆਪ' 'ਚ ਸ਼ਾਮਲ



ਮੰਡੀ ਗੋਬਿੰਦਗੜ੍ਹ, 30 ਜੁਲਾਈ (ਸੂਦ): ਆਮ ਆਦਮੀ ਪਾਰਟੀ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵਲੋਂ ਪੰਜਾਬ ਵਿੱਚ ਕਰਵਾਏ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਦੇ ਸਦਕਾ ਅਗਾਂਹਵਧੂ ਸੋਚ ਵਾਲੇ ਲੋਕਾਂ ਵਿਚ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਬਸਪਾ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸੀਨੀਅਰ ਆਗੂ ਤੇ ਸਾਬਕਾ ਕੌਂਸਲਰ ਹਰਚੰਦ ਸਿੰਘ ਨਸਰਾਲੀ ਦਾ ਸਵਾਗਤ ਤੇ ਸਨਮਾਨ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਲੋਕ ਪੱਖੀ ਨੀਤੀਆਂ ਕਾਰਨ ਆਮ ਆਦਮੀ ਪਾਰਟੀ ਦਾ ਕਾਫ਼ਲਾ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ, ਪੰਜਾਬ ਵਿਚ ਹਰ ਪਾਸੇ ਵਿਕਾਸ ਕਾਰਜਾਂ ਦੀ ਹਨ੍ਹੇਰੀ ਆਈ ਹੋਈ ਹੈ ਤੇ ਹੁਣ ਤੱਕ ਅਨੇਕਾਂ ਹੀ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ ਉੱਤੇ ਲਾਗੂ ਕਰਕੇ ਆਮ ਲੋਕਾਂ ਦਾ ਵੱਡਾ ਫਾਇਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਅਮਲੋਹ ਅਧੀਨ ਆਉਂਦੇ ਖੇਤਰਾਂ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ ਤੇ ਪਾਰਟੀ ਵਿੱਚ ਹਰ ਵਲੰਟੀਅਰ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾ ਰਿਹਾ ਹੈ। ਸ. ਨਸਰਾਲੀ ਨੇ ਵਿਧਾਇਕ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਆਪਣੇ ਸਾਥੀਆਂ ਸਮੇਤ ਪਾਰਟੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ। ਇਸ ਮੌਕੇ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਰਣਜੀਤ ਸਿੰਘ ਪਨਾਗ, ਸਰਬਜੀਤ ਸਿੰਘ, ਅਮਲੋਹ ਦਫਤਰ ਇੰਚਾਰਜ ਲਤਾ ਠਾਕੁਰ ਤੇ ਸਹਿਵਾਜ ਆਦਿ ਮੌਜੂਦ ਸਨ।

## ਸਵਿਸ ਬੈਂਕ 'ਚ ਭਾਰਤੀ ਦੌਲਤ ਤਿੰਨ ਗੁਣਾ ਵੱਧ ਕੇ 3.5 ਅਰਬ ਸਵਿਸ ਫਰੈਂਕ 'ਤੇ ਪਹੁੰਚੀ

ਨਵੀਂ ਦਿੱਲੀ, 30 ਜੁਲਾਈ (ਚ.ਨ.ਸ.): ਸਵਿਸ ਬੈਂਕ 'ਚ ਤਿੰਨ ਗੁਣਾ ਵੱਧ ਕੇ 3.5 ਅਰਬ ਸਵਿਸ ਫਰੈਂਕ (ਲਗਭਗ 37,600 ਕਰੋੜ ਰੁਪਏ) ਉਤੇ




ਪਹੁੰਚ ਗਈ ਹੈ, ਜੋ 2021 ਤੋਂ ਬਾਅਦ ਦਾ ਸਭ ਤੋਂ ਉਚਾ ਪੱਧਰ ਹੈ। ਸਵਿਸ ਨੈਸ਼ਨਲ ਬੈਂਕ (ਐੱਸ.ਐੱਨ.ਬੀ.) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਮੀਡੀਆ ਰਿਪੋਰਟਾਂ ਵਿੱਚ ਉਜਾਗਰ ਕੀਤੇ ਗਏ ਇਸ ਵਾਧੇ ਵਿੱਚ ਗ੍ਰਾਹਕਾਂ ਦੀ ਜਮ੍ਹਾਂ ਰਕਮ ਵਿੱਚ 11% ਦਾ ਵਾਧਾ ਵੀ ਸ਼ਾਮਲ ਹੈ। ਹਾਲਾਂਕਿ, ਭਾਰਤ ਸਰਕਾਰ ਨੇ ਕਿਹਾ ਕਿ ਕਾਲੇ ਧਨ ਦੇ ਸਬੰਧ ਵਿੱਚ ਇਨ੍ਹਾਂ ਅੰਕੜਿਆਂ ਦਾ ਅਸਰ ਬਹੁਤ ਘੱਟ ਰਿਹਾ ਹੈ। ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਦੱਸਿਆ ਕਿ ਐੱਸ.ਐੱਨ.ਬੀ. ਦੇ ਅੰਕੜਿਆਂ ਵਿੱਚ ਕਈ ਤਰ੍ਹਾਂ ਦੇ ਵਿੱਤੀ ਸਾਧਨ ਤੇ ਦੇਣਦਾਰੀਆਂ ਸ਼ਾਮਲ ਹਨ, ਜਿਵੇਂ ਕਿ ਵਿਦੇਸ਼ੀ ਬ੍ਰਾਂਚਾਂ ਵਿੱਚ ਗ੍ਰਾਹਕ ਜਮ੍ਹਾਂ ਕਰਵਾਉਣਾ, ਹੋਰ ਦੇਣਦਾਰੀਆਂ ਤੇ ਅੰਤਰਬੈਂਕ ਬਕਾਏ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਵਿਸ ਅਧਿਕਾਰੀਆਂ ਨੇ ਖੁਦ ਐੱਸ.ਐੱਨ.ਬੀ. ਦੇ ਅੰਕੜਿਆਂ ਨੂੰ ਵਿਸ਼ੇਸ਼ ਤੌਰ 'ਤੇ ਭਾਰਤੀ ਵਸਨੀਕਾਂ ਵੱਲੋਂ ਰੱਖੀ ਗਈ ਜਮ੍ਹਾਂ ਰਾਸ਼ੀ ਦੇ ਸੰਕੇਤ ਵਜੋਂ ਵਿਆਖਿਆ ਕਰਨ ਵਿਰੁੱਧ ਚੇਤਾਵਨੀ ਦਿੱਤੀ ਹੈ। ਭਾਰਤ 2018 ਤੋਂ ਖੁਦ-ਬ-ਖੁਦ ਸੂਚਨਾ ਪ੍ਰਦਾਨ (ਏ.ਈ.ਓ.ਆਈ.) ਢਾਂਚੇ ਦੇ ਤਹਿਤ ਸਵਿਟਜ਼ਰਲੈਂਡ ਤੋਂ ਸਾਲਾਨਾ ਵਿੱਤੀ ਅੰਕੜੇ ਪ੍ਰਾਪਤ ਕਰ ਰਿਹਾ ਹੈ, ਜਿਸ ਦਾ ਪਹਿਲਾ ਐਕਸਚੇਂਜ ਸਤੰਬਰ 2019 ਵਿੱਚ ਹੋਇਆ ਸੀ। ਇਹ ਜਾਣਕਾਰੀ ਸਾਂਝੀ ਕਰਨ ਦੀ ਵਿਵਸਥਾ ਟੈਕਸ ਚੋਰੀ ਤੇ ਅਣਐਲਾਨੀ ਵਿਦੇਸ਼ੀ ਜਾਇਦਾਦ ਨਾਲ ਨਜਿੱਠਣ ਲਈ 100 ਤੋਂ ਵੱਧ ਵਿਦੇਸ਼ੀ ਅਧਿਕਾਰ ਖੇਤਰਾਂ ਦੀ ਵਿਆਪਕ ਕੋਸ਼ਿਸ਼ ਦਾ ਹਿੱਸਾ ਹੈ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਕਰਮਜੀਤ ਸਿੰਘ ਨੇ ਅਰਨਿਆਲਾ ਡੈਮ ਸਟੱਡੀ ਰਿਪੋਰਟ ਸਰਕਾਰ ਦੇ ਅਧਿਕਾਰੀਆਂ ਨੂੰ ਸੌਂਪੀ

ਅੰਮ੍ਰਿਤਸਰ, 30 ਜੁਲਾਈ (ਚ.ਨ.ਸ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਡਾ. ਕਰਮਜੀਤ ਸਿੰਘ ਨੇ ਅਰਨਿਆਲਾ ਡੈਮ ਸਟੱਡੀ ਰਿਪੋਰਟ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਿਕਾਸ ਸੋਮਣ, ਐਗਜ਼ੈਕਟਿਵ ਇੰਜੀਨੀਅਰ ਤੇ ਰੁਪਿੰਦਰਪਾਲ ਸਿੰਘ, ਐੱਸ.ਡੀ.ਓ., ਵਾਟਰ ਰਿਸੋਰਸਿਜ਼ ਵਿਭਾਗ (ਡਬਲਿਊਆਰਡੀ) ਹੁਸ਼ਿਆਰਪੁਰ ਨੂੰ ਸੌਂਪੀ। ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਅਰਨਿਆਲਾ ਡੈਮ ਪ੍ਰੋਜੈਕਟ ਦੇ ਮਾਤਰਾਤਮਕ ਪਹਿਲੂਆਂ ਦੇ ਨਾਲ-ਨਾਲ 21ਵੀਂ ਸਦੀ ਦੇ ਸਮਾਜਿਕ ਮੁੱਦਿਆਂ ਨੂੰ ਵੀ ਡੂੰਘਾਈ ਨਾਲ ਉਜਾਗਰ ਕਰਦੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੋਸ਼ਲ ਇੰਪੈਕਟ ਅਸੈਸਮੈਂਟ ਏਜੰਸੀ ਨੇ ਪ੍ਰੋ. ਰਾਜੇਸ਼ ਕੁਮਾਰ, ਪ੍ਰਿੰ. ਪ੍ਰੋਜੈਕਟ ਕੋਆਰਡੀਨੇਟਰ ਤੇ 6 ਮਾਹਿਰਾਂ ਦੀ ਟੀਮ ਦੀ ਅਗਵਾਈ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਅਰਨਿਆਲਾ ਡੈਮ ਦੀ ਉਸਾਰੀ ਲਈ ਜ਼ਮੀਨ ਹਾਸਲ ਕਰਨ ਦੀ ਸਟੱਡੀ ਰਿਪੋਰਟ ਤਿਆਰ ਕੀਤੀ। ਇਹ ਪ੍ਰੋਜੈਕਟ ਪੰਜਾਬ ਸਰਕਾਰ ਦੇ ਵਾਟਰ ਰਿਸੋਰਸਿਜ਼ ਵਿਭਾਗ ਵੱਲੋਂ



ਰਾਈਟ ਟੂ ਫੇਅਰ ਕੰਪਨਸੇਸ਼ਨ ਐਂਡ ਟਰਾਂਸਪੇਰੈਂਸੀ ਇਨ ਲੈਂਡ ਅਕਵੀਜ਼ੀਸ਼ਨ, ਰੀਹੈਬੀਲੀਟੇਸ਼ਨ ਐਂਡ ਰੀਸੈਟਲਮੈਂਟ ਐਕਟ, 2013 ਦੀ ਧਾਰਾ 4.1 ਅਧੀਨ ਚੱਲ ਰਿਹਾ ਹੈ। ਡਬਲਿਊ.ਆਰ.ਡੀ. ਅਧਿਕਾਰੀਆਂ ਮੁਤਾਬਿਕ, ਅਰਨਿਆਲਾ ਡੈਮ ਦੀ ਉਸਾਰੀ ਲਈ 91.47 ਕਰੋੜ ਰੁਪਏ ਦਾ ਖਰਚਾ ਅੰਦਾਜ਼ਿਆਂ ਗਿਆ ਹੈ, ਜੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਚਾਰ ਪਿੰਡਾਂ-ਅਰਨਿਆਲਾ ਸ਼ਾਹਪੁਰ, ਬਰੋਟੀ, ਬੱਸੀ ਮਾਰੂਫ ਸਿਆਲਾ ਅਤੇ ਬੱਸੀ ਮਾਰੂਫ ਹੁਸੈਨਪੁਰ ਵਿਚ ਸਿੰਚਾਈ ਲਈ ਪਾਣੀ ਦੀ ਸਹੂਲਤ ਵਧਾਏਗਾ। 96.2 ਫੀਸਦੀ ਪਿੰਡ ਵਾਸੀਆਂ ਨੇ ਮੰਨਿਆ ਕਿ ਇਹ ਪ੍ਰੋਜੈਕਟ ਦੋਆਬਾ ਖੇਤਰ ਦੇ ਲੋਕਾਂ ਲਈ ਲਾਭਕਾਰੀ ਹੋਵੇਗਾ। 10 ਜੂਨ 2025 ਨੂੰ ਅਰਨਿਆਲਾ ਸ਼ਾਹਪੁਰ ਤੇ ਬਰੋਟੀ ਪਿੰਡਾਂ ਵਿਚ ਹੋਈਆਂ ਗ੍ਰਾਮ ਸਭਾਵਾਂ ਵਿਚ ਜ਼ਿਆਦਾਤਰ ਲੋਕਾਂ ਦੀ ਸਹਿਮਤੀ ਨਾਲ ਆਰਐਫਸੀਟੀਐਲਏਆਰਆਰ ਐਕਟ 2013 ਦੀ ਪਬਲਿਕ ਪਰਪਜ਼ ਧਾਰਾ ਪ੍ਰਮਾਣਿਤ ਹੋਈ। ਉਨ੍ਹਾਂ ਦੱਸਿਆ ਕਿ ਅਰਨਿਆਲਾ ਡੈਮ ਦੀ ਉਸਾਰੀ ਨਾਲ ਖੇਤਰ ਵਿਚ ਅੰਨ ਉਤਪਾਦਨ ਵਧੇਗਾ, ਜੋ ਖੁਰਾਕ ਸੁੱਰਖਿਆ ਨੂੰ ਯਕੀਨੀ ਬਣਾਉਣ ਦੇ ਨਾਲ ਨਾਲ ਸਮਾਜਿਕ ਆਰਥਿਕ ਵਿਕਾਸ ਨੂੰ ਹੁਲਾਰਾ ਦੇਵੇਗਾ। ਇਹ ਪ੍ਰੋਜੈਕਟ ਸਿੰਚਾਈ ਲਈ ਬਿਜਲੀ ਵਾਲੇ ਪੰਪਾਂ 'ਤੇ ਨਿਰਭਰਤਾ ਘਟਾ ਕੇ ਭੂਮੀਗਤ ਪਾਣੀ ਦੀ ਕਮੀ ਨੂੰ ਰੋਕਣ ਵਿਚ ਵੀ ਅਹਿਮ ਭੂਮਿਕਾ ਨਿਭਾਏਗਾ, ਜਿਸ ਨਾਲ ਦੋਆਬਾ ਖੇਤਰ ਦੇ ਸਮਾਜਿਕ ਆਰਥਿਕ ਢਾਂਚੇ 'ਤੇ ਸਕਾਰਾਤਮਕ ਅਸਰ ਪਵੇਗਾ। ਪ੍ਰੋ. ਰਾਜੇਸ਼ ਕੁਮਾਰ ਨੇ ਪ੍ਰੋ. ਡਾ. ਕਰਮਜੀਤ ਸਿੰਘ ਦੀ ਅਗਵਾਈ ਤੇ ਸ਼ੀਅ ਅਰਨਿਆਲਾ ਡੈਮ ਟੀਮ ਦੇ ਮੈਂਬਰਾਂ, ਪ੍ਰੋ. ਡਾ. ਮਨਪ੍ਰੀਤ ਸਿੰਘ ਭੱਟੀ, ਡਾ. ਬਿਮਲਦੀਪ ਸਿੰਘ, ਡਾ. ਸਵਾਤੀ ਮਹਿਤਾ, ਡਾ. ਨੀਨਾ ਰੋਜ਼ੀ ਕਾਹਲੋਂ, ਸ਼ਰਨਪ੍ਰੀਤ ਕੌਰ ਤੇ ਸਮੂਹ ਡਾਟਾ ਵਿਸ਼ਲੇਸ਼ਕਾਂ ਤੇ ਫੀਲਡ ਜਾਂਚਕਰਤਾਵਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

## ਔਰਤ ਮੁਲਾਜ਼ਮ ਦਾ ਭੁਵਨੇਸ਼ਵਰ ਏਮਜ਼ ਦੇ ਅਧਿਕਾਰੀ ਵੱਲੋਂ ਸੈਕਸ ਸ਼ੋਸ਼ਣ

### ☛ਮੁਲਜ਼ਮ ਨਰਸਿੰਗ ਅਧਿਕਾਰੀ ਗ੍ਰਿਫ਼ਤਾਰ

ਭੁਵਨੇਸ਼ਵਰ, 30 ਜੁਲਾਈ (ਚ.ਨ.ਸ.): ਭੁਵਨੇਸ਼ਵਰ ਦੇ ਅਖਿਲ ਭਾਰਤੀ ਆਯੁਰਵਿਗਿਆਨ ਸੰਸਥਾਨ (ਏਮਜ਼) ਦੇ ਇੱਕ ਨਰਸਿੰਗ ਅਧਿਕਾਰੀ ਨੂੰ ਹਸਪਤਾਲ 'ਚ ਇੱਕ ਔਰਤ ਮੁਲਾਜ਼ਮ ਦਾ ਸੈਕਸ ਸ਼ੋਸ਼ਣ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਦੇ ਅਧਿਕਾਰੀ ਨੇ ਮੰਗਲਵਾਰ ਨੂੰ ਦੱਸਿਆ ਕਿ ਮੁਲਜ਼ਮ ਨਰਸਿੰਗ ਅਧਿਕਾਰੀ ਨਾਨੂ ਰਾਮ ਚੌਧਰੀ ਵਿਰੁੱਧ ਸ਼ਹਿਰ ਦੇ ਖਾਂਡਗਿਰੀ ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕੀਤੀ ਗਈ। ਭੁਵਨੇਸ਼ਵਰ ਸਥਿਤ ਏਮਜ਼ ਦੀ ਇੱਕ ਮੁਲਾਜ਼ਮ ਨੇ ਸੋਮਵਾਰ ਨੂੰ ਦੋਸ਼ ਲਗਾਇਆ ਸੀ ਕਿ ਮਰਦ ਨਰਸਿੰਗ ਅਧਿਕਾਰੀ ਨੇ ਉਸ ਦਾ ਸੈਕਸ ਸ਼ੋਸ਼ਣ ਕੀਤਾ। ਐੱਫ.ਆਈ.ਆਰ. ਦਰਜ ਕੀਤੇ ਜਾਣ ਦੇ ਤੁਰੰਤ ਬਾਅਦ ਹਸਪਤਾਲ ਵਿੱਚ ਪੀੜਤਾ ਸਮੇਤ ਵੱਖ-ਵੱਖ



ਏਜੰਸੀਆਂ ਰਾਹੀਂ ਭਰਤੀ ਕੀਤੇ ਗਏ ਸਾਰੇ ਮੁਲਾਜ਼ਮਾਂ ਨੇ ਮੁੱਖ ਗੇਟ ਦੇ ਬਾਹਰ ਰੋਸ ਵਿਖਾਵਾ ਸ਼ੁਰੂ ਕਰ ਦਿੱਤਾ। ਪੁਲਿਸ ਅਧਿਕਾਰੀ ਨੇ ਕਿਹਾ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੇ ਰੋਸ ਵਿਖਾਵਾ ਬੰਦ ਕੀਤਾ।

## ਏ.ਡੀ.ਸੀ. ਡਾ. ਬੇਦੀ ਵੱਲੋਂ ਤਹਿਸੀਲ ਦਫਤਰ ਗੁਰਦਾਸਪੁਰ ਦਾ ਅਚਨਚੇਤ ਨਿਰੀਖਣ



ਗੁਰਦਾਸਪੁਰ, 30 ਜੁਲਾਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਤਹਿਸੀਲ ਦਫ਼ਤਰ ਗੁਰਦਾਸਪੁਰ ਦਾ ਅਚਨਚੇਤ ਦੌਰਾ ਕਰਕੇ ਤਹਿਸੀਲਦਾਰ ਤੇ ਸਬ-ਰਜਿਸਟਰਾਰ ਦਫਤਰ ਵਿਖੇ ਪ੍ਰਦਾਨ ਕੀਤੀਆਂ ਜਾ ਰਹੀਆਂ ਪ੍ਰਸ਼ਾਸਨਿਕ ਸੇਵਾਵਾਂ ਦਾ ਨਿਰੀਖਣ ਕੀਤਾ। ਡਾ. ਹਰਜਿੰਦਰ ਸਿੰਘ ਬੇਦੀ ਨੇ ਤਹਿਸੀਲ ਦਫ਼ਤਰ ਦੀ ਅਚਨਚੇਤ ਚੈਕਿੰਗ ਕਰਦਿਆਂ ਕੀਤੀਆਂ ਜਾ ਰਹੀਆਂ ਈਜ਼ੀ ਰਜਿਸਟਰੀਆਂ ਦੇ ਕੰਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਤਹਿਸੀਲ ਵਿੱਚ ਰਜਿਸਟਰੀਆਂ ਕਰਨ ਦਾ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ ਤੇ ਕਿਸੇ ਕਿਸਮ ਦਾ ਕੋਈ ਵੀ ਕੰਮ ਬਕਾਇਆ ਨਹੀਂ ਹੈ। ਉਨ੍ਹਾਂ ਕਿਹਾ ਕਿ ਤਹਿਸੀਲ ਦਫਤਰਾਂ ਵਿਖੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਵਧੀਕ ਡਿਪਟੀ ਕਮਿਸ਼ਨਰ ਨੇ ਲੋਕਾਂ ਨਾਲ ਵੀ ਗੱਲਬਾਤ ਕੀਤੀ ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਤੇ ਈਜ਼ੀ ਰਜਿਸਟਰੀ ਬਾਬਤ ਫੀਡਬੈਕ ਹਾਸਲ ਕੀਤੀ ਤੇ ਲੋਕਾਂ ਨੇ ਕੀਤੇ ਜਾ ਰਹੇ ਕੰਮਾਂ ਸਬੰਧੀ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਿਕ ਕਿਸੇ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਡਾ. ਹਰਜਿੰਦਰ ਸਿੰਘ ਬੇਦੀ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਪਾਰਦਰਸ਼ੀ ਤੇ ਸਮਾਂਬੱਧ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ 'ਚ ਕੋਈ ਢਿੱਲ ਮੱਠ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਰਜਿਸਟਰੀ ਕਰਵਾਉਣ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਦਫਤਰੀ ਸਮੇਂ ਦੌਰਾਨ ਉਨ੍ਹਾਂ ਨਾਲ ਰਾਬਤਾ ਕਰ ਕੇ ਆਪਣੀਆਂ ਮੁਸ਼ਕਿਲਾਂ ਦਸ ਸਕਦੇ ਹਨ।

## ਸਰਕਾਰੀ ਹਸਪਤਾਲ 'ਚ ਆ ਰਹੀਆਂ ਮੁਸ਼ਕਿਲਾਂ ਜਲਦ ਹੱਲ ਕੀਤੀਆਂ ਜਾਣਗੀਆਂ: ਦਲਜੀਤ ਸਿੰਘ ਲੱਕੀ

ਫਤਹਿਗੜ੍ਹ ਚੂੜੀਆਂ, 30 ਜੁਲਾਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਸਰਕਾਰੀ ਹਸਪਤਾਲ ਦਾ ਦੌਰਾ ਹਲਕਾ ਸੰਗਠਨ ਇੰਚਾਰਜ ਦਲਜੀਤ ਸਿੰਘ ਲੱਕੀ ਨੇ ਕੀਤਾ ਤੇ ਸਰਕਾਰੀ ਹਸਪਤਾਲ ਫਤਹਿਗੜ੍ਹ



ਚੂੜੀਆਂ ਦੇ ਐੱਸ.ਐੱਮ.ਓ. ਡਾ. ਲਖਵਿੰਦਰ ਸਿੰਘ ਨੇ ਹਸਪਤਾਲ ਵਿਖੇ ਆ ਰਹੀਆਂ ਮੁਸ਼ਕਿਲਾਂ ਦਾ ਦਲਜੀਤ ਸਿੰਘ ਲੱਕੀ ਨੂੰ ਮੰਗ ਪੱਤਰ ਦਿੱਤਾ ਤੇ ਉਨ੍ਹਾਂ ਵੱਲੋਂ ਸਟਾਫ ਨੂੰ ਯਕੀਨ ਦਿਵਾਇਆ ਕਿ ਤੁਹਾਨੂੰ ਆ ਰਹੀਆਂ ਮੁਸ਼ਕਿਲਾਂ ਤੇ ਲੰਬੇ ਸਮੇਂ ਤੋਂ ਆ ਰਹੀ ਸਟਾਫ ਦੀ ਘਾਟ ਦਾ ਜਲਦੀ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਡਾ. ਗੁਰਪਾਲ ਸਿੰਘ, ਡਾ. ਮਨਦੀਪ ਸਿੰਘ, ਡਾ. ਰਿਸ਼ਬ ਸ਼ਰਮਾ, ਹਰਵਿੰਦਰ ਸਿੰਘ, ਅਰੁਣ ਸ਼ਰਮਾ, ਪਰਮਜੀਤ ਸਿੰਘ ਗੋਲਡੀ ਤੇਜਾ, ਓਂਕਾਰ ਪਾਰੋਵਾਲ, ਸਤਨਾਮ ਸਿੰਘ, ਬਲਜੀਤ ਬੱਬੂ, ਕਿਰਪਾਲ ਸਿੰਘ ਸੰਧੂ, ਕ੍ਰਿਸ਼ਨ ਕੁਮਾਰ ਗਾਮਾ, ਇੰਦਰਵੀਰ ਸਿੰਘ ਪੂਰਬਾ, ਮਦਨ ਲਾਲ ਪ੍ਰਕਾਸ਼ ਟੇਲਰ ਤੋਂ ਆਪ ਵਰਕਰਾਂ ਤੋਂ ਇਲਾਵਾ ਸਰਕਾਰੀ ਹਸਪਤਾਲ ਦਾ ਸਟਾਫ਼ ਹਾਜ਼ਰ ਸੀ।

## ਵਿਧਾਇਕ ਕਲਸੀ ਵੱਲੋਂ ਸਬਜ਼ੀ ਮੰਡੀ ਦਾ ਦੌਰਾ-ਆੜ੍ਹਤੀਆਂ ਤੇ ਸਬਜ਼ੀ ਵਿਕ੍ਰੇਤਾਵਾਂ ਦੀਆਂ ਮੁਸ਼ਕਿਲਾਂ ਸੁਣ ਕੇ ਕੀਤੀਆਂ ਹੱਲ

ਬਟਾਲਾ, 30 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਬਜ਼ੀ ਮੰਡੀ ਬਟਾਲਾ ਦਾ ਦੌਰਾ ਕੀਤਾ ਤੇ ਆੜ੍ਹਤੀਆਂ ਤੇ ਸਬਜ਼ੀ ਵਿਕ੍ਰੇਤਾਵਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲ ਸੁਣ ਕੇ ਹੱਲ ਕੀਤੀਆਂ।



ਇਸ ਮੌਕੇ ਮਾਨਿਕ ਮਹਿਤਾ ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਸਮੇਤ ਆੜ੍ਹਤੀ ਆਦਿ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਵੱਲੋਂ ਵਿਜੇ ਫੌਜੀ ਨੂੰ ਸਬਜ਼ੀ ਮੰਡੀ ਦਾ ਵਾਈਸ ਪ੍ਰਧਾਨ ਥਾਪਿਆ ਗਿਆ ਤੇ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਇਨ੍ਹਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਮੰਡੀ ਵਿੱਚ ਕੂੜੇ ਦੀ ਸਮੱਸਿਆ ਦੇ ਹੱਲ ਲਈ ਡਸਟਬੀਨ ਲਗਾਏ ਜਾਣਗੇ, ਇਸ ਨਾਲ ਥਾਂ-ਥਾਂ 'ਤੇ ਕੂੜਾ ਸੁੱਟਣ ਤੋਂ ਨਿਜਾਤ ਮਿਲੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਬਜ਼ੀ ਮੰਡੀ ਨੂੰ ਸਾਫ-ਸੁਥਰਾ ਰੱਖਣ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਸਾਡਾ ਮਕਸਦ ਅੱਜ ਦੇ ਆਧੁਨਿਕ ਯੁੱਗ ਵਿੱਚ ਖੇਤੀਬਾੜੀ ਦੇ ਧੰਦਿਆਂ ਨੂੰ ਹੋਰ ਬਿਹਤਰ ਬਣਾਉਣਾ ਹੈ। ਮੰਡੀਆਂ ਵਿੱਚ ਸ਼ੈੱਡ, ਬਾਥਰੂਮ ਸਮੇਤ ਵੱਖ-ਵੱਖ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਤੇ ਭਵਿੱਖ ਵਿੱਚ ਵੀ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਵਾਉਣ ਲਈ ਉਹ ਵਚਨਬੱਧ ਹਨ। ਹਲਕਾ ਬਟਾਲਾ ਦੇ ਸਰਬਪੱਖੀ ਵਿਕਾਸ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਸੂਬੇ ਦਾ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ ਤੇ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਦੇ ਸੁੰਦਰੀਕਰਨ ਤੇ ਵਿਕਾਸ ਕੰਮ ਤੇਜ਼ਗਤੀ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਦੀ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨੀਆਂ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ 'ਤੇ ਪਾਰਦਰਸ਼ੀ ਤੇ ਨਿਰਪੱਖਤਾ ਨਾਲ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।

## ਵਿਧਾਇਕ ਕਲਸੀ ਨੇ ਗੋਲਡ ਮੈਡਲ ਹਾਸਲ ਕਰਨ ਵਾਲੇ ਪੁਲਿਸ ਖਿਡਾਰੀਆਂ ਨੂੰ ਕੀਤਾ ਸਨਮਾਨਤ



ਬਟਾਲਾ/ਅਲੀਵਾਲ, 30 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਖੇਡਣ ਦਾ ਸ਼ਾਨਦਾਰ ਪਲੇਟਫਾਰਮ ਮੁਹੱਈਆ ਕਰਵਾਇਆ ਹੈ ਤੇ ਪੰਜਾਬ ਵਿੱਚ ਮੁੜ ਖੇਡ ਸੱਭਿਆਚਾਰ ਪ੍ਰਫੁੱਲਤ ਹੋਇਆ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਰਲਡ ਪੁਲਿਸ ਗੇਮਾਂ, ਐਲਬਾਮਾ, ਯੂ.ਐੱਸ.ਏ. 2025 ਦੇ ਗੋਲਡ ਮੈਡਲ ਜੇਤੂ ਖਿਡਾਰੀਆਂ ਨੂੰ ਸਨਮਾਨਤ ਮੌਕੇ ਕਹੇ। ਵਿਧਾਇਕ ਸ਼ੈਰੀ ਕਲਸੀ ਨੇ ਗੋਲਡ ਮੈਡਲ ਜੇਤੂ ਐਥਲੈਟਿਕਸ ਖਿਡਾਰਣ ਸਰਬਜੀਤ ਕੌਰ ਤੇ ਖਿਡਾਰੀ ਜਸਪਿੰਦਰ ਸਿੰਘ ਬਾਜਵਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖਿਡਾਰੀਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਖਾਸ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਸੂਬੇ ਅੰਦਰ ਖਿਡਾਰੀਆਂ ਨੂੰ ਸ਼ਾਨਦਾਰ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਖਿਡਾਰੀਆਂ ਨੇ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ। ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਨਗਦ ਇਨਾਮ ਦੇਣ ਤੋਂ ਇਲਾਵਾ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

## ਵਿਧਾਇਕ ਰੰਧਾਵਾ ਨੇ ਹਲਕੇ ਦੇ ਪਿੰਡਾਂ 'ਚ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ

ਡੇਰਾ ਬਾਬਾ ਨਾਨਕ, 30 ਜੁਲਾਈ (ਹੈਪੀ ਕੋਟਲੀ): ਪੰਜਾਬ ਨੂੰ ਨਸ਼ਾ ਮੁਕਤ ਕਰਕੇ ਸਿਹਤਮੰਦ ਤੇ ਰੰਗਲਾ ਪੰਜਾਬ ਬਣਾਉਣ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਵਿੱਚ ਲੋਕਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ। ਸੂਬੇ ਦੇ ਲੋਕ ਨਸ਼ਿਆਂ ਵਿਰੁੱਧ ਉੱਠ ਖੜ੍ਹੇ ਹੋਏ ਹਨ ਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਸਾਡਾ ਪੰਜਾਬ ਮੁੜ ਰੰਗਲਾ ਪੰਜਾਬ ਬਣ ਕੇ




ਉਭਰੇਗਾ। ਇਹ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਨਸ਼ਾ ਮੁਕਤੀ ਯਾਤਰਾ ਮੌਕੇ ਹਲਕੇ ਦੇ ਪਿੰਡਾਂ ਸਰਾਏ, ਦਿਓਲ ਤੇ ਪੈੜੂਵਾਲ ਵਿਖੇ ਕਰਵਾਏ ਗਏ ਜਨਤਕ ਇਕੱਠਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਅਸੀਂ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸਹੁੰ ਚੁਕਾਈ। ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਕਲਾਨੌਰ ਰਜਿੰਦਰ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

## ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਮੈਂਬਰ ਸੈਮੂਅਲ ਗਿੱਲ ਦਾਖਲਾ ਵੱਲੋਂ ਡੀ.ਸੀ. ਨਾਲ ਮੁਲਾਕਾਤ

ਬਟਾਲਾ, 30 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਪੰਜਾਬ ਸਰਕਾਰ ਮੈਂਬਰ ਸੈਮੂਅਲ ਗਿੱਲ ਦਾਖਲਾ ਵੱਲੋਂ ਡੀ.ਸੀ. ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨਾਲ ਮੁਲਾਕਾਤ ਕੀਤੀ ਗਈ। ਇਸ ਦੀ ਜਾਣਕਾਰੀ ਦਿੰਦਿਆਂ ਸੈਮੂਅਲ ਗਿੱਲ ਦਾਖਲਾ ਨੇ ਕਿਹਾ ਕਿ ਘੱਟ ਗਿਣਤੀ ਵਰਗ ਸਾਡੇ ਸਮਾਜ ਦਾ ਇੱਕ ਅਨਿਕੜਵਾਂ ਅੰਗ ਹੈ। ਪੰਜਾਬ ਵਿੱਚ ਮਾਨ ਸਰਕਾਰ ਇਸ



ਵਰਗ ਦੀ ਚਿੰਤਾ ਦੀ ਰਾਖੀ ਕਰਨ ਲਈ ਵਚਨਬੱਧ ਹੈ। ਇਸ ਮੌਕੇ ਡੀ.ਸੀ. ਗੁਰਦਾਸਪੁਰ ਨੇ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਵਿੱਚ ਹਰ ਵਰਗ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ ਤੇ ਹਰ ਇੱਕ ਆਮ ਨਾਗਰਿਕ ਦਾ ਸਤਿਕਾਰ ਕੀਤਾ ਜਾਵੇਗਾ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰ ਵੱਲੋਂ ਕੀਤੀ ਨਾਜਾਇਜ਼ ਉਸਾਰੀ 'ਤੇ ਫੇਰਿਆ ਬੁਲਡੋਜ਼ਰ

ਸ੍ਰੀ ਹਰਗੋਬਿੰਦਪੁਰ ਸਾਹਿਬ/ਊਧਨਵਾਲ, 30 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਸੁਖ ਅੰਮ੍ਰਿਤ ਸਿੰਘ ਘੁਮਾਣ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਅੱਜ ਬਟਾਲਾ ਪੁਲਿਸ ਨੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡ ਭੋਮਾ ਵਿਖੇ ਨਸ਼ਾ ਤਸਕਰ



ਅੰਮ੍ਰਿਤਪਾਲ ਸਿੰਘ ਪੁੱਤਰ ਕਸ਼ਮੀਰ ਸਿੰਘ ਵੱਲੋਂ ਪੰਚਾਇਤੀ ਜਗ੍ਹਾ 'ਤੇ ਕੀਤੀ ਗਈ ਨਾਜਾਇਜ਼ ਉਸਾਰੀ ਨੂੰ ਜੇ.ਸੀ.ਬੀ. ਮਸ਼ੀਨ ਲਗਾ ਕੇ ਢਾਹ ਦਿੱਤਾ। ਇਸ ਮੌਕੇ ਗੁਰਪ੍ਰਤਾਪ ਸਿੰਘ ਸਹੋਤਾ ਐੱਸ.ਪੀ. (ਡੀ) ਬਟਾਲਾ, ਹਰੀਸ਼ ਬਹਿਲ ਡੀ.ਐੱਸ.ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ, ਨਾਇਬ-ਤਹਿਸੀਲਦਾਰ ਵਿਨੋਦ ਮਹਿਤਾ, ਬੀ.ਡੀ.ਪੀ.ਓ. ਨਰਿੰਦਰ ਸਿੰਘ ਖਹਿਰਾ, ਪੰਚਾਇਤ ਅਫਸਰ ਸ੍ਰੀ ਹਰਗੋਬਿੰਦਪੁਰ ਸਾਹਿਬ, ਜਸਵੰਤ ਸਿੰਘ, ਐੱਸ.ਐੱਚ.ਓ. ਘੁਮਾਣ ਗਗਨਦੀਪ ਸਿੰਘ ਢੀਂਡਸਾ, ਸੁਖਵਿੰਦਰ ਸਿੰਘ ਐੱਸ.ਐੱਚ.ਓ. ਸ੍ਰੀ ਹਰਗੋਬਿੰਦਪੁਰ ਸਾਹਿਬ, ਗੁਰਮੀਤ ਸਿੰਘ ਐੱਸ.ਐੱਚ.ਓ. ਕਾਦੀਆਂ, ਹਰਮੀਤ ਸਿੰਘ ਐੱਸ.ਐੱਚ.ਓ. ਰੰਗੜ ਨੰਗਲ ਸਮੇਤ ਪੁਲਿਸ ਫੋਰਸ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਗੁਰਪ੍ਰਤਾਪ ਸਿੰਘ ਸਹੋਤਾ ਐੱਸ.ਪੀ. (ਡੀ) ਨੇ ਦੱਸਿਆ ਕਿ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਸੂਬੇ ਅੰਦਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਨਸ਼ਾ ਤਸਕਰਾਂ ਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਸਖ਼ਤ ਰੁਖ ਅਪਣਾਇਆ ਗਿਆ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਅੱਗੇ ਦੱਸਿਆ ਕਿ ਨਸ਼ਾ ਤਸਕਰ ਅੰਮ੍ਰਿਤਪਾਲ ਸਿੰਘ ਖਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਮੁਕੱਦਮੇ ਦਰਜ ਹਨ ਤੇ ਇਸ ਵੇਲੇ ਸੈਂਟਰਲ ਜੇਲ੍ਹ ਗੁਰਦਾਸਪੁਰ ਵਿੱਚ ਬੰਦ ਹੈ। ਇਸ ਉੱਪਰ ਐੱਨ.ਡੀ.ਪੀ.ਐੱਸ. ਤਹਿਤ 3 ਪਰਚਿਆਂ ਸਮੇਤ ਡਕੈਤੀ ਤੇ ਚੋਰੀ ਆਦਿ ਦੇ ਮੁਕੱਦਮੇ ਵੀ ਦਰਜ ਹਨ। ਉਨ੍ਹਾਂ ਦੱਸਿਆ ਕਿ ਉਸਦੀ ਪਤਨੀ ਤੇ ਇਸਦੇ ਦੋ ਭਰਾਵਾਂ ਉੱਪਰ ਵੀ ਐੱਨ.ਡੀ.ਪੀ.ਐੱਸ. ਤਹਿਤ ਮੁਕੱਦਮੇ ਹਨ। ਇਸਦੀ ਪਤਨੀ ਤੇ ਇੱਕ ਭਰਾ ਜੇਲ੍ਹ ਵਿੱਚ ਬੰਦ ਹੈ ਤੇ ਇੱਕ ਭਰਾ ਭਗੌੜਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰ ਵੱਲੋਂ ਨਸ਼ੇ ਦੀ ਕਮਾਈ ਨਾਲ ਇਹ ਉਸਾਰੀ ਕੀਤੀ ਗਈ ਸੀ, ਜਿਸਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਢਾਹਿਆ ਗਿਆ ਹੈ।

## ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਸ਼੍ਰੋਮਣੀ ਅਕਾਲੀ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਕਰੇਗਾ ਹਾਸਲ: ਕਿਰਪਾਲ ਸਿੰਘ ਢੀਂਡਸਾ



ਬਟਾਲਾ, 30 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਵਿਧਾਨ ਸਭਾ ਚੋਣਾਂ 2027 ਵਿੱਚ ਨੇੜੇ ਆ ਰਹੀਆਂ ਹਨ, ਜਿਸ ਨਾਲ ਪੰਜਾਬ ਅੰਦਰ ਹਰ ਇੱਕ ਪਾਰਟੀ ਪੂਰਾ ਜ਼ੋਰ ਲਗਾ ਰਹੀ ਹੈ ਤੇ ਆਪਣੇ-ਆਪਣੇ ਲੀਡਰਾਂ ਨਾਲ ਪਾਰਟੀਆਂ ਨੂੰ ਮਜ਼ਬੂਤ ਕਰ ਰਹੀਆਂ ਹਨ। ਇਸ ਤਹਿਤ ਹੀ ਜ਼ਿਲ੍ਹਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਕਿਰਪਾਲ ਸਿੰਘ ਢੀਂਡਸਾ ਤੇ ਡਾ. ਹਰਪ੍ਰੀਤ ਸਿੰਘ ਸੱਲੋ ਨੇ ਆਪਣੇ ਸਾਥੀਆਂ ਨਾਲ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਸਲਾਹ ਮਸ਼ਵਰਾ ਕੀਤਾ। ਕਿਰਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਅੰਦਰ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਨਾਲ ਮਜ਼ਬੂਤ ਹੈ ਤੇ ਇਸ ਵਿਧਾਨ ਸਭਾ 'ਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਅਕਾਲੀ ਦਲ ਦੀਆਂ ਸਾਰੀਆਂ ਸੀਟਾਂ 'ਤੇ ਵੱਡੀ ਜਿੱਤ ਹਾਸਲ ਕਰੇਗਾ। ਡਾ. ਜਸਬੀਰ ਸਿੰਘ ਸੱਲੋ ਨੇ ਦੱਸਿਆ ਜ਼ਿਲ੍ਹੇ ਦੇ ਸਾਰੇ ਅਕਾਲੀ ਲੀਡਰ ਪੂਰਾ ਤਨ ਮਨ ਨਾਲ ਪਾਰਟੀ ਲਈ ਜ਼ੋਰ ਲਗਾ ਰਹੇ ਹਨ, ਜਿਸ ਦੇ ਨਾਲ ਪਿੰਡ ਲੈਵਲ ਦੇ ਵਰਕਰਾਂ ਅੰਦਰ ਪੂਰਾ ਜੋਸ਼ ਭਰਿਆ ਹੈ ਤੇ ਹਰ ਇੱਕ ਵਰਕਰ ਪਾਰਟੀ ਲਈ ਕੰਮ ਕਰ ਰਿਹਾ ਹੈ। ਇਸ ਮੌਕੇ ਨੰਬਰਦਾਰ ਕੁਲਜੀਤ ਸਿੰਘ ਘੁੰਮਣ, ਗੁਰਵਿੰਦਰ ਸਿੰਘ ਰੰਧਾਵਾ ਅੰਸ ਬੰਸ ਭਾਈ ਲਛਮਣ ਸਿੰਘ ਧਾਰੋਵਾਲੀ, ਡਾ. ਹਰਪ੍ਰੀਤ ਸਿੰਘ ਸੱਲੋ ਸੀਨੀਅਰ ਅਕਾਲੀ ਵਰਕਰ, ਹਰਦੇਵ ਸਿੰਘ ਘੁੰਮਣ, ਕੰਵਲਜੀਤ ਸਿੰਘ ਭੰਗੂ, ਸਤਨਾਮ ਸਿੰਘ ਘੁੰਮਣ ਸੀਨੀਅਰ ਅਕਾਲੀ ਵਰਕਰ, ਜਥੇਦਾਰ ਹਰਪਾਲ ਸਿੰਘ ਕੈਲੇ ਕਲਾਂ, ਜਗਜੀਤ ਸਿੰਘ ਜੱਗੂ ਕੈਲੇ ਕਲਾਂ, ਸਰਦੂਲ ਸਿੰਘ ਘੁੰਮਣ, ਰਣਜੀਤ ਸਿੰਘ ਰੰਧਾਵਾ, ਕਰਮਨਜੋਤ ਸਿੰਘ ਰੰਧਾਵਾ, ਬਲਦੇਵ ਸਿੰਘ ਰੰਧਾਵਾ ਆਦਿ ਹਾਜ਼ਰ ਹੋਏ।

## ਰੋਟਰੀ ਕਲੱਬ ਬੰਗਾ ਗਰੀਨ ਵੱਲੋਂ ਸਾਹ ਦੀ ਬਿਮਾਰੀ ਤੋਂ ਪੀੜਤ ਮਰੀਜ਼ ਲਈ ਮਸ਼ੀਨ ਲੈਣ ਲਈ ਨਗਦ ਰਾਸ਼ੀ ਭੇਟ

ਬੰਗਾ, 30 ਜੁਲਾਈ (ਪ੍ਰਭਜੋਤ ਸਿੰਘ): ਸਮਾਜ ਸੇਵਾ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਰੋਟਰੀ ਕਲੱਬ ਬੰਗਾ ਗਰੀਨ ਦੇ ਵੱਲੋਂ ਮਹਿਰਮਪੁਰ ਦੇ ਇੱਕ ਲੋੜਵੰਦ ਮਰੀਜ਼ ਦਵਿੰਦਰ ਸਿੰਘ ਭੀਮਾ ਜੋ ਕਿ ਗੁਰਦੁਆਰਾ ਸਾਹਿਬ ਵਿਖੇ ਪਾਠੀ ਸਿੰਘ ਦੀ ਸੇਵਾ ਕਰ ਰਿਹਾ ਹੈ, ਉਹ ਸਾਹ ਦੀ ਬਿਮਾਰੀ ਤੋਂ ਪੀੜਤ ਸੀ, ਜਿਸ ਨੂੰ ਡਾਕਟਰਾਂ ਦੇ ਵੱਲੋਂ ਇਹ ਸਲਾਹ ਦਿੱਤੀ ਗਈ ਸੀ ਕਿ ਉਸ ਨੂੰ ਇਸ ਬਿਮਾਰੀ ਤੋਂ ਰਾਹਤ ਵਾਸਤੇ ਮਸ਼ੀਨ ਲਗਵਾਉਣੀ ਪਵੇਗੀ ਨਹੀਂ ਤਾਂ ਕੋਈ ਵੱਡਾ ਜਾਨੀ ਨੁਕਸਾਨ ਵੀ ਹੋ ਸਕਦਾ ਹੈ। ਜਦੋਂ ਇਸ ਗੱਲ ਦਾ ਪਤਾ ਰੋਟਰੀ ਕਲੱਬ ਬੰਗਾ ਗਰੀਨ ਨੂੰ ਲੱਗਾ ਤਾਂ ਦਿਲਬਾਗ ਸਿੰਘ ਬਾਗੀ ਦੀ ਪ੍ਰਧਾਨਗੀ ਹੇਠ ਸਾਰੇ ਮੈਂਬਰਾਂ ਦੀ ਸਾਂਝੀ ਸਲਾਹ ਮੁਤਾਬਿਕ ਇਸ ਮਸ਼ੀਨ ਲਈ 12,100 ਰੁਪਏ ਦੀ ਆਰਥਿਕ ਮਦਦ ਕਰਨ ਦਾ ਫੈਸਲਾ ਕੀਤਾ ਗਿਆ। ਪ੍ਰਧਾਨ ਦਿਲਬਾਗ ਸਿੰਘ ਬਾਗੀ ਤੇ ਸ਼ਮਿੰਦਰ ਸਿੰਘ ਗਰਚਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ




ਲੋੜਵੰਦ ਦੀ ਮਦਦ ਕਰਨਾ ਇਨਸਾਨੀਅਤ ਦਾ ਸਭ ਤੋਂ ਵੱਡਾ ਧਰਮ ਹੈ ਤੇ ਸਾਨੂੰ ਰਲ ਮਿਲ ਕੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ, ਜਿਸ ਲਈ ਉਨ੍ਹਾਂ ਨੇ ਆਪਣੇ ਕਲੱਬ ਦੇ ਮੈਂਬਰਾਂ ਦਾ ਵੀ ਧੰਨਵਾਦ ਕੀਤਾ। ਜਿਨ੍ਹਾਂ ਨੇ ਇਸ ਮਰੀਜ਼ ਦੀ ਮਦਦ ਲਈ ਹੱਥ ਅੱਗੇ ਵਧਾਇਆ। ਲੋਕਾਂ ਨੂੰ ਇਲਾਕਾ ਨਿਵਾਸੀਆਂ ਨੂੰ ਵੀ ਇਹ ਸੁਨੇਹਾ ਦਿੱਤਾ ਕਿ ਤੁਸੀਂ ਆਪਣੇ ਤੌਰ 'ਤੇ ਕਿਸੇ ਵੀ ਤਰ੍ਹਾਂ ਬੱਚਿਆਂ ਦੀ ਪੜ੍ਹਾਈ ਵਾਸਤੇ ਮਰੀਜ਼ਾਂ ਦੀ ਦਵਾਈ ਵਾਸਤੇ ਬਜ਼ੁਰਗਾਂ ਦੇ ਇਲਾਜ ਵਾਸਤੇ ਜ਼ਰੂਰ ਮਦਦ ਕਰੋ। ਇਸ ਪ੍ਰੋਜੈਕਟ ਵਿੱਚ ਮਹਿਰਮਪੁਰ ਨਿਵਾਸੀ ਸੀਸਾ ਸਿੰਘ ਲਹਿਲ ਯੂ.ਕੇ. ਵੱਲੋਂ 5000 ਰੁਪਏ ਦੀ ਮਦਦ ਕੀਤੀ ਗਈ, ਜਿਨ੍ਹਾਂ ਦਾ ਰੋਟਰੀ ਕਲੱਬ ਬੰਗਾ ਗਰੀਨ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਵਾਈਸ ਪ੍ਰਧਾਨ ਰੋਟੇਰੀਅਨ ਸ਼ਮਿੰਦਰ ਸਿੰਘ ਗਰਚਾ, ਰੋਟੇਰੀਅਨ ਜੀਵਨ ਦਾਸ ਕੌਸ਼ਲ, ਰੋਟੇਰੀਅਨ ਗਗਨਦੀਪ ਸਿੰਘ, ਰੋਟੇਰੀਅਨ ਬਲਦੇਵ ਜਵੈਲਰ ਆਜ਼ਾਦ ਚੌਂਕ ਬੰਗਾ, ਸੈਕਟਰੀ ਰੋਟੇਰੀਅਨ ਰਣਵੀਰ ਸਿੰਘ ਰਾਣਾ, ਰੋਟੇਰੀਅਨ ਹਰਪ੍ਰੀਤ ਹੀਉ, ਰੋਟੇਰੀਅਨ ਸੁਖਵਿੰਦਰ ਸਿੰਘ ਧਾਮੀ ਆਦਿ ਮੈਂਬਰ ਹਾਜ਼ਰ ਸਨ।

## ਏ.ਡੀ.ਸੀ. ਨੇ ਮੌਕੇ 'ਤੇ ਹੀ ਦਿਵਿਆਂਗ ਵਿਅਕਤੀ ਨੂੰ ਵੀਲ੍ਹ ਚੇਅਰ ਦਿੱਤੀ

ਗੁਰਦਾਸਪੁਰ, 30 ਜੁਲਾਈ (ਜਗੀਰ ਸਿੰਘ ਮੰਡ): ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਜਦੋਂ ਅੱਜ ਸਵੇਰੇ ਗੁਰਦਾਸਪੁਰ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ ਜਾ ਰਿਹਾ ਸੀ ਤਾਂ ਉਨ੍ਹਾਂ ਨੂੰ ਪੁਰਾਣੇ ਬੱਸ ਅੱਡੇ ਦੇ ਕੋਲ ਇੱਕ ਦਿਵਿਆਂਗ ਵਿਅਕਤੀ ਜਿਸਦਾ ਨਾਮ ਅਵਤਾਰ ਸਿੰਘ ਪੁੱਤਰ ਹਰਬੰਸ ਸਿੰਘ ਮਿਲੇ ਜੋ ਤੁਰਨ-ਫਿਰਨ ਤੋਂ ਅਸਮਰਥ ਸਨ। ਏ.ਡੀ.ਸੀ. ਡਾ. ਬੇਦੀ ਨੇ ਜਦੋਂ ਰੁਕ ਕੇ ਉਸ ਦਿਵਿਆਂਗ ਵਿਅਕਤੀ ਦਾ ਹਾਲ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਹ ਚੱਲ ਫਿਰ ਨਹੀਂ ਸਕਦਾ, ਜਿਸ ਕਾਰਨ ਉਸ ਨੂੰ ਮੁਸ਼ਕਿਲ ਹੁੰਦੀ ਹੈ। ਜਦੋਂ ਡਾ. ਬੇਦੀ ਨੇ ਉਸਨੂੰ ਪੁੱਛਿਆ ਕਿ ਉਸ ਕੋਲ ਵੀਲ੍ਹ ਚੇਅਰ ਨਹੀਂ ਹੈ ਤਾਂ ਉਸ ਨੇ ਨਾਂਹ ਵਿੱਚ ਜਵਾਬ ਦਿੱਤਾ। ਇਸ ਤੋਂ ਬਾਅਦ



ਏ.ਡੀ.ਸੀ. ਨੇ ਉਸੇ ਸਮੇਂ ਜ਼ਿਲ੍ਹਾ ਰੈੱਡ ਕਰਾਸ ਦੇ ਸਕੱਤਰ ਰਾਜੀਵ ਸਿੰਘ ਨੂੰ ਕਾਲ ਕਰਕੇ ਬੁਲਾਇਆ ਤੇ ਮੌਕੇ 'ਤੇ ਉਸ ਦਿਵਿਆਂਗ ਵਿਅਕਤੀ ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਵੀਲ੍ਹ ਚੇਅਰ ਦੇ ਦਿੱਤੀ। ਇਹ ਵੀਲ੍ਹ ਚੇਅਰ ਹਾਸਲ ਕਰਕੇ ਅਵਤਾਰ ਸਿੰਘ ਬਹੁਤ ਖੁਸ਼ ਹੋਇਆ ਤੇ ਇਸ ਨੇਕੀ ਲਈ ਉਸਨੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਡਾ. ਬੇਦੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹਮੇਸ਼ਾ ਹੀ ਲੋੜਵੰਦਾਂ ਦੀ ਸੇਵਾ ਵਿੱਚ ਹਾਜ਼ਰ ਹੈ।

## ਲਿਵਾਸਾ ਹਸਪਤਾਲਾਂ ਨੂੰ ਮਿਲਿਆ ਲੀਡਿੰਗ ਮਲਟੀ-ਸਪੈਸ਼ਲਿਟੀ ਹਸਪਤਾਲ ਚੇਨ ਐਵਾਰਡ

ਨਵਾਂਸ਼ਹਿਰ, 30 ਜੁਲਾਈ (ਸੁਖਦੇਵ ਸਿੰਘ ਉੜਾਪੜ): ਲਿਵਾਸਾ ਹਸਪਤਾਲਾਂ ਨੂੰ ਉੱਤਰੀ ਭਾਰਤ ਵਿੱਚ ਮੋਹਰੀ ਮਲਟੀ-




ਸਪੈਸ਼ਲਿਟੀ ਹਸਪਤਾਲ ਚੇਨ ਲਈ ਈਟੀ ਹੈਲਥ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਐੱਨਏਬੀਐੱਚ ਪ੍ਰਵਾਨਿਤ ਸਿਹਤ ਸੰਭਾਲ ਨੈੱਟਵਰਕ, ਲਿਵਾਸਾ ਹਸਪਤਾਲ ਪੰਜਾਬ ਦੀ ਸਭ ਤੋਂ ਵੱਡੀ ਸੁਪਰ-ਸਪੈਸ਼ਲਿਟੀ ਹਸਪਤਾਲ ਲੜੀ ਹੈ, ਜਿਸ ਦੇ ਹਸਪਤਾਲ ਮੋਹਾਲੀ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ ਤੇ ਖੰਨਾ ਵਿੱਚ ਹਨ। ਲਿਵਾਸਾ ਹਸਪਤਾਲ ਦੇ ਸੀ.ਈ.ਓ. ਡਾ. ਪਵਨ ਕੁਮਾਰ ਨੇ ਕਿਹਾ ਕਿ ਲਿਵਾਸਾ ਵਿਖੇ, ਸਾਡਾ ਮੰਨਣਾ ਹੈ ਕਿ ਸਿਹਤ ਸੰਭਾਲ ਨੂੰ ਸਿਰਫ਼ ਤਕਨਾਲੋਜੀ ਜਾਂ ਬੁਨਿਆਦੀ ਢਾਂਚੇ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਮਨੁੱਖੀ ਸੰਪਰਕ, ਹਮਦਰਦੀ ਤੇ ਕਲੀਨਿਕਲ ਇਮਾਨਦਾਰੀ ਦੁਆਰਾ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ। ਇਹ ਪੁਰਸਕਾਰ ਵਿਸ਼ਵ ਪੱਧਰੀ ਸਿਹਤ ਸੰਭਾਲ ਨੂੰ ਸਾਰਿਆਂ ਲਈ ਪਹੁੰਚਯੋਗ ਬਣਾ ਕੇ ਇੱਕ ਸਿਹਤਮੰਦ ਉੱਤਰੀ ਭਾਰਤ ਬਣਾਉਣ ਦੇ ਸਾਡੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਾ ਹੈ। ਇਹ ਪੁਰਸਕਾਰ ਪੂਰੇ ਖੇਤਰ ਵਿੱਚ ਸਿਹਤ ਸੰਭਾਲ ਨਵੀਨਤਾ, ਕਲੀਨਿਕਲ ਉੱਤਮਤਾ ਤੇ ਭਾਈਚਾਰਕ ਭਲਾਈ ਵਿੱਚ ਇੱਕ ਭਰੋਸੇਮੰਦ ਨਾਮ ਵਜੋਂ ਲਿਵਾਸਾ ਹਸਪਤਾਲਾਂ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਦਾ ਹੈ।

## ਬੱਚਿਆਂ ਨੂੰ ਬਾਲ ਅਧਿਕਾਰਾਂ ਤੇ ਪੋਕਸੋ ਐਕਟ ਬਾਰੇ ਕੀਤਾ ਜਾਗਰੂਕ

ਸ਼ਹੀਦ ਭਗਤ ਸਿੰਘ ਨਗਰ, 30 ਜੁਲਾਈ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਵੱਲੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਿਆਲਾ ਵਿਖੇ ਬੱਚਿਆਂ ਤੇ ਸਕੂਲ ਦੇ ਸਟਾਫ ਨੂੰ ਬਾਲ ਅਧਿਕਾਰਾਂ ਤੇ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ



ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਦੌਰਾਨ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ (ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ) ਵੱਲੋਂ ਪੋਕਸੋ ਐਕਟ ਤੇ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਦਿੰਦੇ ਦੱਸਿਆ ਗਿਆ ਕਿ ਲੜਕੇ ਤੇ ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਸੁਰੱਖਿਅਤ ਮਾਹੌਲ ਹੋਣਾ ਜ਼ਰੂਰੀ ਹੈ, ਜਿਸ ਦੀ ਸਿਰਜਣਾ ਕਰਨ ਲਈ ਸਰਕਾਰ ਵੱਲੋਂ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ ਤਾਂ ਜੋ ਜ਼ੀਰੋ ਤੋਂ 18 ਸਾਲ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ, ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਪੋਕਸੋ ਐਕਟ ਤਹਿਤ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖਤ ਤੋਂ ਸਖਤ ਸਜ਼ਾ ਦਾ ਪ੍ਰਾਵਧਾਨ ਹੈ, ਉਨ੍ਹਾਂ ਨੇ ਸਕੂਲ ਦੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਨਾਲ ਇਸ ਸੰਵੇਦਨਸ਼ੀਲ ਵਿਸ਼ੇ 'ਤੇ ਖੁੱਲ੍ਹ ਕੇ ਚਰਚਾ ਕਰਨ ਤਾਂ ਜੋ ਬੱਚਿਆਂ ਨੂੰ ਚੰਗੇ ਤੇ ਮਾੜੇ ਵਤੀਰੇ ਦਾ ਪਤਾ ਲੱਗ ਸਕੇ। ਉਪਰੋਕਤ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ ਤੇ ਦੀਪਕ ਕੇਸ ਵਰਕਰ ਤੇ ਸਕੂਲ ਪ੍ਰਿੰਸੀਪਲ ਸੁਮਨ ਬਲਾ, ਸਕੂਲ ਦੇ ਬੱਚਿਆਂ ਦੇ ਨਾਲ-ਨਾਲ ਸਕੂਲ ਦੇ ਸਟਾਫ ਮੈਂਬਰ ਵੀ ਹਾਜ਼ਰ ਸਨ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੀ ਵਿਦਿਆਰਥਣ ਨੇ ਓਲੰਪੀਆਡ ਅੰਗਰੇਜ਼ੀ 'ਚ ਪ੍ਰਾਪਤ ਕੀਤਾ ਨਗਦ ਇਨਾਮ

ਧਾਰੀਵਾਲ, 30 ਜੁਲਾਈ (ਅਸ਼ੋਕ ਕੁਮਾਰ): ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਐੱਸ.ਓ.ਐੱਫ. ਓਲੰਪੀਆਡ ਪੇਪਰ ਅੰਗਰੇਜ਼ੀ 2024-25 ਵਿੱਚ ਭਾਗ ਲਿਆ ਤੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਨਗਦ ਇਨਾਮ ਪ੍ਰਾਪਤ ਕੀਤੇ। ਪ੍ਰਿੰਸੀਪਲ ਕਿਰਨ ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਸ.ਓ.ਐੱਫ. ਇੰਟਰਨੈਸ਼ਨਲ ਅੰਗਰੇਜ਼ੀ ਓਲੰਪੀਆਡ 2024-25 ਪੂਰੇ ਸੰਸਾਰ ਦੇ 72 ਦੇਸ਼ਾਂ ਵਿਚ ਹੋਇਆ, ਜਿਸ ਦੌਰਾਨ ਲੱਖਾਂ ਵਿਦਿਆਰਥੀਆਂ ਨੇ ਭਾਗ ਲਿਆ ਜਿਸ ਵਿੱਚ ਸਾਡੇ ਸਕੂਲ ਦੀ




ਵਿਦਿਆਰਥਣ ਜਪਨੀਤ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਨੇ ਪੂਰੇ ਵਿਸ਼ਵ ਵਿੱਚ ਪੰਜਵਾਂ ਰੈਂਕ ਤੇ ਜ਼ੋਨਲ ਲੈਵਲ ਉੱਪਰ ਪਹਿਲਾ ਰੈਂਕ ਪ੍ਰਾਪਤ ਕਰਦੇ ਹੋਏ ਸੋਨੇ ਦਾ ਤਮਗਾ ਤੇ ਪੰਜ ਹਜ਼ਾਰ ਰੁਪਏ ਨਗਦ ਇਨਾਮ ਪ੍ਰਾਪਤ ਕੀਤਾ। ਇਸ ਮੌਕੇ ਪੂਰੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣਿਆ। ਅਮਰਜੀਤ ਸਿੰਘ ਚਾਹਲ ਨੇ ਸਮੂਹ ਸਟਾਫ਼, ਵਿਦਿਆਰਥੀਆਂ ਤੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਬਾਕੀ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕੀਤਾ ਤਾਂ ਜੋ ਉਹ ਵੀ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਪ੍ਰਤੀਯੋਗਤਾਵਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈ ਕੇ ਵਧੀਆ ਨਤੀਜੇ ਪ੍ਰਾਪਤ ਕਰਨ ਤੇ ਆਪਣੇ ਸਕੂਲ ਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰਨ।

# ਸਿਹਤ ਵਿਭਾਗ ਵੱਲੋਂ 7 ਅਗਸਤ ਨੂੰ ਮਨਾਇਆ ਜਾਵੇਗਾ ਰਾਸ਼ਟਰੀ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਸ: ਡਾਕਟਰ ਅਰਪਿਤ ਗੁਪਤਾ

ਫਾਜਿਲਕਾ 30 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫ਼ਾਜ਼ਿਲਕਾ ਜੀ ਦੀ ਉਚੇਚੀ ਨਿਗਰਾਨੀ ਡਾਕਟਰ ਅਰਪਿਤ ਗੁਪਤਾ ਜਿਲ੍ਹਾ ਟੀਕਾਕਰਣ ਅਫ਼ਸਰ ਦੀ ਦੇਖਰੇਖ ਵਿੱਚ 7 ਅਗਸਤ 2025 ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਦਫ਼ਤਰ ਸਿਵਲ ਸਰਜਨ ਵਿਖੇ ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ, ਡਾਕਟਰ ਏਰਿਕ ਡਿਪਟੀ ਮੈਡੀਕਲ ਕਮਿਸ਼ਨਰ, ਡਾਕਟਰ ਅਰਪਿਤ ਗੁਪਤਾ ਜ਼ਿਲ੍ਹਾ ਟੀਕਾਕਰਣ ਅਫ਼ਸਰ ਵੱਲੋਂ ਜਾਗਰੂਕਤਾ ਪ੍ਰਿੰਟਿੰਗ ਮੈਟੀਰੀਅਲ ਰਲੀਜ਼ ਕਰਦੇ ਸਮੇਂ ਡਾਕਟਰ ਰੋਹਿਤ ਗੋਇਲ ਨੇ ਦੱਸਿਆ ਕਿ 7 ਅਗਸਤ 2025 ਨੂੰ ਜ਼ਿਲ੍ਹਾ ਫ਼ਾਜ਼ਿਲਕਾ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ, ਆਂਗਣਵਾੜੀ ਸੈਂਟਰਾਂ, ਆਈ.ਟੀ.ਆਈ., ਡਿਪਲੋਮਾ ਕਾਲਜਾਂ, ਡਿਗਰੀ ਕਾਲਜਾਂ ਅਤੇ ਸਕੂਲ ਨਾ ਜਾਣ ਵਾਲੇ 1 ਤੋਂ 2 ਸਾਲ ਤੱਕ ਦੇ ਬੱਚਿਆਂ ਨੂੰ ਸੀਰਪ ਅਤੇ 2 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਐਲਬੈਂਡਾਜੋਲ ਦੀ ਗੋਲੀ ਖੁਵਾਈ ਜਾਵੇਗੀ। ਇਸ ਦਿਨ ਜ਼ੋ ਬੱਚੇ ਕਿਸੇ ਕਾਰਨ ਗੋਲੀ ਖਾਣ ਤੋਂ ਵਾਂਝੇ ਰਹਿ ਜਾਣਗੇ, ਉਹਨਾਂ ਨੂੰ ਮੋਪ ਅੱਪ ਰਾਊਂਡ 14 ਅਗਸਤ 2025 ਵਾਲੇ ਦਿਨ ਇਹ ਗੋਲੀ ਖਿਲਾਈ ਜਾਵੇਗੀ। ਉਹਨਾਂ ਦੱਸਿਆ ਕਿ ਜਿਲ੍ਹੇ ਵਿੱਚ 311800 ਬੱਚਿਆਂ ਨੂੰ ਇਹ ਗੋਲੀ ਖੁਆਉਣ ਦਾ ਟੀਚਾ ਹੈ। ਇਹ ਗੋਲੀ ਬੱਚਿਆਂ ਨੂੰ ਖ਼ਾਲੀ ਪੇਟ ਨਾ ਦਿੱਤੀ ਜਾਵੇ। ਡਾਕਟਰ ਅਰਪਿਤ ਗੁਪਤਾ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਹਰ ਸਾਲ ਦੋ ਵਾਰ (ਛੇ ਮਹੀਨਿਆਂ ਦੇ ਫਰਕ ਨਾਲ) ਬੱਚਿਆਂ ਨੂੰ ਪੇਟ ਦੇ ਕੀੜੇ ਖਤਮ ਕਰਨ ਲਈ ਅਲਬੈਂਡਾਜੋਲ ਗੋਲੀਆਂ ਖੁਆਈਆਂ ਜਾਂਦੀਆਂ ਹਨ। ਹਰ ਇੱਕ ਬੱਚੇ ਨੂੰ ਇਹ ਗੋਲੀ ਖਾਣੀ ਅਤਿ ਜ਼ਰੂਰੀ ਹੈ ਤਾਂ ਜੋ ਬੱਚਿਆਂ ਦੀ ਸਰੀਰਕ ਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਇਆ ਜਾ ਸਕੇ।ਉਨ੍ਹਾਂ ਬੱਚਿਆਂ ਵਿਚ ਪੇਟ ਦੇ ਕੀੜੇ ਹੋਣ ਕਾਰਨ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਬੱਚੇ ਦੇ ਪੇਟ ਵਿੱਚ ਕੀੜੇ ਹੋਣ ਕਾਰਣ ਬੱਚੇ ਵਿੱਚ ਅਨੀਮੀਆ, ਭੁੱਖ ਘੱਟ ਲੱਗਣਾ, ਕੁਪੋਸ਼ਣ, ਮਾਨਸਿਕ ਤੇ ਬੌਧਿਕ ਕਮਜ਼ੋਰੀ, ਥਕਾਵਟ, ਬੇਚੈਨੀ, ਪੇਟ ਵਿੱਚ ਦਰਦ, ਜੀਅ ਮਤਲਾਉਣਾ, ਚਿੜਚਿੜਾਪਣ, ਉਲਟੀ ਅਤੇ ਦਸਤ ਆਉਣਾ ਜਾਂ ਲੈਟਰੀਨ ਵਿੱਚ ਖ਼ੂਨ ਆਉਣਾ ਲੱਛਣ ਹੋ ਸਕਦੇ ਹਨ ਅਤੇ ਬੱਚਾ ਦਿਨੋ ਦਿਨ ਕਮਜ਼ੋਰੀ ਅਤੇ ਥਕਾਵਟ ਮਹਿਸੂਸ ਕਰਦਾ ਹੈ। ਉਹਨਾਂ ਦੱਸਿਆ ਕਿ ਪੇਟ ਦੇ ਕੀੜਿਆਂ ਤੋਂ ਬਚਾਓ ਲਈ ਸਾਨੂੰ ਆਪਣੇ ਹੱਥ ਖਾਣਾ ਖਾਣ ਤੋਂ ਪਹਿਲਾਂ, ਖਾਣਾ ਪਰੋਸਣ ਤੋਂ ਪਹਿਲਾਂ ਅਤੇ ਪਖਾਨਾ ਜਾਣ ਤੋਂ ਬਾਅਦ ਸਾਬਣ ਨਾਲ ਧੋਣੇ ਚਾਹੀਦੇ ਹਨ। ਖੁੱਲ੍ਹੇ ਵਿੱਚ ਪਖਾਨਾ ਜਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਹਮੇਸ਼ਾ ਸਾਫ਼ ਪਾਣੀ ਪੀਣਾ ਚਾਹੀਦਾ ਹੈ, ਨੰਗੇ ਪੈਰ ਮਿੱਟੀ ਵਿੱਚ ਨਾ ਚੱਲੋ, ਖਾਣਾ ਢੱਕ ਕੇ ਰੱਖਣਾ ਚਾਹੀਦਾ ਹੈ ਅਤੇ ਆਲੇ ਦੁਆਲੇ ਦੀ ਸਫ਼ਾਈ ਰੱਖਣੀ ਚਾਹੀਦੀ ਹੈ।

## ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਵਿੱਚ ਤੀਜ ਤਿਉਹਾਰ ਮਨਾਇਆ ਗਿਆ

ਗੁਰਦਾਸਪੁਰ 30 ਜੁਲਾਈ ( ਜਸਵਿੰਦਰ ਸਿੰਘ ) ਜੀਆ ਲਾਲ ਮਿੱਤਲ ਡੀਏਵੀ ਪਬਲਿਕ ਸਕੂਲ ਸਮੇਂ-ਸਮੇਂ 'ਤੇ ਸਾਰੇ ਸੱਭਿਆਚਾਰਕ ਤਿਉਹਾਰ ਅਤੇ ਜਸ਼ਨ ਮਨਾਉਂਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਸੱਭਿਅਤਾ ਅਤੇ ਸੱਭਿਆਚਾਰ ਨਾਲ ਜੋੜਿਆ ਜਾ ਸਕੇ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਅੱਜ ਸਕੂਲ ਵਿੱਚ ਤੀਜ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸ਼੍ਰੀ ਨੀਲਮ ਮਹੰਤ (ਮੈਂਬਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੋਕ ਅਦਾਲਤ) ਜੀ, ਡਾ. ਸ਼੍ਰੀ ਪਾਇਲ ਅਰੋੜਾ (ਐਮ.ਡੀ. ਮੈਡੀਸਨ, ਆਰ.ਪੀ. ਅਰੋੜਾ ਮੈਡੀਸਿਟੀ) ਜੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਕੂਲ ਦੇ ਵਿਹੜੇ ਵਿੱਚ ਹਾਜ਼ਰੀ ਭਰਨ 'ਤੇ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਨੇ ਭਾਸ਼ਣ, ਗੀਤ, ਸੰਗੀਤ, ਨਾਚ ਅਤੇ ਪੰਜਾਬ ਦੇ ਲੋਕ ਨਾਚ, ਗਿੱਧਾ ਅਤੇ ਭੰਗੜਾ ਪੇਸ਼ ਕਰਕੇ ਸਾਰਿਆਂ ਦਾ ਮਨੋਰੰਜਨ ਕੀਤਾ। ਇਸ ਮੌਕੇ ਪੰਜਾਬੀ ਪਹਿਰਾਵਾ, ਮਹਿੰਦੀ, ਪੰਜਾਬੀ ਬੋਲੀ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਸਕੂਲ ਦੇ ਛੋਟੇ ਬੱਚਿਆਂ ਦੇ ਰਵਾਇਤੀ ਪਹਿਰਾਵੇ ਵਿੱਚ ਪ੍ਰਦਰਸ਼ਨ ਦੇਖ ਕੇ ਹਰ ਕੋਈ ਖੁਸ਼ ਹੋਇਆ।

### ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Sh. Satish Kumar Sharma Additional Civil Judge (Senior Division), Abohar**
CNR No:- PBFZE0-001574-2023
Next Date: 28.08.2025
Jaspal Singh
Versus
Sushil Kumar
Notice to: Sushil Kumar:- S/o Ved Parkash r/o Flat NO. 101, Now (103), Chandigarh Enclave, Zirakpur, District Mohali
In above titled case thedefendant(s)/respondent(s) could not be served. It is ordered that defendant(s)/respondent(s) should appear in person or through counsel on **28.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-07-2025
**Sd/- Additional Civil Judge (Senior Division), Abohar**

---

**In the Court of Sh. Kaushal Kumar Yadav Judicial Magistrate Ist Class, Chandigarh**
CNR No. CHCH03-006821-2021
Next Date: 15.10.2025
DVACT-142-2021
Renu
Versus
Ravi
Notice to: Runa Spouse:- Shammi H.NO. 682 Sector 38 A Chandigarh
In above titled case the accused could not be served. It is ordered that accused should appear in person or through counsel on **15.**10.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 22-07-2025
**Sd/- Judicial Magistrate Ist Class, Chandigarh**

---

(U/o 5 Rule 20 CPC)
**In the Court of Sh. Baljinder Singh Additional District and Sessions Judge, Amritsar**
CNR No.PBAS01-021839-2023
Next Date: 12.08.2025
Baldev Singh
Versus
Davinder Kaur
Appeal under Section 96 CPC Against The Judgment and Decree Dated 21-11-2023 Passed by the court of Sh. Amarjeet Singh , Civil Judge Junior Division, Amritsar Vide Which The LD, Trial Court Has Wrongly Dismissed the Suit of the Plaintiff/Appellant.
Notice to: Fateh Singh Father:- Daleep Singh Village Aladinpur, Tehsil and District Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **12.**08.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 29-07-2025
**Sd/- Additional District and Sessions Judge, Amritsar**

---

(U/o 5 Rule 20 CPC)
**In the Court of Ms. Rasveen Kaur Civil Judge (Junior Division), Bathinda**
CNR No.PBBT02-002176-2021
Next Date: 25.08.2025
State Bank of India
Versus
Jalour Singh
Notice to: (c) Parminder Kaur Spouse:- Ranjit Singh Vill. Bodiwala Kharak Singh, tehsil Malout, distt. Sh. Muktsar Sahib (d) Veerpal Kaur Spouse:- Baljinder Singh Vill. Kotbhai tehsil Gidderbaha distt. Sh. Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **25.**08.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 18-07-2025
**Sd/- Civil Judge (Junior Division), Bathinda**

---

(U/o 5 Rule 20 CPC)
**In the Court of Hon'ble Arun Thapa Civil Judge (Junior Division), Amritsar**
CNR No.PBAS02-002131-2024
Next Date: 27.08.2025
Punjab National Bank
Versus
Jaswant Singh
CS Recovery
Notice to: Jaswant Singh:- S/o Bachan Singh legal Heirs of Deceased Bachan Singh 2. Lakhwinder Singh S/o Bachan Singh 3. Jagtar Singh S/o Bachan Singh Himself and Being the Legal Heirs of Deceased Bachan Singh All Resident of Village Dauke, Post Office Rajputana, District Amritsar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**08.2025 at 10:00 A.M.
For details logon to https://highcourtchd.gov.in/?mod=district_notice&district=Amritsar
Dated, this day of 19-07-2025
**Sd/- Civil Judge (Junior Division), Amritsar**

---

(U/o 5 rule 20 CPC)
**In the Court of Ms. Gurjit Kaur Dhillon Civil Judge (Senior Division), Fatehgarh Sahib**
CNR No.PBFG02-000837-2023
Next Date: 25.08.2025
Mohan Singh
Versus
Varinderpal Singh
Notice to: Chand Singh Son of Mansha Singh Son of Jaswant Singh Resident of H.No. 623, Ward No. 4, Bharat Colony, Rajpura, Tehsil Rajpura, District Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **25.**08.2025 at 10:00 A.M.
For details logon to https://highcourtchd.gov.in/?trs=district_notice&district=fatehgarh Sahib
Dated, this day of 25-07-2025
**Sd/- Civil Judge (Senior Division), Fatehgarh Sahib**

---

(U/o 5 rule 20 CPC)
**In the Court of Ms. Sumukhi Additional Civil Judge (Senior Division), Malout**
CNR No.PBSMB0-000344-2023
Next Date: 26.08.2025
State Bank of India
Versus
Darshan Singh
Notice to: Darshan Singh Father:- Naib Singh Son of Diyal Singh R/o Village Bodiwala Kharak Singh Tehsil Malout
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **26.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 21-07-2025
**Sd/- Additional Civil Judge (Senior Division), Malout**

---

(U/o 5 Rule 20 CPC)
**In the Court of Ms. Anshul Berry Principal Judge, Family Court, Bathinda**
CNR No.PBBT01-0035962024
Next Date: 25.08.2025
MNT/94/2024
Amandeep Kaur
Versus
Harpreet Singh
Application U/s 125 of The Criminal Procedure Code for directing the respondent to pay Rs. 25,000per month to the applicant.
Notice to: Harpreet Singh S/o MIthu Ram R/o Near Bagwala Gurudwara , Ward NO. 17, Tehsil and Distt. Mansa.
In above titled case the defendant(s)/respondent(s) could not be served. It is ordered that respondent should appear in person or through counsel on **25.**08.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 23-07-2025
**Sd/- Principal Judge, Family Court, Bathinda**

---

**In the Court of Ms. Pallvi Rana Civil Judge Junior Division, Ajnala**
CNR No.PBASA0-000664-2024
Next Date: 26.08.2025
CIS No: CS/494/2024
Parminder Singh S/o Beant Singh R/o Village Chogawan, Tehsil Lopoke Distt. Amritsar
.....Plaintiff
Versus
Harjinder Singh S/o Gian Singh R/o Village Dial Bharang Tehsil Ajnala Distt. Amritsar
Defendants
Execution
Notice to: .5. Jagmit Singh S/o Balkar Singh S/o Mangal Singh 6. Sukhjinder Singh S/o Baldev Singh S/o Mangal Singh 7. Harwinder Singh S/o Balwinder Singh S/o Mangal Singh All R/o Village Dial Bharang, Tehsil Ajnala, Distt. Amritsar
In above titled titled Suit the defendants could not be served. It is ordered that the defendants should appear in person or through counsel on **26.**08.2025 at 10:00 A.M.
For details logon to https://highcourtchd.gov.in/?trs=district_notice&district=amritsar
**Sd/- Civil Judge Junior Division, Ajnala**

---

(U/o 5 Rule 20 CPC)
**In the Court of Ms. Harpreet Kaur Randhawa District and Sessions Judge, Ludhiana**
CNR No.PBLD01-027595-2024
Next Date: 12.08.2025
Jasvir Kaur Gill
Versus
Hardeep Singh
Notice to: Hardeep Singh S/o Satpal Singh R/o House NO. B-33/1171/72, Street No 6, New Ahsok Nagar, Khajoor Chowk, Salem Tabri, Ludhiana, (Driver of offending Car No. PB-01C-4125).
In above titled Suit the defendants could not be served. It is ordered that defendants should appear in person or through counsel on **12.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-07-2025
**Sd/- District and Sessions Judge, Ludhiana**

## Change of Name

I Hardeep Singh S/o Kabul Singh H.No 750, Street No.4, New Gobind Nagar, Hoshiarpur have changed my name from Hardeep Singh to Hardeep Singh Saini. Concerned Note.

I Kamal Kultar Singh alias Kanwal Kultar Singh Bajwa S/o Piara Singh H.No362/1, Street No.3, Tagore Nagar, Hoshiarpur have changed my name to Kanwal Kultar Singh Bajwa. Concerned Note.

I, Balwinder Kaur w/o Darshan Singh Gahunia Village and Post office Urapar Distt. shaheed Bhagat Singh nagar changed my name from Balwinder Kaur to Balwinder Kaur Gahunia. Concerned Note.

## ਬੇਦਖਲੀ ਨੋਟਿਸ

ਮੈਂ, ਰਾਮ ਅਵਤਾਰ ਸਿੰਘ ਪੁੱਤਰ ਸ੍ਰੀ ਸਿਵ ਜਨਮ ਸਿੰਘ, ਵਾਸੀ ਮਕਾਨ ਨੰਬਰ 194, ਗਲੀ ਨੰਬਰ 3, ਗੁਰੂ ਨਾਨਕ ਨਗਰ, ਫਾਕਾਬਾਨਾ ਚਾਹਾਰਕਗੜ੍ਹ, ਤਹਿਸੀਲ ਵਾ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰੇ ਲੜਕਾ ਰਾਜੇਸ਼ ਸਿੰਘ ਅਤੇ ਨੂੰਹ ਨੀਤੂ ਰਾਣੀ, ਪੋਤਾ ਨਵੀਨ ਕੁਮਾਰ, ਅਤੇ ਉਸਦੀ ਘਰਵਾਲੀ ਪੋਲਵੀ ਦੇ ਗਲਤ ਕੰਮ ਕਰਨੇ ਤੋਂ ਬਾਹਰ ਹਨ। ਮੈਂ ਰਾਮ ਸਿੰਘ, ਨੀਤੂ ਰਾਣੀ, ਨਵੀਨ ਕੁਮਾਰ ਅਤੇ ਪੋਲਵੀ ਨੂੰ ਆਪਣੀ ਹਰ ਤਰ੍ਹਾਂ ਦੀ ਚੱਲ ਅਚੱਲ ਜਾਇਦਾਦ ਵਿਚੋਂ ਆਪਣੀ ਅਤੇ ਪਰਿਵਾਰ ਦੀ ਜ਼ਿੰਦਗੀ ਵਿਚੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਜੇ ਕੋਈ ਉਕਤ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ ਉਹ ਵਿਅਕਤੀ ਆਪ ਹੀ ਜ਼ਿੰਮੇਵਾਰ ਹੋਣਗੇ ਅਤੇ ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਨਾਮ ਦੀ ਬਦਲੀ

ਮੈਂ, ਆਧਿਆ ਉਰਫ਼ ਆਧਿਆ ਸਿਲਾਕਾਰੀ, ਸਪੁੱਤਰੀ ਡਾ. ਓਮ ਸਿਲਾਕਾਰੀ ਨਿਵਾਸੀ B-1, ਕੈਂਪਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ -147002, ਨੇ ਆਪਣਾ ਨਾਮ ਬਦਲ ਕੇ ਆਧਿਆ ਸਿਲਾਕਾਰੀ ਰੱਖ ਲਿਆ ਹੈ। ਮਿਤੀ:30/07/2025, ਸਥਾਨ:ਪਟਿਆਲਾ

### ਜਨਤਕ ਸੂਚਨਾ



**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ**

**ਵਿਸ਼ਾ**:- ਸਵਰਗੀ ਸ਼੍ਰੀਮਤੀ ਜਗੀਰੋ ਦੇਵੀ ਸੈਣੀ ਦੀ ਗੈਰ-ਵਸਨੀ ਮੌਤ ਦੇ ਆਧਾਰ 'ਤੇ ਉਦਯੋਗਿਕ ਸਿਟਕੋ ਸ਼ੈੱਡ ਨੰਬਰ 988, ਉਦਯੋਗਿਕ ਖੇਤਰ-2, ਚੰਡੀਗੜ੍ਹ (INCL 110) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 100.00% ਹਿੱਸੇਦਾਰੀ ਤੱਕ ਤਬਾਦਲਾ। ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਜਗੀਰੋ ਦੇਵੀ ਸੈਣੀ ਉਦਯੋਗਿਕ ਸਿਟਕੋ ਸ਼ੈੱਡ ਨੰਬਰ 988, ਉਦਯੋਗਿਕ ਖੇਤਰ-2, ਚੰਡੀਗੜ੍ਹ ਦੇ 100.00% ਹਿੱਸੇਦਾਰੀ ਤੱਕ ਮਾਲਕ ਹਨ।

ਸਵਿਤਾ, ਸੁਰਿੰਦਰ ਸੈਣੀ, ਸੰਜੇ ਸੈਣੀ, ਸੁਸ਼ਮਾ ਰਾਣੀ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ. ਜਗੀਰੋ ਦੇਵੀ ਸੈਣੀ ਦੀ ਮੌਤ 07.02.2022 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ ਮ੍ਰਿਤਕ ਮਾਲਕ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-(1) **ਸੰਜੇ ਸੈਣੀ-ਪੁੱਤਰ**, (2) **ਜੀਤ ਕੁਮਾਰ ਸੈਣੀ- ਪਤੀ** (ਮ੍ਰਿਤਕ), (3) **ਸਵਿਤਾ-ਪੁੱਤਰੀ**, (4) **ਸੁਰਿੰਦਰ ਸੈਣੀ-ਪੁੱਤਰ**, (5) **ਸੁਸ਼ਮਾ ਰਾਣੀ-ਪੁੱਤਰੀ**

ਹੁਣ, ਸਵਿਤਾ, ਸੁਰਿੰਦਰ ਸੈਣੀ, ਸੰਜੇ ਸੈਣੀ, ਸੁਸ਼ਮਾ ਰਾਣੀ ਨੇ ਉਦਯੋਗਿਕ ਸਿਟਕੋ ਸ਼ੈੱਡ ਨੰਬਰ 988, ਉਦਯੋਗਿਕ ਖੇਤਰ-II, ਚੰਡੀਗੜ੍ਹ ਦੇ ਸੰਬੰਧ ਵਿੱਚ ਸਵਰਗੀ ਸ਼੍ਰੀਮਤੀ ਜਗੀਰੋ ਦੇਵੀ ਸੈਣੀ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ, ਜੋ ਕਿ ਗੈਰ-ਜ਼ਮਾਨਤੀ ਮੌਤ ਦੇ ਆਧਾਰ 'ਤੇ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ @ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਦੇ ਸਮਰਥਨ ਵਿੱਚ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸ਼੍ਰੀ ਰਾਜੀਵ ਤਿਵਾੜੀ ਸਹਾਇਕ ਅਸਟੇਟ ਅ.ਫਸਰ**
**ਅਸਟੇਟ ਅ.ਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ**
**ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ**
**(ਪ੍ਰੈਸ ਨੋਟ)**

ਡੀਐਨਆਈਟੀ ਰਕਮ 'ਤੇ ਪ੍ਰਤੀਸ਼ਤ ਦਰ ਦੇ ਆਧਾਰ 'ਤੇ ਢੁੱਕਵੀਂ ਸ਼੍ਰੇਣੀ ਅਤੇ ਵਰਗ ਦੌਂ ਲਈ ਸੀਲਬੰਦ ਟੈਂਡਰ ਪ੍ਰਮੁੱਖ ਵਿਭਾਗ ਨਾਲ ਸੂਚੀਬੱਧ ਕਿਰਤ ਅਤੇ ਉਸਾਰੀ ਸਭਾਵਾਂ ਅਤੇ ਲੋਨਿਵਿ ਭ ਅਤੇ ਮ (ਭ ਅਤੇ ਮ)/ਪੁੱਡਾ/ਕੇਂਦਰੀ/ਰਾਜ ਸਰਕਾਰ ਦੇ ਵਿਭਾਗਾਂ/ਪੀਐਸਯੂਜ਼ ਵਿੱਚ ਸੂਚੀਬੱਧ ਯੋਗ ਠੇਕੇਦਾਰਾਂ ਤੋਂ ਦੋ ਲਿਫਾਫਾ ਪ੍ਰਣਾਲੀ ਵਿੱਚ ਹੇਠਾਂ ਦਿੱਤੇ ਕੰਮਾਂ ਲਈ ਮੰਗੇ ਜਾਂਦੇ ਹਨ।
1. ਪੀਆਰਟੀਸੀ ਬੱਸ ਸਟੈਂਡ ਬਠਿੰਡਾ ਵਿਖੇ ਦੁਕਾਨਾਂ ਦੀਆਂ ਛੱਤਾਂ ਦੀ ਮੁਰੰਮਤ।
(ਟੈਂਡਰ ਦੀ ਰਕਮ ਰੁ. 4.39 ਲੱਖ ਅਤੇ ਬਿਆਨਾ ਰਕਮ ਰੁ. 8800.00)
ਬੋਲੀਆਂ ਨੂੰ ਸੱਦਾ ਦੇਣ ਵਾਲੇ ਨੋਟਿਸ ਦੇ ਵੇਰਵੇ ਦੇ ਨਿਯਮਾਂ ਅਤੇ ਸ਼ਰਤਾਂ ਲਈ ਅਤੇ ਟੈਂਡਰ ਦਸਤਾਵੇਜ਼ 11.08.2025 **ਤੱਕ ਦੁਪਹਿਰ 12:00 ਵਜੇ ਤੱਕ** ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਉਸੇ ਦਿਨ **ਬਾ.ਦੁ. 3:00** ਵਜੇ ਖੋਲ੍ਹੇ ਜਾਣਗੇ।
ਨੋਟ:
ਟੈਂਡਰ ਦੇ ਸਬੰਧ ਵਿੱਚ ਸੋਧ/ਪੂਰਕ, ਜੇ ਕੋਈ ਹੈ, ਇਸ ਦਫ਼ਤਰ ਦੁਆਰਾ ਪੀਆਰਟੀਸੀ ਦੀ ਵੈੱਬਸਾਈਟ **www.pepsurtc.com** 'ਤੇ ਜਾਰੀ ਕੀਤਾ ਜਾਵੇਗਾ।
ਸਹੀ/-
ਕਾਰਜਕਾਰੀ ਇੰਜੀਨੀਅਰ,
ਪੀਆਰਟੀਸੀ ਪਟਿਆਲਾ
**RO.No. PR-ADVT.No: 1044/12/2025-26/1743/Dated CHD : 30/07/2025**

---

**ਪੰਜਾਬ ਸਰਕਾਰ**
**ਟੈਂਡਰ ਸੂਚਨਾ ਹਵਾਲਾ ਨੰਬਰ 2025/1247 ਮਿਤੀ 29.07.2025**
ਐਸਪੀਓ ਵਿਭਾਗ, ਪੀਏਯੂ, ਲੁਧਿਆਣਾ ਵੱਲੋਂ ਨਿਮਨਲਿਖਤ ਵਿਕਰੀਆਂ ਦੇ ਲਈ ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ:

**ਕਣਕ ਭਾਗ, ਪਲਾਂਟ ਬ੍ਰੀਡਿੰਗ ਐਂਡ ਜੈਨੇਟਿਕਸ, ਪੀਏਯੂ ਲੁਧਿਆਣਾ ਦੇ ਵਾਧੂ ਕਣਕ ਮਿਸ਼ਰਣ ਉਤਪਾਦ ਦੀ ਵਿਕਰੀ**

**ਬੰਦ ਹੋਣ ਦੀ ਮਿਤੀ ਅਤੇ ਸਮਾਂ** : 12.08.2025 ਨੂੰ ਸਵੇਰੇ 11.00 ਵਜੇ
**ਵੇਰਵਿਆਂ ਲਈ ਲਾਗ ਆਨ ਕਰੋ** : www.eproc.punjab.gov.in ਅਤੇ www.pau.edu
ਨੋਟ : ਈ-ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਪ੍ਰਬੰਧਕੀ ਸਹਿ ਲੇਖਾ ਅਧਿਕਾਰੀ,
ਸਟੋਰ ਖਰੀਦ ਲੁਧਿਆਣਾ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਈ-ਮੇਲ : **spoaao@pau.edu**)
**RO.No.PR-Advt.No. 1627/12/2025-26/1769/Dated CHD : 30/7/2025**

---

**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ**
ਰਜਿਸਟਰਡ ਆਫ਼ਿਸ : ਪੰ.ਰਾ.ਬਿ.ਬੋ. ਹੈੱਡ ਆਫ਼ਿਸ ਦੀ ਮਾਲ ਪਟਿਆਲਾ - 147001
ਕਾਰਪੋਰੇਸ਼ਨ ਆਇਡੈਂਟਿਟੀ ਨੰਬਰ (ਸੀ.ਆਈ.ਐਨ.) : 4019PB2010SGC033813
WEBSITE : www.pspcl.in (96461-22942)

**Tender Inquiry No. 11/MHC/2025-26, 12/MHC/2025-26** **Dated : 30.07.2025**

ਵਧੀਕ ਨਿਗਰਾਨ ਇੰਜੀਨੀਅਰ ਐਮ.ਐਚ.ਸੀ.ਓ. ਤੇ ਐਮ. ਮੰਡਲ, ਪੰ:ਸ:ਪਾ:ਕਾ:ਲਿ: ਤਲਵਾੜਾ ਵੱਲੋਂ ਹੇਠ ਲਿਖੇ ਕੰਮਾਂ ਲਈ ਮੰਗੇ ਗਏ ਟੈਂਡਰ, ਓਪਨ ਟੈਂਡਰ ਵਿਧੀ ਰਾਹੀਂ ਹੀ ਭਰੇ ਜਾਣ।
1. ਸਾਲ 2025-26 ਦੌਰਾਨ MHC-I ਦੇ RD 2652 M ਤੋਂ ਪਾਵਰ ਹਾਊਸ-I ਦੇ ਵਿਚਕਾਰ ਮੋਟੇ ਰੇਤ ਦੇ ਗਰਾਊਟਿੰਗ ਦੁਆਰਾ ਸੀਸੀ ਲਾਈਨਿੰਗ ਸਲੈਬਾਂ ਦੇ ਪਿੱਛੇ ਕੈਵਿਟੀਜ਼ ਨੂੰ ਭਰਨਾ (11/MHC/2025-26)
2. ਸਾਲ 2025-26 ਦੌਰਾਨ RD 30702 M ਅਤੇ RD 31722 M 'ਤੇ ਸੁਪਰ ਪੈਸੇਜ ਦੇ ਉਪਰਲੇ ਅਤੇ ਹੇਠਲੇ ਹਿੱਸੇ ਤੋਂ ਗੰਦਗੀ ਦੀ ਸਫ਼ਾਈ (12/MHC/2025-26)
ਇਸ ਸਬੰਧੀ ਡੀ.ਐਨ.ਆਈ.ਟੀ. ਅਤੇ ਹੋਰ ਜਾਣਕਾਰੀ ਲਈ www.pspcl.in, https://eproc.punjab.gov.in ਦੀ ਵੈੱਬਸਾਈਟ ਤੇ 02.08.2025 ਤਾਰੀਖ ਸ਼ਾਮ 5.00 ਵਜੇ ਤੋਂ ਬਾਅਦ ਦੇਖਿਆ ਜਾਵੇ।
**ਨੋਟ** : Corrigendum ਅਤੇ addendum ਦੇ ਸੰਬੰਧਤ ਕੋਈ ਵੀ ਜਾਣਕਾਰੀ, ਜੇਕਰ ਪਬਲੀਸ਼ ਹੁੰਦੀ ਹੈ ਤਾਂ www.pspcl.in ਜਾਂ https://eproc.punjab.gov.in ਤੇ ਦੇਖਿਆ ਜਾਵੇ।
**C 539 / 25**
**Ro No. PR-Advt. No. 1079 / 12 / 2025-26 / 1768 / Dated CHD : 30.07.2025**

---

## ਅਦਿਤਯ ਬਿਰਲਾ ਕੈਪੀਟਲ ਲਿਮਟਿਡ

ADITYA BIRLA CAPITAL — PROTECTING INVESTING FINANCING ADVISING

**ਪੰਜੀਕ੍ਰਿਤ ਦਫਤਰ** : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266
**ਸ਼ਾਖਾ ਦਫ਼ਤਰ** : 12ਵੀਂ ਮੰਜ਼ਿਲ, ਆਰ ਟੈਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਓਂ (ਪੂਰਬ), ਮੁੰਬਈ-400 063, ਮਾਹਾਰਾਸ਼ਟਰਾ

**ਕਬਜ਼ਾ ਸੂਚਨਾ** **[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]**

24.03.2025 ਨੂੰ ਰਾਸ਼ਟਰੀ ਕੰਪਨੀ ਲਾਅ ਟ੍ਰਿਬਿਊਨਲ-ਅਹਿਮਦਾਬਾਦ ਵੱਲੋਂ ਪਾਸ ਕੀਤੇ ਗਏ ਆਦੇਸ਼ ਦੇ ਰਿਕਾਰਡ ਅਨੁਸਾਰ ਏਕੀਕਰਨ ਮਿਤੀ 11.03.2024 ਦੇ ਅਧੀਨ ਆਦਿਤਯ ਬਿਰਲਾ ਕੈਪੀਟਲ ਲਿਮਟਿਡ ਅਤੇ ਆਦਿਤਯ ਬਿਰਲਾ ਕੈਪੀਟਲ ਲਿਮਟਿਡ ਦੇ ਵਿਚਕਾਰ ਹੋਏ ਏਕੀਕਰਨ ਦੇ ਅਨੁਸਾਰ ਦਰਸਾਈ ਗਿਰਵੀ ਸੰਪੱਤੀ ਦੇ ਸੰਬੰਧ ਵਿਚ ਆਦਿਤਯ ਬਿਰਲਾ ਕੈਪੀਟਲ ਲਿਮਟਿਡ ਵੱਲੋਂ ਸ਼ੁਰੂ ਕੀਤੀ ਗਈ ਸਮੁੱਚੀ ਸਰਫਾਇਸੀ ਕਾਰਵਾਈ ਆਦਿਤਯ ਬਿਰਲਾ ਕੈਪੀਟਲ ਲਿਮਟਿਡ ਦੇ ਨਾਲ ਤਬਦੀਲ ਕੀਤੀ ਗਈ ਜੋ ਕਿ ਏਕੀਕਰਨ ਕੰਪਨੀ ਹੈ।

ਇਸ ਅਨੁਸਾਰ ਨਿਮਨ ਹਸਤਾਖ਼ਰੀ ਨੇ **ਅਦਿਤਯ ਬਿਰਲਾ ਕੈਪੀਟਲ ਲਿਮਟਿਡ (ਏਬੀਸੀਐਲ)** ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13(12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ **60 ਦਿਨਾਂ ਦੇ ਅੰਦਰ** ਵਿਆਜ ਅਤੇ ਦਰਸਾਈ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰਾਂ (ਨਿਮਨ ਦਰਸਾਏ ਨਾਮ ਅਤੇ ਪਤੇ) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13(2) ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਨਿਮਨ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਦੁਆਰਾ ਨਿਮਨ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13(4) ਦੇ ਅਧੀਨ ਉਨ੍ਹਾਂਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ। ਨਿਮਨ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਅਦਿਤਯ ਬਿਰਲਾ ਕੈਪੀਟਲ ਲਿਮਟਿਡ (ਏਬੀਸੀਐਲ)** ਦੇ ਚਾਰਜ ਨਾਲ ਸਬੰਧਤ ਹੋਵੇਗੀ। ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ- ਧਾਰਾ 8 ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਲ. ਨੰ. | ਕਰਜ਼ਦਾਰ (ਾਂ) ਦਾ ਨਾਮ | ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ | ਅਚੱਲ ਸੰਪੱਤੀ (ਗਿਰਵੀ ਸੰਪੱਤੀਆਂ) ਦਾ ਵੇਰਵਾ | ਕਬਜ਼ੇ ਦੀ ਮਿਤੀ |
|---|---|---|---|---|
| 1. | 1. ਸ਼੍ਰੀ ਵਰਿੰਦਰ ਕੁਮਾਰ ਸਪੁੱਤਰ ਕ੍ਰਿਸ਼ਨ ਲਾਲ<br>2. ਸ਼੍ਰੀ ਨਮਨ ਸਪੁੱਤਰ ਵਰਿੰਦਰ ਕੁਮਾਰ<br>3. ਸ਼੍ਰੀਮਤੀ ਫੂਲਾ ਰਾਣੀ ਸੁਪਤਨੀ ਕ੍ਰਿਸ਼ਨ ਲਾਲ<br>LAN: ABJALSTS000000614093 | ਡੀਐਨ ਮਿਤੀ : 13.12.2024 Rs. 26,35,105/- as on 09.12.2024 | ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ ਜਿਸ ਵਿੱਚ ਘਰ ਨੰਬਰ Ee-70 (ਜਾਇਦਾਦ ਨੰਬਰ Bv- 1734) ਹੈ, ਲਗਭਗ 05 ਮਰਲੇ ਦਾ ਮਾਪ, ਅਬਾਦੀ ਬਾਗ ਕਰਮ ਬਖ਼ਸ਼, ਜਲੰਧਰ ਵਿਖੇ ਸਥਿਤ ਹੈ ਅਤੇ ਇਸ ਦੀ ਹੱਦ ਇਸ ਤਰ੍ਹਾਂ ਹੈ: ਪੂਰਬ - ਘਰ ਨੰਬਰ Ee-69/52'-6", ਪੱਛਮ - ਘਰ ਨੰਬਰ Ee-71/52', ਉੱਤਰ - ਪੈਸੇਜ ਅਤੇ ਹਾਊਸ ਆਫ਼ ਲੱਕੀ/19', ਦੱਖਣ-ਪੈਜ 9' ਚੌੜਾ/18'-6" | 25.07.2025 (ਭੌਤਿਕ ਕਬਜ਼ਾ) |

**ਸਥਾਨ : ਜਲੰਧਰ, ਪੰਜਾਬ**
**ਮਿਤੀ : 31.07.2025**
ਸਹੀ/-
ਅਧਿਕਾਰਤ ਅਧਿਕਾਰੀ
ਅਦਿਤਯ ਬਿਰਲਾ ਕੈਪੀਟਲ ਲਿਮਟਿਡ

---

**ਯੂਨੀਅਨ ਬੈਂਕ ਆਫ ਇੰਡੀਆ** Union Bank of India — ਭਾਰਤ ਸਰਕਾਰ ਦਾ ਅਦਾਰਾ — A Government of India Undertaking

**ਖੇਤਰੀ ਦਫ਼ਤਰ ਲੁਧਿਆਣਾ**
**ਸੋਧ**
29.08.2025 ਲਈ ਨਿਰਧਾਰਤ ਈ ਨਿਲਾਮੀ ਤੋਂ ਵਾਪਸ ਲਏ ਗਏ ਲੜੀ ਨੰਬਰ 7 ਸਟੈਂਡਾਂ 'ਤੇ ਦੱਸੇ ਗਏ ਸਾਡੀ ਐਸ.ਡੀ.ਪੀ.ਐਚ. ਲੁਧਿਆਣਾ ਸ਼ਾਖਾ ਦੇ ਸ਼੍ਰੀ ਮੰਗਲ ਸ਼ਰਮਾ ਪੁੱਤਰ ਰਾਜ ਕੁਮਾਰ ਸ਼ਰਮਾ ਦੇ ਖਾਤੇ ਲਈ 27.07.2025 ਨੂੰ ਹਿੰਦੁਸਤਾਨ ਟਾਈਮਜ਼ ਅਤੇ ਚੜ੍ਹਦੀਕਲਾ ਵਿੱਚ ਪ੍ਰਕਾਸ਼ਿਤ ਸਾਡੇ 30 ਦਿਨਾਂ ਦੇ ਈ ਨਿਲਾਮੀ ਵਿਕਰੀ ਨੋਟਿਸ ਦਾ ਹਵਾਲਾ ਲਓ।
(ਅਧਿਕਾਰਤ ਅਧਿਕਾਰੀ)

---

### ਜਨਤਕ ਸੂਚਨਾ

**ਵੱਲੋਂ : ਸ਼੍ਰੀ ਨਵੀਨ, ਡੈਨਿਕਸ ਸਹਾਇਕ ਅਸਟੇਟ ਅ.ਫਸਰ, ਯੂ.ਟੀ., ਚੰਡੀਗੜ੍ਹ**



ਵਿਸ਼ਾ: ਸਵਰਗੀ ਕੁਲਭੂਸ਼ਣ ਆਨੰਦ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਰਿਹਾਇਸ਼ੀ ਸਾਈਟ ਨੰਬਰ 3256, ਸੈਕਟਰ 37-ਡੀ, ਚੰਡੀਗੜ੍ਹ (LRP 850) ਦੇ ਸੰਬੰਧ ਵਿੱਚ ਮਾਲਕੀ ਦਾ ਤਬਾਦਲਾ 100.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ ਸ਼੍ਰੀਮਤੀ ਕੁਲਭੂਸ਼ਣ ਆਨੰਦ ਰਿਹਾਇਸ਼ੀ ਸਾਈਟ ਨੰਬਰ 3256, ਸੈਕਟਰ 37-ਡੀ, ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ ਪੱਟੇਦਾਰ ਹਨ।
ਅਚਲ ਆਨੰਦ, ਮੋਹਿਤ ਆਨੰਦ, ਰਾਜੇਸ਼ ਕੁਮਾਰ ਆਨੰਦ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ .|ਕੁਲਭੂਸ਼ਣ ਆਨੰਦ ਦੀ ਮੌਤ 14/02/ 2018 ਨੂੰ ਹੋਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਲ. ਨੰ. | ਕਾਨੂੰਨੀ ਵਾਰਸ ਦਾ ਨਾਮ | ਮ੍ਰਿਤਕ ਨਾਲ ਰਿਸ਼ਤੇਦਾਰੀ |
|---|---|---|
| 1. | ਅੱਛਲ ਆਨੰਦ | ਪੋਤਾ |
| 2. | ਰਾਜੇਸ਼ ਕੁਮਾਰ ਆਨੰਦ | ਸਪੁੱਤਰ |
| 3. | ਮੋਹਿਤ ਆਨੰਦ | ਪੋਤਾ |
| 4. | ਸਵੀਤਾ ਆਨੰਦ | ਨੂੰਹ |
| 5. | ਪੂਜਾ ਉਪਲ ਉਰਫ ਪੂਜਾ ਉਪਲ ਉਰਫ ਮਿੰਨੀ | ਸਪੁੱਤਰੀ |
| 6. | ਮਮਤਾ ਗੁੰਬਰ ਉਰਫ ਵਨੀਤਾ ਗੁੰਬਰ ਉਰਫ ਲਵਲੀ | ਸਪੁੱਤਰੀ |
| 7. | ਉਪਿੰਦਰ ਆਨੰਦ | ਸਪੁੱਤਰ (ਮ੍ਰਿਤਕ) |

ਹੁਣ ਅਚਲ ਆਨੰਦ, ਮੋਹਿਤ ਆਨੰਦ, ਰਾਜੇਸ਼ ਕੁਮਾਰ ਆਨੰਦ ਨੇ ਰਿਹਾਇਸ਼ੀ ਸਾਈਟ ਨੰਬਰ 3256, ਸੈਕਟਰ 37-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦੇ ਦਿੱਤੀ ਹੈ, ਜੋ ਕਿ ਸਵਰਗੀ ਕੁਲਭੂਸ਼ਣ ਆਨੰਦ ਦੁਆਰਾ ਆਪਣੇ/ਉਨ੍ਹਾਂ ਦੇ ਹੱਕ ਵਿੱਚ 100.00% ਹਿੱਸੇ ਦੀ ਹੱਦ ਤੱਕ ਹੈ, ਮਿਤੀ 12/02/ 2018 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਨਵੀਨ, ਡੈਨਿਕਸ,
ਸਹਾਇਕ ਅਸਟੇਟ ਅ.ਫਸਰ, ਅਸਟੇਟ ਅ.ਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ

---

## ਦਫਤਰ ਉਪ ਮੰਡਲ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਭਗਤਾ ਭਾਈਕਾ ਐਟ ਬਠਿੰਡਾ

### ਦਰੱਖਤਾਂ ਦੀ ਬੋਲੀ

ਆਪ ਸਭ ਨੂੰ ਦੱਸਿਆ ਜਾਂਦਾ ਹੈ ਕਿ ਇਸ ਦਫਤਰ ਅਧੀਨ ਜਲ ਸਪਲਾਈ ਸਕੀਮ ਦਿਆਲਪੁਰਾ ਮਿਰਜ਼ਾ ਵਿਖੇ ਖੜ੍ਹੇ ਦਰੱਖਤਾਂ ਦੀ ਖੁੱਲ੍ਹੀ ਬੋਲੀ ਮਿਤੀ 07-08-2025 ਦਿਨ ਵੀਰਵਾਰ ਸਵੇਰੇ 11 ਵਜੇ ਕਰਵਾਈ ਜਾਣੀ ਹੈ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਦਰੱਖਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਸੀਸਮ-23, ਸਫੈਦਾ-39, ਡੇਕ-6, ਫੁੱਟਕਲ-27= ਕੁੱਲ 95 ਦਰੱਖਤ**

ਉਪ ਮੰਡਲ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ, ਭਗਤਾ ਭਾਈਕਾ ਐਟ ਬਠਿੰਡਾ
ਮੋ: 94170-24837, 94177-53258

---

## ਦ.ਫਤਰ ਸਿਵਲ ਜੱਜ, ਸੀਨੀਅਰ ਡਵੀਜ਼ਨ, ਸ੍ਰੀ ਮੁਕਤਸਰ ਸਾਹਿਬ

### ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੁਡੀਸ਼ੀਅਲ ਕੋਰਟ ਕੰਪਲੈਕਸ, ਸ੍ਰੀ ਮੁਕਤਸਰ ਸਾਹਿਬ ਵਿਖੇ ਦੁਕਾਨ ਨੰ. 02 ਦਾ ਠੇਕਾ, ਮਲੋਟ ਵਿਖੇ ਦੁਕਾਨਾਂ ਅਤੇ ਗਿੱਦੜਬਾਹਾ ਵਿਖੇ ਕੰਟੀਨ, ਪਾਰਕਿੰਗ, ਦੁਕਾਨਾਂ ਦਾ ਠੇਕਾ ਸਾਲ 2025-26 (01-09-2025 ਤੋਂ 31-03-2026 ਤੱਕ) ਲਈ ਨਿਲਾਮੀ ਕਰਨ ਲਈ ਖੁੱਲ੍ਹੀ ਬੋਲੀ ਮਿਤੀ 20.08.2025 ਨੂੰ ਦੁਪਹਿਰ 3.00 ਸ਼ਾਮ ਵਜੇ ਜੁਡੀਸ਼ੀਅਲ ਕੋਰਟ ਕੰਪਲੈਕਸ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤੀ ਜਾਵੇਗੀ ਅਤੇ ਇਸ ਨੀਲਾਮੀ ਦੀਆਂ ਸ਼ਰਤਾਂ ਮੌਕੇ 'ਤੇ ਸੁਣਾਈਆਂ ਜਾਣਗੀਆਂ। ਕਿਸੇ ਵੀ ਸਾਬਕਾ ਠੇਕੇਦਾਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ ਉਸ ਨੂੰ ਬੋਲੀ ਦੇਣ ਦਾ ਹੱਕ ਨਹੀਂ ਹੈ।

ਬੋਲੀ ਦੇਣ ਤੋਂ ਪਹਿਲਾਂ ਬੋਲੀ ਦੇਣ ਵਾਲੇ ਹਰ ਵਿਅਕਤੀ ਨੂੰ 20,000/- ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਹੋਣਗੇ। ਬੋਲੀ ਮਨਜ਼ੂਰ ਹੋਣ ਵਾਲੇ ਵਿਅਕਤੀ ਨੂੰ ਕੁਲ ਬੋਲੀ ਦਾ 1/4 ਹਿੱਸਾ ਮੌਕੇ ਤੇ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਕੁੱਲ ਬੋਲੀ ਦੀ ਬਕਾਇਆ ਰਕਮ 30 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ, ਕਿਸੇ ਕਾਰਨ ਕਰਕੇ ਜੇਕਰ ਨੀਯਤ ਮਿਤੀ ਤੱਕ ਬਾਕੀ ਰਕਮ ਜਮ੍ਹਾਂ ਨਹੀਂ ਕਰਵਾਈ ਤਾਂ ਪਹਿਲਾਂ ਜਮ੍ਹਾਂ ਕੀਤੀ ਕੁੱਲ ਬੋਲੀ ਦਾ 1/4 ਹਿੱਸਾ ਜ਼ਬਤ ਕਰ ਲਿਆ ਜਾਵੇਗਾ। ਠੇਕੇ ਤੇ ਰਿਜ਼ਰਵ ਕੀਮਤ ਹੇਠ ਲਿਖੇ ਅਨੁਸਾਰ ਹੈ :

**ਜੁਡੀਸ਼ੀਅਲ ਕੋਰਟ ਕੰਪਲੈਕਸ, ਸ੍ਰੀ ਮੁਕਤਸਰ ਸਾਹਿਬ**

| ਲੜੀ ਨੰਬਰ | ਜਗ੍ਹਾ ਦਾ ਵੇਰਵਾ | ਜਿਸ ਦਾ ਠੇਕਾ ਮੰਗਿਆ ਹੈ | ਠੇਕੇ ਦਾ ਸਮਾਂ | ਘੱਟੋ-ਘੱਟ ਰਿਜ਼ਰਵ ਕੀਮਤ |
|---|---|---|---|---|
| 1 | ਜੁਡੀਸ਼ੀਅਲ ਕੋਰਟ ਕੰਪਲੈਕਸ, ਸ੍ਰੀ ਮੁਕਤਸਰ ਸਾਹਿਬ | ਦੁਕਾਨ ਨੰ. 02 | 01.09.2025 ਤੋਂ 31.03.2026 | 29,167 ਹਰੇਕ ਦੁਕਾਨ |

**ਜੁਡੀਸ਼ੀਅਲ ਕੋਰਟ ਕੰਪਲੈਕਸ, ਗਿੱਦੜਬਾਹਾ**

| ਲੜੀ ਨੰਬਰ | ਜਗ੍ਹਾ ਦਾ ਵੇਰਵਾ | ਜਿਸ ਦਾ ਠੇਕਾ ਮੰਗਿਆ ਹੈ | ਠੇਕੇ ਦਾ ਸਮਾਂ | ਘੱਟੋ-ਘੱਟ ਰਿਜ਼ਰਵ ਕੀਮਤ |
|---|---|---|---|---|
| 1 | ਜੁਡੀਸ਼ੀਅਲ ਕੋਰਟ ਕੰਪਲੈਕਸ, ਗਿੱਦੜਬਾਹਾ | ਚਾਹ/ਦੁੱਧ ਦੀ ਕੰਟੀਨ | 01.09.2025 ਤੋਂ 31.03.2026 | 98000/- |
| 2 | ਜੁਡੀਸ਼ੀਅਲ ਕੋਰਟ ਕੰਪਲੈਕਸ, ਗਿੱਦੜਬਾਹਾ | ਪਾਰਕਿੰਗ | 01.09.2025 ਤੋਂ 31.03.2026 | 98000/- |
| 3 | ਜੁਡੀਸ਼ੀਅਲ ਕੋਰਟ ਕੰਪਲੈਕਸ, ਗਿੱਦੜਬਾਹਾ | ਦੁਕਾਨਾਂ | 01.09.2025 ਤੋਂ 31.03.2026 | 56000/- ਹਰੇਕ ਦੁਕਾਨ |

**ਜੁਡੀਸ਼ੀਅਲ ਕੋਰਟ ਕੰਪਲੈਕਸ, ਮਲੋਟ**

| ਲੜੀ ਨੰਬਰ | ਜਗ੍ਹਾ ਦਾ ਵੇਰਵਾ | ਜਿਸ ਦਾ ਠੇਕਾ ਮੰਗਿਆ ਹੈ | ਠੇਕੇ ਦਾ ਸਮਾਂ | ਘੱਟੋ-ਘੱਟ ਰਿਜ਼ਰਵ ਕੀਮਤ |
|---|---|---|---|---|
| 1 | ਜੁਡੀਸ਼ੀਅਲ ਕੋਰਟ ਕੰਪਲੈਕਸ, ਮਲੋਟ | ਦੁਕਾਨਾਂ ਸਾਈਬਰ ਕੈਫੇ, ਸਟੇਸ਼ਨਰੀ ਅਤੇ ਜੂਸ ਬਾਰ | 01.09.2025 ਤੋਂ 31.03.2026 | 43750/- ਹਰੇਕ ਦੁਕਾਨ |

ਸਹੀ/- ਸਿਵਲ ਜੱਜ, ਸੀਨੀਅਰ ਡਵੀਜ਼ਨ
ਸ੍ਰੀ ਮੁਕਤਸਰ ਸਾਹਿਬ

---

**ਦ.ਫਤਰ ਮਾਰਕਿਟ ਕਮੇਟੀ, ਮੂਨਕ (ਸੰਗਰੂਰ)**
**Office Market Committee, Moonak (Sangrur)**
ਜ਼ਿੰਮੇਵਾਰ ਬਣੋ — ਵੋਟਰ ਬਣੋ

**ਕੁਟੇਸ਼ਨਾਂ ਦੀ ਮੰਗ**
ਮਾਰਕਿਟ ਕਮੇਟੀ ਮੂਨਕ ਵੱਲੋਂ ਸਾਲ 2025-26 ਦੌਰਾਨ ਨਿਮਨਲਿਖਤ ਕੰਮ ਕਰਵਾਉਣੇ ਹਨ। ਚਾਹਵਾਨ ਫਰਮਾਂ ਆਪਣੀਆਂ-ਆਪਣੀਆਂ ਕੁਟੇਸ਼ਨਾਂ ਬੰਦ ਲਿਫਾਫੇ ਵਿੱਚ ਮਿਤੀ 06-08-2025 ਨੂੰ ਸਵੇਰੇ 12.00 ਵਜੇ ਤੱਕ ਦਫ਼ਤਰ ਮਾਰਕਿਟ ਕਮੇਟੀ ਮੂਨਕ ਵਿਖੇ ਦੇ ਸਕਦੀਆਂ ਹਨ। ਜੋ ਕਿ ਉਸੇ ਦਿਨ ਹਾਜ਼ਰ ਫਰਮਾਂ ਦੀ ਹਾਜ਼ਰੀ ਵਿੱਚ ਬਾਅਦ ਦੁਪਹਿਰ 03.00 ਵਜੇ ਖੋਲ੍ਹ ਦਿੱਤੀਆਂ ਜਾਣਗੀਆਂ। ਬਾਕੀ ਸ਼ਰਤਾਂ ਦੇ ਵੇਰਵੇ ਕਿਸੇ ਵੀ ਦਫ਼ਤਰੀ ਕੰਮ ਵਾਲੇ ਦਿਨ ਦਫ਼ਤਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਜੇਕਰ ਕੁਟੇਸ਼ਨ ਵਾਲੇ ਦਿਨ ਕਿਸੇ ਕਾਰਨ ਛੁੱਟੀ ਹੋ ਜਾਦੀ ਹੈ ਤਾਂ ਕੁਟੇਸ਼ਨ ਪ੍ਰਕਿਰਿਆ ਉਸੀ ਦਿਨ ਉਸੀ ਸਮੇਂ ਉਸੇ ਸਥਾਨ ਤੇ ਹੋਵੇਗੀ।

| ਲੜੀ ਨੰ. | ਕੰਮ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਮੁੱਖ ਮੰਡੀ ਮੂਨਕ ਦੇ ਸ਼ੈੱਡਾਂ ਦੀ ਰਿਪੇਅਰ | ਮੰਡੀ ਬੋਰਡ ਦੇ ਰੇਟ ਤੋਂ ਘੱਟ |
| 2 | ਮੁੱਖ ਮੰਡੀ ਮੂਨਕ ਦੇ ਸ਼ੈੱਡਾਂ ਤੇ ਰੰਗ ਰੋਗਣ | ਮੰਡੀ ਬੋਰਡ ਦੇ ਰੇਟ ਤੋਂ ਘੱਟ |
| 3 | ਖ਼ਰੀਦ ਕੇਂਦਰਾਂ ਵਿੱਚ ਬਣੇ ਆਰ.ਸੀ.ਸੀ. ਦੇ ਸ਼ੈੱਡਾਂ ਨੂੰ ਰੰਗ ਰੋਗਣ/ਰਿਪੇਅਰ | ਮੰਡੀ ਬੋਰਡ ਦੇ ਰੇਟ ਤੋਂ ਘੱਟ |
| 4 | ਦਫ਼ਤਰੀ ਕਮਰਿਆਂ ਤੇ ਦਫ਼ਤਰੀ ਬਿਲਡਿੰਗ ਵਿੱਚ ਅਲਮੀਨੀਅਮ ਦੇ ਗੇਟ | ਸਕੇਅਰ ਫੁੱਟ ਵਿੱਚ ਰੇਟ |
| 5 | ਦਫ਼ਤਰੀ ਸਜਾਵਟ ਲਈ ਗਮਲਿਆਂ ਦੀ ਖ਼ਰੀਦ | ਵੱਡੇ ਛੋਟੇ ਗਮਲਿਆਂ ਦੇ ਰੇਟ ਹਰ ਕਿਸਮ ਦੇ |
| 6 | ਸਫ਼ਾਈ ਲਈ ਰਿਕਸ਼ਾ ਰੇਹੜੀ | ਮਾਰਕਿਟ ਰੇਟ |
| 7 | ਦਫ਼ਤਰੀ ਬਾਥਰੂਮਾਂ ਦੀ ਰਿਪੇਅਰ | ਸੀ.ਐਸ.ਆਰ. ਰੇਟ ਤੋਂ ਘੱਟ |
| 8 | ਮੁੱਖ ਮੰਡੀ ਮੂਨਕ ਦੇ ਲਬਾਟਰੀ ਬਲਾਕਾਂ ਤੇ ਸਬਮਰਸੀਬਲ ਬੋਰ | ਡੀ.ਐਨ.ਆਈ.ਟੀ. ਦੇ ਰੇਟ ਤੋਂ ਘੱਟ |
| 9 | ਬੈਰੀਅਰਾਂ ਲਈ ਬੈਰੀਕੇਟ/ਕੈਬਨ ਬਣਵਾਉਣ ਬਾਰੇ | ਸਕੇਅਰ ਫੁੱਟ ਵਿੱਚ ਰੇਟ |
| 10 | ਦਫ਼ਤਰੀ ਬਿਲਡਿੰਗ ਵਿੱਚ ਆਇਰਨ ਦੇ ਕੱਪ-ਬੋਰਡ ਬਣਾਉਣ ਬਾਰੇ | ਸਕੇਅਰ ਫੁੱਟ ਵਿੱਚ ਰੇਟ |
| 11 | ਮੰਡੀਆਂ ਵਿੱਚ ਆਮ ਲੋਕਾਂ ਵੱਲੋਂ ਢੇਰੀ ਕੀਤਾ ਮਲਵਾ ਚੁੱਕਣ ਬਾਰੇ/ | ਮੰਡੀ ਬੋਰਡ ਦੇ ਰੇਟ |
| 12 | ਜੇ.ਸੀ.ਬੀ. ਦਾ ਪ੍ਰਤੀ ਘੰਟਾ ਰੇਟ | ਮਾਰਕਿਟ ਰੇਟ |
| 13 | ਈ ਨੇਮ ਲਈ ਕੰਪਿਊਟਰ ਟੇਬਲ ਆਦਿ ਦੀ ਖ਼ਰੀਦ ਵਧੀਆ ਕੁਆਲਟੀ | ਮਾਰਕਿਟ ਰੇਟ/ਸਕੇਅਰ ਫੁੱਟ |

ਸਹੀ/- ਅਮਨਦੀਪ ਸਿੰਘ ਸੰਧੂ, ਸਕੱਤਰ — ਸਕੱਤਰ ਮਾਰਕਿਟ ਕਮੇਟੀ, ਮੂਨਕ — ਸਹੀ/- ਮਹਿੰਦਰ ਸਿੰਘ ਕੁਦਨੀ, ਚੇਅਰਮੈਨ
**Ro No. PR-Advt. No. 1241 / 12 / 2025-26 / 1687 / Dated CHD : 30.07.2025**

---

**ਬੈਂਕ ਆਫ਼ ਮਹਾਰਾਸ਼ਟਰਾ Bank of Maharashtra** — भारत सरकार का उद्यम — एक परिवार एक बैंक
ਜ਼ੋਨਲ ਦਫ਼ਤਰ :- ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ-141001, ਫੋਨ : 0161-2495472
E-mail: recovery_ldh@mahabank.co.in, legal_ldh@mahabank.co.in
Head Office: 'LOKMANGAL', 1501 Shivajinagar, PUNE 411 005

### ਮੰਗ ਸੂਚਨਾ

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ (ਸਰਫਾਇਸੀ) ਧਾਰਾ 13 (2) ਦੇ ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ **29.07.2025** ਨੂੰ **ਗੈਰ ਕਾਰਗੁਜ਼ਾਰੀ ਵਾਲੇ ਅਸਾਸੇ (ਐਨਪੀਏ)** ਬਣ ਚੁੱਕੇ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਪੰਜੀਕ੍ਰਿਤ ਡਾਕ/ਸਪੀਡ ਪੋਸਟ ਦੁਆਰਾ ਭੇਜੀ ਗਈ ਸੀ। ਹਾਲਾਂਕਿ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਅਧਿਕਾਰਤ ਅਧਿਕਾਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (ਾਂ)/ਜ਼ਾਮਨ (ਾਂ) ਸੂਚਨਾ ਦੀ ਤਾਮੀਲ ਨੂੰ ਟਾਲ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ/ ਕਬਜ਼ੇ 'ਚ ਲਏ ਜਾਣ ਵਾਲੇ ਸੁਰੱਖਿਅਤ ਅਸਾਸਿਆਂ ਦਾ ਪਤਾ | ਸੂਚਨਾ ਦੀ ਮਿਤੀ | ਐਨਪੀਏ ਦੀ ਮਿਤੀ | ਬਕਾਇਆ ਰਕਮ (ਸੂਚਨਾ ਦੀ ਮਿਤੀ ਅਨੁਸਾਰ) |
|---|---|---|---|---|
| **ਸ਼ਾਖਾ ਸਿਵਲ ਲਾਈਨਜ਼ ਲੁਧਿਆਣਾ**<br>ਕਰਜ਼ਦਾਰ:- ਮੈਸਰਜ਼ ਗੌਡਵਿਨ ਸਟੀਲ ਇੰਡਸਟਰੀਜ਼, ਇਸ ਦੇ ਪ੍ਰੋਪਰ ਦੁਆਰਾ - ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ, ਪਤਾ:- 496, ਨਿਰੰਕਾਰੀ ਮੁਹੱਲਾ, ਓਵਰਲਾਕ ਰੋਡ, ਮਿਲਰਗੰਜ, ਲੁਧਿਆਣਾ ਪੰਜਾਬ 141003. -ਜ਼ਾਮਨ:- (1) ਸ਼੍ਰੀ ਨਿਰਮਲ ਸਿੰਘ ਨੰਦੂ ਰਾਮ ਪਤਾ:- 6 ਪਲਾਟ ਨੰ. 63 ਵਸੰਤ ਵਾਟਿਕਾ, ਨੇੜੇ ਫਲਾਵਰ ਐਨਕਲੇਵ, ਬਸੰਤ ਐਵੇਨਿਊ, ਫੁੱਲਾਂਵਾਲ, ਲੁਧਿਆਣਾ, ਪੰਜਾਬ 141013 (2) ਸ਼੍ਰੀਮਤੀ ਰੇਣੂ-ਬਾਲਾ ਸੁਪਤਨੀ ਸ਼੍ਰੀ ਨਿਰਮਲ ਸਿੰਘ, ਪਤਾ:- ਪਲਾਟ ਨੰ: 63, ਵਸੰਤ ਵਾਟਿਕਾ, ਨੇੜੇ ਫਲਾਵਰ ਐਨਕਲੇਵ, ਬਸੰਤ ਐਵੀਨਿਊ ਫੁੱਲਾਂਵਾਲ, ਲੁਧਿਆਣਾ, ਪੰਜਾਬ 141013 | ਮੁੱਢਲੀ ਸੁਰੱਖਿਆ (ਨਕਦ ਕ੍ਰੈਡਿਟ ਸਹੂਲਤ ਵਿੱਚ- 437.00 ਲੱਖ ਰੁਪਏ):- ਫਰਮ ਦੀ ਪੂਰੀ ਮੌਜੂਦਾ ਜਾਇਦਾਦ ਦਾ ਗਿਰਵੀਨਾਮਾ ਜਿਸ ਵਿੱਚ ਕੱਚਾ ਮਾਲ, ਸਟਾਕ-ਇਨ-ਪ੍ਰੋਗਰੈਸ ਅਤੇ ਤਿਆਰ ਮਾਲ, ਫਰਮ ਦੇ ਅਹਾਤੇ ਵਿੱਚ ਪਏ ਹਨ ਅਤੇ ਕਿਤੇ ਹੋਰ ਪਏ ਹਨ ਅਤੇ ਕਰਜ਼ੇ ਬੁੱਕ ਕਰੋ। | 30.07.2025 | 29.07.2025 | ਰੁ. 4,93,81,986/- ਜਮ੍ਹਾਂ 30.07.2025 ਤੋਂ ਪ੍ਰਭਾਵੀ ਲਾਗੂ ਅਨੁਸਾਰ ਗੈਰ ਲਾਗੂ ਵਿਆਜ, ਖਰਚੇ ਅਤੇ ਹੋਰ ਫੀਸਾਂ। |

ਮੁੱਢਲੀ ਸੁਰੱਖਿਆ (ਜੀਈਸੀਐਲ ਵਿੱਚ- 24.44 ਲੱਖ ਰੁਪਏ):- ਫਰਮ ਦੀ ਮੌਜੂਦਾ ਜਾਇਦਾਦ ਅਤੇ ਜਮਾਂਦਰੂ ਸੁਰੱਖਿਆ 'ਤੇ ਵਾਧੂ ਚਾਰਜ। ਮੁੱਢਲੀ ਸੁਰੱਖਿਆ (ਮਿਆਦੀ ਕਰਜ਼ੇ ਵਿੱਚ- 15.73 ਲੱਖ ਰੁਪਏ):-
**ਫਰਮ ਦੀ ਮਸ਼ੀਨਰੀ ਦਾ ਗਿਰਵੀਨਾਮਾ।**
ਉੱਪਰ ਜ਼ਿਕਰ ਕੀਤੀਆਂ ਸਾਰੀਆਂ ਸਹੂਲਤਾਂ ਵਿੱਚ ਜਮਾਂਦਰੂ ਸੁਰੱਖਿਆ:-
(1) ਖਸਰਾ ਨੰਬਰ 474 ਅਤੇ 475, ਖਾਤਾ ਨੰਬਰ 131/146, 243/274 ਪੰਨਾ ਨੰ. ਵਿੱਚ ਸ਼ਾਮਲ 545 ਵਰਗ ਗਜ਼ ਦੇ ਪਲਾਟ 'ਤੇ ਬਣੀ ਉਦਯੋਗਿਕ ਜਾਇਦਾਦ ਦਾ ਬਰਾਬਰ ਗਿਰਵੀਨਾਮਾ। 332, ਸਾਲ 2009-10 ਦੀ ਜਮ੍ਹਾਂਬੰਦੀ ਅਨੁਸਾਰ, ਪਿੰਡ ਲੋਹਾਰਾ ਹੱਡਬਸਤ ਨੰਬਰ 260 ਵਿਖੇ ਸਥਿਤ, ਆਮ ਕਲੋਨੀ ਵਜੋਂ ਜਾਣਿਆ ਜਾਂਦਾ ਇਲਾਕਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2019-20/103/1/12478 ਮਿਤੀ 23.01.2020 ਦੁਆਰਾ ਰਜਿਸਟਰਡ ਹੈ ਅਤੇ ਇਸਦੀ ਹੱਦ ਹੇਠ ਲਿਖੇ ਅਨੁਸਾਰ ਹੈ:- ਪੂਰਬ: ਜਤਿੰਦਰ ਕੁਮਾਰ ਐਡਮਿਰਲ 108'09"; ਪੱਛਮ: ਗੁਆਂਢੀ ਐਡਮਿਰਲ 108'09"; ਉੱਤਰ: ਗਲੀ 40' ਚੌੜੀ ਐਡਮਿਰਲ 45'01"; ਦੱਖਣ: ਗੁਆਂਢੀ ਐਡਮਿਰਲ 45'01"। ਸਰਸਾਈ ਸੰਪਤੀ ਆਈਡੀ - 200087515135
(2) ਖਸਰਾ ਨੰਬਰ ਵਿੱਚ ਸ਼ਾਮਲ ਪਲਾਟ ਨੰਬਰ 63 ਵਾਲੇ 125 ਵਰਗ ਗਜ਼ ਦੇ ਪਲਾਟ 'ਤੇ ਬਣੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ। 34//7/1/2, ਸਾਲ 2012-13 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 146/148, ਹੱਦਬਸਤ ਨੰਬਰ 278, ਪਿੰਡ ਫੁੱਲਾਂਵਾਲ ਇਲਾਕੇ ਵਿੱਚ ਸਥਿਤ ਹੈ ਜਿਸਨੂੰ ਬਸੰਤ ਵਾਟਿਕਾ (ਪੁੱਡਾ ਦੁਆਰਾ ਮਨਜ਼ੂਰਸ਼ੁਦਾ) ਕਿਹਾ ਜਾਂਦਾ ਹੈ, ਫਲਾਵਰ ਐਨਕਲੇਵ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਨੰਦੂ ਰਾਮ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 6002 ਮਿਤੀ 03.08.2016 ਦੁਆਰਾ ਰਜਿਸਟਰ ਕੀਤਾ ਗਿਆ ਹੈ ਅਤੇ ਇਸਦੀ ਹੱਦ ਹੇਠ ਲਿਖੇ ਅਨੁਸਾਰ ਹੈ:- ਪੂਰਬ: ਪਲਾਟ 64 ਪ੍ਰਸ਼ਾਸਨ 45'00"; ਪੱਛਮ: ਪਲਾਟ 62 ਪ੍ਰਸ਼ਾਸਨ 45'00"; ਉੱਤਰ: ਸੜਕ 35' ਚੌੜੀ ਪ੍ਰਸ਼ਾਸਨ 25'00"; ਦੱਖਣ: ਗੁਆਂਢੀ ਪ੍ਰਸ਼ਾਸਨ 25'00"। ਸਰਸਾਈ ਸੰਪਤੀ ਆਈਡੀ-200087514891
(3) ਵਿਕਰੀ ਡੀਡ ਨੰ. 2022-23/101/1/11383 ਮਿਤੀ 24.01.2023 ਦੇ ਅਧੀਨ ਸ਼੍ਰੀਮਤੀ ਰੇਣੂੰ ਬਾਲਾ ਸੁਪਤਨੀ ਸ਼੍ਰੀ ਨਿਰਮਲ ਸਿੰਘ ਦੇ ਨਾਮ 'ਤੇ ਪੰਜੀਕ੍ਰਿਤ ਪਿੰਡ ਫੁੱਲਾਂਵਾਲ, ਇਲਾਕਾ ਬਸੰਤ ਵਾਟਿਕਾ ਵਜੋਂ ਜਾਣੂੰ, ਨੇੜੇ ਫਲਾਵਰ ਇਨਕਲੇਵ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2017-18 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ 34//7/1/2, ਖਾਤਾ ਨੰਬਰ 146/148 ਵਿਚ ਸ਼ਾਮਲ ਪਲਾਟ ਨੰ. 64 ਅਧੀਨ 125 ਵਰਗ ਗਜ਼ ਮਾਪ ਵਾਲੇ ਪਲਾਟ 'ਤੇ ਨਿਰਮਿਤ ਰਿਹਾਇਸ਼ੀ ਸੰਪੱਤੀ ਦੀ ਨਿਆਂਸੰਗਤ ਗਿਰਵੀ ਅਤੇ ਹੱਦਬੰਦੀ ਨਿਮਨ ਅਨੁਸਾਰ ਹੈ : ਪੂਰਬ: ਪਲਾਟ 65 ਮਾਪ 45'00"; ਪੱਛਮ: ਪਲਾਟ 63 ਮਾਪ 45'00"; ਉੱਤਰ: ਸੜਕ 35' ਚੌੜੀ ਮਾਪ 25'00"; ਦੱਖਣ: ਗੁਆਂਢੀ ਮਾਪ 25'00"। ਸਰਸਾਈ ਸੰਪਤੀ ਆਈਡੀ - 200082946028

ਉਕਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਅਸੀਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (4) ਦੇ ਅਧੀਨ ਸਾਰੇ ਜਾਂ ਕਿਸੇ ਵੀ ਅਧਿਕਾਰਾਂ ਦੀ ਵਰਤੋਂ ਕਰਾਂਗੇ। ਇਸ ਤੋਂ ਇਲਾਵਾ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਇਥੇ ਇਸ ਰਾਹੀਂ ਬਿਨਾਂ ਸਾਡੀ ਅਗਾਊਂ ਪ੍ਰਵਾਨਗੀ ਤੋਂ ਕਿਸੇ ਵੀ ਰੂਪ ਵਿਚ, ਜੋ ਵੀ ਹੋਵੇ, ਉਕਤ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਵਿਚੋਂ ਕਿਸੇ ਦੀ ਵੀ ਸੌਦੇਬਾਜ਼ੀ ਕਰਨ ਤੋਂ ਰੋਕਿਆ ਜਾਂਦਾ ਹੈ। ਇਹ ਸਬੰਧਤ ਕਾਨੂੰਨ ਅਤੇ/ਜਾਂ ਕਿਸੇ ਵੀ ਹੋਰ ਲਾਗੂ ਕਾਨੂੰਨ ਦੇ ਅਧੀਨ ਸਾਨੂੰ ਉਪਲਬਧ ਕਿਸੇ ਵੀ ਹੋਰ ਅਧਿਕਾਰਾਂ ਦੇ ਉਲੰਘਣ ਤੋਂ ਬਿਨਾਂ ਹੈ। ਤੁਹਾਡਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਸਰਫਾਇਸੀ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਧਾਰਾ 13 (13) ਦੇ ਸਬੰਧ ਵਿਚ ਕਰਜ਼ਦਾਰ/ਜ਼ਾਮਨ ਸੁਰੱਖਿਅਤ ਕਰਜ਼ਦਾਤਾ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਨਿਮਨ ਸੂਚੀ ਬੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੇਗਾ। ਇਹ ਅੱਗੇ ਤੁਹਾਡੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਦਰਸਾਏ ਕਾਨੂੰਨ ਦੇ ਤਹਿਤ ਵਿਵਸਥਿਤ ਅਨੁਸਾਰ ਵਿਧਾਨਕ ਰੋਕ/ਮਨਾਹੀ ਦੀ ਕੋਈ ਵੀ ਉਲੰਘਣਾ ਇੱਕ ਅਪਰਾਧ ਹੈ ਅਤੇ ਜੇਕਰ ਕਿਸੇ ਵੀ ਕਾਰਨ ਕਰਕੇ ਸੁਰੱਖਿਅਤ ਸੰਪੱਤੀਆਂ ਨੂੰ ਵਪਾਰ ਦੇ ਸਧਾਰਨ ਢੰਗ ਵਿਚ ਵੇਚਿਆ ਜਾਂ ਲੀਜ਼ 'ਤੇ ਦਿੱਤਾ ਜਾਂਦਾ ਹੈ ਤਾਂ ਵਿਕਰੀ ਆਮਦਨ ਜਾਂ ਵਸੂਲ ਹੋਈ ਆਮਦਨ ਸੁਰੱਖਿਅਤ ਕਰਜ਼ਦਾਤਾ ਕੋਲ ਜਮ੍ਹਾਂ ਕਰਵਾਈ ਜਾਵੇਗੀ। ਇਸ ਸਬੰਧ ਵਿਚ ਤੁਹਾਨੂੰ ਅਜਿਹੀ ਵਸੂਲੀ/ਆਮਦਨ ਢੁੱਕਵੇਂ ਖਾਤਿਆਂ ਵਿਚ ਜਮ੍ਹਾਂ ਕਰਨੀ ਹੋਵੇਗੀ।

ਮਿਤੀ : 30.07.2025 — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ

---

**ਬੈਂਕ ਆਫ਼ ਮਹਾਰਾਸ਼ਟਰਾ Bank of Maharashtra** — भारत सरकार का उद्यम — एक परिवार एक बैंक
ਜ਼ੋਨਲ ਦਫ਼ਤਰ :- ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ-141001, ਫੋਨ : 0161-2495472
E-Mail: recovery_ldh@mahabank.co.in, legal_ldh@mahabank.co.in
ਮੁੱਖ ਦਫਤਰ : 'ਲੋਕਮੰਡਲ', 1501, ਸ਼ਿਵਾਜੀ ਨਗਰ, ਪੂਣੇ-411 005

### ਸੰਕੇਤਕ ਕਬਜ਼ਾ ਸੂਚਨਾ

ਜਿਥੇ ਕਿ, ਬੈਂਕ ਆਫ਼ ਮਹਾਰਾਸ਼ਟਰਾ ਦੇ ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਾਖਰੀ ਨੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਦੀ ਉਪ-ਧਾਰਾ (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਪੁਨਰ ਭੁਗਤਾਨ ਲਈ ਸੱਦੇ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਕਰਜ਼ਦਾਰਾਂ ਕੋਲ ਦਰਸਾਏ ਅਨੁਸਾਰ ਸਬੰਧਤ ਦਿਨਾਂ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਇਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਦੇ ਲਈ **ਬੈਂਕ ਆਫ਼ ਮਹਾਰਾਸ਼ਟਰਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਸ਼ਾਖਾ ਅਤੇ ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ | ਚੱਲ/ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ/ ਕਬਜ਼ੇ ਦਾ ਸਰੂਪ ਅਤੇ ਮਿਤੀ | ਬਕਾਇਆ ਰਕਮ ਜਮ੍ਹਾਂ ਵਿਆਜ ਅਤੇ ਹੋਰ ਖਰਚੇ |
|---|---|---|---|
| **ਸ਼ਾਖਾ ਦਫਤਰ : ਬਠਿੰਡਾ**<br>1. **ਦੀਪਕ ਪੁੱਤਰ ਦੀਦਾਰ ਸਿੰਘ**, ਐਮਸੀਬੀ ਜ਼ੈਡ-5 06908, 7/7, ਹਜ਼ੂਰਾ ਕਪੂਰਾ ਕਲੋਨੀ, ਬਠਿੰਡਾ, ਬਠਿੰਡਾ ਪੰਜਾਬ 151001, 2. **ਪ੍ਰਿਯੰਕਾ ਸੋਨੀ ਪਤਨੀ ਦੀਪਕ**, ਗਲੀ ਨੰ. 7/7 ਹਜ਼ੂਰਾ ਕਪੂਰਾ ਕਲੋਨੀ, ਬਠਿੰਡਾ, ਬਠਿੰਡਾ ਪੰਜਾਬ 151001 | ਜਮਾਂਬੰਦੀ 2012-13 ਦੇ ਅਨੁਸਾਰ, ਖਸਰਾ ਨੰਬਰ 4741/2/ਮਿਨ (1-3), ਖਾਤਾ ਨੰਬਰ 2507/ 12664 ਵਿੱਚ ਸ਼ਾਮਲ 98.33 ਵਰਗ ਗਜ਼ ਦੀ ਬਰਾਬਰ ਗਿਰਵੀ ਰਿਹਾਇਸ਼ੀ ਜਾਇਦਾਦ, ਗਲੀ ਨੰ. 30/5, ਪ੍ਰਤਾਪ ਨਗਰ, (ਨੇੜੇ ਗਲੀ ਨੰ. 7, ਹੰਸ ਨਗਰ), ਪੱਟੀ ਝੁੱਟੀ, ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ ਵਿਖੇ ਸਥਿਤ ਸ਼੍ਰੀਮਤੀ ਪ੍ਰਿਯੰਕਾ ਸੋਨੀ ਪਤਨੀ ਦੀਪਕ ਦੇ ਹੱਕ ਵਿੱਚ, ਜਿਸ ਕੋਲ ਵਿਕਰੀ ਡੀਡ ਨੰਬਰ 2021-22/23/1/12790 ਹੈ, ਮਿਤੀ ਅਤੇ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਉੱਤਰ: ਰਾਜਿੰਦਰ ਅਗਰਵਾਲ ਦਾ ਖਾਲੀ ਪਲਾਟ ਪ੍ਰਸ਼ਾਸ਼ਨ 15'-0", ਦੱਖਣ: ਗਲੀ 20' ਚੌੜਾ ਪ੍ਰਸ਼ਾਸ਼ਨ 15'-0", ਪੂਰਬ: ਵਿਕਰੇਤਾ ਦਾ ਖਾਲੀ ਪਲਾਟ ਪ੍ਰਸ਼ਾਸ਼ਨ 59'-0", ਪੱਛਮ: ਵਿਕਰੇਤਾ ਦਾ ਖਾਲੀ ਪਲਾਟ ਪ੍ਰਸ਼ਾਸ਼ਨ 59'-0", CERSAI ਆਈਡੀ: 400059723864 | 28.04.2025/ ਸੰਕੇਤਕ 24.07.2025 | Rs. 18,22,188.00 ਅਤੇ ਵਿਆਜ ਸਮੇਤ |
| **ਸ਼ਾਖਾ ਦਫਤਰ : ਗੁਰਦਾਸਪੁਰ**<br>1. **ਕਰਜ਼ਦਾਰ/ਾਂ: ਸ਼੍ਰੀਮਤੀ ਗੁਰਪ੍ਰੀਤ ਕੌਰ ਪਤਨੀ ਸੁਖਜਿੰਦਰ ਸਿੰਘ, ਪਤਾ** : ਨੇੜੇ ਕਪੂਰ ਮੈਡੀਕਲ ਸਟੋਰ, ਟਿਬਰੀ ਰੋਡ, ਗੁਰਦਾਸਪੁਰ 143521, 2. **ਸਹਿ ਕਰਜ਼ਦਾਰ/ਾਂ: ਸ਼੍ਰੀ ਸੁਖਜਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪਤਾ** :ਨੇੜੇ ਕਪੂਰ ਮੈਡੀਕਲ ਸਟੋਰ, ਟਿਬਰੀ ਰੋਡ, ਗੁਰਦਾਸੁਰ 143521, ਪਿੰਡ ਅਤੇ ਡਾਕਖਾਨਾ ਵਡਾਲਾ, ਪਿੰਡ ਵਿਰਾਮ, ਅੰਮ੍ਰਿਤਸਰ, ਪੰਜਾਬ 143601 | ਜਾਇਦਾਦ ਨੰਬਰ 1: (0-5) ਮਰਲੇ, ਕਰਮ 5 1/2 ਫੁੱਟ, ਜਿਸ ਵਿੱਚ ਖੇਵਟ ਨੰਬਰ 100 ਖਤੌਨੀ ਨੰਬਰ 1618 ਹੋਵੇ, ਜਿਸ ਉੱਤੇ ਖਸਰਾ ਨੰਬਰ 589 (0-3), 590 (0-3), 600 (0-1), 601 (0-7), 602 (0-1), 603 (0-2), 604/4 (0-2), 606 (0-15), 606 (0-5), 608 (0-7), 609 (0-4) 612 (0-5), 613 (0-4), 619 (0-2), 624 (0-4), 625 (0-7), 627 (0-6), 628 (0-7), 631 (0-4), 663/1 (0-4), 667 (0-6), 672 (0-6), 672 (0-6), 806 (0-4), 809 (0-6), 810/1 (0-5), 859/1 (0-3), 864/7 (1-11), 864/8 (1-8), 1657/2 (0-1), 1667 (0-3), 1669 (0-2), 1670 (0-2), 1671 (0-3), 1675 (0-9), 1676 (0-2), 1677 (0-13), 1697 (0-4), 1729 (0-4), 1753/1 (0-3), 1917 (0-3), 1917/1 (0-5) ਕਿੱਤੇ 40, ਸਾਲ 2014-15 ਲਈ ਜਮ੍ਹਾਂਬੰਦੀ ਅਨੁਸਾਰ ਕੁੱਲ ਖੇਤਰ (11-14) ਦਾ 5/234ਵਾਂ ਹਿੱਸਾ (0-5) ਮਰਲੇ ਮਾਪ, ਜੋ ਕਿ ਗੁਰਦਾਸਪੁਰ ਸ਼ਹਿਰ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਹੈ, ਹੱਦਬਸਤ ਨੰਬਰ 337, ਸ਼੍ਰੀਮਤੀ ਗੁਰਪ੍ਰੀਤ ਕੌਰ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2021-22/147/1/3646 ਜ਼ਿਲ੍ਹਾ ਨੰਬਰ 5714 ਮਿਤੀ 07/01/2022 ਦੁਆਰਾ ਰਜਿਸਟਰਡ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ (ਵਿਕਰੀ ਡੀਡ ਅਨੁਸਾਰ): ਪੂਰਬ: ਕੋਹਲੀ ਦੀ ਮਾਲਕੀ, ਪੱਛਮ: ਕਰਿਤਾ ਸਿੰਘ ਦੀ ਮਾਲਕੀ, ਉੱਤਰ: ਕਰਿਤਾ ਸਿੰਘ ਦੀ ਮਾਲਕੀ, ਦੱਖਣ: ਦੁਕਾਨ ਅਤੇ ਰਸਤਾ, **ਜਾਇਦਾਦ ਨੰਬਰ** 2: ਟ੍ਰਾਂਸਫਰ ਡੀਡ ਮਿਤੀ 06.11.2018, ਨੰਬਰ 2018-19/147/1/1374 ਦੇ ਅਧੀਨ ਗੁਰਪ੍ਰੀਤ ਕੌਰ ਪੁੱਤਰੀ ਪ੍ਰੀਤਮ ਸਿੰਘ ਦੀ ਮੌਜੂਦਾ ਮਾਲਕੀ ਹੇਠ ਅਤੇ ਗੁਰਦਾਸਪੁਰ ਵਿਚ ਸਥਿਤ ਸਾਲ 2009-10 ਲਈ ਜਮ੍ਹਾਂਬੰਦੀ ਅਨੁਸਾਰ ਮਕਾਨ ਅਤੇ ਦੋ ਦੁਕਾਨਾਂ ਦੇ ਅੰਦਰ ਕੁੱਲ ਰਕਬਾ ਮਾਪ (0-3.66) ਮਰਲਾ ਅਤੇ ਮਾਪ (0-3.22) ਦੇ ਖੇਵਟ ਨੰ. 1002, ਖਤੌਨੀ ਨੰ. 1669, ਖਸਰਾ ਨੰ. 864/3 (1-4) 29/216ਵੇਂ ਹਿੱਸਾ ਅਤੇ ਕੁੱਲ ਰਕਬਾ (0-11) ਮਾਪ (0.0.44) ਦੇ 4/99ਵੇਂ ਹਿੱਸੇ ਵਜੋਂ ਖੇਵਟ ਨੰ. 999 ਖਤੌਨੀ ਨੰਬਰ 1666 ਖਸਰਾ ਨੰ: 861 (0-7), 862 (0-4) ਵਿਚ ਸ਼ਾਮਲ ਜ਼ਮੀਨ ਉੱਪਰ ਨਿਰਮਿਤ ਅਚੱਲ ਸੰਪੱਤੀ ਦੀ ਨਿਆਂਸੰਗਤ ਗਿਰਵੀ ਅਤੇ ਹੱਦਬੰਦੀ ਨਿਮਨ ਅਨੁਸਾਰ ਪੂਰਬ : ਕ੍ਰਿਤਾ ਸਿੰਘ ਦੀ ਸੰਪੱਤੀ, ਪੱਛਮ: ਕਪੂਰ ਮੈਡੀਕਲ ਸਟੋਰ, ਉੱਤਰ: ਗੁਰਜੀਤ ਕੌਰਦੀ ਜਾਇਦਾਦ ਅਤੇ ਆਦਿ, ਦੱਖਣ: ਟਿੱਬਰੀ ਰੋਡ। | 28.04.2025/ ਸੰਕੇਤਕ 25.07.2025 | Rs. 47,41,196.00 ਅਤੇ ਵਿਆਜ ਸਮੇਤ |

ਮਿਤੀ : 30.07.2025 — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ

### ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੇ ਆਜ਼ਾਦੀ ਦੀ ਮਸ਼ਾਲ ਨੂੰ ਹੋਰ ਭਖਾਇਆ ਸੀ






ਸ਼ਹੀਦਾਂ ਦੀ ਕੁਰਬਾਨੀ ਸਦਕਾ ਆਮ ਲੋਕਾਂ ਵਿਚ ਕੌਮੀ ਆਜ਼ਾਦੀ ਦੀ ਲਹਿਰ ਵਿਚ ਪੂਰਨ ਸ਼ਮੂਲੀਅਤ ਦੀ ਚੇਤਨਾ ਪੈਦਾ ਹੋਈ ਜਿਨ੍ਹਾਂ ਦੀ ਕੁਰਬਾਨੀ ਸਦਕਾ ਦੇਸ਼ ਦੇ ਨਾਗਰਿਕਾਂ ਨੇ 15 ਅਗਸਤ 1947 ਨੂੰ ਪਹਿਲੀ ਵਾਰ ਅਜ਼ਾਦੀ ਦੀ ਫ਼ਿਜ਼ਾ ਵਿਚ ਸਾਹ ਲਿਆ। ਇਨ੍ਹਾਂ ਬਹਾਦਰ ਸ਼ਹੀਦਾਂ ਵਿਚ ਸ਼ਹੀਦ-ਏ-ਆਜ਼ਮ ਸ਼ਹੀਦ ਊਧਮ ਸਿੰਘ (ਸ਼ੇਰ ਸਿੰਘ) ਦਾ ਨਾਂ ਸਿਰਮੌਰ ਹੈ।ਸ਼ਹੀਦ ਊਧਮ ਸਿੰਘ ਦਾ ਜਨਮ ਪੰਜਾਬ ਸੂਬੇ ਦੇ ਸੁਨਾਮ ਕਸਬੇ ਵਿੱਚ ਪਿਤਾ ਟਹਿਲ ਸਿੰਘ ਮਾਤਾ ਸ੍ਰੀਮਤੀ ਨਰੈਣੀ ਕੌਰ ਜੀ ਦੀ ਕੁੱਖੋਂ ਇੱਕ ਕੰਬੋਜ ਪਰਿਵਾਰ ਵਿਚ 26 ਦਸੰਬਰ 1899 ਨੂੰ ਹੋਇਆ। ਸਿਰਫ 7 ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਸਿਰ ਤੋਂ ਮਾਂ-ਬਾਪ ਦਾ ਸਾਇਆ ਉੱਠ ਗਿਆ। ਉਸ ਦਾ ਪੂਰਾ ਪਰਿਵਾਰ ਚੇਚਕ ਤੋਂ ਪ੍ਰਭਾਵਿਤ ਸੀ। ਊਧਮ ਸਿੰਘ ਨੂੰ ਅੰਮ੍ਰਿਤਸਰ ਦੇ ਇੱਕ ਅਨਾਥ ਆਸ਼ਰਮ ਵਿੱਚ ਪਾਲਿਆ ਗਿਆ। ਊਧਮ ਸਿੰਘ ਦਾ ਬਚਪਨ ਬਹੁਤ ਔਖੇ ਹਾਲਾਤਾਂ ਵਿੱਚ ਬੀਤਿਆ ਪਰ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੇ ਸਿੱਖਿਆਵਾਂ ਅਤੇ ਗੁਰੂਆਂ ਦੀਆਂ ਕੁਰਬਾਨੀਆਂ ਦੇ ਆਦਰਸ਼ਾਂ ਨੇ ਉਨ੍ਹਾਂ ਦੇ ਮਨ ਅੰਦਰ ਡੂੰਘੀ ਥਾਂ ਬਣਾ ਲਈ। ਇਸ ਨਾਲ ਉਸ ਦਾ ਸ਼ੁੱਧ ਚਰਿੱਤਰ ਬਰਕਰਾਰ ਰਿਹਾ।

ਉਹ ਮਕੈਨਿਕ, ਤਰਖਾਣ, ਇਲੈਕਟ੍ਰੀਸ਼ੀਅਨ, ਸਿਵਲ ਇੰਜੀਨੀਅਰ, ਪਲੰਬਰ, ਨਾਈ, ਡਰਾਈਵਿੰਗ, ਕੁਕਿੰਗ, ਕਾਨੂੰਨੀ ਮਾਹਿਰ, ਹੁਨਰਮੰਦ ਅਦਾਕਾਰ, ਲੇਖਕ, ਕਾਰੀਗਰ, ਯੋਜਨਾਕਾਰ ਅਤੇ ਹੁਨਰਮੰਦ ਪ੍ਰਬੰਧਕ ਆਦਿ ਕਲਾਵਾਂ ਵਿਚ ਨਿਪੁੰਨ ਸਨ। ਉਹ ਉੱਚ ਚਰਿੱਤਰਵਾਨ, ਸਹਿਣਸ਼ੀਲ, ਸੁਭਵਾਨ, ਸਿਆਣਪ, ਦੂਰਅੰਦੇਸ਼ੀ, ਧਰਮ ਨਿਰਪੱਖ, ਮਾਨਵਵਾਦੀ, ਕਰਤੱਵ ਅਤੇ ਇਮਾਨਦਾਰੀ ਪ੍ਰਤੀ ਸਮਰਪਿਤ ਸਨ। ਔਰਤ ਦੀ ਇੱਜ਼ਤ ਦਾ ਰਾਖਾ ਤੇ ਉੱਚ ਚਰਿੱਤਰ ਕਾਰਨ ਅੱਜ ਪੂਰੀ ਦੁਨੀਆਂ ਵਿਚ ਉਨ੍ਹਾਂ ਨੂੰ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ਉਹਨਾਂ ਜੀਵਨ ਭਰ ਆਪਣੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦਾ ਪੱਕਾ ਇਰਾਦਾ ਧਾਰੀ ਰੱਖਿਆ। ਉਨ੍ਹਾਂ ਆਪਣੀ ਕਹਿਣੀ ਅਤੇ ਕਥਨੀ ਵਿਚ ਭੋਰਾ ਵੀ ਫ਼ਰਕ ਨਾ ਰਹਿਣ ਦਿੱਤਾ ਤੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਦੀ ਸਭ ਤੋਂ ਦੁਖਦਾਈ ਘਟਨਾ ਵਿਚ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਅੰਗਰੇਜ਼ ਹਾਕਮਾਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਊਧਮ ਸਿੰਘ ਨੇ ਮੌਤ ਦੇ ਇਸ ਮੰਜ਼ਰ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ। ਉਨ੍ਹਾਂ ਉੱਥੇ ਦੀ ਮਿੱਟੀ ਦੀ ਸਹੁੰ ਖਾ ਕੇ ਬਦਲਾ ਲੈਣ ਦਾ ਫੈਸਲਾ ਕਰ ਲਿਆ।

ਇਹ ਬਹਾਦਰ 'ਸ਼ੇਰ ਔਖੇ ਹਾਲਾਤਾਂ ਅਤੇ ਆਰਥਾਂ ਦੀਆਂ ਮੁਸ਼ਕਲਾਂ ਤੋਂ ਬਾਅਦ ਊਧਮ ਸਿੰਘ 1933 ਵਿੱਚ ਜਾਅਲੀ ਪਾਸਪੋਰਟ ਬਣਾ ਕੇ ਲੰਡਨ ਪਹੁੰਚਿਆ। ਲੰਡਨ ਵਿੱਚ ਊਧਮ ਸਿੰਘ ਮਾਇਕਲ ਓਡਵਾਇਰ ਨੂੰ ਕਈ ਵਾਰ ਮਿਲਿਆ ਊਧਮ ਸਿੰਘ ਓਡਵਾਇਰ ਦੇ ਘਰ ਨੌਕਰ ਬਣ ਕੇ ਵੀ ਰਿਹਾ। ਜੇਕਰ ਊਧਮ ਸਿੰਘ ਚਾਹੁੰਦਾ ਤਾਂ ਮਾਈਕਲ ਓਡਵਾਇਰ ਨੂੰ ਬੜੀ ਅਸਾਨੀ ਨਾਲ ਵੀ ਮਾਰ ਸਕਦਾ ਸੀ ਪਰ ਊਧਮ ਸਿੰਘ ਦੀ ਸੋਚ ਬਹੁਤ ਵੱਡੀ ਸੀ। ਉਹ ਚਾਹੁੰਦਾ ਸੀ ਕਿ ਉਹ ਮਾਈਕਲ ਓਡਵਾਇਰ ਨੂੰ ਉਸ ਜਗ੍ਹਾ 'ਤੇ ਮਾਰੇ ਜਿੱਥੇ ਪੂਰੀ ਦੁਨੀਆਂ ਇਹ ਕਾਰਨਾਮਾ ਦੇਖੇ ਅਤੇ ਅੰਗਰੇਜ਼ ਸਾਮਰਾਜ ਸੋਚਣ ਲਈ ਮਜਬੂਰ ਹੋ ਜਾਣ ਕਿ ਭਾਰਤ ਵਾਸੀ 21 ਸਾਲ ਬਾਅਦ ਵੀ ਬਦਲਾ ਲੈਣਾ ਨਹੀਂ ਭੁੱਲ ਸਕਦੇ। ਉਸ ਨੇ ਜਰਨਲ ਮਾਈਕਲ ਐਡਵਾਇਰ ਨੂੰ ਇਕ ਵੱਡੇ ਸਮਾਰੋਹ ਵਿਚ ਭੀੜ ਦੇ ਸਾਹਮਣੇ ਗੋਲੀਆਂ ਮਾਰ ਕੇ ਬਦਲਾ ਲੈ ਲਿਆ। ਇਹ ਸੂਰਬੀਰ ਯੋਧੇ ਦੀ ਇੱਕ ਵੱਡੀ ਦਹਾੜ ਸੀ, ਜਿਸ ਦੀ ਗੂੰਜ ਦੂਜੇ ਵਿਸ਼ਵ ਯੁੱਧ ਦੌਰਾਨ ਪੂਰੀ ਦੁਨੀਆਂ ਵਿੱਚ ਸੁਣਾਈ ਦਿੱਤੀ ਅਤੇ ਅਖ਼ਬਾਰਾਂ ਦੇ ਪਹਿਲੇ ਪੰਨਿਆਂ 'ਤੇ ਛਪੀ। ਇਹ ਉਹ ਸਮਾਂ ਸੀ ਜਦੋਂ ਕਦੇ ਨਾ ਡੁੱਬਣ ਵਾਲਾ ਸੂਰਜ (ਬ੍ਰਿਟਿਸ਼ ਸਾਮਰਾਜ) ਆਪਣੇ ਹੀ ਘਰ ਵਿੱਚ ਡੁੱਬ ਗਿਆ।

ਇਹ ਘਟਨਾ ਨਾ ਸਿਰਫ਼ ਕਾਮਾਗਾਟਾਮਾਰੂ ਕਾਂਡ ਅਤੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ ਸੀ, ਸਗੋਂ ਇਹ ਗਰੀਬ, ਉਜਾੜੇ ਕਿਸਾਨਾਂ ਦੀ ਲੁੱਟ ਅਤੇ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਸਿੱਟਾ ਸੀ। ਇਹ ਬਸਤੀਵਾਦ ਅਤੇ ਸਾਮਰਾਜਵਾਦ ਦੀ ਨੀਂਹ 'ਤੇ ਹਮਲਾ ਸੀ, ਜਿਸ ਨੇ ਬਰਤਾਨਵੀ ਸ਼ਾਸਨ ਦੇ ਖੋਖਲੇਪਣ ਨੂੰ ਨੰਗਿਆਂ ਕਰ ਦਿੱਤਾ ਅਤੇ ਪੂਰੀ ਦੁਨੀਆਂ ਵਿਚ ਆਜ਼ਾਦੀ ਦੀ ਮਸ਼ਾਲ ਨੂੰ ਹੋਰ ਭਖਾ ਦਿੱਤਾ। ਇਸ ਦੇ ਨਤੀਜੇ ਵਜੋਂ ਅੰਗਰੇਜ਼ਾਂ ਨੂੰ ਸਿਰਫ਼ ਸੱਤ ਸਾਲ ਬਾਅਦ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ।

ਊਧਮ ਸਿੰਘ ਦੇ ਹੱਥ ਪੰਨੇ ਜੋ ਊਧਮ ਸਿੰਘ ਨੇ ਜੱਜ ਦੇ ਸਾਹਮਣੇ ਪੜ੍ਹ ਕੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਜਿਹੜੀ ਕੌਮ ਸਿਰ ਨੀਵਾਂ ਕਰ ਦਿੰਦੀ ਹੈ ਉਹ ਮੌਤ ਨੂੰ ਪਰਵਾਨ ਕਰਦੀ ਹੈ, ਕਿਉਂਕਿ ਆਜ਼ਾਦੀ ਜੀਵਨ ਤੇ ਗੁਲਾਮੀ ਮੌਤ ਦਿੰਦੀ ਹੈ।ਤੁਸੀ ਸਾਡੇ ਦੇਸ਼ ਨੂੰ 150ਸਾਲ ਤੋਂ ਲੁੱਟ ਰਹੇ ਹੋ। ਭਾਰਤੀ ਲੋਕਾਂ ਨੂੰ ਪਸ਼ੂਆਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ, ਭਾਰਤੀ ਜੇਲਾਂ ਨੂੰ ਇੱਕ ਨਰਕ ਦੇ ਰੂਪ ਵਿੱਚ ਬਦਲ ਦਿੱਤਾ ਗਿਆ ਹੈ। ਭਾਰਤੀ ਲੋਕਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ, ਔਰਤਾਂ ਨੂੰ ਵਾਲਾਂ ਤੋਂ ਫੜ ਕੇ ਧੂਹਿਆ ਜਾ ਰਿਹਾ ਹੈ, ਤੇਜ਼ ਧਾਰ ਹਥਿਆਰ ਖੋਭੇ, ਕਈ ਲੋਕਾਂ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ, ਸਾਡੇ ਲੋਕਾਂ ਨੂੰ ਸੜਕਾਂ 'ਤੇ ਪਾ ਕੇ ਰੋਡ ਰੋਲਰਾਂ ਨਾਲ ਕੁਚਲਿਆ ਗਿਆ। ਪਿਸ਼ਾਵਰ ਦੇ ਪਿੰਡਾਂ ਨੂੰ ਅੱਗ ਲਗਾ ਦਿੱਤੀ।ਔਰਤਾਂ ਅਤੇ ਬੱਚਿਆਂ ਨੂੰ ਨੰਗਾ ਕਰ ਦਿੱਤਾ ਗਿਆ। ਤੁਸੀਂ ਭਾਰਤ ਨੂੰ ਬੁੱਚੜਖਾਨਾ ਬਣਾ ਕੇ ਰੱਖ ਦਿੱਤਾ ਹੈ ਇਹ ਜੰਗਲੀਪਨ ਹੁਣ ਹੋਰ ਨਹੀਂ ਚੱਲੇਗਾ ਹੁਣ ਭਾਰਤ ਨੂੰ ਆਜ਼ਾਦ ਕਰਨ ਦਾ ਸਮਾਂ ਆ ਗਿਆ ਹੈ। ਊਧਮ ਸਿੰਘ ਨੇ ਕਿਹਾ ਮੈਨੂੰ ਆਪਣੇ ਦੇਸ਼ ਲਈ ਮਰਨ ਵਿੱਚ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ।

ਮੈਨੂੰ ਬਚਾਉਣ ਲਈ ਮੇਰੇ ਕੇਸ 'ਤੇ ਪੈਸੇ ਨਾ ਖਰਚ ਕੀਤੇ ਜਾਣ ਇਹ ਪੈਸੇ ਗਰੀਬ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਕੀਤੇ ਜਾਣ। ਮੇਰੀ ਇੱਕੋ ਹੀ ਖਾਹਿਸ਼ ਬਾਕੀ ਰਹਿ ਗਈ ਹੈ, ਮੈਂ ਆਪਣੇ ਭਾਰਤ ਨੂੰ ਆਜ਼ਾਦ ਦੇਖਣਾ ਚਾਹੁੰਦਾ ਹਾਂ ਪਰ ਮੇਰੇ ਤੋਂ ਬਾਅਦ ਹਜ਼ਾਰਾਂ ਲੋਕ ਇਸ ਕੰਮ ਲਈ ਅੱਗੇ ਆਉਣਗੇ ਅਤੇ ਇਹਨਾਂ ਗੰਦੇ ਅੰਗਰੇਜ਼ ਕੁੱਤਿਆਂ ਨੂੰ ਮੇਰੇ ਦੇਸ਼ ਤੋਂ ਬਾਹਰ ਕੱਢਣਗੇ।

ਉਨ੍ਹਾਂ ਦੀ ਸ਼ਹਾਦਤ ਤੋਂ 34 ਸਾਲ ਬਾਅਦ 1974 'ਚ ਸ਼ਹੀਦ ਊਧਮ ਸਿੰਘ ਦੀ ਮ੍ਰਿਤਕ ਦੇਹ ਜੋ ਕਿ (ਹੱਡੀਆਂ ਦੇ ਟਾਂਚੇ ਦੇ ਰੂਪ ਵਿੱਚ ਸੀ) ਮੌਕੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਯਤਨਾਂ ਸਦਕਾ ਭਾਰਤ ਲਿਆਂਦੀ ਗਈ ਅਤੇ ਦਿੱਲੀ ਹਵਾਈ ਅੱਡੇ 'ਤੇ ਕਪੂਰਥਲਾ ਹਾਊਸ ਵਿਖੇ ਪੂਰੇ ਸਨਮਾਨਾਂ ਨਾਲ ਲੋਕਾਂ ਦੇ ਅੰਤਿਮ ਦਰਸ਼ਨਾਂ ਲਈ ਰੱਖੀ ਗਈ।

ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ।ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਹਰਿਆਣਾ, ਚੰਡੀਗੜ੍ਹ ਅਤੇ ਪੰਜਾਬ ਤੋਂ ਹੁੰਦੇ ਹੋਏ ਉਨ੍ਹਾਂ ਦੇ ਜਨਮ ਸਥਾਨ ਸੁਨਾਮ (ਸੁਨਾਮ ਊਧਮ ਸਿੰਘ ਵਾਲਾ)ਲਿਜਾਇਆ ਗਿਆ। ਦੇਸ਼ ਦੇ ਲੋਕਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਖੇਡ ਸਟੇਡੀਅਮ ਵਿਖੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ ਪਰ ਅੱਜ ਵੀ ਸ਼ਹੀਦ ਦੀਆਂ ਅਸਥੀਆਂ ਦੇ ਦੋ ਕਲਸ਼ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ ਮੌਜੂਦ ਹਨ। ਇਹਨਾਂ ਕਲਸ਼ਾਂ ਵੱਲ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜੋ ਬਠਿੰਡਾ ਰੋਡ 'ਤੇ ਸ਼ਹੀਦ ਦੇ ਨਾਂ 'ਤੇ ਸਮਾਰਕ ਬਣਿਆ ਹੋਇਆ ਹੈ ਉਸ ਜਗ੍ਹਾ ਵਿੱਚ ਸਿਰਫ਼ ਇੱਕ ਹੀ ਕਮਰਾ ਬਣਿਆ ਹੋਇਆ ਹੈ, ਜਿੱਥੇ ਕਿ ਸ਼ਹੀਦ ਊਧਮ ਸਿੰਘ ਜੀ ਦਾ ਸਾਰਾ ਸਮਾਨ ਨਹੀਂ ਆ ਰਿਹਾ ਜੋ ਕਲਸ਼ ਕਾਲਜ ਵਿੱਚ ਹਨ ਉਨ੍ਹਾਂ ਨੂੰ ਵੀ ਸਮਾਰਕ ਵਾਲੀ ਜਗਾ 'ਤੇ ਰੱਖਿਆ ਜਾਵੇ ਤਾਂ ਜੋ ਲੋਕ ਇਸ ਸ਼ਹੀਦ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰ ਸਕਣ। ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਲਈ 31ਜੁਲਾਈ ਨੂੰ ਅਰਵਿੰਦ ਕੇਜਰੀਵਾਲ, ਮੁਨੀਸ਼ਸੋਸੀਆ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕਈ ਹੋਰ ਕੈਬਨਿਟ ਮੰਤਰੀ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚ ਰਹੇ ਹਨ। ਦੇਖਣਾ ਇਹ ਹੋਵੇਗਾ ਕਿ ਇਸ ਵਾਰ ਵੀ ਸੁਨਾਮ ਊਧਮ ਸਿੰਘ ਵਾਲਾ ਨੂੰ ਪੰਜਾਬ ਸਰਕਾਰ ਵੱਲੋਂ ਕੀ ਸੌਗਾਤ ਮਿਲੇਗੀ।

-(ਮੋਹਣ ਸ਼ਰਮਾ)

## ਪਿੰਡ ਬੁਗਰਾ ਦੀ ਫਿਰਨੀ 'ਚ ਤਰੇੜਾਂ ਦਾ ਮਾਮਲਾ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚਿਆ

ਧੂਰੀ, 30 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਧੂਰੀ ਦੇ ਪਿੰਡ ਬੁਗਰਾ ਵਿੱਚ ਚੱਲ ਰਹੀ ਫਿਰਨੀ ਦੇ ਨਵੀਨੀਕਰਨ ਦੀ ਪ੍ਰਕਿਰਿਆ 'ਚ ਨਵੇਂ ਮੋੜ ਸਾਹਮਣੇ ਆ ਗਏ ਹਨ। ਇਸ ਪਿੰਡ ਦੀ ਫਿਰਨੀ ਨੂੰ ਸੀਮਿੰਟ ਕੰਕਰੀਟ ਨਾਲ ਪੱਕਾ ਕਰਨ ਦਾ ਕੰਮ ਹਾਲ ਹੀ ਵਿੱਚ ਸ਼ੁਰੂ ਕੀਤਾ ਗਿਆ ਸੀ, ਪਰ ਕੰਮ ਦੌਰਾਨ ਹੀ ਫਿਰਨੀ ਵਿੱਚ ਆਈਆਂ ਤਰੇੜਾਂ ਨੇ ਨਿਰਮਾਣ ਕਾਰਜ ਦੀ ਗੁਣਵੱਤਾ 'ਤੇ ਸਵਾਲ ਚੁੱਕ ਦਿੱਤੇ ਹਨ।ਇਸ ਸੰਬੰਧੀ ਪਿੰਡ ਦੇ ਸਰਪੰਚ ਹਰਜੀਤ ਸਿੰਘ ਬੁਗਰਾ ਨੇ ਦੱਸਿਆ ਕਿ ਉਸ ਨੇ ਤਰੇੜਾਂ ਆਉਣ ਸੰਬੰਧੀ ਪਹਿਲਾਂ ਹੀ ਲਿਖਤੀ ਰੂਪ ਵਿੱਚ ਅਧਿਕਾਰੀਆਂ ਨੂੰ ਆਗਾਹ ਕਰ ਦਿੱਤਾ ਸੀ ਪਰ ਸਥਿਤੀ ਵਿੱਚ ਸੁਧਾਰ ਦੀ ਬਜਾਏ ਹਾਲਾਤ ਹੋਰ ਵਿਗੜ ਗਏ। ਕੱਲ੍ਹ ਦੇਰ ਸ਼ਾਮ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਦੀ ਧੂਰੀ ਫੇਰੀ ਦੌਰਾਨ, ਸਰਪੰਚ ਨੇ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ। ਮੀਟਿੰਗ ਦੌਰਾਨ ਓ.ਐੱਸ.ਡੀ. ਸੁੱਖੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਜਾਂਚ ਦੇ ਹੁਕਮ ਜਾਰੀ ਕੀਤੇ।

# ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿਚ ਸੀ.ਬੀ.ਐਸ.ਈ ਦੀ ਇੱਕ ਰੋਜ਼ਾ ਵਰਕਸ਼ਾਪ ਲਗਾਈ

ਭਗਤਾ ਭਾਈ ਕਾ, 30 ਜੁਲਾਈ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਦੀ ਅਗਵਾਈ ਹੇਠ ਕਪੈਸਿਟੀ ਬਿਲਡਿੰਗ ਪ੍ਰੋਗਰਾਮ ਸੀ.ਬੀ.ਐਸ.ਈ ਵੱਲੋਂ ਕਰਵਾਇਆ ਗਿਆ,ਜਿਸ ਦਾ ਵਿਸ਼ਾ 'ਨੈਸ਼ਨਲ ਕਰੀਕੁਲਮ ਫਰੇਮਵਰਕ ਫਾਰ ਸਕੂਲ ਐਜੂਕੇਸ਼ਨ 2023 ਸੀ।ਸੀ.ਬੀ.ਐਸ.ਈ.ਬੋਰਡ ਵੱਲੋਂ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅਤੇ ਐਨ. ਈ.ਪੀ 2020 ਲਾਗੂ ਕਰਨ ਲਈ ਵੱਖ-ਵੱਖ ਵਿਸ਼ਿਆਂ 'ਤੇ ਕਪੈਸਟੀ ਬਿਲਡਿੰਗ ਪ੍ਰੋਗਰਾਮ ਕਰਵਾਏ ਜਾਂਦੇ ਹਨ,ਜਿਸ ਵਿੱਚ ਸਾਰੇ ਸੀ.ਬੀ.ਐਸ.ਈ ਸਕੂਲਾਂ ਦੇ ਅਧਿਆਪਕਾਂ ਨੂੰ ਅਲੱਗ ਅਲੱਗ ਵਿਸ਼ਿਆਂ 'ਤੇ ਵਰਕਸ਼ਾਪ ਕਰਵਾਈ ਜਾਂਦੀ ਹੈ।ਇਸੇ ਤਹਿਤ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਵਿੱਚ ਨੈਸ਼ਨਲ ਕਰੀਕੁਲਮ ਫਰੇਮਵਰਕ ਫਾਰ ਸਕੂਲ ਐਜੂਕੇਸ਼ਨ ਦੇ 2023 ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ।ਇਹ ਵਰਕਸ਼ਾਪ ਸੀ.ਬੀ.ਪੀ ਨਾਲ ਸੰਬੰਧਿਤ ਸੀ।ਇਸ ਵਰਕਸ਼ਾਪ ਦੇ ਰਿਸੋਰਸ ਪਰਸਨ ਮਿਸ ਮਿਨਾਕਸੀ ਸ਼ਰਮਾ ਅਤੇ ਕੋਡੀਨੇਟਰ ਮਿਸ ਅਨੀਤਾ ਜੈਨ ਸੀ।ਇਹ ਵਰਕਸ਼ਾਪ ਸਕੂਲ ਵਿੱਚ ਕਰਵਾਈ ਗਈ ਅਤੇ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਵੀ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ।ਵਰਕਸ਼ਾਪ ਦੌਰਾਨ ਅਲੱਗ ਅਲੱਗ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਜਿਸ ਤਹਿਤ ਸਕੂਲ ਐਜੂਕੇਸ਼ਨ ਵਿੱਚ ਐਨਸੀਐਫ ਨੂੰ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਰੋਟ ਲਰਨਿੰਗ ਦੀ ਬਜਾਏ ਸਿੱਖਣ ਦੀ ਕਲਾ ਵਿੱਚ ਵਿਦਿਆਰਥੀਆਂ ਨੂੰ ਮਹਾਰਤ ਹਾਸਲ ਕਰਵਾਈ ਜਾਏ। ਉਨ੍ਹਾਂ ਦੁਆਰਾ ਅਧਿਆਪਕਾਂ ਨੂੰ ਪਾਠ ਯੋਜਨਾ ਲਿਖਣ ਬਾਰੇ ਵੀ ਜਾਣਕਾਰੀ ਦਿੱਤੀ ਗਈ।ਅੰਤ ਵਿੱਚ ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਵੱਲੋਂ ਰਿਸੋਰਸ ਪਰਸਨ ਅਤੇ ਕੋਆਰਡੀਨੇਟਰ ਦਾ ਧੰਨਵਾਦ ਕੀਤਾ ਗਿਆ ਅਤੇ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਅਤੇ ਸਕੂਲ ਦੇ ਸਾਰੇ ਹੀ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਆਸ ਕੀਤੀ ਕਿ ਜੋ ਵੀ ਉਹਨਾਂ ਨੇ ਵਰਕਸ਼ਾਪ ਵਿੱਚ ਸਿੱਖਿਆ ਉਹ ਸਕੂਲ ਐਜੂਕੇਸ਼ਨ ਵਿੱਚ ਅਤੇ ਕਲਾਸ ਵਿੱਚ ਸ਼ਾਮਿਲ ਕਰਨਗੇ।




# ਸੀ.ਐਮ.ਐਸ ਗੁਰੂ ਕਾਸ਼ੀ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ

ਭਗਤਾ ਭਾਈ ਕਾ, 30 ਜੁਲਾਈ (ਸਵਰਨ ਸਿੰਘ ਭਗਤਾ): ਸਥਾਨਕ ਸ਼ਹਿਰ ਵਿਖੇ ਸਥਿਤ ਸੀ.ਐੱਮ.ਐੱਸ ਗੁਰੂ ਕਾਸ਼ੀ ਪਬਲਿਕ ਸਕੂਲ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਪੰਜਾਬੀ ਸੱਭਿਆਚਾਰ ਅਤੇ ਆਪਣੇ ਵਿਰਸੇ ਨਾਲ ਜੋੜਨ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਰਹਿੰਦਾ ਹੈ। ਇਸੇ ਕੜੀ ਤਹਿਤ ਸਾਉਣ ਮਹੀਨੇ ਦਾ ਮੁੱਖ ਤਿਉਹਾਰ ਤੀਆਂ ਤੀਜ ਦੀਆਂ 2025 ਸਕੂਲ ਦੀਆਂ ਵਿਦਿਆਰਥਣਾ ਸਟਾਫ਼ ਅਤੇ ਬੱਚਿਆਂ ਦੀਆਂ ਮਾਤਾਵਾਂ ਨੇ ਸਾਂਝੇ ਤੌਰ ਤੇ ਰਲ ਮਿਲ ਕੇ ਬੜੀ ਹੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ।ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੀਆਂ ਮਾਤਾਵਾਂ ਨੇ ਸਕੂਲ 'ਚ ਆ ਕੇ ਤੀਆਂ ਦਾ ਤਿਉਹਾਰ ਮਨਾਇਆ, ਜਿਸ ਦੌਰਾਨ ਉਹਨਾਂ ਨੇ ਪੰਜਾਬੀ ਰਵਾਇਤੀ ਪਹਿਰਾਵੇ ਵਿੱਚ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ। ਆਏ ਹੋਏ ਮਹਿਮਾਨਾਂ ਨੂੰ ਸਟਾਫ਼ ਵੱਲੋਂ ਸਵਾਗਤੀ ਗੀਤ ਗਾ ਕੇ ਜੀ ਆਇਆਂ ਆਖਿਆ ਗਿਆ। ਉਪਰੰਤ ਬੱਚਿਆਂ ਦੀਆਂ ਮਾਤਾਵਾਂ ਕੋਲੋਂ ਵੱਖ-ਵੱਖ ਤਰ੍ਹਾਂ ਦੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਸਵਾਲ ਪੁੱਛੇ ਗਏ ਅਤੇ ਉਹਨਾਂ ਦੇ ਮਨੋਰੰਜਨ ਲਈ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਗਈਆਂ। ਉਹਨਾਂ ਦੁਆਰਾ ਆਪਣੀ ਖੁਸ਼ੀ ਪ੍ਰਗਟ ਕਰਦਿਆਂ ਬਹੁਤ ਸਾਰੇ ਲੋਕ ਗੀਤ, ਸ਼ਗਨਾਂ ਦੇ ਗੀਤ ਅਤੇ ਬੋਲੀਆਂ ਉੱਪਰ ਖੂਬ ਗਿੱਧਾ ਪਾ ਕੇ ਇਹ ਤਿਉਹਾਰ ਮਨਾਇਆ ਗਿਆ। ਇਸੇ ਤਰ੍ਹਾਂ ਵੱਖ-ਵੱਖ ਕਲਾਸਾਂ ਦੇ ਗਰੁੱਪ ਬਣਾ ਕੇ ਸਕੂਲੀ ਵਿਦਿਆਰਥਣਆਂ ਨੇ ਵੀ ਇਸ ਤੀਜ ਦੇ ਤਿਉਹਾਰ ਨੂੰ ਬੜੇ ਹੀ ਚਾਵਾਂ ਨਾਲ ਮਨਾਇਆ, ਜਿਸ ਵਿੱਚ ਵਿਦਿਆਰਥਣਾਂ ਵੱਲੋਂ ਗੀਤ, ਡਾਂਸ, ਸੋਲੋ ਡਾਂਸ ਅਤੇ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ ਪਾ ਕੇ ਇਸ ਪ੍ਰੋਗਰਾਮ ਨੂੰ ਸ਼ਿਖਰ ਤੱਕ ਪਹੁੰਚਾ ਦਿੱਤਾ। ਇਸ ਦੌਰਾਨ ਸਾਰਾ ਹਾਲ ਅਤੇ ਮੁੱਖ ਸਟੇਜ ਨੂੰ ਬਹੁਤ ਹੀ ਸੋਹਣੀਆਂ ਫੁਲਕਾਰੀਆਂ, ਚਰਖੇ ਅਤੇ ਪੁਰਾਣੇ ਰਵਾਇਤੀ ਪਿੱਤਲ ਤੇ ਤਾਂਬੇ ਆਦਿ ਦੇ ਬਰਤਨਾ ਨਾਲ ਸਜਾਇਆ ਗਿਆ ਸੀ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜੈਸਿੰਘ ਅਤੇ ਪ੍ਰਿੰਸੀਪਲ ਰਮਨ ਕੁਮਾਰ ਨੇ ਪ੍ਰੋਗਰਾਮ ਦੀ ਵਿਸ਼ੇਸ਼ ਤੌਰ ਤੇ ਸਲਾਘਾ ਕੀਤੀ ਅਤੇ ਕਿਹਾ ਕਿ ਪੰਜਾਬੀ ਵਿਰਸੇ ਨੂੰ ਸੰਭਾਲਣ ਲਈ ਅਜਿਹੇ ਪ੍ਰੋਗਰਾਮ ਅੱਗੇ ਤੋਂ ਵੀ ਕਰਵਾਏ ਜਾਣਗੇ। ।



# ਸਰਸਵਤੀ ਕਾਨਵੈਂਟ ਸਕੂਲ ਨੇ ਪੰਜਾਬ ਸਟੇਟ ਸੈਪਕ ਟਕਰਾਅ ਚੈਂਪੀਅਨਸ਼ਿਪ 'ਚ ਮਾਰੀਆਂ ਮੱਲਾਂ

ਮੌੜ ਮੰਡੀ, 30 ਜੁਲਾਈ (ਭੋਲਾ ਸਿੰਘ ਮਾਨ): ਇਤਿਹਾਸ ਰਚਦਿਆਂ ਬਠਿੰਡਾ ਜ਼ਿਲ੍ਹੇ ਨੇ 25 ਤੋਂ 27 ਜੁਲਾਈ 2025 ਤੱਕ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਆਯੋਜਿਤ ਪੰਜਾਬ ਸਟੇਟ ਦੂਜੀ ਸੈਪਕ ਟਕਰਾਅ ਚੈਂਪੀਅਨਸ਼ਿਪ 2025-26 ਵਿੱਚ ਓਵਰਆਲ ਟ੍ਰਾਫੀ ਆਪਣੇ ਨਾਂ ਕਰਕੇ ਖੇਡ ਜਗਤ ਵਿੱਚ ਆਪਣੀ ਅਹਿਮ ਪਹਿਚਾਣ ਬਣਾਈ।

ਜਿਸ ਟੀਮ ਵਿੱਚ 80% ਤੋਂ ਵੱਧ ਖਿਡਾਰੀ ਸਰਸਵਤੀ ਕਾਨਵੈਂਟ ਸਕੂਲ, ਮੌੜ ਮੰਡੀ ਦੇ ਵਿਦਿਆਰਥੀ ਸਨ। ਸਾਰੇ ਹੀ ਖਿਡਾਰੀਆ ਨੇ ਆਪਣੀ ਸਿਖਲਾਈ, ਅਨੁਸ਼ਾਸਨ ਅਤੇ ਟੀਮ ਵਰਕ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਸਕੂਲ ਦੇ ਵਿਦਿਆਰਥੀਆਂ ਨੇ ਲੜਕੇ ਤੇ ਲੜਕੀਆਂ ਦੋਹਾਂ ਸ਼੍ਰੇਣੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨਾਲ ਬਠਿੰਡਾ ਜ਼ਿਲ੍ਹਾ ਟੀਮ ਨੇ ਹਰ ਦਿਸ਼ਾ ਵਿੱਚ ਆਪਣੀ ਲੀਡਰਸ਼ਿਪ ਸਾਬਤ ਕੀਤੀ।

ਸਰਸਵਤੀ ਕਾਨਵੈਂਟ ਸਕੂਲ, ਮੌੜ ਮੰਡੀ ਦੇ ਚੇਅਰਮੈਨ ਸ੍ਰੀ ਸ਼ਿਵ ਕੁਮਾਰ ਜਿੰਦਲ ਨੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਸਿਰਫ ਟ੍ਰਾਫੀ ਨਹੀਂ, ਸਾਡੀ ਸਾਂਝੀ ਮਿਹਨਤ ਅਤੇ ਸੰਘਰਸ਼ ਦੀ ਵੱਡੀ ਜਿੱਤ ਹੈ। ਅਸੀਂ ਭਵਿੱਖ ਵਿੱਚ ਵਿਦਿਆਰਥੀਆਂ ਲਈ ਰਾਸ਼ਟਰੀ ਪੱਧਰ ਅਤੇ ਹੋਰ ਸਫਲਤਾਵਾਂ ਦੀ ਕਾਮਨਾ ਕਰਦੇ ਹਾਂ। ਜਨਰਲ ਸੈਕਟਰੀ ਅਵਤਾਰ ਸਿੰਘ ਬਰਾੜ (ਡੀ. ਪੀ. ਈ. ਸਰਸਵਤੀ ਕਾਨਵੈਂਟ ਸਕੂਲ) ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਸੂਬਾ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਭ ਨੂੰ ਮਾਣ ਮਹਿਸੂਸ ਕਰਵਾਇਆ ਹੈ। ਹੁਣ ਸਾਡਾ ਟੀਚਾ ਰਾਸ਼ਟਰੀ ਪੱਧਰ 'ਤੇ ਹੋਰ ਉੱਤਮ ਪ੍ਰਦਰਸ਼ਨ ਕਰਨ 'ਤੇ ਕੇਂਦਰਤ ਹੈ। ਅਸੀਂ ਉਨ੍ਹਾਂ ਨੂੰ ਹਰ ਸੰਭਵ ਤਕਨੀਕੀ ਤੇ ਮਾਨਸਿਕ ਤਿਆਰੀ ਦੇਣ ਲਈ ਤਤਪਰ ਹਾਂ।

ਇਹ ਜਿੱਤ ਸਰਸਵਤੀ ਕਾਨਵੈਂਟ ਸਕੂਲ, ਮੌੜ ਮੰਡੀ ਦੀ ਖੇਡ ਨੀਤੀ, ਵਿਦਿਆਰਥੀਆਂ ਦੀ ਸੰਘਰਸ਼ਸ਼ੀਲਤਾ ਅਤੇ ਸਿੱਖਿਆ ਦੇ ਨਵੇਂ ਪੈਮਾਨਿਆਂ ਦੀ ਮਿਸਾਲ ਹੈ। ਇਹ ਸਿਰਫ ਇੱਕ ਜਿੱਤ ਨਹੀਂ, ਸੂਬਾ ਪੱਧਰ 'ਤੇ ਮੌੜ ਮੰਡੀ ਦੀ ਗੂੰਜ ਹੈ। ਉਧਰ ਸਰਸਵਤੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ ਮੌੜ ਇਲਾਕੇ ਅੰਦਰ ਵਧੇਰੇ ਖੁਸ਼ੀ ਪਾਈ ਜਾ ਰਹੀ ਹੈ।



## ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਰਾਤ ਸਮੇਂ ਨਾਈਟ ਡੋਮੀਨੇਸ਼ਨ ਤਹਿਤ ਲਗਾਤਾਰ ਚੈਕਿੰਗ



ਸ੍ਰੀ ਮੁਕਤਸਰ ਸਾਹਿਬ,30 ਜੁਲਾਈ ( ਐਚ ਐਸ ਕਪੂਰ ): ਡਾ. ਅਖਿਲ ਚੌਧਰੀ (ਆਈ.ਪੀ.ਐਸ), ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ. ਵੱਲੋਂ 15 ਅਗਸਤ ਦੇ ਮੱਦੇਨਜ਼ਰ ਸ਼ਹਿਰ ਵਿੱਚ ਰਾਤ ਸਮੇਂ ਨਾਈਟ ਡੋਮੀਨੇਸ਼ਨ ਤਹਿਤ ਲਗਾਤਾਰ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਇਸ ਚੈਕਿੰਗ ਦਾ ਮੁੱਖ ਉਦੇਸ਼ ਲੋਕਾਂ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣਾ ਅਤੇ ਸ਼ਰਾਰਤੀ ਅਨਸਰਾਂ, ਨਸ਼ਾ ਤਸਕਰੀ ਤੇ ਹੋਰ ਅਪਰਾਧਿਕ ਗਤੀਵਿਧੀਆਂ ਨੂੰ ਰੋਕਣਾ ਹੈ, ਤਾਂ ਜੋ ਜ਼ਿਲ੍ਹਾ ਵਿੱਚ ਸ਼ਾਂਤੀ ਕਾਇਮ ਰਹੇ।ਐੱਸ.ਐੱਸ.ਪੀ ਨੇ ਦੱਸਿਆ ਕਿ ਅਮਨਦੀਪ ਸਿੰਘ ਡੀ.ਐਸ.ਪੀ (ਐਚ) ਦੀ ਨਿਗਰਾਨੀ ਹੇਠ ਪੁਲਿਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਜ਼ਿਲ੍ਹਾ ਵਿੱਚ ਵੱਖ-ਵੱਖ ਸਥਾਨਾਂ 'ਤੇ ਲਗਾਤਾਰ ਗਸ਼ਤਾਂ ਕਰਕੇ ਅਤੇ ਨਾਕੇ ਲਗਾ ਕੇ ਸ਼ੱਕੀ ਵਿਅਕਤੀ ਅਤੇ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਪੀ.ਸੀ.ਆਰ. ਮੋਟਰਸਾਈਕਲ ਟੀਮਾਂ ਸ਼ਹਿਰ ਦੇ ਮੁੱਖ ਰੂਟਾਂ 'ਤੇ ਲਗਾਤਾਰ ਗਸ਼ਤਾਂ ਕਰ ਰਹੀਆਂ ਹਨ। ਜ਼ਿਲ੍ਹਾ ਅੰਦਰ ਵੱਖ ਵੱਖ ਥਾਵਾਂ 'ਤੇ ਨਾਕੇ ਲਗਾਏ ਗਏ ਅਤੇ ਸ਼ਹਿਰ ਦੇ ਬੱਸ ਸਟੈਂਡ, ਰੇਲਵੇ ਸਟੇਸ਼ਨ ਅਤੇ ਹੋਰ ਸੰਘਣੀ ਜਨਸੰਖਿਆ ਵਾਲੀਆਂ ਥਾਵਾਂ 'ਤੇ ਖੜੇ ਸ਼ੱਕੀ ਵਾਹਨਾਂ ਦੀ VAHAN ਐਪ ਰਾਹੀਂ ਜਾਂਚ ਕੀਤੀ ਗਈ। ਇਸ ਦੌਰਾਨ ਸ਼ੱਕੀ ਨੌਜਵਾਨਾਂ ਨੂੰ ਰੋਕ ਕੇ ਪੁਲਿਸ ਵੱਲੋਂ ਪੁੱਛਗਿੱਛ ਕੀਤੀ ਗਈ ਅਤੇ ਵਾਹਨਾਂ ਦੇ ਡੌਕੂਮੈਂਟ ਦੀ ਜਾਂਚ ਕੀਤੀ ਜਾ ਰਹੀ ਹੈ। ਰਾਤ ਦੇ ਸਮੇਂ ਪੁਲਿਸ ਟੀਮਾਂ ਨੇ ਵੱਖ-ਵੱਖ ਸਥਾਨਾਂ 'ਤੇ ਨਾਕੇ ਲਗਾ ਕੇ ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛਗਿੱਛ ਕੀਤੀ। ਚੈਕਿੰਗ ਦੌਰਾਨ ਐਪ ਦੀ ਮਦਦ ਨਾਲ ਸ਼ੱਕੀ ਵਿਅਕਤੀਆਂ ਦਾ ਪੁਲਿਸ ਕ੍ਰਿਮੀਨਲ ਰਿਕਾਰਡ ਵੇਰੀਫਾਈ ਕੀਤਾ ਗਿਆ। ਐਸ.ਐਸ.ਪੀ ਨੇ ਇਹ ਵੀ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਅਤੇ ਹੋਰ ਕਿਸੇ ਵੀ ਸ਼ਰਾਰਤੀ ਅਨਸਰਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ,ਉਨ੍ਹਾਂ ਉੱਤੇ ਸਖ਼ਤ ਕਾਰਵਾਈ ਜਾਰੀ ਰਹੇਗੀ ਅਤੇ ਅਪੀਲ ਕੀਤੀ ਕਿ ਉਹ ਸ਼ਰਾਰਤੀ ਅਨਸਰਾਂ ਦੇ ਖ਼ਿਲਾਫ ਪੁਲਿਸ ਦਾ ਸਹਿਯੋਗ ਦੇਣ। ਕਿਸੇ ਵੀ ਸ਼ੱਕੀ ਵਿਅਕਤੀ ਜਾਂ ਗਤੀਵਿਧੀ ਦੀ ਸੂਚਨਾ ਪ੍ਰਾਪਤ ਹੋਣ 'ਤੇ ਜਲਦ ਤੋਂ ਜਲਦ ਪੁਲਿਸ ਨਾਲ ਸੰਪਰਕ ਕੀਤਾ ਜਾਵੇ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਦਿੱਤੀ ਗਈ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਅਤੇ ਸੁਰੱਖਿਅਤ ਰਹੇਗੀ।ਪੁਲਿਸ ਕੰਟਰੋਲ ਰੂਮ: -80549-42100, ਹੈਲਪਲਾਈਨ ਨੰਬਰ: -112

## ਜੋਨਲ ਸਕੂਲ ਖੇਡਾਂ 'ਚ ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ ਦੀ ਝੰਡੀ



ਜੋਗਾ, 30 ਜੁਲਾਈ (ਚ.ਨ.ਸ.): ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਜੋਗਾ ਦੇ ਖਿਡਾਰੀਆਂ ਨੇ 69ਵੀਆਂ ਪੰਜਾਬ ਰਾਜ ਜੋਨਲ ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਟੀਮ ਇੰਚਾਰਜ ਹਰਦੀਪ ਸਿੰਘ ਨੇ ਦੱਸਿਆ ਕਿ ਕਬੱਡੀ ਨੈਸ਼ਨਲ ਸਟਾਇਲ ਅੰਡਰ 17 ਸਾਲ ਅਤੇ ਅੰਡਰ 19 ਸਾਲ ਵਿੱਚ ਸਕੂਲ ਦੇ ਖਿਡਾਰੀਆਂ ਨੇ ਵਧੀਆ ਖੇਡ ਦਿਖਾਉਂਦਿਆਂ ਜ਼ੋਨ ਜੋਗਾ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਹੁਣ ਇਹ ਖਿਡਾਰੀ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਭਾਗ ਲੈਣਗੇ। ਸਕੂਲ ਮੁਖੀ ਹੇਮਾ ਗੁਪਤਾ ਨੇ ਜੇਤੂ ਖਿਡਾਰੀਆਂ ਅਤੇ ਟੀਮ ਇੰਚਾਰਜ ਹਰਦੀਪ ਸਿੰਘ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਖਿਡਾਰੀਆਂ ਨੂੰ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਆ। ਇਸ ਮੌਕੇ ਸਕੂਲ ਮੁਖੀ ਹੇਮਾ ਗੁਪਤਾ, ਰਾਜ ਕਮਲ, ਸ਼ਰਨਜੀਤ ਕੌਰ, ਰਜਿੰਦਰ ਕੌਰ, ਪੂਜਾ ਰਾਣੀ, ਪ੍ਰਿਅੰਕਾ ਮੌਜੂਦ ਸਨ।

# ਮੀਂਹ ਮਗਰੋਂ ਬਠਿੰਡਾ ਸ਼ਹਿਰ ਬਣਿਆ ਸਮੁੰਦਰ, ਚਾਰੇ ਪਾਸੇ ਪਾਣੀ ਹੀ ਪਾਣੀ

ਬਠਿੰਡਾ, 30 ਜੁਲਾਈ (ਦੀਪਕ ਸ਼ਰਮਾ): ਮੰਗਲਵਾਰ ਰਾਤ ਤੇ ਬੁੱਧਵਾਰ ਤੜਕੇ ਤੱਕ ਪਏ 115 ਐੱਮ.ਐੱਮ. ਮੂਸਲਾਧਾਰ ਮੀਂਹ ਨੇ ਬਠਿੰਡਾ ਸ਼ਹਿਰ ਨੂੰ ਜਲ-ਥਲ ਕਰ ਦਿੱਤਾ। ਨਗਰ ਨਿਗਮ ਤੇ ਸੀਵਰੇਜ ਬੋਰਡ ਦੇ ਬੇਇੰਤਜ਼ਾਮੀ ਪ੍ਰਬੰਧਾਂ ਤੇ ਮੀਂਹ ਨੇ ਪਾਣੀ ਫੇਰ ਦਿੱਤਾ ਅਤੇ ਪੂਰੇ ਸ਼ਹਿਰ ਨੂੰ ਸਮੁੰਦਰ ਵਿੱਚ ਤਬਦੀਲ ਕਰ ਦਿੱਤਾ, ਜਿਸ ਕਾਰਨ ਬੁੱਧਵਾਰ ਦੁਪਹਿਰ ਤੱਕ ਸ਼ਹਿਰ ਦੀਆਂ ਸਾਰੀਆਂ ਸੜਕਾਂ ਤੇ ਚਾਰ ਤੋਂ ਪੰਜ ਫੁੱਟ ਤੱਕ ਪਾਣੀ ਜਮ੍ਹਾਂ ਹੋਣ ਕਾਰਨ ਪੂਰੇ ਸ਼ਹਿਰ ਵਿੱਚ ਜਾਮ ਦੀ ਸਥਿਤੀ ਬਣੀ ਰਹੀ। ਵਾਹਨਾਂ ਦੀ ਰਫ਼ਤਾਰ 'ਤੇ ਬ੍ਰੇਕ ਲੱਗ ਗਈ ਅਤੇ ਪੰਜ ਮਿੰਟ ਵਾਲਾ ਰਸਤਾ ਅੱਧੇ ਘੰਟੇ ਵਿੱਚ ਤੈਅ ਕਰਨਾ ਪਿਆ। ਇੰਨਾ ਹੀ ਨਹੀਂ, ਮੇਨ ਡਿਸਪੋਜ਼ਲ ਦੀਆਂ ਦੋ ਮੋਟਰਾਂ ਅਚਾਨਕ ਖਰਾਬ ਹੋਣ ਕਾਰਨ ਪਾਣੀ ਦੀ ਨਿਕਾਸੀ ਦੀ ਰਫ਼ਤਾਰ ਵੀ ਕਾਫ਼ੀ ਘੱਟ ਹੋ ਗਈ। ਦੱਸਣਾ ਬਣਦਾ ਹੈ ਕਿ ਮੰਗਲਵਾਰ ਦੇਰ ਰਾਤ ਦੋ ਵਜੇ ਤੋਂ ਸ਼ੁਰੂ ਹੋਈ ਵਰਖਾ ਸਵੇਰ ਤੱਕ ਜਾਰੀ ਰਹੀ, ਜਿਸ ਨਾਲ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਤੋਂ ਲੈ ਕੇ ਗਲੀ ਮੁਹੱਲਿਆਂ ਤੇ ਬਾਜ਼ਾਰਾਂ ਵਿੱਚ ਤਿੰਨ ਤੋਂ ਪੰਜ ਫੁੱਟ ਤੱਕ ਪਾਣੀ ਭਰ ਗਿਆ। ਉੱਥੇ ਹੀ ਦੁਪਹਿਰ ਬਾਅਦ ਮੇਅਰ ਪਦਮਜੀਤ ਮਹਿਤਾ ਨੇ ਟਰੈਕਟਰ-ਟਰਾਲੀ ਰਾਹੀਂ ਵਰਖਾ ਕਾਰਨ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਉੱਥੋਂ ਦੇ ਮੌਜੂਦਾ ਹਾਲਾਤ ਦਾ ਜਾਇਜ਼ਾ ਲਿਆ, ਜਦੋਂਕਿ ਪਾਣੀ ਦੀ ਨਿਕਾਸੀ ਦਾ ਕੰਮ ਹੌਲੀ-ਹੌਲੀ ਚੱਲਦਾ ਰਿਹਾ, ਜਿਸ ਦਾ ਮੁੱਖ ਕਾਰਨ ਚਾਰ ਦਹਾਕੇ ਪੁਰਾਣਾ ਸਾਢੇ 12 ਕਿਲੋਮੀਟਰ ਲੰਬਾ ਪੁਰਾਣਾ ਤੇ ਕਮਜ਼ੋਰ ਸਲੈਜ ਕੈਰੀਅਰ ਰਿਹਾ, ਤਾਂ ਜੋ ਪਾਣੀ ਦਾ ਜ਼ਿਆਦਾ ਪ੍ਰੈਸ਼ਰ ਵਧਾਉਣ ਤੇ ਟੁੱਟਣ ਦਾ ਡਰ ਅਧਿਕਾਰੀਆਂ ਨੂੰ ਸਤਾ ਰਿਹਾ ਸੀ।ਇਕਦਮ ਲਗਾਤਾਰ ਹੋਈ ਵਰਖਾ ਦੇ ਚੱਲਦਿਆਂ ਨਗਰ ਨਿਗਮ ਦੇ ਮੇਨ ਡਿਸਪੋਜ਼ਲ ਦੀਆਂ ਮੋਟਰਾਂ ਵਿੱਚ ਵੀ ਪ੍ਰੈਸ਼ਰ ਵਧ ਗਿਆ, ਜਿਸ ਨਾਲ ਦੋ ਮੋਟਰਾਂ ਤਕਨੀਕੀ ਖਾਮੀਆਂ ਕਾਰਨ ਬੰਦ ਹੋ ਗਈਆਂ, ਜਦੋਂਕਿ ਸ਼ਹਿਰ ਦੇ ਹੋਰ ਡਿਸਪੋਜ਼ਲਾਂ ਤੇ ਮੋਟਰਾਂ ਤੇ ਬਿਜਲੀ ਨਾ ਹੋਣ ਤੇ ਲਗਾਤਾਰ ਮੋਟਰਾਂ ਚੱਲਣ ਕਾਰਨ ਸਮੱਸਿਆ ਆਈ। ਉੱਥੇ ਹੀ ਪਰਸਰਾਮ ਨਗਰ ਦੀ ਆਲਮ ਬਸਤੀ ਵਿੱਚ ਬਣੇ ਡਿਸਪੋਜ਼ਲ ਦਾ ਜਨਰੇਟਰ ਬੰਦ ਹੋਣ ਨਾਲ ਪਾਣੀ ਦੀਆਂ ਮੋਟਰਾਂ ਬੰਦ ਹੋ ਗਈਆਂ ਸਨ,

# ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਸ਼ਰਧਾ ਸਹਿਤ ਮਨਾਈ



ਤਲਵੰਡੀ ਸਾਬੋ,30 ਜੁਲਾਈ(ਜਗਸੀਰ ਭੁੱਲਰ): ਬੁੱਢਾ ਦਲ ਦੇ ਗਿਆਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਸਾਲਾਨਾ ਬਰਸੀ ਪੂਰਨ ਸ਼ਰਧਾ ਸਤਿਕਾਰ ਤੇ ਚੜ੍ਹਦੀਕਲਾ ਦੀ ਭਾਵਨਾ ਨਾਲ ਮਨਾਈ ਗਈ। ਬਰਸੀ ਦੇ ਗੁਰਮਤਿ ਸਮਾਗਮਾਂ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਤੋਂ ਵਿਸ਼ੇਸ਼ ਧਾਰਮਿਕ ਸ਼ਖਸੀਅਤਾਂ ਨੇ ਸ਼ਰਧਾਵਸ ਵੱਧ ਚੜ੍ਹ ਕੇ ਹਾਜ਼ਰੀ ਭਰੀ। ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਦੇ ਗੁਰਮਤਿ ਸਮਾਗਮ ਸਮੇਂ ਪੁੱਜੀਆਂ ਸੰਗਤਾਂ ਤੇ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪਿਛਲੇ ਦਿਨਾਂ ਵਿੱਚ ਸਿੱਖ ਕੌਮ ਦੇ ਜਾਨ ਤੋਂ ਪਿਆਰੇ ਗੁਰ ਅਸਥਾਨਾਂ ਨੂੰ ਬਰੂਦ ਅਤੇ ਮਨੁੱਖੀ ਬੰਬਾਂ ਨਾਲ ਉਡਾਉਣ ਦੀਆਂ ਧਮਕੀਆਂ ਸਿੱਖ ਕੌਮ ਦੇ ਦੁਸ਼ਮਣਾਂ ਵੱਲੋਂ ਜਾਅਲੀ ਈਮੇਲਜ਼ ਰਾਹੀਂ ਦਿੱਤੀਆਂ ਗਈਆਂ ਹਨ, ਪਰ ਨਿਹੰਗ ਸਿੰਘ ਜਥੇਬੰਦੀਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਗੁਰਅਸਥਾਨਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਪਲ ਤਿਆਰ ਬਰ ਤਿਆਰ ਹਨ। ਇਸ ਮਾਮਲੇ 'ਚ ਅਸੀ ਸ਼੍ਰੋਮਣੀ ਕਮੇਟੀ ਦਾ ਪੂਰਨ ਸਹਿਯੋਗ ਦੇਵਾਂਗੇ। ਉਨ੍ਹਾਂ ਕਿਹਾ ਸਾਡੇ ਅਸਥਾਨ ਵੱਲ ਕੈਰੀ ਅੱਖ ਕਰਨ ਵਾਲੇ ਦੀਆਂ ਅੱਖਾਂ ਕੱਢ ਲਿਆਉਣਗੇ। ਉਨ੍ਹਾਂ ਕਿਹਾ ਪੰਥ ਦੁਸ਼ਮਣਾਂ ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ। ਇਸ ਅਸਥਾਨ 'ਤੇ ਜੋ ਵੀ ਚੜ੍ਹ ਕੇ ਆਇਆਂ ਉਸ ਦੀਆਂ ਕੁੱਲਾਂ ਦਾ ਨਾਸ ਹੋ ਗਿਆ। ਉਨ੍ਹਾਂ ਦੀ ਮੜ੍ਹੀ 'ਤੇ ਵੀ ਦੀਵਾ ਜਗਾਉਣ ਵਾਲਾ ਕੋਈ ਨਹੀਂ ਹੈ। ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਬਾਣੀ ਬਾਣੇ ਅਤੇ ਗੁਰੂ ਵੱਲੋਂ ਬਖ਼ਸ਼ਿਸ਼ ਸਿੱਖ ਮਰਯਾਦਾ ਨੂੰ ਪੂਰਨ ਰੂਪ ਵਿੱਚ ਸੰਭਾਲ ਰੱਖਿਆ ਹੈ। ਅੱਜ ਹਲਾਤ ਇੱਕਜੁਟਤਾ, ਇੱਕਮੁਠਤਾ ਤੇ ਆਪਸੀ ਸਦਭਾਵਨਾ ਦੀ ਮੰਗ ਕਰਦੇ ਹਨ, ਸਾਰੇ ਦਲਾਂ ਨੂੰ ਇਕ ਦੂਜੇ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭੇਖੀ ਲੋਕਾਂ ਦੀ ਨਿਹੰਗ ਸਿੰਘ ਦਲਾਂ 'ਚ ਕੋਈ ਥਾਂ ਨਹੀਂ, ਮਰਯਾਦਾ ਦਾ ਉਲੰਘਣ ਬਿਲਕੁਲ ਬਰਦਾਸ਼ਤ ਨਹੀਂ ਹੋਵੇਗਾ। ਕੱਚੇ ਪਿਲੇ ਲੋਕ ਜੋ ਬਾਣੇ ਦਾ ਨਿਰਾਦਰ ਕਰ ਰਹੇ ਹਨ ਉਨ੍ਹਾਂ ਵੱਲ ਵੀ ਸਾਡਾ ਪੂਰਾ ਧਿਆਨ ਹੈ। ਉਨ੍ਹਾਂ ਵੱਲੋਂ ਬਰਸੀ ਸਮਾਗਮ ਵਿੱਚ ਪੁੱਜੀਆਂ ਧਾਰਮਿਕ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਮੁਖੀ ਗ੍ਰੰਥੀ ਗਿ. ਰਘਬੀਰ ਸਿੰਘ ਨੇ ਮੌਜੂਦਾ ਹਲਾਤਾਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਅਵਲ ਦਰਜੇ ਦੀਆਂ ਪ੍ਰਿਖਿਆਵਾਂ ਦੇ ਉਮੀਦਵਾਰਾਂ ਨੂੰ ਕਕਾਰ ਸਮੇਤ ਪ੍ਰੀਖਿਆ ਕੇਂਦਰ ਵਿਚ ਦਾਖਲ ਨਾ ਹੋਣ ਦੇਣਾ ਉਹ ਚਿੰਤਾਜਨਕ ਦੁਖਦਾਈ ਤੇ ਮੰਦਭਾਗੀ ਹੈ। ਰਾਜਸਥਾਨ ਵਿਖੇ ਜੱਜ ਦੀ ਪ੍ਰੀਖਿਆ ਸਮੇਂ ਇਕ ਬੱਚੀ ਨੂੰ ਕ੍ਰਿਪਾਨ ਪਹਿਨਣ ਕਾਰਨ ਉਸ ਨਾਲ ਭੈੜਾ ਸਲੂਕ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਖਾਲਸਾ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਅਵਤਾਰ ਸਿੰਘ ਧੂਰਕੋਟ, ਬਾਬਾ ਜੋਗਾ ਸਿੰਘ ਕਰਨਾਲਵਾਲੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਬਾਬਾ ਦੀਪ ਸਿੰਘ ਸ਼ਹੀਦ ਮਿਸਲ ਤਰਨਾਦਲ ਬਾਬਾ ਬਕਾਲਾ ਤੋਂ ਬਾਬਾ ਜੋਗਾ ਸਿੰਘ, ਬਾਬਾ ਜੈਮਲ ਸਿੰਘ ਅਤੇ ਤਰਨਾਦਲ ਬਾਬਾ ਬਿਧੀਚੰਦ ਸੰਪਰਦਾ ਸੁਰਸਿੰਘ ਵੱਲੋਂ ਬਾਬਾ ਨਿਹਾਲ ਸਿੰਘ ਸਾਧ, ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸੁਖਜੀਤ ਸਿੰਘ ਕਨ੍ਹੱਈਆ ਨੇ ਗੁਰਇਤਿਹਾਸ ਦੀ ਸੰਗਤਾਂ ਨਾਲ ਸਾਂਝ ਪਾਈ। ਪੰਥ ਪ੍ਰਸਿੱਧ ਜਥੇਦਾਰ ਤਰਸੇਮ ਸਿੰਘ ਮੋਰਾਂਵਾਲੀ, ਬੀਬੀ ਪਰਮਜੀਤ ਕੌਰ ਭੁਚੋਵਾਲੀਆ ਬੀਬੀਆਂ ਦਾ ਜਥਾ ਅਤੇ ਹੋਰ ਢਾਡੀ ਜਥਿਆਂ ਨੇ ਇਤਿਹਾਸ ਦੀਆਂ ਬੀਰਰਸ ਵਾਰਾਂ ਨਾਲ ਸੰਗਤ ਨੂੰ ਜੋੜਿਆ। ਸਮੁੱਚੇ ਸਮਾਗਮ ਦੀ ਸਟੇਜ ਸੇਵਾ ਭਾਈ ਸੁਖਵਿੰਦਰ ਸਿੰਘ ਮੌਰ ਨੇ ਨਿਭਾਈ। ਅੱਜ ਦੇ ਇਸ ਸਮਾਗਮ ਮੌਕੇ ਵੱਖ-ਵੱਖ ਗੱਤਕਾ ਟੀਮਾਂ ਨੇ ਗੱਤਕੇ ਦੇ ਜੌਹਰ ਦਿਖਾਏ। ਅੰਤ ਵਿਚ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਜੀ ਆਈਆਂ ਸਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਵੱਸਣ ਸਿੰਘ ਮੜੀਆਂਵਾਲੇ, ਬਾਬਾ ਸੁਖਦੇਵ ਸਿੰਘ ਦਮਦਮੀ ਟਕਸਾਲ, ਬਾਬਾ ਸਵਰਨਜੀਤ ਸਿੰਘ ਬਾਬਾ ਬਕਾਲਾ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ, ਬਾਬਾ ਇੰਦਰ ਸਿੰਘ, ਬਾਬਾ ਬਿਧੀ ਚੰਦ ਜੀ ਤਰਨਾ ਦਲ ਸੁਰ ਸਿੰਘ ਵੱਲੋਂ ਬਾਬਾ ਨਿਹਾਲ ਸਾਧ, ਤਰਨਾਦਲ ਮਿਸਲ ਸ਼ਹੀਦ ਬਾਬਾ ਦੀਪ ਸਿੰਘ ਬਾਬਾ ਬਕਾਲਾ ਤੋਂ ਬਾਬਾ ਜੋਗਾ ਸਿੰਘ, ਨਾਨਕਸਰ ਸੰਪਰਦਾਇ ਦੇ ਮੁਖੀ ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਬਾਬਾ ਕਰਮ ਸਿੰਘ ਰਾਜਪੁਰਾ, ਬਾਬਾ ਜਰਨੈਲ ਸਿੰਘ ਬਰੇਟਾ, ਬਾਬਾ ਜਗਜੀਤ ਸਿੰਘ ਮਾਨਸਾ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਭਗਤ ਸਿੰਘ ਗੁਰਦੁਆਰਾ ਬਾਬਾ ਫੂਲਾ ਸਿੰਘ, ਸ. ਪਰਮਜੀਤ ਸਿੰਘ ਬਾਜਵਾ, ਬਾਬਾ ਗੁਰਸ਼ੇਰ ਸਿੰਘ, ਬਾਬਾ ਗੁਰਪ੍ਰੀਤ ਸਿੰਘ ਮੁਮਤਾਜਗੜ੍ਹ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਭਾਈ ਮੇਜਰ ਸਿੰਘ ਮੁਖਤਿਆਰੇਆਮ, ਬਾਬਾ ਦਰਸ਼ਨ ਸਿੰਘ, ਸੰਤ ਬਾਬਾ ਇੰਦਰਬੀਰ ਸਿੰਘ ਸਤਲਾਣੀ, ਸੰਤ ਬਾਬਾ ਹਰਦੇਵ ਸਿੰਘ ਝਾੜ ਸਾਹਿਬ ਵਾਲੇ, ਬਾਬਾ ਕਾਕਾ ਸਿੰਘ ਮਸਤੂਆਣਾ, ਬਾਬਾ ਗੁਰਵਿੰਦਰ ਸਿੰਘ ਝੂਲਣੇ ਮਹਿਲ, ਬਾਬਾ ਭੋਲਾ ਸਿੰਘ ਭੈਣੀ ਮੰਟੂਆ, ਭਾਈ ਸਰਵਣ ਸਿੰਘ ਮਝੈਲ, ਭਾਈ ਹਰਪ੍ਰੀਤ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਬਲਦੇਵ ਸਿੰਘ ਢੋਡੀਵਿੰਡ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੀ ਜ਼ਮੀਨ ਕਿਸੇ ਵੀ ਕੀਮਤ 'ਤੇ ਖੋਹਣ ਨਹੀਂ ਦੇਵਾਂਗਾ : ਰੰਧਾਵਾ ਕਾਤਰੋਂ



ਧੂਰੀ, 30 ਜੁਲਾਈ( ਰਣਜੀਤ ਸਿੰਘ ਪੇਧਨੀ) : ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਐਕਟ ਤਹਿਤ ਰੋਕੀ ਜਾ ਰਹੀ ਕਿਸਾਨਾਂ ਦੀ ਜ਼ਮੀਨ ਨੂੰ ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਕੀਮਤ 'ਤੇ ਖੋਹਣ ਨਹੀਂ ਦੇਵੇਗਾ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਧੂਰੀ ਤੋਂ ਹਲਕਾ ਇੰਚਾਰਜ ਦੇ ਪ੍ਰਮੁੱਖ ਦਾਅਵੇਦਾਰ , ਸਾਬਕਾ ਚੇਅਰਮੈਨ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਜਮੀਨ ਕਿਸਾਨਾਂ ਦੀ ਮਾਂ ਹੈ ਅਤੇ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਵਿਰੁੱਧ ਬਣਾਏ ਤਿੰਨ ਕਾਲੇ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਲੈਣੇ ਪਏ ਅਤੇ ਹੁਣ ਇਹ ਲੈਂਡ ਪੂਲਿੰਗ ਐਕਟ ਵੀ ਆਮ ਆਦਮੀ ਪਾਰਟੀ ਸਰਕਾਰ ਨੂੰ ਹਰ ਹਾਲਤ ਵਿੱਚ ਵਾਪਸ ਲੈਣਾ ਪਵੇਗਾ। ਇਹ ਕਿਸਾਨਾਂ ਨਾਲ ਧੋਖਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਨਾਲ ਖੜੀ ਹੈ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਨਾਲ ਧੱਕਾ ਅਤੇ ਧੋਖਾ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਦਾਅਵਾ ਕੀਤਾ ਕਿ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਖਵੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਫਿਰ ਤੋਂ ਪੰਜਾਬ ਅੰਦਰ ਸਰਕਾਰ ਬਣਾਏਗੀ।


੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ

ਪੀ.ਐਸ.ਬੀ

**ਪੰਜਾਬ ਐਂਡ ਸਿੰਧ ਬੈਂਕ**

ਭਾਰਤ ਸਰਕਾਰ ਦਾ ਇਕ ਅਦਾਰਾ

ਸ਼ਾਖਾ: ਅਹਿਮਦਗੜ੍ਹ ਮੰਡੀ

**ਅੰਤਿਕਾ 4 ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ/ਗਾਰੰਟਰ/ਜ਼ਾਮਨ ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਧਾਰਾ 13 (2) ਅਧੀਨ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਜ਼ਾਮਨਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਪੰਜਾਬ ਐਂਡ ਸਿੰਧ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ : 1. ਮਨਪ੍ਰੀਤ ਕੌਰ ਪਤਨੀ ਸ਼੍ਰੀ ਹਰਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ**, ਨਿਵਾਸੀ ਗ੍ਰੀਨ ਪਾਰਕ ਕਲੋਨੀ, ਲੁਧਿਆਣਾ ਰੋਡ, ਪਿੰਡ ਬੁਲਾਰਾ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, 2. **ਹਰਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ**, ਨਿਵਾਸੀ ਗ੍ਰੀਨ ਪਾਰਕ ਕਲੋਨੀ, ਲੁਧਿਆਣਾ ਰੋਡ, ਪਿੰਡ ਬੁਲਾਰਾ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, **ਜ਼ਾਮਨ: 1. ਸ਼੍ਰੀ ਬੇਅੰਤ ਸਿੰਘ ਪੁੱਤਰ ਪ੍ਰਕਾਸ਼ ਸਿੰਘ**, ਵਾਸੀ ਪਿੰਡ ਅਹਿਮਦਗੜ੍ਹ ਛੰਨਾ ਤਹਿਸੀਲ ਅਹਿਮਦਗੜ੍ਹ ਜ਼ਿਲ੍ਹਾ ਮਲੇਰਕੋਟਲਾ, 2. **ਸ਼੍ਰੀ ਰਾਮ ਕੁਮਾਰ ਪੁੱਤਰ ਦਾਰਾ ਰਾਮ**, ਵਾਸੀ ਮਕਾਨ ਨੰ. 118, ਨੇੜੇ ਮੁੱਖ ਡਾਕਘਰ, ਅਹਿਮਦਗੜ੍ਹ ਜ਼ਿਲ੍ਹਾ ਮਾਲੇਰਕੋਟਲਾ | **ਸੁਰੱਖਿਆ ਦੇ ਵੇਰਵੇ**: 0-4 ਮਰਲੇ (117 ਵਰਗ ਗਜ਼) ਹੇਠ ਲਿਖੇ ਅਨੁਸਾਰ ਵੇਰਵੇ ਸਹਿਤ: ਜ਼ਮੀਨ ਦੀ ਮਾਪ 0 ਕਨਾਲ-2 ਮਰਲੇ 18 ਕਨਾਲ 15 ਮਰਲੇ ਜ਼ਮੀਨ ਵਿੱਚੋਂ 2/375ਵਾਂ ਹਿੱਸਾ ਹੈ ਜਿਸਦੀ ਖਾਤਾ ਨੰਬਰ 267/293-294-295-296-297-298, ਖਸਰਾ ਨੰਬਰ 267/293-294-295-296-297-298, 10//18/1/6-1, 10//17/2/3-2, 10//23/2/0-17, 10//18/2/0-10, 10//23/1/1/0-9, 10//23/1/2/0-18, 22//6/1/1-10, 22//7/2/2-18, 22//8/2/2/2/1-12, 10//23/1/3/0-188 ਅਤੇ 0-2 ਮਰਲੇ ਜ਼ਮੀਨ 2/201 ਹਿੱਸਾ ਹੈ ਜੋ ਕਿ 10 ਕਨਾਲ 1 ਮਰਲੇ ਵਾਲੀ ਜ਼ਮੀਨ ਵਿੱਚੋਂ 276/310-311 ਖਸਰਾ ਨੰ. 38//23/3/4-8, 40//3 ਮਿਨ/2-13, 40//3 ਮਿਨ/3-0, ਮਕਾਨ ਨੰ. 609, ਗ੍ਰੀਨ ਪਾਰਕ ਕਲੋਨੀ, ਰਣਜੀਤ ਐਵੀਨਿਊ ਦੇ ਨੇੜੇ, ਲੁਧਿਆਣਾ ਰੋਡ, ਪਿੰਡ ਬੁਲਾਰਾ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। (ਉਪਰੋਕਤ ਖਾਤਾ ਨੰਬਰ 267/293-294-295-296-297-298 ਨੂੰ ਖਾਤਾ ਨੰਬਰ 297-298/321-322-323-324-325-326-327 ਅਤੇ ਖਾਤਾ ਨੰਬਰ 276/310-311 ਨੂੰ ਖਾਤਾ ਨੰਬਰ 308/339-340 ਵਿੱਚ ਬਦਲ ਦਿੱਤਾ ਗਿਆ ਹੈ।**ਜਾਇਦਾਦ ਦੀ ਹੱਦਬੰਦੀ ਇਸ ਪ੍ਰਕਾਰ ਹੈ**: - **ਪੂਰਬ**: ਪਲਾਟ, **ਪੱਛਮ**: ਸੜਕ, **ਉੱਤਰ**: ਪਲਾਟ ਨੰਬਰ 608, ਦੱਖਣ: ਪਲਾਟ ਨੰਬਰ 610, **ਗਿਰਵੀਕਾਰ ਦਾ ਨਾਮ ਅਤੇ ਪਤਾ**: ਸ਼੍ਰੀਮਤੀ ਮਨਪ੍ਰੀਤ ਕੌਰ ਪਤਨੀ ਹਰਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ, ਵਾਸੀ ਗ੍ਰੀਨ ਪਾਰਕ ਕਲੋਨੀ, ਲੁਧਿਆਣਾ ਰੋਡ, ਪਿੰਡ ਬੁਲਾਰਾ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ)। | 03.07.2024 | 28.07.2025 | ਰੁ. 14,13,072.82/- (ਰੁ. ਚੌਦਾਂ ਲੱਖ ਤੇਰਾਂ ਹਜ਼ਾਰ ਬਹੱਤਰ ਅਤੇ ਬਿਆਸੀ ਪੈਸੇ ਕੇਵਲ) (ਮਕਾਨ ਕਰਜ਼ੇ ਵਿਚ ਜੋ ਕਿ 21.03.2025 ਨੂੰ ਐਨਪੀਏ ਬਣ ਗਈ) ਜਮ੍ਹਾਂ ਇਸ 'ਤੇ ਵਿਆਜ ਅਤੇ ਅਚਨਚੇਤੀ ਖਰਚੇ, ਮਨਫੀ ਵਸੂਲੀ, ਜੇਕਰ ਕੋਈ ਹੈ। |

ਮਿਤੀ : 28.07.2025 ਸਥਾਨ : ਅਹਿਮਦਗੜ੍ਹ ਅਧਿਕਾਰਤ ਅਧਿਕਾਰੀ

# ਆਪਣੇ ਆਚਰਣ 'ਤੇ ਖੁਦ ਹੀ ਉਂਗਲ ਚੁੱਕ ਕੇ ਆਪਾ ਵਿਰੋਧੀ ਬਿਰਤਾਂਤ ਸਿਰਜਣ ਵਿੱਚ ਰਾਜਸੀ ਸੱਤਾ ਅਤੇ ਰੁਤਬੇ ਮਾਨਣ ਦੀ ਲਾਲਸਾ ਦਾ ਅਹਿਮ ਰੋਲ

ਬਘੇਲ ਸਿੰਘ ਧਾਲੀਵਾਲ
99142-58142



ਕਿੰਨਾ ਦੁੱਖ ਹੁੰਦਾ ਜਦੋਂ ਕੋਈ ਇੱਕੋ ਵਿਰਕੇ, ਇੱਕੋ ਨਸਲ ਦਾ ਬੰਦਾ ਆਪਣੀ ਹੀ ਨਸਲ ਨੂੰ ਭੰਡਣ ਸਮੇਂ ਸਾਰੇ ਹੱਦਾਂ ਬੰਨੇ ਪਾਰ ਕਰ ਜਾਂਦਾ ਹੈ।ਅਜਿਹਾ ਕੋਈ ਵੀ ਇਨਸਾਨ ਸਹਿਜ ਸੁਭਾਅ ਨਹੀਂ ਕਰਦਾ ਬਲਕਿ ਇਹ ਸਥਾਪਤੀ ਦੀ ਖ਼ੁਸ਼ੀ ਦੇ ਲਈ ਕੀਤਾ ਜਾਂਦਾ ਹੈ,ਤਾਂ ਕਿ ਚੰਗੇ ਰੁਤਬੇ ਮਾਨਣ ਦਾ ਸਮਾਂ ਲਮੇਰਾ ਹੁੰਦਾ ਰਹੇ। ਜਿਨ੍ਹਾਂ ਕੌਮਾਂ ਦੇ ਅੰਦਰ ਆਪਣੇ ਹੀ ਸਿਧਾਂਤਾਂ,ਪਰੰਪਰਾਵਾਂ ਅਤੇ ਹੋਂਦ 'ਤੇ ਉਂਗਲ ਚੁੱਕਣ ਦਾ ਰੁਝਾਨ ਸ਼ੁਰੂ ਹੋ ਜਾਵੇ,ਤਾਂ ਸੁਭਾਵਿਕ ਹੈ ਕਿ ਉਹ ਕੌਮ ਬਹੁਤ ਮੁਸੀਬਤ ਭਰੇ ਦੌਰ ਵਿੱਚੋਂ ਗੁਜਰ ਰਹੀ ਹੋਵੇਗੀ।ਅਜਿਹਾ ਆਮ ਤੌਰ 'ਤੇ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਕੌਮ ਦੇ ਅੰਦਰ ਆਤਮ ਵਿਸ਼ਵਾਸ ਦੀ ਘਾਟ ਹੁੰਦੀ ਹੈ। ਸੋਸ਼ਲ ਮੀਡੀਏ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਬਹੁ ਚਰਚਿਤ ਡਾਇਰੈਕਟਰ ਜਸਵੰਤ ਸਿੰਘ ਜਫਰ ਹੁਣਾਂ ਦੀ ਇੰਟਰਵਿਊ ਦੀ ਇੱਕ ਵੀਡੀਓ ਕਲਿੱਪ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ,ਜਿਸ ਵਿੱਚ ਉਹਨਾਂ ਨੇ ਆਪਣੇ ਇਤਿਹਾਸ ਨੂੰ, ਆਪਣੇ ਪੁਰਖਿਆਂ ਦੀਆਂ ਲਾਸ਼ਾਨੀ ਕੁਰਬਾਨੀਆਂ ਨੂੰ ਅਤੇ ਉਹਨਾਂ ਦੇ ਚੰਗੇ ਚਰਿੱਤਰ ਵਿਹਾਰ ਦੇ ਸਵਰਨ 'ਤੇ ਆਪਣੇ ਆਪ ਨੂੰ ਮੂਲੋਂ ਹੀ ਵੱਖ ਕਰ ਲਿਆ ਹੈ।ਉਹ ਆਪਣੇ ਇਤਿਹਾਸ 'ਤੇ ਮਾਣ ਕਰਨ ਵਾਲਿਆਂ ਦਾ ਮਜਾਕ ਉਡਾਉਂਦੇ ਹੋਏ ਕਹਿੰਦੇ ਹਨ, ਕਿ ਜੇ ਅਸੀਂ ਇਤਿਹਾਸ 'ਤੇ ਮਾਣ ਕਰਦੇ ਹਾਂ ਉਹ ਸਾਡਾ ਹੈ ਹੀ ਨਹੀਂ,ਬਲਕਿ ਇਤਿਹਾਸ ਤਾਂ ਸੌ ਡੇਢ ਸੌ ਸਾਲ ਬਾਅਦ ਵਿੱਚ ਇਤਿਹਾਸ ਬਣੇਗਾ। ਸੌ ਡੇਢ ਸੌ ਸਾਲ ਬਾਅਦ ਵਾਲਾ ਜਿਹੜਾ ਇਤਿਹਾਸ ਲਿਖਿਆ ਜਾਵੇਗਾ ਉਹ ਕਹਿਣਗੇ ਕਿ ਉਹ ਇਤਿਹਾਸ ਨਹੀਂ ਹੈ ਜੋ ਕਿ ਸਿੱਖ ਆਚਰਣ ਨੂੰ ਬਹੁਤ ਨੀਵੇਂ ਪੱਧਰ 'ਤੇ ਦਿਖਾਇਆ ਹੈ। ਅਜਿਹਾ ਕਰਨ ਲਈ ਉਹ ਕਿਸੇ ਸਰਬੇ ਦਾ ਜ਼ਿਕਰ ਵੀ ਕਰਦੇ ਹਨ,ਜਿਸ ਵਿੱਚ ਉਹ ਕਹਿੰਦੇ ਹਨ ਕਿ ਔਰਤਾਂ ਨਾਲ ਛੇੜ ਛਾੜ ਦੇ ਮਾਮਲਿਆਂ 'ਤੇ ਕਰਵਾਏ ਗਏ ਸਰਵੇ ਵਿੱਚ ਸਿੱਖਾਂ ਦਾ ਨਾਮ ਪਹਿਲੇ ਨੰਬਰ 'ਤੇ ਆਉਂਦਾ ਹੈ, ਪਰੰਤੂ ਉਹਨਾਂ ਵੱਲੋਂ ਉਸ ਸਰਬੇ ਬਾਰੇ ਸਪੱਸ਼ਟ ਨਹੀਂ ਕੀਤਾ ਗਿਆ, ਕਿ ਉਹ ਸਰਵੇ ਕਦੋਂ, ਕਿੱਥੇ ਅਤੇ ਕੀ ਦੇਖ ਕੇ ਕੀਤਾ ਗਿਆ ਹੈ। ਜੇਕਰ ਸਰਬੇ ਭਾਰਤ ਵਿੱਚ ਹੋਇਆ ਹੈ,ਤਾਂ ਕੀ ਜਫਰ ਸਾਹਿਬ ਦੱਸ ਸਕਦੇ ਹਨ ਕਿ ਸਿੱਖਾਂ ਨਾਲੋਂ ਹੋਰ ਕਿਹੜੇ ਫਿਰਕੇ ਦੇ ਲੋਕਾਂ ਨੂੰ ਅਜਿਹਾ ਮਾਣ ਹਾਸਲ ਹੋਇਆ ਹੈ, ਜਿਨ੍ਹਾਂ ਦੇ ਮਨਾਂ ਵਿੱਚ ਔਰਤ ਪ੍ਰਤੀ ਐਨਾ ਸਤਿਕਾਰ ਪਾਇਆ ਗਿਆ ਹੈ ? ਪੰਜਾਬ ਤੋਂ ਬਗੈਰ ਭਾਰਤ ਦਾ ਅਜਿਹਾ ਕਿਹੜਾ ਸੂਬਾ ਹੈ ਜਿੱਥੇ ਕੋਈ ਗੈਰ ਫਿਰਕੇ ਦੀ ਬਹੂ ਬੇਟੀ ਆਪਣੇ ਆਪ ਨੂੰ ਸੁਰੱਖਿਅਤ ਸਮਝ ਸਕਦੀ ਹੈ ? ਜਫਰ ਸਾਹਿਬ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੌਮਾਂ ਹੀ ਇਤਿਹਾਸ ਸਿਰਜਦੀਆਂ ਹਨ, ਜਿਨ੍ਹਾਂ ਦੇ ਪੁਰਖਿਆਂ ਨੇ ਇਤਿਹਾਸ ਬਣਾਇਆ ਹੁੰਦਾ ਹੈ। ਮਾਣਮੱਤੇ ਇਤਿਹਾਸ 'ਤੇ ਮਾਣ ਕਰਕੇ ਹੀ ਉਹਨਾਂ ਦੇ ਵਾਰਸ ਆਪਣੀ ਗੈਰਤ ਨੂੰ ਜਿਉਂਦਾ ਰੱਖਦੇ ਹਨ,ਅਤੇ ਭਵਿੱਖ ਵਿੱਚ ਨਵੇਂ ਮੀਲ ਪੱਥਰ ਗੱਡਦੇ ਹਨ। ਇਹ ਸਿੱਖੀ ਦੇ ਸ਼ਾਨਾਂ ਮੱਤੇ ਇਤਿਹਾਸ ਦੀ ਬਦੌਲਤ ਹੀ ਸੀ ਕਿ ਬੰਦਾ ਸਿੰਘ ਬਹਾਦਰ ਦੇ ਨਾਲ 740 ਸਿੰਘਾਂ ਨੇ ਧਰਮ ਛੱਡਣਾ ਨਹੀਂ, ਮਰਨਾ ਸਵੀਕਾਰ ਕੀਤਾ ਸੀ। ਉਹਨਾਂ ਦੇ ਸਾਹਮਣੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਤਿਹਾਸ ਸੀ,ਉਹਨਾਂ ਦੇ ਸਾਹਮਣੇ ਚਾਂਦਨੀ ਚੌਂਕ ਵਿੱਚ ਸੀਸ ਕਟਾ ਕੇ ਸ਼ਹਾਦਤ ਦੇਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਹਨਾਂ ਦੇ ਨਾਲ ਤੁੰਬਾ ਤੁੰਬਾ ਹੋਏ ਸ਼ਹੀਦਾਂ ਦਾ ਸ਼ਾਨਾਮੱਤਾ ਇਤਿਹਾਸ ਖੜ੍ਹਾ ਸੀ।ਉਹਨਾਂ ਨੂੰ ਗੁਰੂ ਸਾਹਿਬ ਦੇ ਸੱਤ ਅਤੇ ਨੌ ਸਾਲ ਦੇ ਨਿੱਕੇ ਲਾਲਾਂ ਦੇ ਨੀਹਾਂ ਵਿੱਚ ਅਡੋਲ ਖੜ੍ਹੇ ਨੂਰੀ ਚਿਹਰੇ ਪਰਤੱਖ ਦਿਖਾਈ ਦੇ ਰਹੇ ਸਨ,ਜਿਸ ਦੀ ਬਦੌਲਤ ਉਹਨਾਂ ਨੇ ਧਰਮ ਛੱਡਣਾ ਨਹੀਂ ਬਲਕਿ ਧਰਮ ਤੋਂ ਕੁਰਬਾਨ ਹੋਣਾ ਚੁਣਿਆ ਸੀ। ਜੇਕਰ ਬਹੁਤਾ ਦੂਰ ਨਾ ਵੀ ਜਾਈਏ ਤਾਂ ਅਜੇ ਮਸਾਂ ਚਾਲੀ ਇਕਤਾਲੀ ਸਾਲ ਪੁਰਾਣੀ ਗਾਥਾ ਹੀ ਹੈ, ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜਾਂ ਚੜ੍ਹਕੇ ਆਉਣ ਦੀ ਤਿਆਰੀ ਕਰ ਰਹੀਆਂ ਸਨ,ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਾਖੀ ਲਈ ਆਪਣੇ ਕੁੱਝ ਮੁੱਠੀ ਭਰ ਮਰਜੀਵੜਿਆਂ ਨਾਲ ਡਟੇ ਕੌਮ ਦੇ ਮਹਾਨ ਸ਼ਹੀਦ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਕਿਹਾ ਸੀ, ਕਿ ਦੁਨੀਆਂ ਇਸ ਮੁਕਾਬਲੇ ਨੂੰ ਦੇਖੇਗੀ, ਅਸੀਂ ਕੱਚੀ ਗੜ੍ਹੀ ਦਾ ਇਤਿਹਾਸ ਦੁਹਰਾ ਦੇਵਾਂਗੇ।ਜੋ ਹੋਇਆ ਵੀ ਠੀਕ ਉਹਨਾਂ ਦੇ ਕਹਿਣ ਮੁਤਾਬਿਕ ਹੀ ਸੀ, ਜਦੋਂ ਮਾਰੂ ਹਥਿਆਰਾਂ,ਟੈਂਕਾਂ ਤੋਪਾਂ ਅਤੇ ਜ਼ਹਿਰੀਲੇ ਬੰਬਾਂ ਨਾਲ ਲੈਸ ਲੱਖਾਂ ਭਾਰਤੀ ਫੌਜਾਂ ਦੇ ਕੁੱਝ ਕੁ ਗਿਣਤੀ ਦੇ ਸਿੱਖ ਨੌਜਵਾਨਾਂ ਨੇ ਸੱਤ ਦਿਨ ਤੱਕ ਛੱਕੇ ਛੁਡਾ ਕੇ ਰੱਖੇ ਸਨ।ਕੀ ਇਹ ਇਤਿਹਾਸ ਦਾ ਕਮਾਲ ਨਹੀਂ ਹੈ ? ਜੇਕਰ ਇਤਿਹਾਸ ਹੀ ਐਸੇ ਰੰਘੜ ਜਾਂ ਨਿਰਾਸ਼ ਮਈ ਵਾਲਾ ਹੁੰਦਾ ਤਾਂ ਉਹਨਾਂ ਦੇ ਵਾਰਸਾਂ ਨੇ ਸੱਤ ਦਿਨ ਤੱਕ ਲੜਾਈ ਨਹੀਂ ਸੀ ਕਰਨੀ ਬਲਕਿ ਪਹਿਲੇ ਹੀ ਦਿਨ ਉਹਨਾਂ ਆਪਣੇ ਗੋਡੇ ਟੇਕ,ਦੀਨ ਮਨ ਕੇ ਹਰ ਖਿਦਮਤ ਲਈ ਹਾਜ਼ਰ ਹੋਣ ਦਾ ਅਹਿਦ ਲੈਣਾ ਸੀ। ਜੇਕਰ ਇਤਿਹਾਸ ਕਿਸੇ ਕੌਮ ਲਈ ਮਇਨੇ ਹੀ ਨਾ ਰੱਖਦਾ ਹੁੰਦਾ ਤਾਂ ਕੌਮਾਂ ਨਵੇਂ ਇਤਿਹਾਸ ਸਿਰਜਣ ਦੇ ਕਾਬਲ ਵੀ ਨਾ ਹੋ ਸਕਦੀਆਂ।ਇਹ ਪੁਰਖਿਆਂ ਦੇ ਪਾਏ ਸ਼ਾਨਦਾਰ ਪੂਰਨਿਆਂ ਅਤੇ ਰਵਾਇਤਾਂ ਦੀ ਬਦੌਲਤ ਹੀ ਹੈ ਕਿ ਪੰਜਾਬ ਦੇ ਜਾਏ ਅੱਜ ਵੀ ਬੇਗਾਨੀਆਂ ਬਹੂ ਬੇਟੀਆਂ ਦੀ ਇੱਜ਼ਤ ਦੀ ਰਾਖੀ ਆਪਣੀ ਜਾਨ 'ਤੇ ਖੇਡ ਕੇ ਕਰਦੇ ਹਨ। ਇਹ ਕੋਈ ਬਹੁਤ ਪੁਰਾਣੇ ਵਾਕਿਆਤ ਵੀ ਨਹੀਂ ਹਨ, ਬਲਕਿ ਅਜੇ ਕੱਲ ਦੀਆਂ ਗੱਲਾਂ ਹਨ, ਜਦੋਂ ਮਹਾਨ ਭਾਰਤ ਦੇ ਮੌਜੂਦਾ ਸਮੇਂ ਦੇ ਨੇਤਾਵਾਂ ਨੇ ਮੁਸਲਿਮ ਬੀਬੀਆਂ ਦੀ ਇੱਜ਼ਤ ਨਾਲ ਖੇਡਣ ਦੇ ਨਾਹਰੇ ਦਿੱਤੇ ਸਨ, ਪਰ ਉਹ ਪੰਜਾਬ ਦੇ ਜਾਏ ਹੀ ਸਨ ਜਿਨ੍ਹਾਂ ਨੇ ਮੁਤੱਸਬੀ ਭੇੜੀਆਂ ਦੇ ਅਜਿਹੇ ਇਰਾਦਿਆਂ ਨੂੰ ਮਿੱਟੀ ਵਿੱਚ ਮਿਲਾਇਆ ਸੀ ਅਤੇ ਕਸ਼ਮੀਰੀ ਮੁਸਲਿਮ ਬੇਟੀਆਂ ਨੂੰ ਬਾ-ਇੱਜ਼ਤ ਉਹਨਾਂ ਦੇ ਘਰਾਂ ਤੱਕ ਪਹੁੰਚਾਇਆ ਸੀ।ਕੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਉਹ ਸਮਾ ਐਨੀ ਜਲਦੀ ਭੁੱਲ ਗਿਆ ਹੈ ? ਜੇਕਰ ਯਾਦ ਹੈ ਤਾਂ ਕੀ ਉਹ ਦੱਸਣਗੇ ਪਈ ਜੇਕਰ ਸਿੱਖ ਆਪਣੇ ਸ਼ਾਨਦਾਰ ਵਿਰਸੇ ਨੂੰ ਭੁੱਲੇ ਹੁੰਦੇ ਅਤੇ ਜਫਰ ਸਾਹਬ ਦੇ ਕਹਿਣ ਮੁਤਾਬਿਕ ਜੇਕਰ ਸਿੱਖਾਂ ਨੇ ਵੀ ਇਹ ਸੋਚ ਲਿਆ ਹੁੰਦਾ ਕਿ ਸਾਡਾ ਉਸ ਇਤਿਹਾਸ ਨਾਲ ਕੋਈ ਸੰਬੰਧ ਹੀ ਨਹੀਂ ਹੈ,ਫਿਰ ਉਹਨਾਂ ਅਜਿਹੇ ਧਰਮੀ ਕੰਮ ਕਰ ਸਕਣੇ ਸਨ ? ਜੇਕਰ ਉਹਨਾਂ ਦੇ ਜ਼ਿਕਰ ਕੀਤੇ ਸਰਬੇ ਨੂੰ ਸੱਚ ਮੰਨ ਵੀ ਲਿਆ ਜਾਵੇ,ਫਿਰ ਉਹ ਸਿੱਖ ਨੌਜਵਾਨ ਕੌਣ ਸਨ ਜਿਹੜੇ ਹਿੰਦੁਸਤਾਨੀ ਹਬਸੀ ਭੇੜੀਆਂ ਤੋਂ ਬਚਾ ਕੇ ਮੁਸਲਿਮ ਕਸ਼ਮੀਰੀ ਬੱਚੀਆਂ ਨੂੰ ਉਹਨਾਂ ਦੇ ਘਰਾਂ ਤੱਕ ਸੁਰੱਖਿਅਤ ਪਹੁੰਚਾ ਕੇ ਆਏ ਸਨ। ਜਫਰ ਸਾਹਬ ਤੁਹਾਨੂੰ ਸਿੱਖ ਹੋਣ 'ਤੇ ਮਾਣ ਹੀ ਨਹੀਂ ਹੈ, ਜੇਕਰ ਹੁੰਦਾ ਤਾਂ ਜਦੋਂ ਤੁਸੀਂ ਕਸ਼ਮੀਰ ਵਿੱਚ ਜਾਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਤਾਬਦੀ ਵਰ੍ਹਾ ਮਨਾਉਣ ਗਏ ਸੀ ਤਾਂ ਤੁਹਾਡੇ ਇਹ ਵਾਕਿਆਤ ਵੀ ਜਰੂਰ ਯਾਦ ਹੋਣਾ ਸੀ,ਜਿਸ ਨਾਲ ਤੁਹਾਨੂੰ ਕਸ਼ਮੀਰ ਵਿੱਚ ਹੋਰ ਵੀ ਮਾਨ ਸਨਮਾਨ ਮਿਲਣਾ ਸੀ, ਪਰ ਤੁਸੀ ਅਜਿਹਾ ਨਹੀਂ ਸੀ ਕਰ ਸਕਦੇ,ਕਿਉਂਕਿ ਅਜਿਹਾ ਕਰਨ ਨਾਲ ਤੁਹਾਡੇ ਤੋਂ ਸਥਾਪਤੀ ਨੇ ਨਰਾਜ਼ ਹੋ ਜਾਣਾ ਸੀ, ਸੋ ਅਜਿਹਾ ਪੰਗਾ ਤੁਸੀ ਕਿਸੇ ਵੀ ਕੀਮਤ 'ਤੇ ਨਹੀਂ ਲੈ ਸਕਦੇ, ਜਿਸ ਦੇ ਨਾਲ ਤੁਹਾਡੇ ਰੁਤਬੇ ਨੂੰ ਖਤਰਾ ਪਹੁੰਚਦਾ ਹੋਵੇ। ਪਿਛਲੇ ਦੋ ਦਿਨ ਦੀ ਗੱਲ ਹੈ ਜਦੋਂ ਮੈਨੂੰ ਕਿਸੇ ਕੰਮ ਦੇ ਸਿਲਸਿਲੇ ਵਿੱਚ ਲੁਧਿਆਣੇ ਲਾਗੇ ਡੇਹਲੋਂ ਜਾਣਾ ਪਿਆ ਸੀ,ਇਤਫਾਕਨ ਮੈਨੂੰ ਉੱਥੇ ਇੱਕ ਚੰਡੀਗੜ੍ਹ ਤੋਂ ਆਇਆ ਪੱਤਰਕਾਰ ਦੋਸਤ ਮਿਲ ਗਿਆ,ਉਹਦੇ ਨਾਲ ਇੱਕ ਕਸ਼ਮੀਰਨ ਕੁੜੀ ਸੀ ਜਿਹੜੀ ਉਹਨੂੰ ਆਪਣੀ ਮੱਦਦ ਲਈ ਡੇਹਲੋਂ ਦੇ ਨਰਸਿੰਗ ਕਾਲਜ ਲੈ ਕੇ ਆਈ ਸੀ,ਜਿੱਥੇ ਉਹ ਨਰਸਿੰਗ ਦੀ ਪੜ੍ਹਾਈ ਕਰਦੀ ਸੀ। ਪਰ ਹੁਣ ਉਹ ਪਿਛਲੇ ਸਾਲ ਡੇਢ ਸਾਲ ਤੋਂ ਕਾਲਜ ਨਹੀਂ ਸੀ ਆਈ।ਕਾਲਜ ਦੀ ਮੈਨੇਜਮੈਂਟ ਨੇ ਉਹਨੂੰ ਜੁਰਮਾਨਾ ਲਾ ਦਿੱਤਾ ਸੀ,ਉਹਨੇ ਕਸ਼ਮੀਰ ਤੋਂ ਆਕੇ ਉਸ ਪੱਤਰਕਾਰ ਨੂੰ ਆਪਣੀ ਮੱਦਦ ਲਈ ਡੇਹਲੋਂ ਬੁਲਾਇਆ ਸੀ।ਮੈਨੂੰ ਵੀ ਉਸ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਸੀ।ਮੈਂ ਉਸ ਨੂੰ ਪੁੱਛਿਆ ਕਿ ਹੁਣ ਤੁਹਾਨੂੰ ਡਰ ਨਹੀਂ ਲੱਗਦਾ,ਤਾਂ ਉਹਦਾ ਜਵਾਬ ਜਦੋਂ ਤੁਸੀਂ ਵੀ ਸੁਣੋਗੇ ਤਾਂ ਸਿੱਖਾਂ ਦੇ ਆਚਰਣ ਸਬੰਧੀ ਸਾਰਾ ਕੁੱਝ ਆਪਣੇ ਆਪ ਹੀ ਸਪੱਸ਼ਟ ਹੋ ਜਾਵੇਗਾ, ਉਸ ਕੁੜੀ ਦਾ ਬੜਾ ਖੂਬਸੂਰਤ ਜਵਾਬ ਸੀ ਕਿ ਜਦੋਂ 'ਸਰਦਾਰ ਭਰਾ ਨਾਲ ਹੋਣ ਤਾਂ ਕਾਹਦਾ ਡਰ ਹੈ। ਪਰ ਜਫਰ ਸਾਹਿਬ ਕਹਿੰਦੇ ਹਨ ਕਿ ਸਰਬੇ ਵਿੱਚ ਸਿੱਖਾਂ ਦਾ ਆਚਰਣ ਬੇਹੱਦ ਮਾੜਾ ਦਰਜ ਕੀਤਾ ਗਿਆ ਹੈ।,ਜਿਸਨੂੰ ਉਹ ਜ਼ਿੱਦ ਨਾਲ ਸਵੀਕਾਰਦੇ ਹੋਏ ਇਤਿਹਾਸ ਦੀ ਪਰਸੰਗਿਕਤਾ ਤੋਂ ਮੁਨਕਰ ਹੋ ਰਹੇ ਹਨ। ਇਸ ਤੋਂ ਅੱਗੇ ਜਦੋਂ ਉਸ ਵੀਡੀਓ ਦੇ ਹੇਠਾਂ ਇੱਕ ਹੋਰ ਜਿੰਮੇਵਾਰ ਹਸਤੀ,ਅਕਾਲੀ ਦਲ ਦੇ ਹਰਚਰਨ ਸਿੰਘ ਬੈਂਸ ਦੀ ਟਿੱਪਣੀ ਦੇਖੀ ਤਾਂ ਉਹਨਾਂ ਨੇ ਉਸ ਬਹਿਸ ਦੇ ਪੱਖ ਵਿੱਚ ਹੋਰ ਵੀ ਅੱਗੇ ਵਧਦਿਆਂ ਸਿੱਖਾਂ ਨੂੰ ਹਿੰਦੂਆਂ ਦਾ ਹੀ ਹਿੱਸਾ ਦੱਸਣ 'ਤੇ ਸਾਰਾ ਜ਼ੋਰ ਲਾ ਦਿੱਤਾ ਹੈ। ਉਹਨਾਂ ਨੇ ਸਿੱਖਾਂ ਦੀ ਵੱਖਰੀ ਕੌਮ ਹੋਣ 'ਤੇ ਹੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਇਤਿਹਾਸ ਵਿੱਚ ਸਿੱਖਾਂ ਵੱਲੋਂ ਹਿੰਦੂ ਬਹੂ ਬੇਟੀਆਂ ਨੂੰ ਜਰਵਾਣਿਆਂ ਦੀ ਕੈਦ ਵਿੱਚੋਂ ਛੁਡਾਉਣ ਵਾਲੇ ਕਿੱਸਿਆਂ ਨੂੰ ਨਕਾਰਦਿਆਂ ਉਹਨਾਂ ਕਿਹਾ ਹੈ ਕਿ ਪੁਰਾਤਨ ਸਿੱਖਾਂ ਨੇ ਕਿਸੇ ਗੈਰ ਬਹੂ ਬੇਟੀਆਂ ਨੂੰ ਨਹੀਂ ਸੀ ਛੁਡਵਾਇਆ ਸਗੋਂ ਉਹ ਉਹਨਾਂ ਸਿੱਖਾਂ ਦੀਆਂ ਹੀ ਬਹੂ ਬੇਟੀਆਂ ਸਨ, ਕਿਉਂਕਿ ਉਦੋਂ ਸਿੱਖ ਹਿੰਦੂਆਂ ਵਿੱਚੋਂ ਨਵੇਂ ਨਵੇਂ ਹੀ ਗਏ ਸਨ। ਗੁਲਾਮ ਮਾਨਸਿਕਤਾ ਨੇ ਉਹਨਾਂ ਨੂੰ ਆਪਣੀ ਹੋਂਦ ਨੂੰ ਸਵੀਕਾਰ ਕਰਨ ਤੋਂ ਹੀ ਵਰਜ ਦਿੱਤਾ ਹੈ।ਅਜਿਹਾ ਲਿਖਦੇ ਹੋਏ ਇਹ ਬਿਲਕੁਲ ਭੁੱਲ ਜਾਂਦੇ ਹਨ ਜਾਂ ਜਾਣਬੁੱਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ ਕਿ ਸਿੱਖ ਉਦੋਂ ਨਵੇਂ ਨਵੇਂ ਹਿੰਦੂ ਧਰਮ ਵਿੱਚੋਂ ਨਹੀਂ ਸਨ ਆਏ ਸਗੋਂ ਉਸ ਤੋਂ ਤਕਰੀਬਨ ਢਾਈ ਸੌ ਸਾਲ ਪਹਿਲਾਂ ਉਦੋਂ ਵੱਖਰੇ ਹੋ ਗਏ ਸਨ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਪੰਜ ਸਾਲ ਦੀ ਉਮਰ ਵਿੱਚ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ।ਘੱਟ ਗਿਣਤੀ ਸਿੱਖਾਂ ਵੱਲੋਂ ਸਿੱਖ ਇਤਿਹਾਸ ਪ੍ਰਤੀ ਬਣਾਈ ਜਾ ਰਹੀ ਅਜਿਹੀ ਦੁਬਿਧਾ ਅਤੇ ਗਲਤ ਧਾਰਨਾ ਦੇ ਨਾਲ ਹਿੰਦੁਸਤਾਨ ਪੱਧਰ 'ਤੇ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਨਫ਼ਰਤੀ ਅਤੇ ਝੂਠੇ ਬਿਰਤਾਂਤਾਂ ਨੂੰ ਹੋਰ ਬਲ ਮਿਲਦਾ ਹੈ। ਸੋ ਉਪਰੋਕਤ ਸਾਰੇ ਵਰਤਾਰੇ ਦੇ ਸੰਦਰਭ ਵਿੱਚ ਇਹ ਕਹਿਣਾ ਵਾਜਬ ਹੋਵੇਗਾ ਕਿ ਸਿੱਖਾਂ ਦੇ ਸੱਚੇ ਸੁੱਚੇ ਆਚਰਣ 'ਤੇ ਸਿੱਖਾਂ ਵੱਲੋਂ ਹੀ ਉਂਗਲ ਚੁੱਕੇ ਜਾਣ ਵਰਗੇ ਆਪਾ ਵਿਰੋਧੀ ਵਿਰਤਾਂਤ ਸਿਰਜਣ ਵਿੱਚ ਰਾਜਨੀਤਕ ਸੱਤਾ ਅਤੇ ਰੁਤਬੇ ਮਾਨਣ ਦੀ ਭੁੱਖੀ ਤੇ ਲਾਲਚੀ ਮਾਨਸਿਕਤਾ ਵੱਡੀ ਭੂਮਿਕਾ ਅਦਾ ਕਰ ਰਹੀ ਹੈ।

# ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਹੋ ਸਕਦੇ ਨੇ !



ਅੰਮ੍ਰਿਤਪਾਲ ਸਿੰਘ
97111-01161

ਬਾਗ਼ੀ ਅਕਾਲੀ ਆਗੂਆਂ ਵੱਲੋਂ ਗਿਆਰਾਂ ਅਗਸਤ ਨੂੰ ਨਵੇਂ ਅਕਾਲੀ ਦਲ ਦਾ ਐਲਾਨ ਕੀਤਾ ਜਾ ਰਿਹਾ ਹੈ।ਇਹ ਕਿਹਾ ਜਾ ਰਿਹਾ ਹੈ ਕਿ ਨਵੇਂ ਅਕਾਲੀ ਦਲ ਦੇ ਪ੍ਰਧਾਨ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਹੋ ਸਕਦੇ ਹਨ। ਪਹਿਲਾਂ ਪ੍ਰਧਾਨਗੀ ਲਈ ਕਈ ਆਗੂਆਂ ਦੇ ਨਾਮ ਲਏ ਜਾ ਰਹੇ ਸਨ ਜਿਨ੍ਹਾਂ ਵਿੱਚ ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਯਾਲੀ ਅਤੇ ਬੀਬੀ ਸਤਵੰਤ ਕੌਰ ਦੇ ਨਾਮ ਪ੍ਰਮੁੱਖਤਾ ਨਾਲ ਲਏ ਜਾ ਰਹੇ ਸਨ। ਪਿਛਲੇ ਦਿਨੀਂ ਇਹ ਖ਼ਬਰਾਂ ਵੀ ਸੁਣਨ ਨੂੰ ਮਿਲਦੀਆਂ ਰਹੀਆਂ ਸਨ ਕਿ ਨਵੇਂ ਅਕਾਲੀ ਦਲ ਦੀ ਪ੍ਰਧਾਨਗੀ ਨੂੰ ਲੈ ਕੇ ਰੇੜਕਾ ਚੱਲ ਰਿਹਾ ਹੈ।ਪਰ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਇਹ ਰੇੜਕਾ ਮੁੱਕ ਚੁੱਕਾ ਹੈ ਅਤੇ ਪ੍ਰਧਾਨਗੀ ਲਈ ਸਹਿਮਤੀ ਬਣ ਚੁੱਕੀ ਹੈ। ਨਵੇਂ ਬਣਨ ਜਾ ਰਹੇ ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਮੁਤਾਬਕ ਇਸ ਨਵੇਂ ਅਕਾਲੀ ਦਲ ਦੇ ਜੋ ਨਿਯਮ ਬਣਾਏ ਜਾ ਰਹੇ ਹਨ ਉਨ੍ਹਾਂ ਅਨੁਸਾਰ ਇੱਕ ਵਿਅਕਤੀ ਇੱਕ ਅਹੁਦੇ ਦਾ ਫਾਰਮੂਲਾ ਲਾਗੂ ਕੀਤਾ ਗਿਆ ਹੈ। ਇਸਦਾ ਮਤਲਬ ਇਹ ਹੈ ਕਿ ਜਿਹੜਾ ਆਗੂ ਪਾਰਟੀ ਦਾ ਪ੍ਰਧਾਨ ਬਣੇਗਾ, ਉਹ ਚੋਣ ਨਹੀਂ ਲੜ ਸਕੇਗਾ। ਸੁਧਾਰ ਲਹਿਰ ਦੇ ਪ੍ਰਮੁੱਖ ਆਗੂ ਸੁਰਜੀਤ ਸਿੰਘ ਰੱਖੜਾ, ਪ੍ਰੇਮ ਸਿੰਘ ਚੰਦੂਮਾਜਰਾ, ਇਕਬਾਲ ਸਿੰਘ ਝੂੰਦਾ, ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਉਮੈਦਪੁਰੀ, ਬੀਬੀ ਸਤਵੰਤ ਕੌਰ, ਗੁਰਪ੍ਰਤਾਪ ਸਿੰਘ ਵਡਾਲਾ, ਪਰਮਿੰਦਰ ਸਿੰਘ ਢੀਂਡਸਾ ਇਨ੍ਹਾਂ ਸਾਰਿਆਂ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਇਹ ਸਭ ਚੋਣ ਲੜਨ ਦੇ ਚਾਹਵਾਨ ਹਨ। ਗਿਆਨੀ ਹਰਪ੍ਰੀਤ ਸਿੰਘ ਬਾਰੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਚੋਣ ਲੜਨ ਦੀ ਇੱਛਾ ਨਹੀਂ ਰੱਖਦੇ, ਪਰ ਸਿੱਖ ਸੰਗਤ ਵਿੱਚ ਉਨ੍ਹਾਂ ਦੀ ਸ਼ਾਖ ਬਹੁਤ ਅੱਛੀ ਤੇ ਸਤਿਕਾਰ ਵਾਲੀ ਹੈ। ਇਸਦੇ ਨਾਲ ਹੀ ਉਹ ਸੁਧਾਰ ਲਹਿਰ ਦੇ ਲੀਡਰਾਂ ਵਿੱਚ ਵੀ ਸਰਵ ਪ੍ਰਵਾਨਿਤ ਹਨ। ਇਸ ਕਰਕੇ ਸੁਧਾਰ ਲਹਿਰ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੀਂ ਪਾਰਟੀ ਦਾ ਪ੍ਰਧਾਨ ਬਣਾਇਆ ਜਾ ਸਕਦਾ ਹੈ। ਗਿਆਨੀ ਹਰਪ੍ਰੀਤ ਸਿੰਘ ਦਾ ਜਨਮ ਗਿੱਦੜਬਾਹਾ ਵਿਖੇ 1972 ਵਿੱਚ ਇੱਕ ਦਲਿਤ ਪਰਿਵਾਰ ਵਿੱਚ ਹੋਇਆ। ਇਨ੍ਹਾਂ ਦੇ ਪਿਤਾ ਇੱਕ ਗ੍ਰੰਥੀ ਸਨ। ਗਿਆਨੀ ਜੀ ਨੇ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤੋਂ ਗੁਰਮਤਿ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਤੋਂ ਧਾਰਮਿਕ ਅਧਿਐਨ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ। 1997 ਵਿੱਚ ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਇੱਕ ਪ੍ਰਚਾਰਕ ਵਜੋਂ ਜੁੜੇ ਅਤੇ ਬਾਅਦ ਵਿਚ ਮੁੱਖ ਗ੍ਰੰਥੀ ਬਣ ਗਏ। ਇਨ੍ਹਾਂ ਨੂੰ 2017 ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨਿਯੁਕਤ ਕੀਤਾ ਗਿਆ। ਅਕਤੂਬਰ 2018 ਤੋਂ 2023 ਤੱਕ ਸ਼੍ਰੀ ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਰਹੇ।2023 ਵਿੱਚ ਇਨ੍ਹਾਂ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ, ਪਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਣੇ ਰਹੇ। ਦੋ ਦਸੰਬਰ 2024 ਨੂੰ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਵੱਡੇ ਅਕਾਲੀ ਆਗੂ ਤਲਬ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਰਗਾੜੀ ਕਾਂਡ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਅਤੇ ਸਿਰਸੇ ਵਾਲੇ ਸਾਧ ਨੂੰ ਮੁਆਫੀ ਦੇਣ ਦੇ ਮਾਮਲੇ ਵਿੱਚ ਤਨਖ਼ਾਹ ਲਗਾਈ ਗਈ। ਇਸ ਦਿਨ ਦੇ ਫੈਸਲਿਆਂ ਵਿੱਚ ਇੱਕ ਅਹਿਮ ਫੈਸਲਾ ਇਹ ਵੀ ਸੁਣਾਇਆ ਗਿਆ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਫ਼ਖ਼ਰ ਏ ਕੌਮ ਦਾ ਐਵਾਰਡ ਵਾਪਸ ਲਿਆ ਜਾਂਦਾ ਹੈ। ਇਸ ਦਿਨ ਸੁਣਾਏ ਫੈਸਲਿਆਂ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਸਭ ਤੋਂ ਵੱਧ ਸਰਗਰਮੀ ਦਿਖਾਈ ਸੀ।ਸੁਖਬੀਰ ਸਿੰਘ ਬਾਦਲ ਨੇ ਲਗਾਈ ਗਈ ਸੇਵਾ ਤਾਂ ਪੂਰੀ ਕੀਤੀ, ਪਰ ਸੂਤਰਾਂ ਦੇ ਕਹਿਣ ਮੁਤਾਬਕ ਸੁਖਬੀਰ ਬਾਦਲ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਸਬਕ ਸਿਖਾਉਣ ਦੀ ਠਾਣ ਲਈ ਸੀ। ਇਸੇ ਕਰਕੇ ਗਿਆਨੀ ਹਰਪ੍ਰੀਤ ਸਿੰਘ 'ਤੇ ਚਰਿੱਤਰਹੀਣਤਾ ਦੇ ਦੋਸ਼ਾਂ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਜ਼ਬਰੀ ਸੇਵਾ ਮੁਕਤ ਕਰ ਦਿੱਤਾ। ਇਸ ਮਗਰੋਂ ਗਿਆਨੀ ਹਰਪ੍ਰੀਤ ਸਿੰਘ ਖੁੱਲ੍ਹ ਕੇ ਬਾਗ਼ੀ ਅਕਾਲੀਆਂ ਨਾਲ ਜੁੜ ਗਏ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਭਰਤੀ ਕਮੇਟੀ ਨਾਲ ਅਕਾਲੀ ਦਲ ਦੀ ਭਰਤੀ ਵਿੱਚ ਜੁਟ ਗਏ। ਹੁਣ ਪੰਜ ਮੈਂਬਰੀ ਕਮੇਟੀ ਨੇ ਭਰਤੀ ਮੁਕੰਮਲ ਕਰ ਲਈ ਹੈ ਅਤੇ 11 ਅਗਸਤ ਨੂੰ ਨਵੇਂ ਅਕਾਲੀ ਦਲ ਦਾ ਐਲਾਨ ਕੀਤਾ ਜਾਵੇਗਾ ਅਤੇ ਇਸ ਗੱਲ ਦੀ ਪੂਰੀ ਸੰਭਾਵਨਾਂ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੀਂ ਪਾਰਟੀ ਦੇ ਪ੍ਰਧਾਨ ਬਣਾਇਆ ਜਾਵੇਗਾ।ਗਿਆਰਾਂ ਅਗਸਤ ਨੂੰ ਪੰਜਾਬ ਨੂੰ ਨਵੀਂ ਖੇਤਰੀ ਪਾਰਟੀ ਮਿਲ ਜਾਵੇਗੀ। ਇਹ ਨਵਾਂ ਅਕਾਲੀ ਰਵਾਇਤੀ ਪਾਰਟੀਆਂ ਨੂੰ ਟੱਕਰ ਦੇਣ ਵਿੱਚ ਕਿੰਨਾ ਕੁ ਕਾਮਯਾਬ ਹੋਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਸਾਡੇ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਸ਼ੁਭਕਾਮਨਾਵਾਂ।

# ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਲਈ ਐਸ.ਜੀ.ਪੀ.ਸੀ. ਕਿਸ ਵੇਲੇ ਦੀ ਉਡੀਕ ਕਰ ਰਹੀ ਹੈ ?

ਅਜੋਕੇ ਪੰਥਕ ਹਾਲਾਤ ਇਹ ਹੋ ਗਏ ਹਨ, ਕਿ ਪਿਛਲੇ ਮਸਲੇ ਸੁਲਝ ਨਹੀਂ ਰਹੇ, ਪਰ ਨਿੱਤ ਦਿਹਾੜੇ ਨਵੇਂ ਮਸਲੇ ਖੜ੍ਹੇ ਹੋ ਰਹੇ ਹਨ। ਅਫ਼ਸੋਸ, ਜਿਸ ਅਹਿਮ ਮਸਲੇ ਦੀ ਨਿਸ਼ਾਨਦੇਹੀ ਸਿੱਖਾਂ ਦੀ ਹਰ ਧਿਰ ਨੇ ਕੀਤੀ ਹੋਵੇ ਅਤੇ ਉਸ ਨੂੰ ਸੁਲਝਾਉਣ ਵਾਸਤੇ ਐਸ.ਜੀ.ਪੀ.ਸੀ ਵੱਲੋਂ ਵੀ ਸਮੇਂ-ਸਮੇਂ ਕਮੇਟੀਆਂ ਬਣਾਈਆਂ ਗਈਆਂ ਹੋਣ, ਉਸ ਨੂੰ ਵੀ ਲੰਬੇ ਸਮੇਂ ਤੋਂ ਠੰਢੇ ਬਸਤੇ ਵਿੱਚ ਪਾਇਆ ਹੋਇਆ ਹੈ। ਭਾਵ, ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਤੋਂ ਹੈ।

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

ਗਲਤੀਆਂ ਛਪਾਈ ਦੀਆਂ ਹਨ, ਜੋ ਸਾਡੇ ਵਰਗੇ ਭੁਲਣਹਾਰ ਸਿੱਖਾਂ ਵੱਲੋਂ ਉਤਾਰੇ ਦੌਰਾਨ ਹੋਈਆਂ ਹਨ, ਅਤੇ ਸਾਡੇ ਵੱਲੋਂ ਹੀ ਤੁਰੰਤ ਇਹਨਾਂ ਨੂੰ ਠੀਕ ਕਰਨਾ ਵੀ ਬਣਦਾ ਹੈ। ਵਧੇਰੇ ਜਾਣਕਾਰੀ ਲਈ ਦੇਖੋ: https://gurugranthsahib.study ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਇਸੇ ਗੰਭੀਰ ਮੁੱਦੇ 'ਤੇ ਸੰਗਤਾਂ ਦੀ ਜਾਗਰੂਕਤਾ ਲਈ 26 ਜੁਲਾਈ ਨੂੰ ਵੈਬੀਨਾਰ ਕਰਵਾਇਆ ਗਿਆ ਹੈ। ਜਾਣਕਾਰੀ ਭਰਪੂਰ ਵੈਬੀਨਾਰ ਉਪਰੰਤ ਅਤੇ ਸਮੇਂ-ਸਮੇਂ ਸਿਰ ਛਪਦੇ ਲੇਖਾਂ ਅਤੇ ਚਿੱਠੀਆਂ ਤੋਂ ਹਾਸਲ ਜਾਣਕਾਰੀ ਦੇ ਅਧਾਰ 'ਤੇ ਐਸ.ਜੀ.ਪੀ.ਸੀ. ਦੀ ਕਾਰਜ ਸ਼ੈਲੀ 'ਤੇ ਹੇਠ ਲਿਖੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ:

1) ਸ਼੍ਰੋਮਣੀ ਕਮੇਟੀ ਵੱਲੋਂ 1952 ਵਿੱਚ ਵਿਦਵਾਨਾਂ ਦੀ ਨਿਗਰਾਨੀ ਹੇਠ ਪਵਿੱਤਰ ਬੀੜ ਛਪਵਾਈ ਗਈ ਸੀ, ਪਰ 1964 ਵਿੱਚ ਛਪਾਈ ਗਈ ਇਸੇ ਬੀੜ ਵਿੱਚ ਬਹੁਤ ਜ਼ਿਆਦਾ ਅੰਤਰ ਪਾ ਦਿੱਤਾ ਗਿਆ। 1952 ਵਾਲੀ ਬੀੜ ਵਿੱਚ ਮੰਗਲ ਉੱਪਰ ਅਤੇ ਇੱਕ ਤਰਤੀਬ ਵਿੱਚ ਸਨ ਜੋ 1964 ਵਿੱਚ ਬੇਤਰਤੀਬੇ ਕਰ ਦਿੱਤੇ ਗਏ। ਦੱਸਣ ਦੀ ਕਿਰਪਾ ਕੀਤੀ ਜਾਵੇ ਕਿ 1964 ਵਿੱਚ ਛਪੀ ਬੀੜ ਅੰਦਰ ਇਹ ਤਬਦੀਲੀਆਂ ਕਿਸ ਅਧਾਰ 'ਤੇ ਕੀਤੀਆਂ ਗਈਆਂ ਸਨ ਅਤੇ ਕਿਹੜੇ ਵਿਦਵਾਨਾਂ ਦੀ ਰਾਇ ਨਾਲ ਕੀਤੀਆਂ ਗਈਆਂ ਸਨ ? ਇਸਦਾ ਕੋਈ ਰਿਕਾਰਡ ਜਨਤਕ ਕਿਉਂ ਨਹੀਂ ਕੀਤਾ ਗਿਆ ? ਸ਼੍ਰੋਮਣੀ ਕਮੇਟੀ ਨੂੰ ਇਸ ਬਾਬਤ ਸਪੱਸ਼ਟ ਕਰਨਾ ਬਣਦਾ ਹੈ।

2) ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਗਠਿਤ ਕੀਤੀ ਗਈ ਕਮੇਟੀ, ਜਿਸਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ, ਦੀ 26 ਮਾਰਚ 1996 ਦੀ ਅੰਤ੍ਰਿਗ ਰਿਪੋਰਟ ਵਿੱਚ ਇਹ ਦਰਜ ਹੋਣਾ ਕਿ ਪਾਵਨ ਸਰੂਪਾਂ ਦੀ ਛਪਾਈ ਵਿੱਚ ਵਾਰ-ਵਾਰ ਅਤੇ ਗੁਪਤੋ-ਗੁਪਤੀ ਪ੍ਰੈੱਸ-ਅਮਲੇ ਦੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਪਾਠ-ਸੁਧਾਈਆਂ ਚਿੰਤਾਜਨਕ ਹਨ। ਇਹ ਸਥਾਪਤ ਕਰਦਾ ਹੈ ਕਿ 1964 ਤੋਂ ਬਾਅਦ ਵੀ ਵਾਰ-ਵਾਰ ਅਤੇ ਗੁਪਤੋ-ਗੁਪਤੀ ਪਾਠ-ਭੇਦ ਕੀਤੇ ਜਾ ਰਹੇ ਹਨ। ਇਸ ਦਾ ਸਾਰਾ ਰਿਕਾਰਡ ਵੀ ਉਨ੍ਹਾਂ ਆਪਣੀ ਰਿਪੋਰਟ ਦੇ ਨਾਲ ਨੱਥੀ ਕੀਤਾ ਹੋਇਆ ਹੈ। ਇਹ ਸਾਰਾ ਕੁੱਝ ਨਾ ਸਿਰਫ਼ ਸ਼੍ਰੋਮਣੀ ਕਮੇਟੀ ਦੀ ਕਾਬਲੀਅਤ 'ਤੇ ਸਵਾਲ ਖੜ੍ਹਾ ਕਰਦਾ ਹੈ, ਬਲਕਿ ਨੀਅਤ 'ਤੇ ਵੀ ।

3) ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਵੀ ਸੰਸਥਾ ਤੋਂ ਇਲਾਵਾ ਕੋਈ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਛਾਪਣ, ਸਟੋਰ ਕਰਨ, ਵੰਡਣ ਅਤੇ ਸਪਲਾਈ ਕਰਨ ਦਾ ਅਧਿਕਾਰ ਨਹੀਂ ਰੱਖਦਾ। ਇਸ ਕਾਨੂੰਨ ਨਾਲ ਏਕਾਧਿਕਾਰ ਮਿਲ ਜਾਣ ਕਰਕੇ ਸ਼੍ਰੋਮਣੀ ਕਮੇਟੀ ਦੀ ਪਾਠ-ਭੇਦਾਂ ਦੀ ਸੁਧਾਈ ਦੀ ਜ਼ਿੰਮੇਵਾਰੀ ਤਾਂ ਸਗੋਂ ਹੋਰ ਵੀ ਵੱਧ ਜਾਂਦੀ ਹੈ। ਪਰ ਅਮਲ ਪਾਰਦਰਸ਼ੀ ਹੋਣ ਦੀ ਥਾਂ ਵਾਰ-ਵਾਰ ਅਤੇ ਗੁਪਤੋ-ਗੁਪਤੀ ਹੋ ਰਿਹਾ ਹੈ। ਸੰਗਤਾਂ ਅਥਵਾ ਵਿਦਵਾਨਾਂ ਨਾਲ ਉੱਕਾ ਹੀ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਜਾ ਰਿਹਾ। ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀ ਮਨਮਰਜ਼ੀ ਦੀ ਵਿਆਖਿਆ ਵੀ ਦੇਖੀ ਜਾ ਰਹੀ ਹੈ। ਐਮਾਜ਼ਾਨ ਨੇ ਇਸ ਐਕਟ ਦੇ ਹਵਾਲੇ ਨਾਲ ਪੰਜਾਬੀ ਵਿੱਚ ਲਿਖੀਆਂ ਅਨੇਕਾਂ ਗੁਰਬਾਣੀ ਆਧਾਰਿਤ ਕਿਤਾਬਾਂ ਆਪਣੇ ਪਲੈਟਫ਼ਾਰਮ ਤੋਂ ਹਟਾ ਦਿੱਤੀਆਂ ਹਨ ਜੋ ਕੀ ਸਰਾਸਰ ਗਲਤ ਹੈ। ਇੱਥੋਂ ਤੱਕ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਪੰਜਾਬੀ ਟੀਕਾ ਸ੍ਰੀ ਗੁਰੂ ਗ੍ਰੰਥ ਦਰਪਨ ਵੀ ਐਮਾਜ਼ਾਨ ਤੋਂ ਹਟਾ ਦਿੱਤਾ ਗਿਆ ਹੈ।

4) ਐਸ.ਜੀ.ਪੀ.ਸੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਮਹਿਕਮੇ ਲਈ ਮੁਲਾਜ਼ਮਾਂ ਅਤੇ ਕਮੇਟੀ ਦੀ ਚੋਣ ਲਈ ਯੋਗਤਾ ਅਤੇ ਪ੍ਰਕ੍ਰਿਆ ਪਾਰਦਰਸ਼ੀ ਅਤੇ ਆਨਲਾਈਨ ਹੋਣੀ ਚਾਹੀਦੀ ਹੈ। ਬੀੜ ਦੀ ਛਪਾਈ ਵਾਲੇ ਮਹਿਕਮੇ ਦੇ ਮੁਲਾਜ਼ਮਾਂ ਅਤੇ ਕਮੇਟੀ ਦੇ ਮੈਂਬਰਾਂ ਦੇ ਨਾਮ ਹਮੇਸ਼ਾ ਜਨਤਕ ਹੋਣੇ ਚਾਹੀਦੇ ਹਨ। ਸੰਗਤਾਂ ਨੂੰ ਦੱਸਿਆ ਜਾਵੇ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਿਵੇਂ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਗੁਰਮਤਿ-ਵਿਰੋਧੀ ਤਾਕਤਾਂ ਛਪਾਈ ਮਹਿਕਮੇ ਵਿੱਚ ਦਖਲ ਅੰਦਾਜ਼ੀ ਨਹੀਂ ਕਰ ਰਹੀਆਂ ?

5) ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਬਹੁਤ ਅਹਿਮ ਅਤੇ ਗੰਭੀਰ ਮਸਲਾ ਹੈ ਅਤੇ ਇਸ ਮਸਲੇ ਨੂੰ ਚੰਗੀ ਤਰ੍ਹਾਂ ਜਾਣਨ ਵਾਲੇ ਵਿਦਵਾਨ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ, ਜੋ ਕਿ ਇੱਕ-ਇੱਕ ਕਰਕੇ ਸੰਸਾਰ ਤੋਂ ਕੂਚ ਕਰੀ ਜਾ ਰਹੇ ਹਨ। ਸਮਾਂ ਬਹੁਤ ਕੀਮਤੀ ਹੈ। ਦੱਸੋ ਭਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਅਹਿਮ ਮਸਲੇ ਨੂੰ ਹੱਲ ਕਰਨ ਲਈ ਕਿਸ ਸਮੇਂ ਦੀ ਉਡੀਕ ਕਰ ਰਹੀ ਹੈ ?

ਸੋ ਖਾਲਸਾ ਪੰਥ ਵੱਲੋਂ ਆਸ-ਉਮੀਦ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਬਿਨਾਂ ਕਿਸੇ ਦੇਰੀ ਦੇ ਸੰਗਤ ਦੀ ਕਚਿਹਰੀ ਵਿੱਚ ਇਨ੍ਹਾਂ ਗੰਭੀਰ ਸਵਾਲਾਂ ਦੇ ਤਸੱਲੀਬਖ਼ਸ਼ ਜੁਆਬ ਦਿੱਤੇ ਜਾਣ।

**ਵੱਲੋਂ ਪੰਜ ਪ੍ਰਧਾਨੀ ਕੌਂਸਲ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸਤਬੀਰ ਸਿੰਘ (ਦਿੱਲੀ)।**

## ਰੂਸ 'ਚ ਆਇਆ ਦੁਨੀਆਂ ਦਾ 6ਵਾਂ ਸਭ

ਜਾਪਾਨੀ ਤੇ ਅਮਰੀਕੀ ਭੂਚਾਲ ਵਿਗਿਆਨੀਆਂ ਨੇ ਦੱਸਿਆ ਕਿ ਜਾਪਾਨ ਦੇ ਸਮੇਂ ਮੁਤਾਬਕ ਸਵੇਰੇ 8:25 ਵਜੇ ਆਏ ਭੂਚਾਲ ਦੀ ਮੁੱਢਲੀ ਤੀਬਰਤਾ 8.0 ਸੀ। ਅਮਰੀਕੀ ਭੂਵਿਗਿਆਨੀ ਸਰਵੇਖਣ (ਯੂਐਸਜੀਐਸ) ਨੇ ਮਗਰੋਂ ਦੱਸਿਆ ਦੀ ਭੂਚਾਲ ਦੀ ਤੀਬਰਤਾ 8.8 ਸੀ ਤੇ ਇਹ 20.7 ਕਿਲੋਮੀਟਰ ਦੀ ਡੂੰਘਾਈ ਵਿਚ ਸੀ। ਇਹ ਭੂਚਾਲ ਰੂਸੀ ਸ਼ਹਿਰ ਪੇਤਰੋਪਾਵਲੋਵਸਕ-ਕਾਮਚਤਸਕੀ ਤੋਂ ਕਰੀਬ 119 ਕਿਲੋਮੀਟਰ ਦੂਰ ਆਇਆ। ਇਸ ਸ਼ਹਿਰ ਦੀ ਆਬਾਦੀ 180,000 ਹੈ। ਰੂਸੀ ਨਿਊਜ਼ ਏਜੰਸੀ 'ਟਾਸ' ਨੇ ਭੂਚਾਲ ਦੇ ਕੇਂਦਰ ਨੇੜੇ ਸਭ ਤੋਂ ਵੱਡੇ ਸ਼ਹਿਰ ਪੇਤਰੋਪਾਵਲੋਵਸਕ-ਕਾਮਚਤਸਕੀ ਤੋਂ ਰਿਪੋਰਟ ਦਿੱਤੀ ਕਿ ਬਹੁਤ ਸਾਰੇ ਲੋਕ ਜੁੱਤੀਆਂ ਅਤੇ ਢੁਕਵੇਂ ਕੱਪੜਿਆਂ ਤੋਂ ਬਿਨਾਂ ਸੜਕਾਂ 'ਤੇ ਨਿਕਲ ਆਏ। ਘਰਾਂ ਦੇ ਅੰਦਰ ਸ਼ੈਲਫਾਂ ਡਿੱਗ ਪਈਆਂ, ਸ਼ੀਸ਼ੇ ਟੁੱਟ ਗਏ, ਇਮਾਰਤਾਂ ਅਤੇ ਕਾਰਾਂ ਜ਼ੋਰਦਾਰ ਢੰਗ ਨਾਲ ਹਿੱਲ ਗਈਆਂ।

'ਟਾਸ' ਨੇ ਕਾਮਚਟਕਾ ਖੇਤਰ ਦੀ ਰਾਜਧਾਨੀ ਵਿੱਚ ਬਿਜਲੀ ਬੰਦ ਹੋਣ ਅਤੇ ਮੋਬਾਈਲ ਫੋਨ ਸੇਵਾ ਠੱਪ ਹੋਣ ਦੀ ਵੀ ਰਿਪੋਰਟ ਦਿੱਤੀ। ਇਸ ਨੇ ਇੱਕ ਸਥਾਨਕ ਰੂਸੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ ਸਖਾਲਿਨ ਟਾਪੂ ਦੇ ਵਸਨੀਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਐਮਰਜੈਂਸੀ ਸੇਵਾਵਾਂ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ। ਅਲਾਸਕਾ ਵਿੱਚ ਅਮਰੀਕੀ ਰਾਸ਼ਟਰੀ ਸੁਨਾਮੀ ਚੇਤਾਵਨੀ ਕੇਂਦਰ ਨੇ ਅਲਾਸਕਾ ਅਲੂਸ਼ੀਅਨ ਟਾਪੂਆਂ ਦੇ ਕੁਝ ਹਿੱਸਿਆਂ ਲਈ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਅਤੇ ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਅਤੇ ਹਵਾਈ ਸਮੇਤ ਪੱਛਮੀ ਤੱਟ ਦੇ ਕੁਝ ਹਿੱਸਿਆਂ ਲਈ ਅਲਰਟ ਜਾਰੀ ਕੀਤਾ ਗਿਆ ਹੈ। ਇਹ ਚੇਤਾਵਨੀ ਅਲਾਸਕਾ ਦੇ ਸਾਹਿਲ ਦੇ ਇੱਕ ਵੱਡੇ ਹਿੱਸੇ ਨੂੰ ਵੀ ਕਵਰ ਕਰਦੀ ਹੈ। ਨਿਊਜ਼ੀਲੈਂਡ ਦੇ ਅਧਿਕਾਰੀਆਂ ਨੇ ਦੇਸ਼ ਭਰ ਦੇ ਸਾਹਿਲੀ ਖੇਤਰਾਂ ਲਈ 'ਮਜ਼ਬੂਤ, ਅਸਾਧਾਰਨ ਅਤੇ ਅਚਾਨਕ ਉੱਚੀਆਂ ਲਹਿਰਾਂ' ਦੀ ਚੇਤਾਵਨੀ ਦਿੱਤੀ ਹੈ। ਸਰਕਾਰ ਦੀ ਐਮਰਜੈਂਸੀ ਪ੍ਰਬੰਧਨ ਏਜੰਸੀ ਵੱਲੋਂ ਜਾਰੀ ਚੇਤਾਵਨੀ ਵਿੱਚ ਕਿਹਾ ਗਿਆ ਹੈ ਕਿ ਲੋਕਾਂ ਨੂੰ ਪਾਣੀ, ਬੀਚਾਂ ਅਤੇ ਸਾਹਿਲੀ ਖੇਤਰਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਨਿਊਜ਼ੀਲੈਂਡ ਦੱਖਣੀ ਪ੍ਰਸ਼ਾਂਤ ਮਹਾਸਾਗਰ ਵਿੱਚ ਸਥਿਤ ਹੈ ਅਤੇ ਭੂਚਾਲ ਦੇ ਕੇਂਦਰ ਤੋਂ ਲੱਗਭੱਗ 6,000 ਮੀਲ ਦੂਰ ਹੈ। ਇਸ ਤੋਂ ਪਹਿਲਾਂ ਜੁਲਾਈ ਵਿੱਚ, ਕਾਮਚਟਕਾ ਦੇ ਨੇੜੇ ਸਮੁੰਦਰ ਵਿੱਚ ਪੰਜ ਸ਼ਕਤੀਸ਼ਾਲੀ ਭੂਚਾਲ ਆਏ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ 7.4 ਤੀਬਰਤਾ ਦਾ ਸੀ। ਕਾਮਚਟਕਾ ਵਿੱਚ 4 ਨਵੰਬਰ, 1952 ਨੂੰ 9.0 ਤੀਬਰਤਾ ਦਾ ਭੂਚਾਲ ਆਇਆ ਸੀ, ਜਿਸ ਨਾਲ ਵਿਆਪਕ ਨੁਕਸਾਨ ਹੋਇਆ ਸੀ।

## ਪੁਲਿਸ ਅਧਿਕਾਰੀਆਂ ਵਿਰੁੱਧ

ਪੁਲਿਸ ਨੇ ਆਪਣੀ ਜਾਂਚ ਸਿਫ਼ਾਰਸ਼ਾਂ ਵਿੱਚ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸਾਰੇ ਅਧਿਕਾਰੀ ਮੁਅੱਤਲ ਰਹਿਣਗੇ ਅਤੇ ਉਨ੍ਹਾਂ ਦੀ ਤਾਇਨਾਤੀ ਸਿਰਫ਼ ਪਟਿਆਲਾ ਤੋਂ ਬਾਹਰ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਹੀ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੌਂਪ ਦਿੱਤੀ ਸੀ ਅਤੇ ਇਸ ਮਾਮਲੇ ਵਿੱਚ ਸੀਬੀਆਈ ਵੱਲੋਂ ਐਫਆਈਆਰ ਦਰਜ ਕੀਤੀ ਹੈ। ਇਸ ਘਟਨਾ ਨੂੰ ਚਾਰ ਮਹੀਨਿਆਂ ਤੋਂ ਵੱਧ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਕਿਸੇ ਵੀ ਦੋਸ਼ੀ ਪੁਲਿਸ ਮੁਲਾਜ਼ਮ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।ਇਸ ਦੌਰਾਨ ਪਟਿਆਲਾ ਦੇ ਐੱਸਐੱਸਪੀ ਵਰੁਣ ਸ਼ਰਮਾ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਇੱਕ ਐਸਪੀ ਪੱਧਰ ਦੇ ਅਧਿਕਾਰੀ ਦੁਆਰਾ ਕੀਤੀ ਗਈ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਕਾਰਵਾਈ ਦੀ ਸਿਫ਼ਾਰਸ਼ ਕੀਤੀ ਹੈ। ਉਨ੍ਹਾਂ ਕਿਹਾ, 'ਦੋਸ਼ੀ ਜਾਂਚ ਰਿਪੋਰਟ ਦੀਆਂ ਸਿਫ਼ਾਰਸ਼ਾਂ 'ਤੇ ਜਵਾਬ ਦੇ ਸਕਦੇ ਹਨ।' ਪਟਿਆਲਾ ਪੁਲਿਸ ਨੇ ਪਹਿਲਾਂ ਤਿੰਨ ਇੰਸਪੈਕਟਰ ਹੈਰੀ ਬੋਪਾਰਾਏ, ਰੌਨੀ ਸਿੰਘ, ਅਤੇ ਹਰਜਿੰਦਰ ਢਿੱਲੋਂ ਸਮੇਤ ਹੋਰ ਪੁਲਿਸ ਕਰਮਚਾਰੀਆਂ ਖਿਲਾਫ਼ 109, 310, 155(2), 117(2), 126(2), ਅਤੇ 351(2) ਤਹਿਤ ਐਫਆਈਆਰ ਦਰਜ ਕੀਤੀ ਸੀ। ਹਾਲਾਂਕਿ ਚੌਥੇ ਇੰਸਪੈਕਟਰ ਦਾ ਨਾਮ ਬਾਅਦ ਵਿੱਚ ਬੀਐੱਨਐੱਸ ਦੀਆਂ ਧਾਰਾਵਾਂ 299 ਅਤੇ 191 ਤਹਿਤ ਐਫਆਈਆਰ ਵਿੱਚ ਜੋੜਿਆ ਗਿਆ ਸੀ।

**ਕੀ ਸੀ ਮਾਮਲਾ ?**

ਕਥਿਤ ਘਟਨਾ 13 ਅਤੇ 14 ਮਾਰਚ ਦੀ ਦਰਮਿਆਨੀ ਰਾਤ ਨੂੰ ਵਾਪਰੀ ਸੀ, ਜਦੋਂ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦਾ ਪੁੱਤਰ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਦੇ ਨੇੜੇ ਇੱਕ ਸੜਕ ਕਿਨਾਰੇ ਢਾਬੇ 'ਤੇ ਮੌਜੂਦ ਸਨ। ਪਰਿਵਾਰ ਨੇ

## ਸਫ਼ਾ ਤਿੰਨ ਦੀ ਬਾਕੀ

ਦਾਅਵਾ ਕੀਤਾ ਕਿ ਜਦੋਂ ਉਹ ਆਪਣੀ ਕਾਰ ਦੇ ਬਾਹਰ ਖੜ੍ਹੇ ਖਾਣਾ ਖਾ ਰਹੇ ਸਨ, ਤਾਂ ਕੁਝ ਸਾਦੇ ਕੱਪੜਿਆਂ ਵਿੱਚ ਪੁਲਿਸ ਅਧਿਕਾਰੀ ਉਨ੍ਹਾਂ ਕੋਲ ਆਏ ਅਤੇ ਕਰਨਲ ਨੂੰ ਆਪਣੀ ਗੱਡੀ ਹਟਾਉਣ ਲਈ ਕਿਹਾ ਤਾਂ ਜੋ ਉਹ ਆਪਣੀ ਗੱਡੀ ਖੜ੍ਹੀ ਕਰ ਸਕਣ। ਜਿਸ ਤੋਂ ਬਾਅਦ ਵਿੱਚ ਇੱਕ ਦਰਜਨ ਤੋਂ ਵੱਧ ਪੁਲਿਸ ਕਰਮਚਾਰੀਆਂ ਨੇ ਕਥਿਤ ਤੌਰ 'ਤੇ ਕਰਨਲ ਅਤੇ ਉਨ੍ਹਾਂ ਦੇ ਪੁੱਤਰ ਨਾਲ ਕੁੱਟਮਾਰ ਕੀਤੀ ਸੀ।

### ਮਜੀਠੀਆ ਨੂੰ ਨਹੀਂ ਮਿਲੀ ਜ਼ਮਾਨਤ

ਜਵਾਬ ਦਾਇਰ ਕੀਤਾ ਸੀ। ਇਸ ਵੇਲੇ ਮਜੀਠੀਆ 2 ਅਗਸਤ ਤੱਕ ਨਿਆਂਇਕ ਹਿਰਾਸਤ ਵਿੱਚ ਹਨ ਤੇ ਪਟਿਆਲਾ ਦੀ ਨਵੀਂ ਨਾਭਾ ਜੇਲ੍ਹ ਵਿੱਚ ਬੰਦ ਹਨ।ਇਸ ਦੌਰਾਨ, ਸ਼੍ਰੋਮਣੀ ਅਕਾਲੀ ਦਲ ਦਾ ਇੱਕ ਵਫ਼ਦ ਅੱਜ ਮਜੀਠੀਆ ਨੂੰ ਮਿਲਣ ਲਈ ਨਵੀਂ ਨਾਭਾ ਜੇਲ੍ਹ ਪਹੁੰਚਿਆ। ਇਸ ਵਫ਼ਦ ਦੀ ਅਗਵਾਈ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਕਰ ਰਹੇ ਹਨ, ਜਿਸ ਵਿੱਚ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਸਿਕੰਦਰ ਸਿੰਘ ਮਲੂਕਾ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ, ਮਜੀਠੀਆ ਦੀ ਪਤਨੀ ਗਨੀਵ ਕੌਰ ਨੇ ਦੋਸ਼ ਲਗਾਇਆ ਸੀ ਕਿ ਅਕਾਲੀ ਦਲ ਦੇ ਆਗੂਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਮਜੀਠੀਆ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ।ਜ਼ਿਕਰ ਕਰ ਦਈਏ ਕਿ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ 'ਤੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਦੋਸ਼ ਹੈ। ਇਸ ਤੋਂ ਪਹਿਲਾਂ 2021 ਵਿੱਚ, ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ, ਮਜੀਠੀਆ ਵਿਰੁੱਧ ਐਨਡੀਪੀਐਸ ਐਕਟ ਤਹਿਤ ਕੇਸ ਵੀ ਦਰਜ ਕੀਤਾ ਗਿਆ ਸੀ।ਜਿਸ ਵਿੱਚ ਹੁਣ ਤੱਕ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ ਅਤੇ ਈਡੀ ਦੇ ਸਾਬਕਾ ਡਿਪਟੀ ਡਾਇਰੈਕਟਰ ਸਮੇਤ 6 ਲੋਕਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ। ਪੰਜਾਬ, ਹਿਮਾਚਲ, ਦਿੱਲੀ ਅਤੇ ਯੂਪੀ ਵਿੱਚ ਮਜੀਠੀਆ ਦੀਆਂ ਜਾਇਦਾਦਾਂ 'ਤੇ ਛਾਪੇਮਾਰੀ ਕੀਤੀ ਗਈ ਹੈ। ਸਰਕਾਰ ਦਾ ਕਹਿਣਾ ਹੈ ਕਿ ਉਸ ਕੋਲ ਪੁਖਤਾ ਸਬੂਤ ਹਨ, ਜਦੋਂ ਕਿ ਮਜੀਠੀਆ ਦੇ ਵਕੀਲ ਇਸਨੂੰ ਰਾਜਨੀਤੀ ਤੋਂ ਪ੍ਰੇਰਿਤ ਅਤੇ ਬੇਬੁਨਿਆਦ ਮਾਮਲਾ ਦੱਸ ਰਹੇ ਹਨ।

### ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ

ਹੋਰ ਸੀਨੀਅਰ ਅਧਿਕਾਰੀ ਮੀਟਿੰਗ ਵਿੱਚ ਮੌਜੂਦ ਸਨ। ਪੀਐਮ-ਕਿਸਾਨ ਯੋਜਨਾ ਦੇ ਤਹਿਤ, ਯੋਗ ਕਿਸਾਨਾਂ ਨੂੰ 2,000 ਰੁਪਏ ਦੀਆਂ ਤਿੰਨ ਬਰਾਬਰ ਕਿਸ਼ਤਾਂ ਵਿੱਚ ਸਾਲਾਨਾ 6,000 ਰੁਪਏ ਮਿਲਦੇ ਹਨ ਜੋ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾ ਕੀਤੇ ਜਾਂਦੇ ਹਨ।

ਇਸ ਪਹਿਲ ਦਾ ਉਦੇਸ਼ ਖੇਤੀ ਯੋਗ ਜ਼ਮੀਨ ਰੱਖਣ ਵਾਲੇ ਛੋਟੇ ਅਤੇ ਸੀਮਾਂਤ ਕਿਸਾਨ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਕਿਸਾਨਾਂ ਨੂੰ 20ਵੀਂ ਕਿਸ਼ਤ ਪ੍ਰਾਪਤ ਕਰਨ ਲਈ ਆਪਣੀ ਈ-ਕੇਵਾਈਸੀ ਪ੍ਰਕਿਰਿਆ ਪੂਰੀ ਕਰਨੀ ਪਵੇਗੀ। ਇਸ ਦੇ ਨਾਲ ਹੀ, ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਨ੍ਹਾਂ ਦੇ 'ਆਧਾਰ ਕਾਰਡ' ਉਨ੍ਹਾਂ ਦੇ ਬੈਂਕ ਖਾਤੇ ਨਾਲ ਜੁੜਿਆ ਹੋਇਆ ਹੈ ਅਤੇ ਜ਼ਮੀਨ ਦੇ ਸਹੀ ਰਿਕਾਰਡ ਰੱਖੇ ਜਾਂਦੇ ਹਨ। ਇਹ ਯੋਜਨਾ ਸਰਕਾਰ ਦੀਆਂ ਪ੍ਰਮੁੱਖ ਭਲਾਈ ਪਹਿਲਕਦਮੀਆਂ ਵਿੱਚੋਂ ਇੱਕ ਵਜੋਂ ਉੱਭਰੀ ਹੈ। ਇਹ ਪੇਂਡੂ ਭਾਰਤ ਵਿੱਚ ਕਿਸਾਨ ਪਰਿਵਾਰਾਂ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ।

### ਜੈਸ਼ੰਕਰ ਨੇ ਰਾਹੁਲ ਨੂੰ 'ਚਾਈਨਾ ਗੁਰੂ' ਦੱਸਿਆ,

ਕਿਹਾ, "ਉਨ੍ਹਾਂ (ਜੈਰਾਮ ਰਮੇਸ਼) ਤੋਂ ਇਲਾਵਾ, ਇੱਕ ਹੋਰ 'ਚਾਈਨਾ ਗੁਰੂ' ਹੈ। ਚੀਨ ਬਾਰੇ ਮੇਰੀਆਂ ਕੁਝ ਕਮੀਆਂ ਹੋ ਸਕਦੀਆਂ ਹਨ, ਕਿਉਂਕਿ ਮੈਨੂੰ ਚੀਨ ਓਲੰਪਿਕ ਵਿੱਚ ਜਾ ਕੇ ਚੀਨ ਦੀ ਸਿੱਖਿਆ ਨਹੀਂ ਮਿਲੀ, ਕਿਉਂਕਿ ਮੈਨੂੰ ਸੱਦਾ ਨਹੀਂ ਦਿੱਤਾ ਗਿਆ ਸੀ ਅਤੇ ਮੈਂ ਕੋਈ ਖਾਸ ਵਿਅਕਤੀ ਨਹੀਂ ਸੀ। ਕੁਝ ਲੋਕਾਂ ਨੇ ਉੱਥੇ ਓਲੰਪਿਕ ਵਿੱਚ ਜਾ ਕੇ ਆਪਣਾ ਚੀਨ ਦਾ ਗਿਆਨ ਪ੍ਰਾਪਤ ਕੀਤਾ। ਪਰ, ਉਹ ਉੱਥੇ ਕਿਸ ਨੂੰ ਮਿਲੇ ? ਉਹ ਸਿਰਫ਼ ਚੀਨੀਆਂ ਨੂੰ ਹੀ ਨਹੀਂ ਮਿਲੇ, ਸਗੋਂ ਹੋਰਾਂ ਨੂੰ ਵੀ ਮਿਲੇ। 'ਚਿੰਡੀਆ' ਨੂੰ ਲੈ ਕੇ ਉਨ੍ਹਾਂ ਦਾ ਹਵਾਲਾ ਕਾਂਗਰਸ ਆਗੂ ਜੈਰਾਮ ਰਮੇਸ਼ ਵੱਲੋਂ ਘੜੇ ਗਏ ਇੱਕ ਮੁਹਾਵਰੇ ਵੱਲ ਸੀ, ਜਿਨ੍ਹਾਂ ਕਿਹਾ ਸੀ ਕਿ 'ਚਿੰਡੀਆ ਅਜੇ ਵੀ ਇੱਕ ਜੀਵੰਤ ਵਿਚਾਰ ਹੈ।" ਜੈਸ਼ੰਕਰ ਨੇ ਕਿਹਾ, "ਪਰ ਜਦੋਂ ਤੁਸੀਂ ਓਲੰਪਿਕ ਕਲਾਸਾਂ ਦੀ ਗੱਲ ਕਰਦੇ ਹੋ, ਤਾਂ ਕੁਝ ਚੀਜ਼ਾਂ ਛੁੱਟ ਜਾਂਦੀਆਂ ਹਨ ਅਤੇ ਫਿਰ ਚੀਨੀ ਰਾਜਦੂਤ ਨੂੰ ਘਰ ਬੁਲਾ ਕੇ ਉਨ੍ਹਾਂ ਤੋਂ ਪ੍ਰਾਈਵੇਟ ਟਿਊਸ਼ਨਾਂ ਲੈਣੀਆਂ ਪੈਂਦੀਆਂ ਹਨ।ਜੈਸ਼ੰਕਰ ਨੇ ਕਿਹਾ, "ਇਹ 'ਚਾਈਨਾ ਗੁਰੂ' ਕਹਿੰਦਾ ਹੈ ਕਿ ਚੀਨ ਅਤੇ ਪਾਕਿਸਤਾਨ ਬਹੁਤ ਨੇੜੇ ਆ ਗਏ ਹਨ, ਜੋ ਕਿ ਹਕੀਕਤ ਹੈ। ਉਹ ਇਕੱਠੇ ਹੋਏ ਜਦੋਂ ਅਸੀਂ ਪੀਓਕੇ ਛੱਡਿਆ।" ਉਨ੍ਹਾਂ ਕਿਹਾ, "ਇਹ ਕਹਿ ਕੇ ਉਹ ਚੇਤਾਵਨੀ ਦੇ ਰਿਹਾ ਹੈ... ਕੀ ਤੁਸੀਂ ਇਤਿਹਾਸ ਦੀ ਕਲਾਸ ਵਿੱਚ ਸੌਂ ਰਹੇ ਸੀ ? ਇਹ ਸਹਿਯੋਗ ਅਤੇ ਰਣਨੀਤਕ ਭਾਈਵਾਲੀ ਯੂਪੀਏ ਸ਼ਾਸਨ ਦੌਰਾਨ ਵਧੀ, ਕਿਉਂਕਿ ਚੀਨੀ ਕੰਪਨੀਆਂ ਨੂੰ ਭਾਰਤ ਵਿੱਚ ਨਿਵੇਸ਼ ਕਰਨ ਲਈ ਸੱਦਾ ਦਿੱਤਾ ਗਿਆ ਸੀ।"

### ਪਟਿਆਲਾ ਪੁਲਿਸ ਵੱਲੋਂ ਦੇਸ਼ ਦੀ ਅਖੰਡਤਾ

ਹਾਸਲ ਕੀਤੀ ਹੈ। ਇਸ ਵਿਰੁੱਧ ਮੁਕੱਦਮਾ ਨੰਬਰ 82 ਮਿਤੀ 29-7-2025 ਅ/ਧ 152 ਬੀ.ਐਨ.ਐਸ. 2023, ਧਾਰਾ 3,4,5 ਆਫ਼ਿਸ ਸੀਕਰਟ ਐਕਟ 1923 ਥਾਣਾ ਭਾਦਸੋਂ ਦਰਜ ਕੀਤਾ ਗਿਆ ਹੈ।

ਵਰੁਣ ਸ਼ਰਮਾ ਨੇ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਇਸ ਦੇ ਖ਼ਿਲਾਫ਼ ਕਾਰਵਾਈ ਕਰਦੇ ਹੋਏ 4 ਮੋਬਾਇਲ ਫ਼ੋਨ ਜਿਸ ਵਿੱਚ ਇੱਕ ਮੋਬਾਇਲ ਫ਼ੋਨ ਰੈੱਡ ਮੀ ਰੰਗ ਨੀਲਾ ਸਰਦਈ,ਇੱਕ ਫ਼ੋਨ ਸੈਮਸੰਗ ਕੰਪਨੀ ਰੰਗ ਬਲਿਊ ਕਾਲਾ, ਇੱਕ ਫ਼ੋਨ ਜੀਓ ਕੰਪਨੀ ਰੰਗ ਨੀਲਾ, ਇੱਕ ਫ਼ੋਨ ਵੀਵੋ ਕੰਪਨੀ ਰੰਗ ਬਲੈਕ ਬਲਿਊ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਵਿਅਕਤੀ ਵੱਲੋਂ ਵਾਰਦਾਤ ਕਰਨ ਦੇ ਤਰੀਕੇ ਬਾਰੇ ਦੱਸਦਿਆਂ ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਗੁਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਫਰੀਦਪੁਰ ਜੋ ਕਿ ਪੰਜਾਬ ਕੁੜੀ ਨਾਮ ਦੀ ਫੇਸਬੁੱਕ ਆਈ ਡੀ ਤੇ ਉਸ ਨਾਲ ਗੱਲਬਾਤ ਕਰਦਾ ਹੈ। ਜੋ ਪੰਜਾਬੀ ਕੁੜੀ ਦੀ ਫੇਸਬੁੱਕ ਪ੍ਰੋਫਾਈਲ ਵਿੱਚ ਲਾਈਵ ਇੰਨ ਕਰਾਚੀ, ਪਾਕਿਸਤਾਨ ਲਿਖਿਆ ਹੋਇਆ ਹੈ ਅਤੇ ਦੋਸ਼ੀ ਗੁਰਪ੍ਰੀਤ ਸਿੰਘ ਨੇ ਇਸਦੇ ਕਹਿਣ ਪਰ ਆਪਣੇ ਨਾਮ ਪਰ ਬੀ.ਐਸ.ਐਨ.ਐਲ ਕੰਪਨੀ ਦਾ ਸਿੰਮ ਮਾਹ ਦਸੰਬਰ 2024 ਵਿੱਚ ਜਿਸ ਦਾ ਮੋਬਾਇਲ ਨੰਬਰ 76259-08993 ਜਾਰੀ ਕਰਵਾ ਕੇ ਆਪਣੇ ਉਕਤ ਨੰਬਰ ਦਾ ਵਟਸ ਐਪ ਐਕਟੀਵੇਸ਼ਨ ਕੋਡ ਉਸ ਕੁੜੀ ਜੋ ਕਿ ਪਾਕਿਸਤਾਨ ਵਿੱਚ ਰਹਿੰਦੀ ਹੈ ਨੂੰ ਦੇ ਦਿੱਤਾ ਅਤੇ ਜੋ ਹੁਣ ਇਸ ਨੰਬਰ ਪਰ ਵਟਸਐਪ ਪਾਕਿਸਤਾਨ ਬੈਠੀ ਕੁੜੀ/ ਵਿਅਕਤੀ ਚਲਾ ਰਹੇ ਹਨ। ਜੋ ਹੁਣ ਵੀ ਦੋਸ਼ੀ ਗੁਰਪ੍ਰੀਤ ਸਿੰਘ ਵੱਖ ਵੱਖ ਐਪਾ ਰਾਹੀ ਆਪਸ ਵਿੱਚ ਗੱਲ ਬਾਤ ਕਰਦੇ ਸਨ। ਇਹ ਵਿਅਕਤੀ ਸਿਮ ਕਾਰਡ ਸੈਂਟਰਲ ਏਜੰਸੀਆਂ ਦੀ ਰਡਾਰ 'ਤੇ ਵੀ ਸੀ ਇਹ ਵਿਅਕਤੀ ਸਿਮ ਕਾਰਡ ਟੈਲੀਕਾਮ ਡਿਵਾਈਸ, ਸੀਕਰੇਟ ਅਤੇ ਸੈਂਸਟਿਵ ਮਿਲਟਰੀ ਮਿਲਟਰੀ ਦੀ ਇੰਨਫੋਰਮੇਸ਼ਨ ਪਾਕਿਸਤਾਨ ਬੈਠੇ ਵਿਅਕਤੀਆਂ ਨੂੰ ਭੇਜਦਾ ਸੀ

ਐਸ.ਐਸ.ਪੀ. ਵਰੁਣ ਸ਼ਰਮਾ ਨੇ ਭਾਰਤ ਦੇਸ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਮੁਲਜ਼ਮਾਂ ਨੂੰ ਸਖ਼ਤ ਤਾੜਨਾ ਕੀਤੀ ਹੈ ਕਿ ਪਟਿਆਲੇ ਜ਼ਿਲ੍ਹੇ ਵਿੱਚ ਲਾਅ ਐਂਡ ਆਰਡਰ ਅਤੇ ਲੋਕਾਂ ਦੀ ਸੁਰੱਖਿਆ ਨੂੰ ਹਰ ਹਾਲਤ ਵਿੱਚ ਸੁਰੱਖਿਅਤ ਕੀਤਾ ਜਾਵੇਗਾ।ਜੋ ਇਸ ਦੋਸ਼ੀ ਨੂੰ ਥਾਣਾ ਭਾਦਸੋਂ ਦੀ ਪੁਲਿਸ ਟੀਮ ਨੇ ਬਹੁਤ ਹੀ ਸਖ਼ਤ ਮਿਹਨਤ ਅਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਹੈ।ਜਿਸ ਦਾ ਪੁਲਿਸ ਰਿਮਾਂਡ ਅਦਾਲਤ ਪਾਸੋਂ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੋਲੋ 4 ਮੋਬਾਇਲ ਫ਼ੋਨ ਇੱਕ ਮੋਬਾਇਲ ਫ਼ੋਨ ਰੈੱਡ ਮੀ ਰੰਗ ਨੀਲਾ ਸਰਦਈ,ਇੱਕ ਫ਼ੋਨ ਸੈਮਸੰਗ ਕੰਪਨੀ ਰੰਗ ਬਲਿਊ ਕਾਲਾ, ਇੱਕ ਫ਼ੋਨ ਜੀਓ ਕੰਪਨੀ ਰੰਗ ਨੀਲਾ, ਇੱਕ ਫ਼ੋਨ ਵੀਵੋ ਕੰਪਨੀ ਰੰਗ ਬਲੈਕ ਬਲਿਊ ਬਰਾਮਦ ਕੀਤੇ ਗਏ ਹਨ।

**ਤੁਹਾਡਾ ਕਿਰਦਾਰ ਬੇਇਤਬਾਰੀ ਵਾਲਾ**

ਉਨ੍ਹਾਂ ਕਿਹਾ ਕਿ ਜਸਟਿਸ ਯਸ਼ਵੰਤ ਵਰਮਾ ਨੇ ਪਹਿਲਾਂ ਸੁਪਰੀਮ ਕੋਰਟ ਦਾ ਰੁਖ਼ ਇਸ ਲਈ ਕੀਤਾ ਕਿਉਂਕਿ ਟੇਪ ਜਾਰੀ ਹੋ ਚੁੱਕਾ ਸੀ ਤੇ ਉਨ੍ਹਾਂ ਦਾ ਅਕਸ ਪਹਿਲਾਂ ਹੀ ਖਰਾਬ ਹੋ ਚੁੱਕਾ ਸੀ। ਮਾਮਲੇ ਦੀ ਸੁਣਵਾਈ ਫਿਲਹਾਲ ਜਾਰੀ ਹੈ।

**ਸੂਬੇ 'ਚ ਸਾਰੇ 154 ਬਲਾਕਾਂ**

ਬਲਾਕ ਅਤੇ ਜ਼ਿਲ੍ਹਾ -ਪੱਧਰੀ ਡੇਟਾ ਅਤੇ ਫੈਸਲਾ ਲੈਣ ਦੇ ਬੇਰੋਕ ਏਕੀਕਰਨ ਨੂੰ ਸਮਰੱਥ ਬਣਾਉਣਾ, ਨਾਗਰਿਕਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਲਈ ਸੇਵਾਵਾਂ ਤੱਕ ਪਹੁੰਚ ਸੁਖਾਲੀ ਬਣਾਉਣ ਦੀ ਸਹੂਲਤ ਦੇਣਾ ਅਤੇ ਕੇਂਦਰੀ ਤੇ ਰਾਜ ਅਧਾਰਿਤ ਪੇਂਡੂ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਕੁਸ਼ਲਤਾ ਵਿੱਚ ਹੋਰ ਸੁਧਾਰ ਕਰਨਾ ਹੈ। ਪੁਨਰਗਠਿਤ ਕੀਤੇ ਗਏ ਵਿਕਾਸ ਬਲਾਕ ਸਰਕਾਰੀ ਗਜਟ ਵਿੱਚ ਨੋਟੀਫਿਕੇਸਨ ਪ੍ਰਕਾਸਤ ਹੋਣ 'ਤੇ ਅਮਲ ਵਿੱਚ ਆਉਣਗੇ। ਬੁਲਾਰੇ ਨੇ ਅੱਗੇ ਦੱਸਿਆ ਕਿ ਸਾਰੇ ਭਾਈਵਾਲਾਂ, ਜਿਨ੍ਹਾਂ ਵਿੱਚ ਫੀਲਡ ਅਫਸਰ, ਚੁਣੇ ਹੋਏ ਨੁਮਾਇੰਦੇ ਅਤੇ ਆਮ ਜਨਤਾ ਸਾਮਲ ਹੈ, ਨੂੰ ਸਮੇਂ-ਸਮੇਂ ਸਿਰ ਸੂਚਿਤ ਕੀਤਾ ਗਿਆ। ਇਸੇ ਤਰ੍ਹਾਂ ਅੱਪਡੇਟ ਕੀਤੇ ਨਕਸੇ ਅਤੇ ਪ੍ਰਸਾਸਕੀ ਆਦੇਸ ਵੇਲੇ ਸਿਰ ਪੇਂਡੂ ਵਿਕਾਸ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਉਪਲਬਧ ਕਰਵਾਏ ਜਾਣਗੇ। ਇਹ ਸੁਧਾਰ ਪਾਰਦਰਸੀ, ਜਵਾਬਦੇਹ ਅਤੇ ਸ਼ਕਤੀਆਂ ਦੇ ਵਿਕੇਂਦਰੀਕਰਨ ਵਾਲੇ ਪੇਂਡੂ ਸਾਸਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

### ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ

ਰਾਜ ਸਭਾ ਐਮ ਪੀ ਸਰਦਾਰ ਵਿਕਰਮਜੀਤ ਸਿੰਘ ਸਾਹਨੀ, ਸਾਬਕਾ ਐਮ ਪੀ ਸਰਦਾਰ ਤਰਲੋਚਨ ਸਿੰਘ ਸਮੇਤ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਰੇਖਾ ਗੁਪਤਾ ਨੇ ਕਿਹਾ ਕਿ ਇਹ ਦਿੱਲੀ ਦੇ ਲੋਕਾਂ ਦਾ ਸੁਭਾਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਰਤ ਵਿਚ ਹਿੰਦੂ ਧਰਮ ਦੀ ਰਾਖੀ ਵਾਸਤੇ ਆਪਣੀ ਸ਼ਹਾਦਤ ਦਿੱਤੀ ਸੀ ਤੇ ਅੱਜ ਦਿੱਲੀ ਦੇ ਲੋਕ ਹੀ 350 ਸ਼ਹੀਦੀ ਦਿਹਾੜਾ ਮਨਾਉਣ ਦਾ ਸੁਭਾਗ ਪ੍ਰਾਪਤ ਕਰ ਰਹੇ ਹਨ। ਉਹਨਾਂ ਕਿਹਾ ਦਿੱਲੀ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਜਦੋਂ ਦਿੱਲੀ ਸਰਕਾਰ ਨੂੰ ਇਹ ਦਿਹਾੜਾ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਪਹਿਲੀ ਵਾਰ ਅਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ਜੋ ਦੁਨੀਆਂ ਭਰ ਵਿਚ ਰਹਿੰਦੇ ਸਮੇਂ ਤੱਕ ਯਾਦ ਰੱਖੇ ਜਾਣਗੇ। ਇਸ ਮੌਕੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਤੇ ਕਪਿਲ ਮਿਸ਼ਰਾ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਅੰਤਿਮ ਸਸਕਾਰ ਦਿੱਲੀ ਵਿਚ ਹੋਇਆ ਸੀ, ਤੇ ਦਿੱਲੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪੰਥਕ ਸੰਸਥਾਵਾਂ ਨਾਲ ਮਿਲ ਕੇ ਲਾਲ ਕਿਲ੍ਹੇ 'ਤੇ ਇਹ ਸਮਾਗਮ ਤਿੰਨ ਦਿਨ ਚੱਲੇਗਾ। ਉਹਨਾਂ ਦੱਸਿਆ ਕਿ ਸਮਾਗਮ ਆਪਣੇ ਵਿਚ ਯਾਦਗਾਰੀ ਹੋਵੇਗਾ, ਉਹ ਇਹ ਭਰੋਸਾ ਦੁਆਉਂਦੇ ਹਨ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਲਾਲ ਕਿਲ੍ਹੇ ਦੇ ਸਮਾਗਮਾਂ ਤੋਂ ਇਲਾਵਾ ਦਿੱਲੀ ਦੇ ਬਾਹਰੋਂ ਬਹੁਤ ਵੱਡੇ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਪਹੁੰਚਣਗੇ। ਉਹਨਾਂ ਇਹ ਵੀ ਦੱਸਿਆ ਕਿ ਦਿੱਲੀ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਇਕ ਵਿਸ਼ੇਸ਼ ਜੰਗਲ ਵੀ ਤਿਆਰ ਕੀਤਾ ਜਾ ਰਿਹਾ ਹੈ ਅਤੇ ਸਿੰਘੂ ਬਾਰਡਰ 'ਤੇ ਸਥਿਤ ਯਾਦਗਾਰ ਦਾ ਨਵੀਨੀਕਰਨ ਕਰਦੇ ਹੋਏ, ਅਜਿਹੀ ਵਿਵਸਥਾ ਕੀਤੀ ਜਾਵੇਗੀ ਕਿ ਵਿਦਿਆਰਥੀ ਜਾ ਕੇ ਗੁਰੂ ਸਾਹਿਬ ਦੇ ਜੀਵਨ ਬਾਰੇ ਅਧਿਐਨ ਕਰ ਸਕਣ। ਉਹਨਾਂ ਦੱਸਿਆ ਕਿ ਇਹਨਾਂ ਸਮਾਗਮਾਂ ਦੇ ਹਿੱਸੇ ਵਜੋਂ ਲਾਈਟ ਐਂਡ ਸਾਊਂਡ ਸ਼ੋਅ ਵੀ ਹੋਣਗੇ, ਕੀਰਤਨ ਸਮਾਗਮ ਹੋਣਗੇ, ਚਿੱਤਰ ਪ੍ਰਦਰਸ਼ਨੀਆਂ ਵੀ ਲੱਗਣਗੀਆਂ। ਸਰਦਾਰ ਸਿਰਸਾ ਤੇ ਸ੍ਰੀ ਕਪਿਲ ਮਿਸ਼ਰਾ ਨੇ ਇਤਿਹਾਸਕ ਫੈਸਲਿਆਂ ਵਾਸਤੇ ਦਿੱਲੀ ਦੇ ਮੁੱਖ ਮੰਤਰੀ ਦਾ ਧੰਨਵਾਦ ਵੀ ਕੀਤਾ ਤੇ ਭਰੋਸਾ ਦੁਆਇਆ ਕਿ ਸਮੁੱਚੀਆਂ ਪੰਥਕ ਜਥੇਬੰਦੀਆਂ ਤੇ ਸੰਗਠਨ ਇਸ ਮਾਮਲੇ ਵਿਚ ਹਰ ਤਰੀਕੇ ਦਾ ਸਹਿਯੋਗ ਕਰਨਗੇ। ਉਹਨਾਂ ਦੱਸਿਆ ਕਿ ਦਿੱਲੀ ਸਰਕਾਰ ਵੱਲੋਂ ਕਲਾ ਤੇ ਸੱਭਿਆਚਾਰ ਮੰਤਰਾਲਾ ਜੋ ਕਿ ਕਪਿਲ ਮਿਸ਼ਰਾ ਦੇ ਅਧੀਨ ਹੈ, ਵੱਲੋਂ ਇਹ ਪ੍ਰੋਗਰਾਮ ਨੇਪਰੇ ਚੜ੍ਹਾਏ ਜਾਣਗੇ।ਇਸ ਮੌਕੇ ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਸਮੇਤ ਸਮੁੱਚੀਆਂ ਪੰਥਕ ਜਥੇਬੰਦੀਆਂ ਇਹਨਾਂ ਪ੍ਰੋਗਰਾਮਾਂ ਵਾਸਤੇ ਵੱਧ ਚੜ੍ਹ ਕੇ ਯੋਗਦਾਨ ਪਾਉਣਗੀਆਂ। ਉਹਨਾਂ ਕਿਹਾ ਕਿ ਇਹ ਜੀਵਨ ਭਰ ਵਿਚ ਪਹਿਲੀ ਵਾਰ ਮਿਲਣ ਵਾਲਾ ਅਜਿਹਾ ਮੌਕਾ ਹੈ ਜਿਸਨੂੰ ਮਾਣ ਕਿ ਸਮੁੱਚੀ ਸੰਗਤ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਚਾਹੇਗੀ। ਉਹਨਾਂ ਕਿਹਾ ਕਿ ਅਸੀਂ ਦਿੱਲੀ ਸਰਕਾਰ ਦੇ ਦਿਲੋਂ ਧੰਨਵਾਦੀ ਹਾਂ ਜਿਹਨਾਂ ਵੱਲੋਂ ਇਸ ਉਪਰਾਲੇ ਵਿਚ ਪਹਿਲਕਦਮੀ ਕੀਤੀ ਜਾ ਰਹੀ ਹੈ ਤੇ ਦਿੱਲੀ ਵਿਚ ਵਿਧਾਨ ਸਭਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਅਜਿਹੇ ਪ੍ਰੋਗਰਾਮ ਲਾਲ ਕਿਲ੍ਹੇ 'ਤੇ ਆਯੋਜਿਤ ਕੀਤੇ ਜਾਣਗੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ








ਪਟਿਆਲਾ, 30 ਜੁਲਾਈ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐਸ.ਐਸ.ਟੀ. ਨਗਰ ਪਟਿਆਲਾ ਵਿਖੇ ਮਿਤੀ 30 ਜੁਲਾਈ 2025 ਨੂੰ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ ਅਤੇ ਇਹ ਸਾਵਣ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਸਕੂਲ ਦੇ ਬੱਚਿਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਨਰਸਰੀ ਜਮਾਤ ਤੋਂ ਸੱਤਵੀਂ ਜਮਾਤ ਦੇ ਬੱਚਿਆਂ ਵੱਲੋਂ ਤੀਆਂ 'ਤੇ ਆਧਾਰਿਤ ਪੰਜਾਬੀ ਗਾਣਿਆ, ਲੋਕ ਗੀਤਾਂ ਤੇ ਬਹੁਤ ਹੀ ਸੋਹਣਾ ਡਾਂਸ ਪੇਸ਼ ਕੀਤਾ ਗਿਆ।ਛੋਟੇ-ਛੋਟੇ ਬੱਚਿਆਂ ਵੱਲੋਂ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ ਗਿਆ। ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਇਸ ਪ੍ਰੋਗਰਾਮ ਨੂੰ ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਦਰਦੀ ਅਤੇ ਸਕੂਲ ਦੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਵੱਲੋਂ ਬਹੁਤ ਸਲਾਹਿਆ ਗਿਆ। ਬੱਚਿਆਂ ਵੱਲੋਂ ਮੈਡਮ ਦਰਦੀ ਅਤੇ ਮੈਡਮ ਪ੍ਰਿੰਸੀਪਲ ਦੇ ਮਹਿੰਦੀ ਵੀ ਲਗਾਈ ਗਈ। ਸਾਰੇ ਬੱਚੇ ਰੰਗ ਬਿਰੰਗੀਆਂ ਫੁਲਕਾਰੀਆਂ ਅਤੇ ਪੰਜਾਬੀ ਪਹਿਰਾਵੇ ਵਿੱਚ ਬਹੁਤ ਸੁੰਦਰ ਲੱਗ ਰਹੇ ਸਨ। ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਵੀ ਮਿਲ ਕੇ ਖੂਬ ਗਿੱਧਾ ਅਤੇ ਭੰਗੜਾ ਪਾਇਆ ਗਿਆ। ਸਾਰਿਆਂ ਨੇ ਪ੍ਰੋਗਰਾਮ ਦਾ ਬਹੁਤ ਆਨੰਦ ਮਾਣਿਆ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਲਿਆਣੀ ਦੇ ਪਹਿਲੇ ਕਨਵੋਕੇਸ਼ਨ ਸਮਾਰੋਹ ਵਿੱਚ ਕੀਤੀ ਸ਼ਿਰਕਤ

ਨਵੀਂ ਦਿੱਲੀ, 30 ਜੁਲਾਈ (ਅੰਮ੍ਰਿਤਪਾਲ ਸਿੰਘ) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ, ਨੇ ਅੱਜ ਨੂੰ ਏਮਜ਼, ਕਲਿਆਣੀ ਦੇ ਪਹਿਲੇ ਕਨਵੋਕੇਸ਼ਨ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਸ ਮੌਕੇ 'ਤੇ ਬੋਲਦਿਆਂ, ਰਾਸ਼ਟਰਪਤੀ ਨੇ ਕਿਹਾ ਕਿ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਡਾਕਟਰਾਂ ਨੇ ਰਾਸ਼ਟਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਔਸਤ ਜੀਵਨ ਸੰਭਾਵਨਾ, ਜੋ ਆਜ਼ਾਦੀ ਦੇ ਸਮੇਂ ਸਿਰਫ 32 ਸਾਲ ਸੀ, ਹੁਣ ਦੁੱਗਣੀ ਤੋਂ ਵੱਧ ਕੇ ਲਗਭਗ 70 ਸਾਲ ਹੋ ਗਈ ਹੈ। ਪਿਛਲੇ ਕੁਝ ਸਾਲਾਂ ਵਿੱਚ ਟੀਕਾਕਰਨ ਦੇ ਖੇਤਰ ਵਿੱਚ ਅਸਾਧਾਰਨ ਤਰੱਕੀ ਹੋਈ ਹੈ। ਬਹੁਤ ਸਾਰੀਆਂ ਬਿਮਾਰੀਆਂ ਦਾ ਖਾਤਮਾ ਕੀਤਾ ਗਿਆ ਹੈ। ਉਦਾਹਰਣ ਵਜੋਂ, ਭਾਰਤ ਨੂੰ ਪਿਛਲੇ ਸਾਲ ਟ੍ਰੈਕੋਮਾ-ਮੁਕਤ ਘੋਸ਼ਿਤ ਕੀਤਾ ਗਿਆ ਸੀ। ਪਰ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ ਜਿਨ੍ਹਾਂ ਵਿੱਚ ਨੌਜਵਾਨ ਡਾਕਟਰ ਇੱਕ ਨਿਰਣਾਇਕ ਭੂਮਿਕਾ ਨਿਭਾਉਣਗੇ। ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਮੋਟਾਪੇ ਵਰਗੀਆਂ ਸਿਹਤ ਸਮੱਸਿਆਵਾਂ ਨੂੰ ਕੰਟਰੋਲ ਕਰਨ ਵਿੱਚ ਡਾਕਟਰਾਂ ਦੀ ਅਤੇ ਹੋਰ ਹਿੱਸੇਦਾਰਾਂ ਨਾਲੋਂ ਵੱਡੀ ਭੂਮਿਕਾ ਹੈ।ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਏਮਜ਼, ਕਲਿਆਣੀ ਦੇ ਪਹਿਲੇ ਬੈਚ ਦੇ ਰੂਪ ਵਿੱਚ, ਉਹ ਇਸ ਸੰਸਥਾ ਦੇ ਸਭ ਤੋਂ ਸੀਨੀਅਰ ਸਾਬਕਾ ਵਿਦਿਆਰਥੀ ਹਨ। ਇਸ ਸੰਸਥਾ ਦੀ ਪਛਾਣ ਬਣਾਉਣ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ। ਇਸ ਤਰ੍ਹਾਂ, ਉਹ ਏਮਜ਼ ਕਲਿਆਣੀ ਦੇ ਭਵਿੱਖ ਦੇ ਨਿਰਮਾਤਾ ਵੀ ਹਨ।ਰਾਸ਼ਟਰਪਤੀ ਨੇ ਕਿਹਾ ਕਿ ਯੋਜਨਾਬੱਧ ਸ਼ਹਿਰ ਕਲਿਆਣੀ ਦਾ ਨੀਂਹ ਪੱਥਰ ਡਾ. ਬਿਧਾਨ ਚੰਦਰ ਰਾਏ ਨੇ ਰੱਖਿਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਜੋਂ ਆਪਣੇ ਲੰਬੇ ਕਾਰਜਕਾਲ ਦੌਰਾਨ ਵੀ, ਡਾ. ਬੀ.ਸੀ. ਰਾਏ ਮਰੀਜ਼ਾਂ ਦੀ ਮੁਫ਼ਤ ਸੇਵਾ ਕਰਦੇ ਰਹੇ।ਰਾਸ਼ਟਰਪਤੀ ਨੇ ਡਾਕਟਰਾਂ ਨੂੰ ਅਜਿਹੀ ਜੀਵਨ ਸ਼ੈਲੀ ਅਪਣਾਉਣ ਲਈ ਕਿਹਾ ਜੋ ਆਮ ਲੋਕਾਂ ਲਈ ਇੱਕ ਉਦਾਹਰਣ ਬਣ ਸਕੇ। ਉਨ੍ਹਾਂ ਕਿਹਾ ਕਿ ਜੈਨੇਟਿਕ ਪ੍ਰਗਟਾਵੇ ਵੱਖੋ-ਵੱਖਰੇ ਮਾਮਲੇ ਹਨ, ਪਰ ਜ਼ਿਆਦਾਤਰ ਸਿਹਤ ਸਮੱਸਿਆਵਾਂ ਨੂੰ ਸਹੀ ਖੁਰਾਕ ਅਤੇ ਜੀਵਨ ਸ਼ੈਲੀ ਦੀ ਮਦਦ ਨਾਲ ਬਹੁਤ ਹੱਦ ਤੱਕ ਰੋਕਿਆ ਜਾਂ ਹੱਲ ਕੀਤਾ ਜਾ ਸਕਦਾ ਹੈ। ਦਵਾਈਆਂ ਤੋਂ ਇਲਾਵਾ, ਉਨ੍ਹਾਂ ਨੂੰ ਇਲਾਜ ਲਈ ਉਨ੍ਹਾਂ ਕੋਲ ਆਉਣ ਵਾਲੇ ਲੋਕਾਂ ਨੂੰ ਜੀਵਨ ਸ਼ੈਲੀ ਨਾਲ ਸਬੰਧਤ ਸਲਾਹ ਵੀ ਦੇਣੀ ਚਾਹੀਦੀ ਹੈ।






ਦਿੱਲੀ ਵਿਖੇ ਸੱਦੀ ਗਈ ਮੀਟਿੰਗ ਦੌਰਾਨ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਉਣ ਸਬੰਧੀ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦੇ ਹੋਏ ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ, ਨਾਲ ਨਜ਼ਰ ਆ ਰਹੇ ਹਨ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਦਿੱਲੀ ਡਾਇਰੈਕਟਰ ਸ੍ਰ. ਅੰਮ੍ਰਿਤਪਾਲ ਸਿੰਘ।

# ਕੈਨੇਡੀਅਨ ਬਾਰਡਰ ਅਧਿਕਾਰੀਆਂ ਨੂੰ 600 ਅਪਰਾਧਿਕ ਰਿਕਾਰਡ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਡਿਪੋਰਟੇਸ਼ਨ ਲਈ ਭਾਲ

ਓਟਾਵਾ, 30 ਜੁਲਾਈ (ਚ.ਨ.ਸ.) : ਕੈਨੇਡੀਅਨ ਬਾਰਡਰ ਸੇਵਾ ਏਜੰਸੀ ਵੱਲੋਂ ਲਗਪਗ 600 ਵਿਦੇਸ਼ੀ ਨਾਗਰਿਕਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਦੇ ਅਪਰਾਧਕ ਰਿਕਾਰਡ ਹਨ ਅਤੇ ਜਿਨ੍ਹਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿੱਚੋਂ 431 ਵਿਅਕਤੀਆਂ ਨੂੰ ਗੰਭੀਰ ਅਪਰਾਧਾਂ ਜਿਵੇਂ ਕਿ ਜਿਨਸੀ ਸ਼ੋਸ਼ਣ ਵਰਗੇ ਜੁਰਮਾਂ ਦਾ ਦੋਸ਼ੀ ਪਾਇਆ ਗਿਆ ਹੈ। ਸੀਬੀਐਸਏ ਦੇ ਅੰਕੜਿਆਂ ਅਨੁਸਾਰ, 1,635 ਵਿਦੇਸ਼ੀ ਨਾਗਰਿਕ ਜਿਨ੍ਹਾਂ ਨੇ ਕੈਨੇਡਾ 'ਚ ਅਪਰਾਧ ਕੀਤੇ ਹਨ, ਨੂੰ ਡਿਪੋਰਟੇਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਇਨ੍ਹਾਂ ਵਿੱਚੋਂ 599 ਜਣੇ ਡਿਪੋਰਟੇਸ਼ਨ ਪ੍ਰਕਿਰਿਆ 'ਚ ਸ਼ਾਮਲ ਨਹੀਂ ਹੋਏ ਅਤੇ ਏਜੰਸੀ ਦੀ ਵਾਂਟੇਡ ਸੂਚੀ 'ਚ ਸ਼ਾਮਲ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ।ਸੀਬੀਐਸਏ ਦੇ ਅੰਕੜਿਆਂ ਅਨੁਸਾਰ, ਇਨ੍ਹਾਂ 599 ਜਣਿਆਂ 'ਚੋਂ 315 ਨੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਡਿਪੋਰਟੇਸ਼ਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ ਜਦਕਿ 46 ਜਣੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਅਧਿਕਾਰੀਆਂ ਤੋਂ ਬਚ ਰਹੇ ਹਨ। ਇਸ ਤੋਂ ਇਲਾਵਾ, 361 ਵਿਅਕਤੀ ਪਿਛਲੇ ਦੋ ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਲੁਕਣ ਵਿੱਚ ਕਾਮਯਾਬ ਰਹੇ ਹਨ।ਸੀਬੀਐਸਏ ਦੇ ਬੁਲਾਰੇ ਲੂਕ ਰੀਮਰ ਨੇ ਕਿਹਾ ਕਿ ਅਪਰਾਧਿਕਤਾ ਕਾਰਨ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਦੇਸ਼ ਤੋਂ ਬਾਹਰ ਕੀਤਾ ਜਾਂਦਾ ਹੈ ਤਾਂ ਜੋ ਕੈਨੇਡਾ ਅਤੇ ਇਸ ਦੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਜਿਹੜੇ ਵਿਅਕਤੀ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਉਹ ਅਕਸਰ ਆਪਣੇ ਪਰਿਵਾਰ ਜਾਂ ਕਮਿਊਨਿਟੀ ਦੇ ਮੈਂਬਰਾਂ ਦੀ ਮਦਦ ਲੈਂਦੇ ਹਨ ਜਾਂ ਝੂਠੀ ਪਛਾਣ ਦੀ ਵਰਤੋਂ ਕਰਦੇ ਹਨ।ਇਨ੍ਹਾਂ ਵਿੱਚੋਂ 401 ਵਿਅਕਤੀ ਜੇਲ੍ਹ 'ਚ ਸਜ਼ਾ ਕੱਟ ਰਹੇ ਹਨ ਅਤੇ ਸਜ਼ਾ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਛੱਡਣਾ ਪਵੇਗਾ। ਸੀਬੀਐਸਏ ਨੇ ਦੱਸਿਆ ਕਿ 29 ਵਿਦੇਸ਼ੀ ਨਾਗਰਿਕ, ਜਿਨ੍ਹਾਂ ਦੇ ਅਪਰਾਧਿਕ ਰਿਕਾਰਡ ਹਨ ਅਤੇ ਜਿਨ੍ਹਾਂ ਨੂੰ ਡਿਪੋਰਟ ਕੀਤਾ ਜਾਣਾ ਹੈ, ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ।




# ਸਾਂਸਦ ਬਲਬੀਰ ਸਿੰਘ ਸੀਚੇਵਾਲ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 30 ਜੁਲਾਈ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਮੁਲਾਕਾਤ ਦੌਰਾਨ ਪੰਜਾਬ ਸਮੇਤ ਨੈਸ਼ਨਲ ਹਾਈਵੇਅ ਕਾਲਾ ਸੰਘਿਆ ਡਰੇਨ ਅਤੇ ਬੁੱਢੇ ਦਰਿਆ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਬਲਬੀਰ ਸਿੰਘ ਸੀਚੇਵਾਲ ਨੇ ਇਸ ਸਬੰਧੀ ਆਪਣੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਲਿਖਿਆ ਹੈ ਕਿ "ਸਤਿਕਾਰਯੋਗ ਕੇਂਦਰੀ ਮੰਤਰੀ ਸ੍ਰੀ ਨਿਤਿਨ ਗਡਕਰੀ ਨਾਲ ਮੁਲਾਕਤ ਦੌਰਾਨ ਨੈਸ਼ਨਲ ਹਾਈਵੇਅ ਤੇ ਬਣੀਆਂ ਪੁਲੀਆਂ ਕਾਰਣ ਹੜ੍ਹਾਂ ਵਰਗੇ ਬਣਦੇ ਹਲਾਤਾਂ ਦਾ ਮੁੱਦਾ ਉਹਨਾਂ ਦੇ ਧਿਆਨ ਵਿੱਚ ਲਿਆਂਦਾ। ਮੁਲਾਕਾਤ ਦੌਰਾਨ ਪੰਜਾਬ ਦੇ ਮੁੱਦਿਆਂ ਸਮੇਤ ਨੈਸ਼ਨਲ ਹਾਈਵੇਅ ਨੰਬਰ 44 ਜੋ ਕਿ ਕਾਲਾ ਸੰਘਿਆ ਡਰੇਨ ਅਤੇ ਬੁੱਢੇ ਦਰਿਆ ਉਪਰ ਦੀ ਲੰਘਦਾ ਹੈ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਗਿਆ। ਇੰਨ੍ਹਾ ਦੇ ਨਿਰਮਾਣ ਕਾਰਜ ਦੌਰਾਨ ਹੇਠ ਪਏ ਮਲਬੇ ਨੂੰ ਚੁੱਕਣ ਲਈ ਅਧਿਕਾਰੀਆਂ ਜਾਂ ਠੇਕੇਦਾਰ ਦੀ ਜ਼ੁੰਮੇਵਾਰੀ ਅਤੇ ਜੁਆਬਦੇਹੀ ਤੈਅ ਕਰਨ ਦੀ ਮੰਗ ਕੀਤੀ ਗਈ।



# ਬੈਂਕ ਆਫ਼ ਮਹਾਰਾਸ਼ਟਰ ਦੀ ਮੁੱਲਾਂਪੁਰ ਗਰੀਬਦਾਸ ਸ਼ਾਖਾ ਦਾ ਉਦਘਾਟਨ



ਮੁੱਲਾਂਪੁਰ ਗਰੀਬਦਾਸ, 30 ਜੁਲਾਈ (ਅੰਮ੍ਰਿਤਪਾਲ ਸਿੰਘ) : ਬੈਂਕ ਆਫ਼ ਮਹਾਰਾਸ਼ਟਰ ਨੇ ਆਪਣੀ ਨਵੀਂ ਸ਼ਾਖਾ ਮੁੱਲਾਂਪੁਰ ਗਰੀਬਦਾਸ ਦਾ ਉਦਘਾਟਨ ਪੰਜਾਬ ਦੇ ਵਿੱਤ ਮੰਤਰੀ ਮਾਣਯੋਗ ਸ੍ਰੀ ਹਰਪਾਲ ਸਿੰਘ ਚੀਮਾ ਦੇ ਹੱਥੋਂ ਕੀਤਾ।

ਇਸ ਮੌਕੇ 'ਤੇ ਬੈਂਕ ਆਫ਼ ਮਹਾਰਾਸ਼ਟਰ, ਲੁਧਿਆਣਾ ਜ਼ੋਨ ਦੇ ਜ਼ੋਨਲ ਮੁਖੀ, ਸ਼੍ਰੀ ਐਸ. ਕੇ. ਤ੍ਰਿਵੇਦੀ ਵੀ ਮੌਜੂਦ ਸਨ,ਆਪਣੇ ਸੰਬੋਧਨ ਵਿੱਚ, ਜ਼ੋਨਲ ਮੁਖੀ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਸੀਂ ਮੁੱਲਾਂਪੁਰ ਵਿੱਚ ਆਪਣੇ ਗਾਹਕਾਂ ਨੂੰ ਬਿਹਤਰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਆਪਣੀ ਮੌਜੂਦਗੀ ਦਾ ਵਿਸਤਾਰ ਕਰ ਰਹੇ ਹਾਂ। ਬੈਂਕ ਆਫ਼ ਮਹਾਰਾਸ਼ਟਰ ਨੇ ਹਮੇਸ਼ਾ ਆਪਣੇ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕੀਤੀ ਹੈ। ਸਾਡੀ ਨਵੀਂ ਸ਼ਾਖਾ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਤਾਂ ਜੋ ਅਸੀਂ ਆਪਣੇ ਗਾਹਕਾਂ ਨੂੰ ਹੋਰ ਵੀ ਵਧੀਆ ਸੇਵਾਵਾਂ ਪ੍ਰਦਾਨ ਕਰ ਸਕੀਏ। ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੈਂਕ ਵਿੱਚ ਸ਼ਾਮਲ ਹੋ ਕੇ ਸਾਨੂੰ ਸੇਵਾ ਕਰਨ ਦਾ ਵੱਧ ਤੋਂ ਵੱਧ ਮੌਕਾ ਦੇਣ। ਸਾਨੂੰ ਉਮੀਦ ਹੈ ਕਿ ਸਾਡੀ ਨਵੀਂ ਸ਼ਾਖਾ ਮੁੱਲਾਂਪੁਰ ਦੇ ਲੋਕਾਂ ਲਈ ਇੱਕ ਮਹੱਤਵਪੂਰਨ ਬੈਂਕਿੰਗ ਭਾਈਵਾਲ ਸਾਬਤ ਹੋਵੇਗੀ ਅਤੇ ਅਸੀਂ ਉਨ੍ਹਾਂ ਦੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਾਂਗੇ। ਇਸ ਮੌਕੇ 'ਤੇ ਸ਼ਾਖਾ ਮੁਖੀ ਸ਼੍ਰੀਮਤੀ ਅਨੁ ਸੈਣੀ ਅਤੇ ਨੇੜਲੇ ਪਤਵੰਤੇ ਮੌਜੂਦ ਸਨ।

### *ਹੁਣ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਯੂਟਿਊਬ ਦੀ ਵਰਤੋਂ ਕਰਨ 'ਤੇ ਲੱਗੇਗੀ ਪਾਬੰਦੀ*

# 13 ਤੋਂ 15 ਸਾਲ ਦੇ ਲਗਭਗ ਤਿੰਨ-ਚੌਥਾਈ ਬੱਚੇ ਵਰਤ ਰਹੇ ਨੇ ਯੂਟਿਊਬ




ਸਿਡਨੀ, 30 ਜੁਲਾਈ (ਚ.ਨ.ਸ.) : ਨਾਬਾਲਗਾਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਦਾ ਦਾਇਰਾ ਵਧਾਉਂਦਿਆਂ ਹੁਣ ਯੂਟਿਊਬ ਨੂੰ ਵੀ ਇਸ ਵਿੱਚ ਸ਼ਾਮਲ ਕਰ ਲਿਆ ਹੈ। ਇਹ ਵੱਡਾ ਫੈਸਲਾ ਆਸਟਰੇਲੀਆ ਸਰਕਾਰ ਵੱਲੋਂ ਲਿਆ ਗਿਆ ਹੈ, ਜਿਸ ਨਾਲ ਸਰਕਾਰ ਵੱਲੋਂ ਪਹਿਲਾਂ ਦਿੱਤੀ ਗਈ ਛੋਟ ਖ਼ਤਮ ਹੋ ਗਈ ਹੈ। ਪ੍ਰਧਾਨ ਮੰਤਰੀ ਐਨਥਨੀ ਅਲਬਾਨੀਜ਼ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਮਾਪਿਆਂ ਦੇ ਨਾਲ ਹਨ ਅਤੇ ਆਸਟਰੇਲੀਆਈ ਬੱਚਿਆਂ 'ਤੇ ਆਨਲਾਈਨ ਪਲੇਟਫਾਰਮਾਂ ਦੇ ਨਕਾਰਾਤਮਕ ਪ੍ਰਭਾਵ ਨੂੰ ਦੇਖਦੇ ਹੋਏ ਇਹ ਕਦਮ ਚੁੱਕਿਆ ਗਿਆ ਹੈ।ਇਹ ਫੈਸਲਾ ਇੰਟਰਨੈਟ ਰੈਗੂਲੇਟਰ ਦੀ ਸਿਫ਼ਾਰਸ਼ ਤੋਂ ਬਾਅਦ ਆਇਆ ਹੈ, ਜਿਸ ਨੇ ਇੱਕ ਸਰਵੇਖਣ ਦਾ ਹਵਾਲਾ ਦਿੱਤਾ ਸੀ ਕਿ 37 ਫੀਸਦੀ ਨਾਬਾਲਗਾਂ ਨੇ ਯੂਟਿਊਬ 'ਤੇ ਨੁਕਸਾਨਦੇਹ ਸਮੱਗਰੀ ਦੇਖਣ ਦੀ ਰਿਪੋਰਟ ਕੀਤੀ, ਜੋ ਕਿ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਵਿੱਚੋਂ ਸਭ ਤੋਂ ਵੱਧ ਸੀ।ਦਸੰਬਰ ਮਹੀਨੇ ਤੋਂ ਲਾਗੂ ਹੋਣ ਵਾਲੀ ਇਸ ਪਾਬੰਦੀ ਵਿੱਚ ਹੁਣ ਯੂਟਿਊਬ ਵੀ ਸ਼ਾਮਲ ਹੈ।ਦੂਜੇ ਪਾਸੇ ਯੂਟਿਊਬ ਦਾ ਕਹਿਣਾ ਹੈ ਕਿ ਇਸ ਨੂੰ ਆਸਟਰੇਲੀਆ ਦੇ 13 ਤੋਂ 15 ਸਾਲ ਦੇ ਲਗਭਗ ਤਿੰਨ-ਚੌਥਾਈ ਬੱਚੇ ਵਰਤਦੇ ਹਨ ਅਤੇ ਇਸ ਨੂੰ ਸੋਸ਼ਲ ਮੀਡੀਆ ਵਜੋਂ ਸ਼੍ਰੇਣੀਬੱਧ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਇਸ ਦਾ ਮੁੱਖ ਕੰਮ ਵੀਡੀਓਜ਼ ਹੋਸਟ ਕਰਨਾ ਹੈ।ਜ਼ਿਕਰਯੋਗ ਹੈ ਕਿ ਪਹਿਲਾਂ ਸਰਕਾਰ ਨੇ ਯੂਟਿਊਬ ਨੂੰ ਇਸ ਦੀ ਅਧਿਆਪਕਾਂ ਵਿੱਚ ਪ੍ਰਸਿੱਧੀ ਕਾਰਨ ਛੋਟ ਦਿੱਤੀ ਸੀ, ਪਰ ਫੇਸਬੁੱਕ, ਇੰਸਟਾਗ੍ਰਾਮ, ਸਨੈਪਚੈਟ ਅਤੇ ਟਿਕਟੌਕ ਵਰਗੇ ਹੋਰ ਪਲੇਟਫਾਰਮਾਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਯੂਟਿਊਬ ਵੀ ਉਨ੍ਹਾਂ ਦੇ ਉਤਪਾਦਾਂ ਵਰਗਾ ਹੈ ਕਿਉਂਕਿ ਇਹ ਵੀ ਉਪਭੋਗਤਾਵਾਂ ਨੂੰ ਆਪਸ ਵਿੱਚ ਗੱਲਬਾਤ ਕਰਨ ਦਿੰਦਾ ਹੈ ਅਤੇ ਐਲਗੋਰਿਦਮ ਰਾਹੀਂ ਸਮੱਗਰੀ ਦੀ ਸਿਫਾਰਸ਼ ਕਰਦਾ ਹੈ।ਇਸ ਪਾਬੰਦੀ ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਯੂਟਿਊਬ ਖਾਤੇ ਬਣਾਉਣ ਦੀ ਮਨਾਹੀ ਹੋਵੇਗੀ, ਹਾਲਾਂਕਿ ਮਾਪੇ ਅਤੇ ਅਧਿਆਪਕ ਬੱਚਿਆਂ ਨੂੰ ਵੀਡੀਓ ਦਿਖਾ ਸਕਣਗੇ। ਆਸਟਰੇਲੀਅਨ ਪ੍ਰਾਇਮਰੀ ਪ੍ਰਿੰਸੀਪਲਜ਼ ਐਸੋਸੀਏਸ਼ਨ ਨੇ ਇਸ ਪਾਬੰਦੀ ਦਾ ਸਮਰਥਨ ਕੀਤਾ ਹੈ। ਸਾਈਬਰ ਸੁਰੱਖਿਆ ਫਰਮ ਆਰਕਟਿਕ ਵੁਲਫ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਯੂਟਿਊਬ ਵਰਗੇ ਪਲੇਟਫਾਰਮਾਂ 'ਤੇ ਗਲਤ ਜਾਣਕਾਰੀ ਦੇ ਫੈਲਣ ਨੂੰ ਬਹੁਤ ਤੇਜ਼ ਕਰ ਦਿੱਤਾ ਹੈ। ਇਸ ਲਈ ਆਸਟਰੇਲੀਆਈ ਸਰਕਾਰ ਦਾ ਇਹ ਕਦਮ ਬੱਚਿਆਂ ਦੀ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹੈ।ਇਸ ਫੈਸਲੇ ਨੇ ਗੂਗਲ ਦੀ ਮੂਲ ਕੰਪਨੀ ਐਲਫਾਬੇਟ ਨਾਲ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ, ਜਿਸ ਨੇ ਪਹਿਲਾਂ 2021 ਵਿੱਚ ਇੱਕ ਕਾਨੂੰਨ ਤੋਂ ਬਚਣ ਲਈ ਆਸਟਰੇਲੀਆ ਤੋਂ ਕੁਝ ਸੇਵਾਵਾਂ ਵਾਪਸ ਲੈਣ ਦੀ ਧਮਕੀ ਦਿੱਤੀ ਸੀ। ਯੂਟਿਊਬ ਨੇ ਸਰਕਾਰ ਨੂੰ ਇਸ ਕਾਨੂੰਨੀ ਪ੍ਰਕਿਰਿਆ ਦਾ ਸਨਮਾਨ ਕਰਨ ਦੀ ਅਪੀਲ ਕੀਤੀ ਹੈ ਅਤੇ ਆਸਟਰੇਲੀਆਈ ਮੀਡੀਆ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਯੂਟਿਊਬ ਅਦਾਲਤੀ ਚੁਣੌਤੀ ਦੇਣ ਦੀ ਤਿਆਰੀ ਕਰ ਰਿਹਾ ਹੈ, ਹਾਲਾਂਕਿ ਯੂਟਿਊਬ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।

# ਗਾਜ਼ਾ 'ਚ ਭੁੱਖਮਰੀ: ਇੱਕ ਕਿਲੋ ਆਟਾ 60 ਡਾਲਰ ਦਾ ਫਲਸਤੀਨੀਆਂ ਲਈ ਭੇਜੀਆਂ ਖ਼ੁਰਾਕੀ ਵਸਤਾਂ ਉੱਚੀਆਂ ਕੀਮਤਾਂ 'ਤੇ ਵੇਚ ਰਹੇ ਨੇ ਵਪਾਰੀ



ਦੀਰ ਅਲ-ਬਲਾਹ, 30 ਜੁਲਾਈ (ਚ.ਨ.ਸ.) : ਇਜ਼ਰਾਈਲ ਵੱਲੋਂ ਤਬਾਹ ਗਾਜ਼ਾ ਅੰਨ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੁਰੱਖਿਆ ਵਿਵਸਥਾ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਭੁੱਖੇ ਫਲਸਤੀਨੀਆਂ ਨੂੰ ਖ਼ੁਰਾਕੀ ਵਸਤਾਂ ਪਹੁੰਚਾਉਣਾ ਲਗਪਗ ਅਸੰਭਵ ਹੋ ਗਿਆ ਹੈ। ਪਹੁੰਚਾਈ ਜਾ ਰਹੀ ਸੀਮਤ ਸਹਾਇਤਾ ਦਾ ਜ਼ਿਆਦਾਤਰ ਹਿੱਸਾ ਗਿਰੋਹਾਂ ਅਤੇ ਵਪਾਰੀਆਂ ਵੱਲੋਂ ਜਮ੍ਹਾਂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਵੱਧ ਕੀਮਤਾਂ 'ਤੇ ਵੇਚਿਆ ਜਾ ਰਿਹਾ ਹੈ।

ਹਾਲੀਆ ਦਿਨਾਂ ਦੌਰਾਨ ਇੱਕ ਕਿਲੋਗ੍ਰਾਮ ਆਟੇ ਦੀ ਕੀਮਤ 60 ਡਾਲਰ ਅਤੇ ਇੱਕ ਕਿਲੋਗ੍ਰਾਮ ਦਾਲ ਦੀ ਕੀਮਤ 35 ਡਾਲਰ 'ਤੇ ਪਹੁੰਚ ਗਈ। ਇਹ ਉਸ ਖੇਤਰ ਦੇ ਜ਼ਿਆਦਾਤਰ ਵਸਨੀਕਾਂ ਦੀ ਪਹੁੰਚ ਤੋਂ ਬਾਹਰ ਹੈ ਜਿਸ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਖੇਤਰ 'ਤੇ ਅਕਾਲ ਦਾ ਖ਼ਤਰਾ ਹੈ। ਇੱਥੇ ਲੋਕ ਇਜ਼ਰਾਈਲ-ਹਮਾਸ ਜੰਗ ਦੇ 21 ਮਹੀਨਿਆਂ ਮਗਰੋਂ ਵੀ ਆਪਣੀ ਬੱਚਤ 'ਤੇ ਨਿਰਭਰ ਹਨ। ਹੁਣ ਤੱਕ ਜੰਗ 'ਚ 60 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕੌਮਾਂਤਰੀ ਦਬਾਅ ਹੇਠ ਇਸ ਹਫ਼ਤੇ ਇਜ਼ਰਾਈਲ ਵੱਲੋਂ ਹੋਰ ਸਹਾਇਤਾ ਪਹੁੰਚਾਉਣ ਦੇ ਫ਼ੈਸਲੇ ਨਾਲ ਕੀਮਤਾਂ ਵਿੱਚ ਕੁੱਝ ਕਮੀ ਆਈ ਹੈ, ਪਰ ਜ਼ਮੀਨੀ ਪੱਧਰ 'ਤੇ ਇਸ ਦਾ ਪੂਰੀ ਤਰ੍ਹਾਂ ਅਸਰ ਨਹੀਂ ਪਿਆ।ਬਾਜ਼ਾਰਾਂ ਵਿੱਚ ਆਟੇ ਦੀਆਂ ਥੈਲੀਆਂ 'ਤੇ ਹਮੇਸ਼ਾ ਸੰਯੁਕਤ ਰਾਸ਼ਟਰ ਦਾ ਲੋਗੋ ਲੱਗਿਆ ਹੁੰਦਾ ਹੈ, ਜਦਕਿ ਹੋਰ ਪੈਕੇਜਿੰਗ 'ਤੇ ਇਹ ਸੰਕੇਤ ਹੁੰਦਾ ਹੈ ਕਿ ਇਹ ਇਜ਼ਰਾਇਲ ਦੀ ਸਹਾਇਤਾ ਪ੍ਰਾਪਤ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਤੋਂ ਆਇਆ। ਇਹ ਸਾਰੇ ਮੁਫ਼ਤ ਵਿੱਚ ਵੰਡੇ ਜਾਂਦੇ ਹਨ। ਇਹ ਜਾਣਨਾ ਅਸੰਭਵ ਹੈ ਕਿ ਕਿੰਨੇ ਹਿੱਸੇ ਵਿੱਚ ਹੇਰਾਫੇਰੀ ਕੀਤੀ ਜਾ ਰਹੀ ਹੈ, ਪਰ ਕੋਈ ਵੀ ਗਰੁੱਪ ਇਹ ਪਤਾ ਨਹੀਂ ਲਗਾ ਸਕਿਆ ਕਿ ਉਸ ਦੀ ਸਹਾਇਤਾ ਕਿਸ ਨੂੰ ਦਿੱਤੀ ਜਾ ਰਹੀ ਹੈ। ਹਾਲ ਹੀ ਦੇ ਹਫ਼ਤਿਆਂ ਦੌਰਾਨ ਸਹਾਇਤਾ ਵੰਡ ਦੌਰਾਨ ਹੋਈ ਹਫੜਾ-ਤਫੜੀ ਵਿੱਚ ਨਿਵਾਸੀਆਂ ਦਾ ਕਹਿਣਾ ਕਿ ਰਿਸ਼ਟ-ਪੁਸ਼ਟ ਲੋਕ ਹੀ ਭੋਜਨ ਲਿਜਾਣ ਦੀ ਸਭ ਤੋਂ ਚੰਗੀ ਸਥਿਤੀ ਵਿੱਚ ਹਨ।ਰਾਫ਼ਾਹ ਸ਼ਹਿਰ ਨੇੜੇ ਆਪਣੀ ਪਤਨੀ ਅਤੇ ਬੱਚਿਆਂ ਨਾਲ ਇੱਕ ਤੰਬੂ ਵਿੱਚ ਰਹਿ ਰਹੇ ਮੁਹੰਮਦ ਅਬੂ ਤਾਹਾ ਨੇ ਕਿਹਾ ਕਿ ਜਦੋਂ ਉਹ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਦੀਆਂ ਥਾਵਾਂ 'ਤੇ ਭੋਜਨ ਲੈਣ ਜਾਂਦੇ ਹਨ ਤਾਂ ਨੌਜਵਾਨਾਂ ਦੇ ਜਥੇਬੰਦਕ ਗਿਰੋਹ ਹਮੇਸ਼ਾ ਭੀੜ ਤੋਂ ਅੱਗੇ ਹੁੰਦੇ ਹਨ। ਉਸ ਨੇ ਕਿਹਾ, "ਇਹ ਬਹੁਤ ਵੱਡਾ ਕਾਰੋਬਾਰ ਹੈ।" ਹਰ ਵਾਰ ਮਦਦ ਲੈਣ ਮੌਕੇ ਹਫੜਾ-ਦਫੜੀ ਦਾ ਮਾਹੌਲ ਬਣਿਆ ਹੁੰਦਾ ਹੈ।

ਜਨਮ ਦਿਨ ਮੁਬਾਰਕ



ਕਾਰਤਿਕ

## ਖਿੱਚੀਪੁਰ 'ਚ ਚਲ ਰਹੀ ਅਕਾਲ ਅਕੈਡਮੀ ਨੂੰ ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ ਜੀ ਦੀ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ




ਬੜੂ ਸਾਹਿਬ, 30 ਜੁਲਾਈ (ਅੰਮ੍ਰਿਤਪਾਲ ਸਿੰਘ): ਕਲਗੀਧਰ ਟਰਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਖਿੱਚੀਪੁਰ ਵਿੱਚ ਮਹਾਨ ਕ੍ਰਾਂਤੀਕਾਰੀ ਸ਼ਹੀਦ ਸਰਦਾਰ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਬੜੀ ਸ਼ਰਧਾ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸ਼ਹੀਦ ਸਰਦਾਰ ਊਧਮ ਸਿੰਘ ਜੀ ਨੂੰ ਸਮਰਪਿਤ ਭਾਵਨਾਤਮਕ ਗਤੀਵਿਧੀਆਂ ਰਾਹੀਂ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕੀਤਾ। ਇਸ ਸਮਾਰੋਹ ਦੀ ਸ਼ੁਰੂਆਤ ਅਧਿਆਪਿਕਾ ਮਨਵੀਰ ਕੌਰ ਜੀ ਦੇ ਉਤਸ਼ਾਹਵਰਧਕ ਸੰਬੋਧਨ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਜੀ ਦੀ ਬਹਾਦਰੀ, ਨਿਡਰਤਾ ਅਤੇ ਦੇਸ਼ ਲਈ ਕੀਤੇ ਬਲਿਦਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਸੰਬੰਧੀ ਕੇ.ਜੀ. ਵਿਭਾਗ ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਇੱਕ ਸੁੰਦਰ ਕਵਿਤਾ ਪਾਠ ਰਾਹੀਂ ਆਪਣੇ ਦੇਸ਼ ਪ੍ਰੇਮ ਦੀ ਭਾਵਨਾ ਪ੍ਰਗਟ ਕੀਤੀ, ਜਿਸ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਇਸ ਤੋਂ ਬਾਅਦ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਇੱਕ ਜੋਸ਼ ਭਰੀ ਕਵਿਤਾ ਰਚਨਾ ਪੇਸ਼ ਕੀਤੀ ਗਈ, ਜੋ ਸ਼ਹੀਦਾਂ ਦੇ ਰਾਹਾਂ 'ਤੇ ਤੁਰਨ ਦੀ ਪ੍ਰੇਰਣਾ ਸੀ। ਇਸ ਦੌਰਾਨ ਸ. ਜਗਦੀਪ ਸਿੰਘ (ਸਪੈਸ਼ਲ ਐਜੂਕੇਟਰ) ਵੱਲੋਂ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਸੰਘਰਸ਼ ਭਰੀ ਯਾਤਰਾ ਬਾਰੇ ਰੌਚਕ ਢੰਗ ਨਾਲ ਜਾਣੂ ਕਰਵਾਇਆ ਗਿਆ। ਇਹ ਸਮਾਰੋਹ ਸਿਰਫ਼ ਇੱਕ ਮਨੋਰੰਜਕ ਪ੍ਰੋਗਰਾਮ ਹੀ ਨਹੀਂ ਸੀ, ਸਗੋਂ ਇਹ ਵਿਦਿਆਰਥੀਆਂ ਦੇ ਮਨਾਂ ਵਿਚ ਦੇਸ਼ ਪ੍ਰੇਮ, ਸੱਚਾਈ ਅਤੇ ਸਮਰਪਣ ਕਰਨ ਵਾਲਾ ਯਤਨ ਸੀ। ਅਜਿਹਾ ਸਮਾਰੋਹ ਯਾਦ ਦਿਵਾਉਂਦਾ ਹੈ ਕਿ ਸਾਡੀ ਆਜ਼ਾਦੀ ਲਈ ਬੇਹਦ ਵੱਡੀ ਕੀਮਤ ਚੁਕਾਈ ਗਈ ਹੈ।

## ਸਿਵਲ ਹਸਪਤਾਲ ਫਾਜ਼ਿਲਕਾ ਵਿੱਚ ਵਿਸ਼ਵ ਓ.ਆਰ.ਐਸ ਦਿਵਸ ਮਨਾਇਆ ਗਿਆ



ਫਾਜਿਲਕਾ 30 ਜੁਲਾਈ (ਬਖਸ਼ੀਸ਼ ਸਿੰਘ/ ਜਸਪ੍ਰੀਤ ਸਿੰਘ) : ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਦੀ ਉਚੇਚੀ ਨਿਗਰਾਨੀ, ਸਹਾਇਕ ਸਿਵਿਲ ਸਰਜਨ ਡਾਕਟਰ ਰੋਹਿਤ ਗੋਇਲ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾਕਟਰ ਕਵਿਤਾ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਏਰਿਕ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਅਰਪਿਤ ਗੁਪਤਾ ਦੀ ਦੇਖਰੇਖ ਵਿੱਚ ਸਿਵਲ ਹਸਪਤਾਲ ਫਾਜ਼ਿਲਕਾ ਵਿੱਚ ਵਿਸ਼ਵ ਓ.ਆਰ.ਐਸ ਦਿਵਸ ਮਨਾਇਆ ਗਿਆ। ਇਸ ਮੌਕੇ ਡਾਕਟਰ ਅਰਪਿਤ ਗੁਪਤਾ ਨੇ ਦੱਸਿਆ ਕਿ ਵਿਸ਼ਵ ਪੱਧਰ ਤੇ ਦਸਤ ਨਾਲ ਸਬੰਧਤ ਬਿਮਾਰੀਆਂ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਮੌਤ ਦਾ ਦੂਜਾ ਪ੍ਰਮੁੱਖ ਕਾਰਨ ਹਨ।

ਦਸਤ ਦਾ ਇਲਾਜ ਕੀਤਾ ਜਾ ਸਕਦਾ ਹੈ ਪਰ ਲੋਕਾਂ ਨੂੰ ਓ.ਆਰ.ਐਸ ਅਤੇ ਇਸ ਦੇ ਫ਼ਾਇਦਿਆਂ ਬਾਰੇ ਜਾਗਰੂਕ ਕਰਨਾ ਜ਼ਰੂਰੀ ਹੈ। ਇਸ ਵਾਰ ਵਿਸ਼ਵ ਓ.ਆਰ.ਐਸ ਦਿਵਸ ਦਾ ਥੀਮ ਓ.ਆਰ.ਐਸ: ਇੱਕ ਸਿਹਤਮੰਦ ਭਵਿੱਖ ਲਈ ਇੱਕ ਸਧਾਰਨ ਹੱਲ÷ ਹੈ। ਇਹ ਥੀਮ ਡੀਹਾਈਡਰੇਸ਼ਨ ਦੇ ਇਲਾਜ ਵਿੱਚ ਓਰਲ ਰੀਹਾਈਡਰੇਸ਼ਨ ਸਲਿਊਸ਼ਨ ਦੀ ਜੀਵਨ-ਰੱਖਿਅਕ ਸੰਭਾਵਨਾ 'ਤੇ ਜ਼ੋਰ ਦਿੰਦਾ ਹੈ।

ਉਨ੍ਹਾਂ ਦੱਸਿਆ ਕਿ ਓ.ਆਰ.ਐਸ ਪਾਣੀ, ਲੂਣ ਅਤੇ ਗਲੂਕੋਜ਼ ਦਾ ਇੱਕ ਸਧਾਰਨ, ਸਸਤਾ ਮਿਸ਼ਰਣ ਹੈ ਜੋ ਦਸਤ ਅਤੇ ਹੋਰ ਬਿਮਾਰੀਆਂ ਕਾਰਨ ਹੋਣ ਵਾਲੇ ਡੀਹਾਈਡਰੇਸ਼ਨ ਨੂੰ ਰੋਕਣ ਅਤੇ ਇਲਾਜ ਕਰਨ ਲਈ ਵਰਤਿਆ ਜਾਂਦਾ ਹੈ। ਓ.ਆਰ.ਐਸ ਵਿੱਚ ਮੌਜੂਦ ਗਲੂਕੋਜ਼ ਅੰਤੜੀਆਂ ਵਿੱਚ ਸੋਡੀਅਮ ਅਤੇ ਪਾਣੀ ਨੂੰ ਸੋਖਣ ਵਿੱਚ ਸਹਾਇਤਾ ਕਰਦਾ ਹੈ, ਜਿਸ ਨਾਲ ਇਹ ਡੀਹਾਈਡਰੇਸ਼ਨ ਲਈ ਇੱਕ ਬਹੁਤ ਹੀ ਕੁਸ਼ਲ ਇਲਾਜ ਬਣ ਜਾਂਦਾ ਹੈ।

ਮਾਸ ਮੀਡੀਆ ਵਿੰਗ ਤੋਂ ਡਿਪਟੀ ਮਾਸ ਮੀਡੀਆ ਅਫਸਰ ਮਨਬੀਰ ਸਿੰਘ ਅਤੇ ਬੀ.ਈ.ਈ ਦਿਵੇਸ਼ ਕੁਮਾਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਤੀਬਰ ਦਸਤ ਰੋਕੂ ਮੁਹਿੰਮ ਤਹਿਤ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਓ.ਆਰ.ਐਸ ਪੈਕੇਟ ਵੰਡੇ ਜਾ ਰਹੇ ਹਨ। ਇਸ ਤੋਂ ਇਲਾਵਾ ਆਸ਼ਾ ਵਰਕਰਾਂ ਵੱਲੋਂ ਲੋਕਾਂ ਨੂੰ ਇਹ ਘੋਲ ਘਰ ਵਿੱਚ ਤਿਆਰ ਕਰਨਾ ਵੀ ਸਿਖਾਇਆ ਜਾਂਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਭਾਗ ਵੱਲੋਂ ਚਲਾਏ ਜਾ ਰਹੀ ਮੁਹਿੰਮ ਦਾ ਲਾਭ ਲੈਣ ਤਾਂ ਜੋ ਸਿਹਤ ਵਿਭਾਗ ਛੋਟੇ ਬੱਚਿਆਂ ਦੀ ਦਸਤ ਕਾਰਨ ਹੋਣ ਵਾਲੀਆਂ ਮੌਤਾਂ ਤੇ ਠੱਲ ਪਾਉਣ ਚ ਕਾਮਯਾਬੀ ਹਾਸਲ ਕਰ ਸਕੇ।

ਇਸ ਮੌਕੇ ਏ.ਐਨ.ਐਮ ਸ਼ਾਲੂ ਅਤੇ ਆਸ਼ਾ ਵਰਕਰ ਹਾਜਰ ਸੀ।

## ਜ਼ਿਲ੍ਹਾ ਪ੍ਰੈਸ ਕਲੱਬ ਰਜਿ. ਫਾਜ਼ਿਲਕਾ ਦੇ ਖਜ਼ਾਨਚੀ ਵਜੋਂ ਗੌਰਵ ਮਿੱਤਲ ਨਿਯੁਕਤ



ਫਾਜ਼ਿਲਕਾ 30 ਜੁਲਾਈ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਜ਼ਿਲ੍ਹਾ ਪ੍ਰੈਸ ਕਲੱਬ ਰਜਿ. ਫਾਜ਼ਿਲਕਾ ਦੇ ਸੰਗਠਨਾਤਮਕ ਵਿਸਥਾਰ ਦੇ ਤਹਿਤ ਪ੍ਰਧਾਨ ਸੰਦੀਪ ਚਲਾਨਾ ਨੇ ਚੇਅਰਮੈਨ ਰਾਕੇਸ਼ ਨਾਗਪਾਲ ਦੀ ਸਹਿਮਤੀ ਨਾਲ ਸੀਨੀਅਰ ਪੱਤਰਕਾਰ ਗੌਰਵ ਮਿੱਤਲ ਨੂੰ ਜ਼ਿਲ੍ਹਾ ਖਜ਼ਾਨਚੀ ਨਿਯੁਕਤ ਕੀਤਾ ਹੈ। ਨਵ-ਨਿਯੁਕਤ ਖਜ਼ਾਨਚੀ ਗੌਰਵ ਮਿੱਤਲ ਨੇ ਆਪਣੀ ਨਿਯੁਕਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਚੇਅਰਮੈਨ ਰਾਕੇਸ਼ ਨਾਗਪਾਲ, ਪ੍ਰਧਾਨ ਸੰਦੀਪ ਚਲਾਨਾ ਅਤੇ ਕਲੱਬ ਦੀ ਕਾਰਜਕਾਰਨੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਸਰਗਰਮੀ ਨਾਲ ਨਿਭਾਉਣਗੇ। ਪ੍ਰੈਸ ਕਲੱਬ ਵਿੱਚ ਇਸ ਨਿਯੁਕਤੀ ਕਲੱਬ ਦੇ ਕੰਮਕਾਜ ਨੂੰ ਹੋਰ ਵਧੇਰੇ ਸੰਗਠਿਤ ਅਤੇ ਪਾਰਦਰਸ਼ੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨੀ ਜਾ ਰਹੀ ਹੈ।

## ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀ ਕੁਲਵੰਤ ਸਿੰਘ ਨੂੰ ਸਦਮਾ ਭਰਾ ਦਾ ਦੇਹਾਂਤ

ਭੋਗਪੁਰ, 30 ਜੁਲਾਈ (ਅਮਰਜੀਤ ਸਿੰਘ ਸੈਣੀ): ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਨਿਊਜ਼ੀਲੈਂਡ ਨਿਵਾਸੀ ਭਾਈ ਕੁਲਵੰਤ ਸਿੰਘ ਖੋਰਾਵਾਲਾ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦ ਉਹਨਾਂ ਦੇ ਭਰਾ ਹਰਜੀਤ ਸਿੰਘ ਦਾ ਅਚਾਨਕ ਹਾਰਟ ਅਟੈਕ ਆਣ ਕਾਰਨ ਦੇਹਾਂਤ ਹੋ ਗਿਆ। ਅੱਜ ਉਹਨਾਂ ਦਾ ਅੰਤਿਮ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਖੋਰਾਵਾਲ ਵਿਖੇ ਕੀਤਾ ਗਿਆ। ਉਹਨਾਂ ਦੀ ਅੰਤਿਮ ਯਾਤਰਾ ਵਿੱਚ ਪੰਜਾਬ ਭਰ ਤੋਂ ਸੰਗੀਤ ਜਗਤ ,ਰਾਜਨੀਤਿਕ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਭਾਰੀ ਸੰਖਿਆ ਵਿੱਚ ਸ਼ਿਰਕਤ ਕੀਤੀ। ਉਹਨਾਂ ਦੀ ਅੰਤਿਮ ਯਾਤਰਾ ਵਿੱਚ ਪੰਜਾਬ ਦੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਸੁਰਿੰਦਰ ਲਾਡੀ, ਸੰਗੀਤਕਾਰ ਅਸ਼ੋਕ ਸ਼ਰਮਾ, ਗੀਤਕਾਰ ਸੁਖਜੀਤ ਝਾਂਸਾ ਵਾਲਾ, ਗੀਤਕਾਰ ਹਰੀ ਮੋਹਨ ਲਡੋਈ, ਗੀਤਕਾਰ ਤੇ ਲੇਖਕ ਰਾਣਾ ਭੋਗਪੁਰੀਆ, ਗੀਤਕਾਰ ਅਤੇ ਪ੍ਰਸਿੱਧ ਮੰਚ ਸੰਚਾਲਕ ਬਲਦੇਵ ਰਾਹੀ ਸਮੇਤ ਪੰਜਾਬੀ ਸਾਹਿਤ ਅਤੇ ਸੰਗੀਤ ਜਗਤ ਦੀਆਂ ਅਨੇਕਾਂ ਸ਼ਖ਼ਸ਼ੀਅਤਾਂ ਨੇ ਅੰਤਿਮ ਯਾਤਰਾ ਵਿੱਚ ਸ਼ਿਰਕਤ ਕੀਤੀ। ਭਾਈ ਹਰਜੀਤ ਸਿੰਘ ਨਮਿਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਰੋਹ 3 ਅਗਸਤ ਐਤਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਖੋਰਾਂਵਾਲ ਵਿਖੇ 12 ਵਜੇ ਤੋਂ 2 ਵਜੇ ਤੱਕ ਹੋਵੇਗਾ।

## ਰਾਣਾ ਸ਼ੂਗਰ ਮਿੱਲ ਬੁੱਟਰ ਵੱਲੋਂ ਹੋ ਰਹੇ ਪ੍ਰਦੂਸ਼ਣ ਦਾ ਜਲਦ ਹੋਵੇਗਾ ਹੱਲ-ਈ.ਟੀ.ਓ.




ਚੌਕ ਮਹਿਤਾ, 30 ਜੁਲਾਈ (ਬਲਜਿੰਦਰ ਸਿੰਘ ਰੰਧਾਵਾ)-ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾ ਨਿਰਦੇਸ਼ਾਂ ਤੋਂ ਬਾਅਦ ਡੀ.ਡੀ.ਪੀ.ਓ. ਅੰਮ੍ਰਿਤਸਰ ਤੇ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਬੁੱਟਰ ਸ਼ੂਗਰ ਮਿਲ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਤੋਂ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ ਤੇ ਮੋਹਤਬਰਾਂ ਦੀ ਅਹਿਮ ਮੀਟਿੰਗ ਹੋਈ, ਜਿਸ ਦੌਰਾਨ ਮੌਕੇ 'ਤੇ ਹਾਜ਼ਰ ਉੱਚ ਅਧਿਕਾਰੀਆਂ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ।ਇਸ ਦੌਰਾਨ ਚੇਅਰਮੈਨ ਰੰਧਾਵਾ ਤੇ ਸਰਪੰਚ ਅਜੇ ਗਾਂਧੀ ਨੇ ਕਿਹਾ ਕਿ ਰਾਣਾ ਸ਼ੁਗਰ ਮਿੱਲ ਕਾਰਨ ਆਸ-ਪਾਸ ਦੇ ਪਿੰਡਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਧਿਆਨ 'ਚ ਲਿਆਂਦਾ ਗਿਆ ,ਜਿਸਤੋਂ ਬਾਅਦ ਉਨ੍ਹਾਂ ਨੇ ਵਿਸ਼ਵਾਸ਼ ਦਿਵਾਇਆ ਕਿ ਆਮ ਲੋਕਾਂ ਨੂੰ ਇੰਨ੍ਹਾਂ ਸਮੱਸਿਆਵਾਂ ਤੋਂ ਜਲਦ ਨਿਜ਼ਾਤ ਮਿਲੇਗੀ।ਇਸ ਮੀਟਿੰਗ ਦੌਰਾਨ ਹਾਜ਼ਰ ਉੱਚ-ਅਧਿਕਾਰੀਆਂ ਨੇ ਪੂਰੀ ਗੰਭੀਰਤਾ ਦੇ ਨਾਲ ਇੰਨ੍ਹਾਂ ਮੁਸ਼ਕਲਾਂ ਨੂੰ ਸੁਣਿਆ ਤੇ ਜਲਦ ਹੀ ਇਸ ਦਾ ਉਚਿੱਤ ਹੱਲ ਕੀਤੇ ਜਾਣ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਸਾਫ ਹਵਾ, ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਵੇਗਾ ਤੇ ਸੜਕ ਉੱਪਰ ਟ ?ਰੈਫਿਕ ਨੂੰ ਚੰਗੇ ਤਰੀਕੇ ਨਾਲ ਕੰਟਰੋਲ ਕੀਤਾ ਜਾਵੇਗਾ ।ਇਸ ਤੋਂ ਇਲਾਵਾ ਬਾਕੀ ਮੰਗਾਂ ਵੱਲ ਵੀ ਪੂਰਾ ਧਿਆਨ ਦਿੱਤਾ ਗਿਆ ।ਇਸ ਮੌਕੇ ਬਲਾਕ ਪ੍ਰਧਾਨ ਅਜੇ ਗਾਂਧੀ ਸਰਪੰਚ ਮਹਿਤਾ ਚੌਂਕ , ਪ੍ਰਗਟ ਸਿੰਘ ਬੱਲ ਸਰਪੰਚ ਬੁੱਟਰ, ਇੰਦਰਜੀਤ ਸਿੰਘ ਸਰਪੰਚ ਨਿੱਕੇ ਬੁੱਟਰ , ਬਲਵਿੰਦਰ ਸਿੰਘ ਸਰਪੰਚ ਰਜਧਾਨ ,ਹਰਿੰਦਰ ਸਿੰਘ ਸਰਪੰਚ ਪੱਲਾ ,ਰਣਜੀਤ ਸਿੰਘ ਸ਼ਾਹ ਸਾਬਕਾ ਸਰਪੰਚ ਧਰਦਿਓ , ਸੁਖਜਿੰਦਰ ਸਿੰਘ ਸੋਨੀ ਸਰਪੰਚ ਧਰਦਿਓ, ਰੱਕੇਸ਼ ਸਿੰਘ ਸਾਬਕਾ ਸਰਪੰਚ ਗੱਗੜਭਾਣਾ, ਸੁਖਦੇਵ ਸਿੰਘ ਪ੍ਰਧਾਨ ਆਰਤੀ ਐਸੋਸੀਏਸ਼ਨ ਮਹਿਤਾ ਚੌਂਕ , ਸਰਪੰਚ ਮਨਦੀਪ ਧਰਦਿਓ ,ਸਰਪੰਚ ਗੁਰਪ੍ਰੀਤ ਸਿੰਘ ਗੱਗੜ ਭਾਣਾ ਤੇ ਅਮਰਜੀਤ ਸਿੰਘ ਬੁੱਟਰ ਆਦਿ ਮੌਜੂਦ ਸਨ।

## ਪਿੰਡ ਬਾਹਮਣ ਵਾਲਾ ਵਿਖੇ ਕਤਲ ਮਾਮਲੇ 'ਚ 7 ਦੋਸ਼ੀਆਂ ਨੂੰ ਪੁਲਿਸ ਵੱਲੋਂ ਕਾਬੂ ਕੀਤਾ

30 ਜੁਲਾਈ ( ਅਵਤਾਰ ਸਿੰਘ ਮੱਲਾ) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾ ਅਨੁਸਾਰ ਪੰਜਾਬ ਨੂੰ ਇੱਕ ਸੁਰੱਖਿਅਤ ਸੂਬਾ ਬਣਾਈ ਰੱਖਣ ਦੀ ਮੁਹਿੰਮ ਅਤੇ ਸ਼ ?ਰੀ ਗੌਰਵ ਯਾਦਵ ਡੀ.ਜੀ.ਪੀ ਪੰਜਾਬ ਜੀ ਦੇ ਹੁੱਕਮਾ ਅਨੁਸਾਰ ਮਾੜੇ ਅਨਸਰਾਂ ਖਿਲਾਫ ਜੀਰੋ ਟਾਲਰੈਸ ਦੀ ਨੀਤੀ ਤਹਿਤ ਇੱਕ ਵੱਡੀ ਕਾਮਯਾਬੀ ਹਾਸਿਲ ਕਰਦੇ ਹੋਏ ਫਰੀਦਕੋਟ ਪੁਲਿਸ ਵੱਲੋ ਕਾਊਟਰ ਇੰਟੈਲੀਜੈਸ ਅਤੇ ਐਟੀ ਗੈਗਸਟਰ ਟਾਸਕ ਫੋਰਸ ਪੰਜਾਬ ਦੇ ਨਾਲ ਸਾਂਝੀ ਕਾਰਵਾਈ ਦੌਰਾਨ ਬੰਬੀਹਾ ਗੈਗ ਨਾਲ ਸਬੰਧਿਤ 07 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜੋ ਕਿ ਪਿੰਡ ਬਾਹਮਣਵਾਲਾ ਵਿਖੇ ਹੋਏ ਕਤਲ ਮਾਮਲੇ ਵਿੱਚ ਸ਼ਾਮਿਲ ਸਨ। ਇਹ ਜਾਣਕਾਰੀ ਸ਼ਰੀ ਅਸ਼ਵਨੀ ਕਪੂਰ ਡੀ.ਆਈ.ਜੀ ਫਰੀਦਕੋਟ ਰੇਜ ਵੱਲੋ ਬੁੱਧਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ। ਗ੍ਰਿਫਤਾਰ ਕੀਤੇ ਦੋਸ਼ੀਆਂ ਵਿੱਚ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 03 ਮੁੱਖ ਦੋਸ਼ੀ ਚਿੰਕੀ (ਵਾਸੀ ਜੈਤੋ), ਗੁਰਮੀਤ ਸਿੰਘ ਉਰਫ ਗੁੰਬਰ ਰਾਜਪੂਤ ਅਤੇ ਮਨਪ੍ਰੀਤ ਸਿੰਘ ਉਰਫ ਗੱਤਰੀ ਜੋ ਕਿ ਫਾਜਿਲਕਾ ਜਿਲੇ ਦੇ ਜਲਾਲਾਬਾਦ ਨਾਲ ਸਬੰਧਿਤ ਹਨ, ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋ ਇਲਾਵਾ ਦੋਸ਼ੀਆ ਨੂੰ ਅਸਲਾ, ਪੈਸੇ ਅਤੇ ਰਿਹਾਇਸ਼ ਮੁਹੱਇਆ ਕਰਵਾਉਣ ਵਾਲੇ 04 ਦੋਸ਼ੀਆਂ ਸੂਰਜ ਕੁਮਾਰ (ਵਾਸੀ ਸਿਰਸਾ, ਹਰਿਆਣਾ) ਅਤੇ ਫਿਰੋਜਪੁਰ ਜਿਲ੍ਹੇ ਨਾਲ ਸਬੰਧਿਤ ਜਸਵੰਤ ਸਿੰਘ ਉਰਫ ਮੰਗਲ, ਹਰਮਨਪ੍ਰੀਤ ਸਿੰਘ ਉਰਫ ਹਰਮਨ ਅਤੇ ਬੰਟੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਿਕ ਮਿਤੀ 22 ਜੁਲਾਈ 2025 ਨੂੰ ਪਿੰਡ ਬਾਹਮਣ ਵਾਲਾ ਵਿਖੇ ਯਾਦਵਿੰਦਰ ਸਿੰਘ ਨਾਮ ਦਾ ਵਿਅਕਤੀ ਜੋ ਕਿ ਮੋਹਾਲੀ ਜਿਲੇ ਨਾਲ ਸਬੰਧਿਤ ਸੀ, ਉਸ ਨੂੰ 03 ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਵੱਲੋਂ ਉਸ ਸਮੇ ਗੋਲੀ ਮਾਰ ਦਿੱਤੀ ਗਈ ਸੀ, ਜਦ ਉਹ ਜੀਵਨਜੋਤ ਸਿੰਘ ਚਾਹਲ ਉਰਫ ਜੁਗਨੂੰ ਨਾਮ ਦੇ ਵਿਅਕਤੀ ਨਾਲ ਬਤੌਰ ਡਰਾਇਵਰ ਉਸਦੀ ਗੱਡੀ ਇੰਨਡੈਵਰ ਕਾਰ ਵਿੱਚ ਪਿੰਡ ਬਾਹਮਣ ਵਾਲਾ ਵਿਖੇ ਕਿਸੇ ਭੋਗ ਲਈ ਆਇਆ ਹੋਇਆ ਸੀ। ਜਿਸ ਤੇ ਤੁਰੰਤ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਿਸ ਵੱਲੋ ਕਾਊਟਰ ਇੰਟੈਲੀਜੈਸ ਅਤੇ ਐਟੀ ਗੈਗਸਟਰ ਟਾਸਕ ਫੋਰਸ ਪੰਜਾਬ ਦੇ ਨਾਲ ਮਿਲ ਕੇ ਸਾਂਝੀ ਕਾਰਵਾਈ ਦੌਰਾਨ ਇਸ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਦੋਸ਼ੀ ਚਿੰਕੀ (ਵਾਸੀ ਸੁਖਚੈਨਪੁਰਾ ਬਸਤੀ, ਜੈਤੋ) ਨੂੰ ਮਿਤੀ 27.07.2025 ਨੂੰ ਸਿਰਸਾ ਹਰਿਆਣਾ ਤੋ ਗ੍ਰਿਫਤਾਰ ਕੀਤਾ ਗਿਆ।

## ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਨਰਸਿੰਗ ਵੱਲੋਂ ਐਲੂਮਨੀ ਮੀਟ



ਮੰਡੀ ਗੋਬਿੰਦਗੜ੍ਹ, 30 ਜੁਲਾਈ (ਚ.ਨ.ਸ.) - ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਨਰਸਿੰਗ ਨੇ ਐਲੂਮਨੀ ਵੈਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ, ਮਹਾਪ੍ਰਗਿਆ ਸੈਮੀਨਾਰ ਹਾਲ ਵਿੱਚ ਇੱਕ ਐਲੂਮਨੀ ਮੀਟ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਇਸ ਸਮਾਗਮ ਨੇ ਵੱਖ-ਵੱਖ ਬੈਚਾਂ ਦੇ ਸਾਬਕਾ ਨਰਸਿੰਗ ਵਿਦਿਆਰਥੀਆਂ ਨੂੰ ਆਪਣੀ ਸਾਂਝੀ ਯਾਤਰਾ, ਪੇਸ਼ੇਵਰ ਪ੍ਰਾਪਤੀਆਂ ਅਤੇ ਆਪਣੇ ਪੁਰਾਣੇ ਵਿਦਿਅਕ ਅਦਾਰੇ (ਅਲਮਾ ਮੈਟਰ) ਨਾਲ ਸਥਾਈ ਸਬੰਧ ਦਾ ਜਸ਼ਨ ਮਨਾਉਣ ਲਈ ਇੱਕ ਖੁਸ਼ੀ ਭਰੇ ਮਾਹੌਲ ਵਿੱਚ ਇਕੱਠਾ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀਮਤੀ ਭੁਪਿੰਦਰ ਕੌਰ ਅਤੇ ਸ਼੍ਰੀਮਤੀ ਕਰਨਵੀਰ ਕਾਹਲੋਂ ਦੁਆਰਾ ਨਿੱਘਾ ਸਵਾਗਤ ਨਾਲ ਹੋਈ, ਜਿਸ ਤੋਂ ਬਾਅਦ ਸਕੂਲ ਆਫ਼ ਨਰਸਿੰਗ ਦੀ ਪ੍ਰਿੰਸੀਪਲ ਪ੍ਰੋ. ਡਾ. ਲਵਸੰਪੂਰਨਜੋਤ ਕੌਰ ਦੁਆਰਾ ਉਦਘਾਟਨੀ ਭਾਸ਼ਣ ਦਿੱਤਾ ਗਿਆ। ਉਨ੍ਹਾਂ ਨੇ ਸਿਹਤ ਸੰਭਾਲ ਦੇ ਖੇਤਰ ਵਿੱਚ ਸਾਬਕਾ ਵਿਦਿਆਰਥੀਆਂ ਦੇ ਯੋਗਦਾਨ ਲਈ ਦਿਲੋਂ ਪ੍ਰਸ਼ੰਸਾ ਕੀਤੀ ਅਤੇ ਸੇਵਾ ਅਤੇ ਉੱਤਮਤਾ ਪ੍ਰਤੀ ਉਨ੍ਹਾਂ ਦੇ ਨਿਰੰਤਰ ਸਮਰਪਣ ਦੀ ਸ਼ਲਾਘਾ ਕੀਤੀ। ਸਕੂਲ ਆਫ਼ ਨਰਸਿੰਗ ਦੇ ਡਿਪਟੀ ਡਾਇਰੈਕਟਰ, ਪ੍ਰੋ. (ਡਾ.) ਪ੍ਰਭਜੋਤ ਸਿੰਘ ਦਾ ਉਨ੍ਹਾਂ ਦੇ ਨਿਰੰਤਰ ਮਾਰਗਦਰਸ਼ਨ ਅਤੇ ਦੂਰਦਰਸ਼ੀ ਅਗਵਾਈ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਵਿਸ਼ੇਸ਼ ਮਹਿਮਾਨ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਸ਼ਾਮਲ ਹੋਏ। ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਸਮਾਗਮ ਵਿੱਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਮਜ਼ਬੂਤ ਪੇਸ਼ੇਵਰ ਨੈੱਟਵਰਕ ਬਣਾਉਣ ਵਿੱਚ ਸਾਬਕਾ ਵਿਦਿਆਰਥੀਆਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਨ੍ਹਾਂ ਸਕੂਲ ਆਫ਼ ਨਰਸਿੰਗ ਦੀ ਪਿਛਲੇ ਸਾਲਾਂ ਦੌਰਾਨ ਪ੍ਰਗਤੀ ਅਤੇ ਪ੍ਰਾਪਤੀਆਂ ਨੂੰ ਵੀ ਉਜਾਗਰ ਕੀਤਾ।

ਇਸ ਮੌਕੇ ਇੱਕ ਵਿਭਾਗੀ ਪੇਸ਼ਕਾਰੀ ਵਿੱਚ ਹਾਲ ਹੀ ਦੇ ਮੀਲ ਪੱਥਰ ਅਤੇ ਨਵੀਨਤਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਤੋਂ ਬਾਅਦ ਕਈ ਤਰ੍ਹਾਂ ਦੀਆਂ ਦਿਲਚਸਪ ਗਤੀਵਿਧੀਆਂ ਕੀਤੀਆਂ ਗਈਆਂ। ਇਨ੍ਹਾਂ ਵਿੱਚ ਮੌਜੂਦਾ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰਦਰਸ਼ਨ, ਇੰਟਰਐਕਟਿਵ ਗੇਮਾਂ ਅਤੇ ਇੱਕ ਓਪਨ-ਮਾਈਕ ਸੈਸ਼ਨ ਸ਼ਾਮਲ ਸੀ, ਜਿਸ ਨੇ ਜਸ਼ਨ ਅਤੇ ਪੁਰਾਣੀਆਂ ਯਾਦਾਂ ਦਾ ਰੰਗੀਨ ਮਾਹੌਲ ਬਣਾਇਆ। ਬਹੁਤ ਸਾਰੇ ਸਾਬਕਾ ਵਿਦਿਆਰਥੀਆਂ ਨੇ ਆਪਣੇ ਪੇਸ਼ੇਵਰ ਸਫ਼ਰ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਅਤੇ ਯੂਨੀਵਰਸਿਟੀ ਵਿੱਚ ਪ੍ਰਾਪਤ ਕੀਤੀ ਗਈ ਬੁਨਿਆਦੀ ਸਿੱਖਿਆ ਅਤੇ ਸਲਾਹ ਲਈ ਡੂੰਘੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ।

ਇਸ ਸਮਾਗਮ ਦੀ ਇੱਕ ਖਾਸ ਗੱਲ ਸਨਮਾਨ ਸਮਾਰੋਹ ਸੀ, ਜਿੱਥੇ ਵਿਸ਼ੇਸ਼ ਸਾਬਕਾ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਅਤੇ ਭਾਈਚਾਰਕ ਭਲਾਈ ਵਿੱਚ ਉਨ੍ਹਾਂ ਦੇ ਮਿਸਾਲੀ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਜਸ਼ਨ ਇੱਕ ਸਮੂਹ ਫੋਟੋ ਅਤੇ ਇੱਕ ਨੈੱਟਵਰਕਿੰਗ ਦੁਪਹਿਰ ਦੇ ਖਾਣੇ ਨਾਲ ਸਮਾਪਤ ਹੋਇਆ, ਜਿਸ ਨਾਲ ਹਾਜ਼ਰੀਨ ਨੂੰ ਦੁਬਾਰਾ ਜੁੜਨ, ਪ੍ਰਤੀਬਿੰਬਤ ਕਰਨ ਅਤੇ ਭਵਿੱਖ ਦੀ ਕਲਪਨਾ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਗਿਆ। ਐਲੂਮਨੀ ਮੀਟ ਇੱਕ ਸ਼ਾਨਦਾਰ ਸਫਲਤਾ ਸੀ, ਜੋ ਸਾਬਕਾ ਵਿਦਿਆਰਥੀਆਂ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਨਰਸਿੰਗ ਵਿਚਕਾਰ ਮਜ਼ਬੂਤ ਬੰਧਨ ਦੀ ਪੁਸ਼ਟੀ ਕਰਦੀ ਸੀ, ਅਤੇ ਸੰਸਥਾ ਦੀ ਜੀਵਨ ਭਰ ਦੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਸੀ।

# ਲੈਂਡ ਪੂਲਿੰਗ ਪੋਲਸੀ ਦੇ ਤਹਿਤ ਕੱਢਿਆ ਗਿਆ ਟਰੈਕਟਰ ਮਾਰਚ



ਜੀਰਾ 30 ਜੁਲਾਈ ਦੀਪਕ ਭਾਰਗੋ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ ਐੱਸਕੇਐੱਮ ਦੇ ਸੱਦੇ ਤੇ ਅੱਜ ਹਲਕਾ ਜ਼ੀਰਾ ਵਿੱਚ ਪੰਜਾਬ ਸਰਕਾਰ ਦੀ ਲੈਂਡਪੂਲਿੰਗ ਪਾਲਿਸੀ ਦੇ ਵਿਰੋਧ ਵਿੱਚ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ ਦੀ ਅਗਵਾਈ ਹੇਠ ਟਰੈਕਟਰ ਕੱਢਿਆ ਗਿਆ, ਇਹ ਮਾਰਚ ਮਾਲਬਰੋਜ਼ ਸ਼ਰਾਬ ਫੈਕਟਰੀ ਵਿੱਚ ਲੱਗੇ ਸਾਂਝੇ ਮੋਰਚੇ ਤੋਂ ਸ਼ੁਰੂ ਹੋ ਕੇ ਪਿੰਡ ਮਨਸੂਰਵਾਲ ਕਲਾਂ, ਸਨ੍ਹੇਰ, ਮਨਸੂਰਦੇਵਾ, ਲੌਂਗੋਵਾਲ,ਝਤਰਾ ਆਦਿ ਪਿੰਡਾਂ ਤੋਂ ਹੁੰਦਾ ਹੋਇਆ ਜ਼ੀਰਾ ਸ਼ਹਿਰ ਵਿੱਚ ਸਮਾਪਤ ਹੋਇਆ ।ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਮੁਰਦਾਬਾਦ ,ਲੈਂਡਪੂਲਿੰਗ ਪਾਲਿਸੀ ਵਾਪਸ ਲਓ ਆਦਿ ਦੇ ਨਾਹਰੇ ਲਗਾਏ ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਨੇ ਕਿਹਾ ਕਿ ਪਹਿਲਾਂ ਸਰਕਾਰ ਵੱਲੋਂ ਭਾਰਤ ਮਾਲਾ ਪ੍ਰੋਜੈਕਟ ਲਈ ਪੰਜਾਬ ਦੇ ਕਿਸਾਨਾਂ ਦੀ ਇੱਕ ਲੱਖ ਏਕੜ ਦੇ ਕਰੀਬ ਜਮੀਨ ਧੱਕੇ ਨਾਲ ਖੋਹ ਲਈ ਹੈ ,ਹੁਣ ਸਾਮਰਾਜੀ ਸੰਸਥਾਵਾਂ ਤੇ ਦਿਸ਼ਾ ਨਿਰਦੇਸ਼ਾਂ ਤੇ ਲੈਂਡਪੂਲਿੰਗ ਪਾਲਿਸੀ ਰਾਹੀਂ ਹਜ਼ਾਰਾਂ ਏਕੜ ਉਪਜਾਊ ਜਮੀਨ ਖੋਹਣ ਦੇ ਲਈ ਭਗਵੰਤ ਮਾਨ ਸਰਕਾਰ ਪੱਬਾਂ ਭਾਰ ਹੋਈ ਫਿਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 27 ਜ਼ਿਲ੍ਹਿਆਂ ਵਿੱਚ ਵੱਖ - ਵੱਖ ਨਾਮਾਂ ਤੇ ਅਰਬਨ ਸਟੇਟ ਬਣਾ ਕੇ 12304 ਏਕੜ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਬਲਦੇਵ ਸਿੰਘ ਜ਼ੀਰਾ ਨੇ ਕਿਹਾ ਕਿ ਇਹ ਜਮੀਨਾਂ ਦੇਸ਼ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦੇ ਕਾਰੋਬਾਰਾਂ ਨੂੰ ਵਧਾਉਣ ਦੇ ਲਈ ਖੋਹੀਆਂ ਜਾ ਰਹੀਆਂ ਹਨ । ਸਰਕਾਰ ਵੱਲੋਂ ਕਿਸਾਨਾਂ ਨੂੰ ਝੂਠੇ ਸਬਜਬਾਗ ਦਿਖਾ ਕੇ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਆਗੂਆਂ ਨੇ ਕਿਹਾ ਕਿ ਖੇਤੀ ਕਰ ਕੇ ਆਪਣਾ ਟੱਬਰ ਪਾਲਣ ਵਾਲੇ ਕਿਸਾਨਾਂ ਨੂੰ ਸਰਕਾਰ ਉਜਾੜਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ,ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਤਾਕਤ ਨਾਲ ਹੀ ਸਾਡੀਆਂ ਜਮੀਨਾਂ ਬਚ ਸਕਦੀਆਂ ਹਨ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਲੈਂਡਪੂਲਿੰਗ ਪਾਲਸੀ ਵਾਪਸ ਨਾ ਲਈ ਤਾਂ ਸੰਘਰਸ਼ ਤੇਜ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਲਜੀਤ ਕੌਰ ਮਖੂ,ਜੁਗਰਾਜ ਸਿੰਘ ਫੇਰੋਕੇ,ਬਲਾਕ ਪ੍ਰਧਾਨ ਸੁਖਪਾਲ ਸਿੰਘ, ਸੁਖਵਿੰਦਰ ਸਿੰਘ ਅਲੀਪੁਰ, ਗੁਲਜ਼ਾਰ ਸਿੰਘ ਗੋਗੋਆਣੀ ,ਗੁਰਜੰਟ ਸਿੰਘ,ਸੋਹਨ ਸਿੰਘ, ਗੁਰਵਿੰਦਰ ਸਿੰਘ, ਕੁਲਵਿੰਦਰ ਸਿੰਘ,ਸੁਖਦੇਵ ਸਿੰਘ,ਸਤਵੀਰ ਕੌਰ ਝਤਰਾ, ਬਲਾਕ ਪ੍ਰਧਾਨ ਚਰਨਜੀਤ ਸਿੰਘ ਬੱਲ,ਖਜਾਨਚੀ ਲਖਵੀਰ ਸਿੰਘ ਫੌਜੀ ਲਹਿਰਾ ਰੋਹੀ,ਬੂਟਾ ਸਿੰਘ,ਨਿਰਵੈਰ ਸਿੰਘ ਜਗਜੀਤ ਸਿੰਘ,ਕਿ$ਪਾਲ ਸਿੰਘ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਜੋਨਲ ਸਕੂਲ ਖੇਡਾਂ 'ਚ ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ ਦੀ ਝੰਡੀ



ਜੋਗਾ, 30 ਜੁਲਾਈ (ਚ.ਨ.ਸ.): ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਜੋਗਾ ਦੇ ਖਿਡਾਰੀਆਂ ਨੇ 69ਵੀਆਂ ਪੰਜਾਬ ਰਾਜ ਜੋਨਲ ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਟੀਮ ਇੰਚਾਰਜ ਹਰਦੀਪ ਸਿੰਘ ਨੇ ਦੱਸਿਆ ਕਿ ਕਬੱਡੀ ਨੈਸ਼ਨਲ ਸਟਾਇਲ ਅੰਡਰ 17 ਸਾਲ ਅਤੇ ਅੰਡਰ 19 ਸਾਲ ਵਿੱਚ ਸਕੂਲ ਦੇ ਖਿਡਾਰੀਆਂ ਨੇ ਵਧੀਆ ਖੇਡ ਦਿਖਾਉਂਦਿਆਂ ਜੋਨ ਜੋਗਾ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਹੁਣ ਇਹ ਖਿਡਾਰੀ ਜਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਭਾਗ ਲੈਣਗੇ। ਸਕੂਲ ਮੁਖੀ ਹੇਮਾ ਗੁਪਤਾ ਨੇ ਜੇਤੂ ਖਿਡਾਰੀਆਂ ਅਤੇ ਟੀਮ ਇੰਚਾਰਜ ਹਰਦੀਪ ਸਿੰਘ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਖਿਡਾਰੀਆਂ ਨੂੰ ਜਿਲ੍ਹਾ ਪੱਧਰੀ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਆ। ਇਸ ਮੌਕੇ ਸਕੂਲ ਮੁਖੀ ਹੇਮਾ ਗੁਪਤਾ, ਰਾਜ ਕਮਲ, ਸ਼ਰਨਜੀਤ ਕੌਰ, ਰਜਿੰਦਰ ਕੌਰ, ਪੂਜਾ ਰਾਣੀ, ਪ੍ਰਿਅੰਕਾ ਰਾਣੀ, ਰਜਿੰਦਰ ਕੌਰ (ਕੰਪਿ.), ਹਰਜਿੰਦਰ ਕੌਰ, ਮਨਦੀਪ ਕੌਰ, ਹਰਦੀਪ ਸਿੰਘ, ਪ੍ਰਦੀਪ ਕੁਮਾਰ, ਅਮਿਤ ਕੁਮਾਰ, ਗੁਰਵੀਰ ਸਿੰਘ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

## ਲੋਕ ਸਭਾ ਸਪੀਕਰ ਓਮ ਬਿਰਲਾ ਵੱਲੋਂ IIS ਅਧਿਕਾਰੀਆਂ ਨੂੰ ਸੰਬੋਧਨ, ਭਰੋਸੇਯੋਗ ਸੰਚਾਰ ਤੇ ਜ਼ੋਰ



ਨਵੀਂ ਦਿੱਲੀ, 30 ਜੁਲਾਈ, (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ ਸ੍ਰੀ ਓਮ ਬਿਰਲਾ ਨੇ ਅੱਜ ਕਿਹਾ ਕਿ ਭਾਰਤ ਦੀ ਤਰੱਕੀ, ਨਵੀਨਤਾ ਅਤੇ ਲਚਕਤਾ ਦੀਆਂ ਕਹਾਣੀਆਂ ਨੂੰ ਪੂਰੀ ਇਮਾਨਦਾਰੀ ਅਤੇ ਪ੍ਰਮਾਣਿਕਤਾ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਸੰਸਦ ਭਵਨ ਵਿੱਚ ਭਾਰਤੀ ਸੂਚਨਾ ਸੇਵਾ (IIS) ਦੇ 2023-24 ਬੈਚ ਦੇ ਸਿਖਿਆਰਥੀ ਅਫ਼ਸਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇ ਸੂਚਨਾ ਯੁੱਗ ਵਿੱਚ IIS ਅਧਿਕਾਰੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।ਸ੍ਰੀ ਬਿਰਲਾ ਨੇ ਜ਼ੋਰ ਦੇ ਕੇ ਕਿਹਾ ਕਿ ਗਲਤ ਜਾਣਕਾਰੀ ਅਤੇ ਫਰਜ਼ੀ ਖ਼ਬਰਾਂ ਦਾ ਮੁਕਾਬਲਾ ਸਿਰਫ਼ ਭਰੋਸੇਯੋਗ, ਸਮੇਂ ਸਿਰ ਅਤੇ ਪਾਰਦਰਸ਼ੀ ਸੰਚਾਰ ਨਾਲ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਨੌਜਵਾਨ ਅਧਿਕਾਰੀਆਂ ਨੂੰ ਸਰਕਾਰ ਅਤੇ ਨਾਗਰਿਕਾਂ ਵਿਚਕਾਰ ਇੱਕ ਪੁਲ ਵਜੋਂ ਕੰਮ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਸਿਵਲ ਸੇਵਕਾਂ ਲਈ ਸੰਸਦੀ ਪ੍ਰਕਿਰਿਆਵਾਂ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਸਮਝ ਹੋਣੀ ਬੁਨਿਆਦੀ ਲੋੜ ਹੈ।ਸਪੀਕਰ ਨੇ ਸ਼ਾਸਨ ਵਿੱਚ ਕੁਸ਼ਲਤਾ ਅਤੇ ਪਾਰਦਰਸ਼ਤਾ ਵਧਾਉਣ ਲਈ ਤਕਨਾਲੋਜੀ, ਖਾਸ ਕਰਕੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਾਟਾ ਵਿਸ਼ਲੇਸ਼ਣ, ਦੀ ਵਰਤੋਂ ਕਰਨ ਦੀ ਲੋੜ ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਵਿਕਸਿਤ ਭਾਰਤ 2047 ਦੇ ਟੀਚੇ ਲਈ ਸਮਰਪਿਤ ਹੋਣ ਦਾ ਸੱਦਾ ਦਿੱਤਾ।

## ਆਰਗੈਨਿਕ ਉਤਪਾਦਾ ਦੀ ਲੱਗਣ ਵਾਲੀ ਹਫਤਾਵਾਰੀ 'ਪਹਿਲ ਮੰਡੀ' ਨੇ ਸੁਨਾਮ ਵਿਖੇ ਸਫਲਤਾਪੂਰਵਕ ਪੂਰਾ ਕੀਤਾ ਇੱਕ ਸਾਲ

ਸੰਗਰੂਰ, 30 ਜੁਲਾਈ (ਹਰਕੰਵਲ ਸਿੰਘ ਹੈਪੀ) ਜ਼ਿਲ੍ਹਾ ਸੰਗਰੂਰ ਪ੍ਰਸ਼ਾਸਨ ਦੇ ਸਹਿਯੋਗ ਨਾਲ ਸੁਨਾਮ ਸ਼ਹਿਰ ਵਿਖੇ ਸਥਿਤ ਰੇਹੜੀ ਫੜ੍ਹੀ ਮਾਰਕੀਟ ਵਿਖੇ
ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵਲੋ ਸ਼ਹੀਦ ਊਧਮ ਸਿੰਘ ਜੀ ਦੀ ਬਰਸੀ ਦੇ ਮੌਕੇ ਸੂਰੂ ਕਰਵਾਈ ਗਈ ਪਹਿਲ ਮੰਡੀ ਨੂੰ ਲੋਕਾਂ ਵੱਲੋਂ ਮਿਲ ਰਹੇ ਭਰਪੂਰ ਹੁੰਗਾਰੇ ਸਦਕਾ ਇੱਕ ਸਾਲ ਸਫਲਤਾਪੂਰਵਕ ਪੂਰਾ ਕਰ ਲਿਆ ਹੈ। ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਸੰਦੀਪ ਰਿਸ਼ੀ ਦੀ ਅਗਵਾਈ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਖਚੈਨ ਸਿੰਘ ਪਾਪੜਾ ਜੀ ਦਿਸ਼ਾ ਨਿਰਦੇਸ਼ ਹੇਠ ਚੱਲ ਰਹੇ ਪਹਿਲ ਪ੍ਰੋਜੈਕਟ ਤਹਿਤ ਸੈਲਫ ਹੈਲਪ ਗਰੁੱਪ ਮੈਂਬਰਾਂ ਅਤੇ ਕਿਸਾਨਾਂ ਨੂੰ ਆਰਗੈਨਿਕ ਉਤਪਾਦਾਂ ਦੀ ਮਾਰਕੀਟਿੰਗ ਸਹੂਲਤ ਮੁਹਇਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਪਹਿਲ ਮੰਡੀ ਨੇ ਸਫਲਤਾ ਪੂਰਵਕ ਇੱਕ ਸਾਲ ਪੂਰਾ ਕਰ ਲਿਆ ਹੈ। ਪਹਿਲ ਮੰਡੀ ਵਿੱਚ ਭਾਗ ਲੈਣ ਵਾਲੀ ਸ਼੍ਰੀਮਤੀ ਰਾਜਿੰਦਰ ਕੌਰ ਨੇ ਕਿਹਾ ਕਿ ਇਹ ਮੰਡੀ ਉਹਨਾਂ ਦੇ ਲਈ ਵਰਦਾਨ ਸਾਬਿਤ ਹੋਈ ਹੈ। ਇਸ ਨਾਲ ਉਹਨਾਂ ਦੇ ਰੋਜ਼ਗਾਰ ਵਿੱਚ ਵਾਧਾ ਹੋਇਆ ਹੈ ਤੇ ਲੋਕਾਂ ਵੱਲੋਂ ਮਿਲ ਰਹੇ ਹੁੰਗਾਰੇ ਨਾਲ ਉਹਨਾਂ ਵਿੱਚ ਗੁਣਵੱਤਾ ਨਾਲ ਕੰਮ ਕਰਨ ਲਈ ਹੋਰ ਵੀ ਉਤਸ਼ਾਹ ਭਰ ਦਿੱਤਾ ਹੈ। ਜਗਦੇਵ ਸਿੰਘ ਸਤੌਜ ਨੇ ਕਿਹਾ ਅਸੀਂ ਇਸ ਤੋਂ ਪਹਿਲਾਂ ਕਈ ਗਰੁੱਪਾਂ ਨਾਲ ਲੰਬੇ ਅਰਸੇ ਤੋਂ ਜੁੜੇ ਹੋਏ ਸੀ ਪਰ ਪਹਿਲ ਮੰਡੀ ਨੇ ਉਹਨਾਂ ਨੂੰ ਕਿੱਤਾ ਮੁੱਖੀ ਬਣਾ ਦਿੱਤਾ। ਦਰਸ਼ਨ ਸਿੰਘ ਪੇਧਨੀ ਕਲਾਂ ਨੇ ਕਿਹਾ ਜਿਸ ਦਿਨ ਹਫਤਾਵਾਰੀ ਪਹਿਲ ਮੰਡੀ ਲੱਗਦੀ ਹੈ ਉਸ ਦਿਨ ਉਹਨਾਂ ਨੂੰ ਮੰਡੀ ਵਿੱਚ ਭਾਗ ਲੈਣ ਲਈ ਵਿਆਹ ਜਿੰਨਾ ਚਾਅ ਹੁੰਦਾ ਹੈ, ਉਹਨਾਂ ਕਿਹਾ ਕਿ ਬੜੀ ਇਮਾਨਦਾਰੀ ਨਾਲ ਹੱਥੀਂ ਤਿਆਰ ਕਰਕੇ ਸਮਾਨ ਵੇਚਣ ਕਰਕੇ ਜਦੋਂ ਗ੍ਰਾਹਕਾਂ ਵੱਲੋ ਦੁਬਾਰਾ ਮੰਗ ਕੀਤੀ ਜਾਂਦੀ ਹੈ ਤਾਂ ਉਹਨਾਂ ਨੂੰ ਮਾਨ ਮਹਿਸੂਸ ਹੁੰਦਾ ਹੈ।

## ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਹੋਵੇਗੀ ਤਿੰਨ ਦਿਨਾਂ ਵਿਚਾਰ ਗੋਸ਼ਟੀ- ਖਹਿਰਾ




ਸੰਗਰੂਰ 30 ਜੁਲਾਈ (ਹਰਕੰਵਲ ਸਿੰਘ ਹੈਪੀ) ਅਕਾਲੀ ਦਲ ਦੀ ਪੁਨਰ ਸੁਰਜੀਤੀ ਕਿਵੇਂ ਦੀ ਹੋਵੇ ਅਤੇ ਉਸ ਦਾ ਵਿਧੀ ਵਿਧਾਨ ਤੇ ਸੰਵਿਧਾਨ ਕੀ ਹੋਵੇ, ਇਸ ਵਿਸ਼ੇ ਨੂੰ ਮੁੱਖ ਰੱਖਦਿਆਂ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਉੱਦਮ ਅਤੇ ਸਿੱਖ ਜਥਿਆਂ ਤੇ ਸਿੱਖ ਸਖਸ਼ੀਅਤਾਂ ਦੇ ਸਹਿਯੋਗ ਨਾਲ ਸੰਤ ਅਤਰ ਸਿੰਘ ਜੀ ਦੀ 100 ਸਾਲਾ ਬਰਸੀ ਨੂੰ ਸਮਰਪਿਤ 1,2 ਅਤੇ 3 ਅਗਸਤ ਨੂੰ ਸੰਤ ਤੇਜਾ ਸਿੰਘ ਹਾਲ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਤਿੰਨ ਦਿਨਾਂ ਵਿਚਾਰ ਗੋਸ਼ਟੀ ਡੈ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਵੱਖ-ਵੱਖ ਰਾਜਨੀਤਿਕ, ਧਾਰਮਿਕ, ਸਮਾਜਿਕ, ਪੱਤਰਕਾਰ, ਵਿਦਵਾਨ ਅਤੇ ਕਾਰਕੁੰਨ ਆਪਣੇ ਵਿਚਾਰ ਸਾਂਝੇ ਕਰਨਗੇ।

ਇਸ ਸੰਬੰਧ ਵਿੱਚ ਅੱਜ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਪ੍ਰਬੰਧਕੀ ਟੀਮ ਵੱਲੋਂ ਅਕਾਲ ਕਾਲਜ਼ ਕੌਂਸਲ ਦੇ ਸਕੱਤਰ ਸ. ਜਸਵੰਤ ਸਿੰਘ ਖਹਿਰਾ ਦੀ ਰਹਿਨੁਮਾਈ ਹੇਠ ਇਕੱਤਰਤਾ ਕੀਤੀ ਗਈ ਜਿਸ ਵਿੱਚ ਪ੍ਰਬੰਧਕਾਂ ਵੱਲੋਂ ਵਿਚਾਰ ਗੋਸ਼ਟੀ ਦੀਆਂ ਤਿਆਰੀਆਂ ਨੂੰ ਲੈ ਕੇ ਆਪਸੀ ਵਿਚਾਰ ਵਟਾਂਦਰਾ ਕੀਤਾ ਗਿਆ। ਇਕੱਤਰਤਾ ਉਪਰੰਤ ਪ੍ਰੈਸ ਕਾਨਫਰੰਸ ਕਰਦਿਆਂ ਸ. ਜਸਵੰਤ ਸਿੰਘ ਖਹਿਰਾ, ਕੌਂਸਲ ਮੈਂਬਰ ਗਮਦੂਰ ਸਿੰਘ, ਸਿਆਸਤ ਸਿੰਘ ਗਿੱਲ ਅਤੇ ਡਾ. ਗੁਰਮੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਬਣਨ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਇੱਕ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਤੇ ਇਸ ਸਾਰੇ ਅਰਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਖ-ਵੱਖ ਰੂਪਾਂ ਅਤੇ ਭੂਮਿਕਾਵਾਂ ਵਿੱਚ ਵਿਚਰਿਆ ਹੈ ਤੇ ਹੁਣ ਫਿਰ ਸ੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੀ ਗੱਲ ਚੱਲੀ ਹੈ, ਪਰ ਪੁਨਰ ਸੁਰਜੀਤੀ ਤੋਂ ਪਹਿਲਾਂ ਅਕਾਲੀ ਦਲ ਦੇ ਇਸ ਸਥਿਤੀ ਵਿੱਚ ਪਹੁੰਚਣ ਸੰਬੰਧੀ ਮੰਥਨ ਹੋਣਾ ਚਾਹੀਦਾ ਸੀ ਜੋ ਨਹੀਂ ਹੋ ਸਕਿਆ ਜਿਸ ਕਰਕੇ ਪੁਨਰ ਸੁਰਜੀਤੀ ਕਰਨ ਦੇ ਵਿਧੀ ਵਿਧਾਨ ਅਤੇ ਨੀਤੀ ਵਿੱਚ ਖੱਪਾ ਰਹਿ ਗਿਆ ਹੈ। ਇਸ ਸਾਰੇ ਕਰਕੇ ਪੰਥ ਵਿੱਚ ਇਕਸੁਰਤਾ ਹੋਣ ਦੀ ਬਜਾਏ ਖਿਡਾਓ ਅਤੇ ਭੰਬਲਭੂਸਾ ਹੋਰ ਵੀ ਵਧ ਗਿਆ ਹੈ ਜਿਸ ਕਰਕੇ ਇਸ ਸਾਰੇ ਮਾਹੌਲ ਵਿੱਚ ਇਹ ਜਰੂਰੀ ਹੈ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਸਿਰਫ ਚਿਹਰੇ ਬਦਲਕੇ ਨਾ ਕੀਤੀ ਜਾਵੇ ਸਗੋਂ ਇਸ ਕਾਰਜ ਨੂੰ ਨਿੱਠ ਕੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਹੁਣ ਦੇ ਸਮੇਂ ਚ ਅਕਾਲੀ ਦਲ ਨੂੰ ਕਿਸ ਰੂਪ ਵਿੱਚ ਪੁਨਰ ਸੁਰਜੀਤ ਕੀਤਾ ਜਾਵੇ ਅਤੇ ਉਸ ਦੀ ਨੀਤੀ ਕੀ ਹੋਵੇ ? ਇਸੇ ਨੁਕਤੇ ਤੋਂ ਇਹ ਵਿਚਾਰ ਗੋਸਟੀ ਕਰਵਾਈ ਜਾ ਰਹੀ ਹੈ ਜਿਸ ਵਿਚ ਸਾਰੀਆਂ ਸਰਗਰਮ ਸਿਆਸੀ ਅਤੇ ਗੈਰ ਸਿਆਸੀ ਧਿਰਾਂ ਦੇ ਵਿਚਾਰ ਲਏ ਜਾਣਗੇ ਅਤੇ ਕੋਈ ਸਾਂਝੀ ਰਾਇ ਬਣਾਉਣ ਦਾ ਯਤਨ ਕੀਤਾ ਜਾਵੇਗਾ ।

## ਕਣਕ ਝੋਨੇ ਨੂੰ ਛੱਡ ਕੇ ਬਦਲਵਾਂ .ਫਸਲੀ ਚੱਕਰ ਅਪਣਾਉਣ ਕਿਸਾਨ

ਲੁਧਿਆਣਾ, 30 ਜੁਲਾਈ (ਕਰਨੈਲ ਸਿੰਘ ਐੱਮ.ਏ.): ਝਰਮਲ ਸਿੰਘ ਤੇ ਪਦਮਸ਼੍ਰੀ ਭਵਰ ਲਾਲ ਹੀਰਾ ਲਾਲ ਦੀ ਯਾਦ ਵਿੱਚ ਸਮੂਹ ਨਗਰ ਪੰਚਾਇਤ ਝੋਕ ਹਰੀਹਰ ਵੱਲੋਂ ਪਾਣੀ ਬਚਾਓ, ਧਰਤੀ ਬਚਾਓ ਮਿਸ਼ਨ ਤਹਿਤ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਵੱਖ-ਵੱਖ ਵਿਭਾਗਾਂ ਤੋਂ ਪਹੁੰਚੇ ਅਧਿਕਾਰੀਆਂ ਨੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।ਬਾਗਬਾਨੀ ਵਿਕਾਸ ਅਫ਼ਸਰ ਡਾ: ਸਿਮਰਦੀਪ ਸਿੰਘ ਨੇ ਕਿਸਾਨਾਂ ਨੂੰ ਕਣਕ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਛੱਡ ਕੇ ਫ਼ਸਲੀ ਵਿਭਿੰਨਤਾ ਅਪਣਾਉਣ ਲਈ ਪਰੇਰਿਆ।ਬਾਗਬਾਨੀ ਵਿਭਾਗ ਵੱਲੋਂ ਇਸ ਲਈ ਕਈ ਤਰ੍ਹਾਂ ਦੀਆਂ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦਾ ਕਿਸਾਨ ਵੱਧ ਤੋਂ ਵੱਧ ਫ਼ਾਇਦਾ ਉਠਾਉਣ। ਉਹਨਾਂ ਨੇ ਕਿਸਾਨਾਂ ਨੂੰ ਗੰਡੋਆ ਖਾਦ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ। ਖੇਤੀ ਸਹਾਇਕ ਧੰਦਿਆਂ ਲਈ ਮਿਲਦੀ ਸਬਸਿਡੀ ਬਾਰੇ ਵੀ ਉਹਨਾਂ ਨੇ ਜਾਣਕਾਰੀ ਦਿੱਤੀ। ਭੂਮੀ ਰੱਖਿਆ ਤੇ ਜਲ ਸੰਭਾਲ ਅਫ਼ਸਰ ਗੁਰਿੰਦਰ ਸਿੰਘ ਨੇ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਤੇ ਚਿੰਤਾ ਪ੍ਰਗਟਾਈ। ਉਹਨਾਂ ਨੇ ਸਮੇਂ ਦੀ ਲੋੜ ਅਨੁਸਾਰ ਤੁਪਕਾ ਸਿੰਚਾਈ ਅਪਣਾਉਣ ਤੇ ਜ਼ੋਰ ਦਿੱਤਾ। ਉਹਨਾਂ ਦੱਸਿਆ ਕਿ ਪੰਜਾਬ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੈ ਜਿੱਥੇ ਜਲ ਸੰਭਾਲ ਪ੍ਰੋਜੈਕਟ ਲਈ ਸਭ ਤੋਂ ਵੱਧ ਸਬਸਿਡੀ ਦਿੱਤੀ ਜਾ ਰਹੀ ਹੈ। ਮਿਰਚਾਂ ਦੇ ਸਫਲ ਕਾਸ਼ਤਕਾਰ ਅਮਰਜੀਤ ਸਿੰਘ ਭੂਰੇ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਕਿਸਾਨ ਭਰਾਵਾਂ ਨੂੰ ਕਣਕ ਝੋਨੇ ਦੀ ਥਾਂ ਹੋਰ ਫ਼ਸਲਾਂ ਵੱਲ ਧਿਆਨ ਦੇਣ ਲਈ ਪ੍ਰੇਰਿਆ। ਜੈਨ ਇਰੀਗੇਸ਼ਨ ਦੇ ਪੰਜਾਬ ਇੰਚਾਰਜ ਸਵਰਨ ਸਿੰਘ ਨੇ ਪਾਣੀ ਦੀ ਬੱਚਤ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

# ਬਾਲ ਸੁਰੱਖਿਆ ਵਿਭਾਗ ਦੀ ਟੀਮ ਵੱਲੋਂ ਜੋਗਾ, ਬੋਹਾ ਅਤੇ ਬਰੇਟਾ ਵਿਖੇ ਬਾਲ ਭੀਖਿਆ ਸਬੰਧੀ ਚੈਕਿੰਗ

ਮਾਨਸਾ, 30 ਜੁਲਾਈ(ਵਿਰੇਦਰਪਾਲ ਮੰਤਰੋ): ਡਿਪਟੀ ਕਮਿਸ਼ਨਰ, ਸ੍ਰ ਕੁਲਵੰਤ ਸਿੰਘ, ਆਈ.ਏ.ਐਸ. ਦੇ ਦਿਸ਼ਾ ਨਿਰਦੇਸ਼ਾਂ ਅਤੇ ਬਾਲ ਸੁਰੱਖਿਆ ਅਫ਼ਸਰ ਨਤੀਸ਼ਾ ਅੱਤਰੀ ਦੀ ਅਗਵਾਈ ਹੇਠ ਕਾਊਂਸਲ ਰਜਿੰਦਰ ਕੁਮਾਰ ਵਰਮਾ ਅਤੇ ਹਰਦੀਪ ਕੁਮਾਰ ਵੱਲੋਂ ਬੋਹਾ, ਜੋਗਾ ਅਤੇ ਬਰੇਟਾ ਵਿਖੇ ਬਾਲ ਭੀਖਿਆ ਸਬੰਧੀ ਚੈਕਿੰਗ ਕੀਤੀ ਗਈ। ਉਨ੍ਹਾਂ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਬਾਲ ਭੀਖਿਆ ਕਰਵਾਉਣੀ ਕਾਨੂੰਨੀ ਜੁਰਮ ਹੈ, ਉਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਤੋਂ ਬਾਲ ਭੀਖਿਆ ਨਾ ਕਰਵਾਉਣ ਸਗੋਂ ਬੱਚਿਆਂ ਨੂੰ ਸਕੂਲ ਦਾਖਲ ਕਰਵਾਉਣ। ਇਸ ਮੌਕੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਸਬੰਧੀ ਜਾਣੂੰ ਕਰਵਾਇਆ ਗਿਆ। ਕਾਊਂਸਲਰ ਸ੍ਰੀ ਰਾਜਿੰਦਰ ਵਰਮਾ ਵੱਲੋਂ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਪਾਸੋਂ ਬੱਚਿਆਂ ਨਾਲ ਸਬੰਧਤ ਮਿਲਣ ਵਾਲੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਾਲ ਸੁਰੱਖਿਆ ਵਿਭਾਗ ਵੱਲੋਂ ਮਿਲਣ ਵਾਲੀਆਂ ਸਕੀਮਾ ਸਪੋਂਸਰਸ਼ਿਪ ਤੇ ਫੋਸਟਰ ਕੇਅਰ ਬਾਰੇ ਦੱਸਿਆ ਤੇ ਹੋਰ ਵਿਭਾਗ ਤੋਂ ਬੱਚਿਆਂ ਨੂੰ ਮਿਲਣ ਵਾਲੀਆ ਸਹੂਲਤਾਂ ਤੋਂ ਜਾਣੂੰ ਕਰਵਾਇਆ, ਤਾਂ ਜੋ ਕਿਸੇ ਲੋੜਵੰਦ ਬੱਚੇ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਜਿਣਸੀ ਐਕਟ ਬਾਰੇ ਜਾਣੂੰ ਕਰਵਾਉਂਦਿਆਂ ਕਿਹਾ ਕਿ ਮੋਬਾਇਲ 'ਤੇ ਗਲਤ ਸੁਨੇਹੇ ਭੇਜਣ ਅਤੇ ਛੇੜਛਾੜ ਕਰਨ 'ਤੇ ਸਖ਼ਤ ਸਜ਼ਾ ਦਾ ਕਾਨੂੰਨ ਹੈ। ਉਨ੍ਹਾਂ ਕਿਹਾ ਕਿ ਬਾਲ ਭੀਖਿਆ, ਬਾਲ ਵਿਆਹ, ਬਾਲ ਮਜ਼ਦੂਰੀ ਅਤੇ ਕਿਸੇ ਮੁਸੀਬਤ ਵਿਚ ਮਿਲੇ ਬੱਚੇ ਦੀ ਮਦਦ ਲਈ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਅਧਿਆਪਕਾਂ ਨੂੰ ਬੱਚਿਆਂ ਨੂੰ ਸਰੀਰਿਕ ਸਜ਼ਾ ਦੇਣ ਤੋਂ ਗੁਰੇਜ਼ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਬੱਚਿਆਂ ਨਾਲ ਸਬੰਧਤ ਸੇਵਾਵਾਂ ਲਈ ਬਾਲ ਭਲਾਈ ਕਮੇਟੀ, ਬੱਚਤ ਭਵਨ ਮਾਨਸਾ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 33 ਵਿਖੇ ਸਥਿਤ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਚਾਈਲਡਲਾਈਨ ਤੋਂ ਬੇਅੰਤ ਕੌਰ, ਰਜਨੀ ਰਾਣੀ, ਸੰਦੀਪ ਕੌਰ, ਸ਼ੁਭਮ ਸਿੰਘ, ਸੁਖਦਰਸ਼ਨ ਸਿੰਘ ਅਤੇ ਪੁਲਿਸ ਵਿਭਾਗ ਤੋਂ ਗੁਰਮੇਲ ਸਿੰਘ ਮੇਵਾ ਸਿੰਘ ਹਾਜ਼ਰ ਸਨ।



# ਗੌਇਲ ਸਕੂਲ ਦੇ ਖਿਡਾਰੀਆਂ ਦਾ ਅੰਡਰ-14 ਬੈਡਮਿੰਟਨ ਵਿੱਚ ਤੀਜਾ ਸਥਾਨ



ਸਰਦੂਲਗੜ੍ਹ 30ਜੁਲਾਈ ( ਲਛਮਣ ਸਿੱਧੂ ):ਗੌਇਲ ਕਾਨਵੈਂਟ ਸਕੂਲ, ਸਰਦੂਲਗੜ੍ਹ ਦੀ ਅੰਡਰ-14 ਬੈਡਮਿੰਟਨ ਟੀਮ (ਕੁੜੀਆਂ) ਨੇ ਜ਼ੋਨ ਪੱਧਰੀ ਸਕੂਲ ਖੇਡਾਂ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਇਹ ਮੁਕਾਬਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੁਸਲਾ ਵਿਖੇ ਆਯੋਜਿਤ ਕੀਤਾ ਗਿਆ ਸੀ।ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਪਰਮਪਾਲ ਕੌਰ ਨੇ ਟੀਮ ਦੇ ਵਿਦਿਆਰਥੀਆਂ ਅਤੇ ਦੋਵੇਂ ਡੀ.ਪੀ.ਈ. ਗੁਰਜੀਤ ਸਿੰਘ ਅਤੇ ਸੁਧੀਰ ਕੁਮਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਕਠਿਨ ਮਿਹਨਤ, ਕੋਚਾਂ ਦੀ ਸਹੀ ਤਰਬੀਅਤ ਅਤੇ ਸਕੂਲ ਪ੍ਰਬੰਧਨ ਦੀ ਪੂਰੀ ਮਦਦ ਦੇ ਕਾਰਨ ਹੀ ਸੰਭਵ ਹੋ ਸਕੀ ਹੈ। ਉਨ੍ਹਾਂ ਨੇ ਖਿਡਾਰਣਾਂ ਨੂੰ ਹੋਰ ਮਿਹਨਤ ਕਰਕੇ ਰਾਜ ਪੱਧਰ 'ਤੇ ਆਪਣੀ ਪਹੁੰਚ ਬਣਾਉਣ ਦੀ ਪ੍ਰੇਰਣਾ ਵੀ ਦਿੱਤੀ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਮੋਹਿਤ ਜੈਨ ਅਤੇ ਵਾਈਸ-ਚੇਅਰਮੈਨ ਸ੍ਰੀ ਮਨੀਸ਼ ਮੰਗਲਾ ਨੇ ਵੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਸਕੂਲ ਲਈ ਮਾਣ ਦੀ ਗੱਲ ਹੁੰਦੀਆਂ ਹਨ ਅਤੇ ਅਸੀਂ ਹਮੇਸ਼ਾ ਖੇਡਾਂ ਅਤੇ ਸੱਭਿਆਚਾਰਕ ਗਤਿਵਿਧੀਆਂ ਨੂੰ ਉਤਸ਼ਾਹਤ ਕਰਦੇ ਰਹਾਂਗੇ।

# ਆਪਣੇ ਘਰਾਂ 'ਚ ਬਜ਼ੁਰਗਾਂ ਨਾਲ ਕੁੱਝ ਸਮਾਂ ਜ਼ਰੂਰ ਬਿਤਾ ਕੇ ਉਨ੍ਹਾਂ ਦੀ ਇਕੱਲਤਾ ਅਤੇ ਬੇਗਾਨਗੀ ਖ਼ਤਮ ਕਰੋ

ਬਰਨਾਲਾ, 30 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਭਾਰਤ ਗੁਰੂਆਂ, ਰਿਸ਼ੀਆਂ, ਮੁਨੀਆਂ ਦੀ ਧਰਤੀ ਹੈ। ਸਾਡੇ ਧਾਰਮਿਕ ਗ੍ਰੰਥ ਮਾਂ ਬਾਪ ਦੀ ਸੇਵਾ ਕਰਨ ਦਾ ਸੰਕਲਪ ਸਾਂਭੀ ਬੈਠੇ ਹਨ ਅਤੇ ਧਾਰਮਿਕ ਆਗੂ ਮਾਂ ਬਾਪ ਦੀ ਸੇਵਾ ਕਰਨ ਨੂੰ ਸਭ ਤੋਂ ਉੱਤਮ ਕਾਰਜ ਕਹਿੰਦਿਆਂ ਲੋਕਾਂ ਨੂੰ ਮਾਂ ਬਾਪ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਹਨ। ਉਹ ਮਾਂ ਬਾਪ ਜਿਨ੍ਹਾਂ ਨੇ ਆਪਣੀ ਔਲਾਦ ਨੂੰ ਹਰ ਤਰ੍ਹਾਂ ਦਾ ਸੁੱਖ ਦੇਣ ਲਈ ਆਪਣੀਆਂ ਸਾਰੀਆਂ ਖੁਸ਼ੀਆਂ ਦਾਅ 'ਤੇ ਲਾ ਦਿੱਤੀਆਂ, ਉਹੀ ਬਜ਼ੁਰਗ ਇਕਲਾਪੇ ਤੇ ਬੇਗਾਨਗੀ ਦੀ ਜ਼ਿੰਦਗੀ ਬਸਰ ਕਰ ਰਹੇ ਹਨ ਅਤੇ ਜ਼ਿੰਦਗੀ ਦੇ ਅੰਤਿਮ ਪੜਾਅ 'ਤੇ ਮਾਨਸਿਕ ਪੀੜਾ 'ਚੋਂ ਗੁਜ਼ਰ ਰਹੇ ਹਨ। ਇਸ ਸਬੰਧੀ ਵਿਚਾਰ ਪ੍ਰਗਟ ਕਰਦਿਆਂ ਸਟੇਟ ਐਵਾਰਡੀ ਭੋਲਾ ਸਿੰਘ ਵਿਰਕ, ਵਾਤਾਵਰਨ ਪ੍ਰੇਮੀ ਗੁਰਮੀਤ ਸਿੰਘ ਮੀਮਸਾ, ਸਮਾਜ ਸੇਵੀ ਧੰਨਾ ਸਿੰਘ ਗਰੇਵਾਲ, ਮੁਲਾਜ਼ਮ ਆਗੂ ਅਵਤਾਰ ਸਿੰਘ ਲੀਲਾ, ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਦੇ ਸਕੱਤਰ ਹਰਮਨਜੀਤ ਸਿੰਘ ਰੁਪਾਲ ਅਤੇ ਤਲਵਿੰਦਰ ਸਿੰਘ ਮਸੌਣ ਮੀਤ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ ਨੇ ਕਿਹਾ ਕਿ ਜਦੋਂ ਮਾਪਿਆਂ ਦੀ ਜੇਬ ਔਲਾਦ ਦੀਆਂ ਇੱਛਾਵਾਂ ਪੂਰੀਆਂ ਕਰਨ 'ਚ ਅਸਮਰਥ ਹੋ ਜਾਂਦੀ ਹੈ, ਤਾਂ ਬਜ਼ੁਰਗ ਮਾਪਿਆਂ ਦਾ ਸਨਮਾਨਜਨਕ ਜ਼ਿੰਦਗੀ ਜਿਉਣ ਦਾ ਅਧਿਕਾਰ ਖੁੱਸ ਜਾਂਦਾ ਹੈ। ਭਾਰਤ ਵਿੱਚ 14 ਕਰੋੜ ਤੋਂ ਵੱਧ ਬਜ਼ੁਰਗਾਂ 'ਚੋਂ 75 ਪ੍ਰਤੀਸ਼ਤ ਬਜ਼ੁਰਗ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਹਨ ਅਤੇ ਬੇਗਾਨਗੀ ਦੀ ਜ਼ਿੰਦਗੀ ਬਸਰ ਕਰ ਰਹੇ ਹਨ। ਭਾਰਤ 'ਚ ਹੁਣ ਤੱਕ 728 ਬਿਰਧ ਆਸ਼ਰਮ ਖੁੱਲ੍ਹ ਚੁੱਕੇ ਹਨ, ਜਿਨ੍ਹਾਂ ਹੱਥਾਂ ਨੇ ਬੱਚਿਆਂ ਨੂੰ ਹਰ ਸੁੱਖ ਦੇਣ ਲਈ ਸੰਘਰਸ਼ ਕੀਤਾ ਅਤੇ ਆਪਣੀਆਂ ਖੁਸ਼ੀਆਂ ਵੀ ਬੱਚਿਆਂ ਤੋਂ ਕੁਰਬਾਨ ਕਰ ਦਿੱਤੀਆਂ, ਉਹੀ ਬਜ਼ੁਰਗ ਹੱਥ ਹੁਣ ਜਲਾਲਤ ਭਰੀ ਜ਼ਿੰਦਗੀ ਹੰਢਾਅ ਰਹੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰੀਏ। ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝੀਏ। ਸਰਕਾਰ ਨੂੰ ਵੀ ਇਸ ਸਮੱਸਿਆ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਕੋਈ ਠੋਸ ਹੱਲ ਕੱਢਣਾ ਚਾਹੀਦਾ ਤਾਂ ਜੋ ਬਜ਼ੁਰਗ ਸਨਮਾਨ ਅਤੇ ਪਿਆਰ ਨਾਲ ਆਪਣੀ ਜ਼ਿੰਦਗੀ ਦਾ ਅੰਤਿਮ ਸਫ਼ਰ ਤੈਅ ਕਰ ਸਕਣ। ਬਹੁਤੇ ਘਰਾਂ ਚ ਉਨ੍ਹਾਂ ਨਾਲ ਗੱਲਬਾਤ ਵੀ ਨਹੀਂ ਕੀਤੀ ਜਾਂਦੀ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਇਕੱਲਤਾ ਅਤੇ ਬੇਗਾਨਗੀ ਦਾ ਸ਼ਿਕਾਰ ਹੋ ਜਾਂਦੀ ਹੈ। ਸਾਨੂੰ ਸਾਰਿਆਂ ਨੂੰ ਆਪੋ ਆਪਣੇ ਘਰਾਂ ਚ ਬਜ਼ੁਰਗਾਂ ਨਾਲ ਕੁੱਝ ਸਮਾਂ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ, ਤਾਂ ਜੋ ਉਹ ਵੀ ਆਪਣੇ ਆਪ ਨੂੰ ਪਰਿਵਾਰ ਦਾ ਜ਼ਰੂਰੀ ਮੈਂਬਰ ਸਮਝਣ ਅਤੇ ਉਨ੍ਹਾਂ ਦੀ ਜ਼ਿੰਦਗੀ ਦਾ ਅੰਤਿਮ ਸਮਾਂ ਖੁਸ਼ੀਆਂ ਭਰਪੂਰ ਬੀਤੇ।



# ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਸਾਰਿਆਂ ਨੂੰ ਇੱਕ ਜੁੱਟ ਹੋ ਕੇ ਲੜਨ ਦੀ ਲੋੜ : ਸਲੇਮਪੁਰ

ਸੇਰਪੁਰ, 30 ਜੁਲਾਈ (ਰਣਜੀਤ ਸਿੰਘ ਪੇਧਨੀ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਸ, ਹਰਬੰਸ ਸਿੰਘ ਸਲੇਮਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੇ ਲਈ ਲੈਂਡ ਪੂਲਿੰਗ ਸਕੀਮ ਸ਼ੁਰੂ ਕੀਤੀ ਹੈ ਜਿਸਦੇ ਵਿੱਚ ਪੰਜਾਬ ਦੀ ਕਈ ਹਜਾਰ ਏਕੜ ਜ਼ਮੀਨ ਅਕਵਾਇਰ ਕੀਤੀ ਜਾਣੀ ਹੈ। ਇਹ ਸਕੀਮ ਪੰਜਾਬ ਦੇ ਕਿਸਾਨਾਂ ਲਈ ਬੇਹੱਦ ਖਤਰਨਾਕ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਇਹ ਸਕੀਮ ਨੂੰ ਲਾਗੂ ਹੋਣ ਤੋਂ ਰੋਕਣ ਲਈ ਇੱਕ-ਮੁੱਠ ਹੋ ਕੇ ਲੜਨ ਦੀ ਲੋੜ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਵੱਡੇ-ਵੱਡੇ ਸੁਫ਼ਨੇ ਦਿਖਾ ਕੇ ਲੁੱਟਣਾ ਚਾਹੁੰਦੀ ਹੈ। ਸਰਕਾਰ ਵੱਲੋਂ ਕਿਸਾਨ ਦੀ ਇਕ ਏਕੜ ਜ਼ਮੀਨ ਦੇ ਬਦਲੇ ਉਸ ਨੂੰ 1200 ਗਜ਼ ਦਾ ਪਲਾਟ ਦਿੱਤਾ ਜਾਣਾ ਹੈ। ਇਸ ਸਕੀਮ ਦੇ ਅਧੀਨ ਕਿਸਾਨ ਕੋਲੋਂ ਪਰ ਏਕੜ ਲੱਖਾਂ ਰੁਪਏ ਹਿਸਾਬ ਨਾਲ ਚਾਰਜ ਫੀਸ ਵੀ ਲਈ ਜਾਵੇਗੀ। ਇਸ ਲਈ ਜੇਕਰ ਲੈਂਡ ਪੋਲਿੰਗ ਸਕੀਮ ਲਾਗੂ ਹੁੰਦੀ ਹੈ ਤਾਂ ਕਿਸਾਨ ਦੇ ਕੋਲ ਨਾ ਹੀ ਜਮੀਨ ਬਚੇਗੀ ਅਤੇ ਨਾ ਹੀ ਉਸ ਕੋਲ ਪੈਸਾ ਰਹੇਗਾ ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਦਾਅਵਾ ਕਰ ਰਹੀ ਹੈ ਕਿ ਇਸ ਸਕੀਮ ਅਧੀਨ ਜੇਕਰ ਕਿਸਾਨ ਆਪਣੀ ਖੁਸ਼ੀ ਨਾਲ ਜਮੀਨ ਦੇ ਰਿਹਾ ਹੈ ਤਾਂ ਠੀਕ ਹੈ ਨਹੀਂ ਤਾਂ ਅਸੀਂ ਕਿਸੇ ਵੀ ਕਿਸਾਨ ਦੇ ਉੱਤੇ ਕਿਸੇ ਤਰ੍ਹਾਂ ਦਾ ਦਬਾਉ ਨਹੀਂ ਬਣਾ ਰਹੇ ਹਾਂ। ਦੂਜੇ ਪਾਸੇ ਜਿਹੜੇ ਕਿਸਾਨ ਇਸ ਸਕੀਮ ਨੂੰ ਅਪਣਾਉਣ ਤੋਂ ਮਨਾ ਕਰ ਰਹੇ ਹਨ ਅਤੇ ਉਨ੍ਹਾਂ ਦੀਜਮੀਨ ਨੂੰ ਮਾਰਕ ਕੀਤਾ ਜਾ ਰਿਹਾ ਜੇਕਰ ਕੱਲ ਨੂੰ ਉਹ ਕਿਸੇ ਤਰਾਂ ਦੀ ਲਿਮਿਟ ਜਾਂ ਲੋਨ ਲੈਣ ਦੀ ਕੋਸ਼ਿਸ਼ ਕਰਨਗੇ ਤਾਂ ਉਹਨਾਂ ਦੇ ਅੱਗੇ ਕਈ ਮੁਸ਼ਕਲਾਂ ਆਉਣਗੀਆਂ। ਉਹਨਾਂ ਕਿਹਾ ਕਿ ਪੰਜਾਬ ਦੇ ਵਿੱਚ ਪਹਿਲਾਂ ਹੀ ਵਾਹੀਯੋਗ ਬੇਹੱਦ ਘੱਟ ਜਮੀਨ ਰਹਿ ਗਈ ਜੇਕਰ ਹੁਣ ਇਸ ਤਰ੍ਹਾਂ ਦੀਆਂ ਸਕੀਮਾਂ ਸਰਕਾਰ ਲਾਗੂ ਕਰੇਗੀ ਤਾਂ ਖਾਣ ਲਈ ਅਨਾਜ ਕਿੱਥੋਂ ਪੈਦਾ ਕੀਤਾ ਜਾਵੇਗਾ। ਇਸ ਲਈ ਇਹ ਸਕੀਮਾਂ ਬੇਹਦ ਖਤਰਨਾਕ ਹੈ ਇਸ ਨੂੰ ਹਰ ਹਾਲ ਦੇ ਵਿੱਚ ਰੱਦ ਕਰਵਾਉਣਾ ਪਵੇਗਾ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਇਕੱਠੇ ਹੋ ਕੇ ਸਰਕਾਰ ਦੇ ਖਿਲਾਫ ਆਵਾਜ਼ ਬੁਲੰਦ ਕਰਨ।



# ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਵੀਰ ਸਿੰਘ ਦੇ ਵਿਦਿਆਰਥੀਆਂ ਨੇ ਕੱਢੀ ਨਸ਼ਿਆਂ ਵਿਰੁੱਧ ਰੈਲੀ




ਭਦੌੜ, 30 ਜੁਲਾਈ (ਸੁਖਵਿੰਦਰ ਪਲਾਹਾ): "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਵੀਰ ਸਿੰਘ ਭਦੌੜ ਦੇ ਵਿਦਿਆਰਥੀਆਂ ਦੁਆਰਾ ਲੋਕਾਂ ਨੂੰ ਜਾਗਰੂਕ ਕਰਨ ਲਈ ਗਲੀ ਗਲੀ ਜਾ ਕੇ ਰੈਲੀ ਕੱਢੀ ਗਈ। ਇਸ ਮੌਕੇ ਸਕੂਲ ਮੁੱਖੀ ਅਧਿਆਪਕਾ ਮੈਡਮ ਸ਼ੈਲੀ ਨੇ ਦੱਸਿਆ ਕਿ ਸਰਕਾਰ ਦੁਆਰਾ ਸ਼ੁਰੂ ਕੀਤੀ "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਤਹਿਤ ਅੱਜ ਸਕੂਲ ਦੇ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦੁਆਰਾ ਇਹ ਰੈਲੀ ਕੱਢੀ ਗਈ ਹੈ ਅਤੇ ਵਿਦਿਆਰਥੀਆਂ ਨੇ ਲੋਕਾਂ ਨੂੰ ਨਸ਼ਿਆਂ ਖਿਲਾਫ਼ ਇੱਕਜੁੱਟ ਹੋਣ ਅਤੇ ਨਸ਼ੇ ਛੱਡਣ ਦਾ ਸੁਨੇਹਾ ਦਿੱਤਾ। ਉਹਨਾਂ ਆਖਿਆ ਕਿ ਉਨ੍ਹਾਂ ਨੇ ਦੱਸਿਆ ਨਸ਼ੇ ਤੋਂ ਬਚਾਅ ਲਈ ਸਮਾਜ ਦੇ ਹਰੇਕ ਵਿਅਕਤੀ ਦੀ ਮਨੋਵਿਗਿਆਨਿਕ ਤੰਦਰੁਸਤੀ ਜ਼ਰੂਰੀ ਹੈ ਸਕੂਲਾਂ ਵਿੱਚ ਸਕੂਲੀ ਬੱਚਿਆਂ ਨੂੰ ਮਨੋਵਿਗਿਆਨਿਕ ਤੰਦਰੁਸਤੀ 'ਤੇ ਕੇਂਦਰਿਤ ਸਲਾਹ ਦਿੱਤੀ ਜਾਵੇ ਤਾਂ ਜੋ ਭਵਿੱਖ ਵਿੱਚ ਨਸ਼ਾ ਕਰਨ ਵਾਲੇ ਕਿਸੇ ਵੀ ਰੁਝਾਨ ਨੂੰ ਰੋਕਿਆ ਜਾ ਸਕੇ। ਇਸ ਮੌਕੇ 'ਤੇ ਦਵਿੰਦਰ ਕੌਰ ਈਟੀਟੀ, ਜਸਪਿੰਦਰ ਕੌਰ ਈਟੀਟੀ, ਰਾਜਪ੍ਰੀਤ ਕੌਰ, ਚੰਦਰਕਾਂਤਾ, ਐਸੋਸੀਏਟ, ਸਰਪੰਚ ਪੱਤੀ ਵੀਰ ਸਿੰਘ ਪ੍ਰਮਿੰਦਰ ਕੌਰ ਮੌਜੂਦ ਸਨ।

# ਆਜ਼ਾਦੀ ਸੰਗਰਾਮ ਦਾ ਮਹਾਨ ਯੋਧਾ ਸ਼ਹੀਦ ਊਧਮ ਸਿੰਘ ਦਾ ਮਨਾਇਆ ਸ਼ਹੀਦੀ ਦਿਵਸ

ਬਰਨਾਲਾ, 30 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਦੇਸ਼ ਦੀ ਆਜ਼ਾਦੀ ਲਈ ਬਹੁਤ ਸਾਰੇ ਸੂਰਬੀਰਾਂ ਤੇ ਯੋਧਿਆਂ ਨੇ ਕੁਰਬਾਨੀਆਂ ਦੇ ਕੇ ਆਪਣੇ ਦੇਸ਼ ਭਾਰਤ ਨੂੰ ਆਜ਼ਾਦ ਕਰਵਾਇਆ। ਇਨ੍ਹਾਂ ਵਿੱਚ ਇੱਕ ਮਹਾਨ ਆਜ਼ਾਦੀ ਘੁਲਾਟੀਆ ਸ਼ਹੀਦ ਊਧਮ ਸਿੰਘ ਸਨ, ਜਿਨ੍ਹਾਂ ਨੇ ਜ਼ਲ੍ਹਿਆਂਵਾਲੇ ਬਾਗ਼ ਦਾ ਬਦਲਾ ਲੈ ਕੇ ਭਾਰਤੀ ਇਤਿਹਾਸ ਵਿੱਚ ਆਪਣੇ ਨਾਂਅ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਾਇਆ। ਸੰਗਰੂਰ ਦੇ ਪ੍ਰਸਿੱਧ ਹਲਕਾ ਸੁਨਾਮ ਵਿਖੇ 26 ਦਸੰਬਰ 1899 ਨੂੰ ਇਸ ਧਰਤੀ 'ਤੇ ਜਨਮ ਹੋਇਆ। ਦੋਵਾਂ ਭਰਾਵਾਂ ਨੂੰ ਅੰਮ੍ਰਿਤਸਰ ਦੇ ਯਤੀਮਖਾਨੇ ਵਿੱਚ ਭਰਤੀ ਕਰਵਾ ਦਿੱਤਾ ਗਿਆ। ਸ਼ਹੀਦ ਊਧਮ ਸਿੰਘ ਨੂੰ ਉਸ ਵੇਲੇ ਅਸਹਿ ਸਦਮਾ ਲੱਗਾ, ਜਦੋਂ 1917 ਵਿੱਚ ਹੀ ਉਸ ਦਾ ਇੱਕੋ ਇੱਕ ਭਰਾ ਸਾਧੂ ਸਿੰਘ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੀਨੀਅਰ ਐਡਵੋਕੇਟ ਲੋਕੇਸ਼ਵਰ ਸੇਵਕ, ਟੰਡਨ ਇੰਟਰਨੈਸ਼ਨਲ ਸਕੂਲ ਬਰਨਾਲਾ ਦੇ ਐੱਮ ਡੀ ਸ਼ਿਵ ਸਿੰਗਲਾ, ਸੀਨੀਅਰ ਐਡਵੋਕੇਟ ਤਲਵਿੰਦਰ ਸਿੰਘ ਮੀਤ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ, ਲੈਕਚਰਰ ਕੈਮਿਸਟਰੀ ਮੋਨਿਕਾ ਘਈ ਪਤਨੀ ਪ੍ਰੋਫੈਸਰ (ਡਾ.) ਮਨਦੀਪ ਘਈ, ਸਮਾਜ ਸੇਵੀ ਨੀਰਜ ਬਾਲਾ ਦਾਨੀਆ ਅਤੇ ਦੀਪ ਇੰਦਰ ਕੌਰ ਪਤਨੀ ਸਮਾਜ ਸੇਵੀ ਜਸਬੀਰ ਸਿੰਘ ਗੱਖੀ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ 13 ਅਪ੍ਰੈਲ 1919 ਜਲ੍ਹਿਆਂਵਾਲਾ ਬਾਗ਼ ਦਾ ਖੂਨੀ ਸਾਕਾ ਸ਼ਹੀਦ ਊਧਮ ਸਿੰਘ ਨੇ ਆਪਣੇ ਅੱਖੀਂ ਦੇਖਿਆ। ਸ਼ਹੀਦ ਊਧਮ ਸਿੰਘ ਨੇ ਇਸ ਘਟਨਾ ਦਾ ਬਦਲਾ ਲੈਣ ਦਾ ਸੰਕਲਪ ਲਿਆ ਤੇ ਜਿਸ ਨੇ ਉਨ੍ਹਾਂ ਨੂੰ ਕ੍ਰਾਂਤੀਕਾਰੀ ਬਣਾ ਦਿੱਤਾ। 1920 ਵਿੱਚ ਸ਼ਹੀਦ ਊਧਮ ਸਿੰਘ ਅਮਰੀਕਾ ਗਏ, ਜਿੱਥੇ ਉਹ ਬੱਬਰ ਅਕਾਲੀਆਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਏ। ਉਹ ਭਗਤ ਸਿੰਘ ਦੇ ਕੰਮ ਕਰਨ ਦੇ ਤਰੀਕੇ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਨ੍ਹਾਂ ਸਿੱਧੇ ਤੌਰ 'ਤੇ ਆਜ਼ਾਦੀ ਦੀ ਲੜਾਈ ਵਿੱਚ ਆਪਣੇ ਆਪ ਨੂੰ ਝੋਕ ਦਿੱਤਾ ਪਰ ਊਧਮ ਸਿੰਘ ਦੇ ਮਨ ਵਿੱਚ ਅਜੇ ਵੀ ਇਹ ਤੜਪ ਸੀ ਕਿ ਜ਼ਲ੍ਹਿਆਂ ਵਾਲੇ ਬਾਗ਼ ਦੇ ਖੂਨੀ ਸਾਕੇ ਦਾ ਬਦਲਾ ਜ਼ਰੂਰ ਲਿਆ ਜਾਵੇ, ਜਿਸ ਲਈ ਊਧਮ ਸਿੰਘ ਨੇ 1940 ਵਿੱਚ ਇੰਗਲੈਂਡ ਜਾਣ ਦਾ ਮਨ ਬਣਾਇਆ ਤੇ ਇੱਕ ਰਿਵਾਲਵਰ ਨੂੰ ਇੱਕ ਕਿਤਾਬ ਵਿੱਚ ਰੱਖ ਕੇ ਊਧਮ ਸਿੰਘ ਲੰਡਨ ਪਹੁੰਚ ਗਏ। ਇੱਕ ਮੀਟਿੰਗ ਨੂੰ ਸੰਬੋਧਨ ਕਰਨ ਲਈ ਪਹੁੰਚੇ ਜ਼ਲ੍ਹਿਆਂਵਾਲਾ ਬਾਗ਼ ਦੇ ਖੂਨੀ ਕਾਂਡ ਦੇ ਜ਼ਿੰਮੇਵਾਰ ਗਵਰਨਰ ਸਰ ਮਾਈਕਲ ਓਡਵਾਇਰ ਹਾਲੋਂ ਆਪਣੇ ਭਾਸ਼ਣ ਦੇਣ ਲਈ ਖੜੇ ਹੀ ਹੋਏ ਸਨ ਕਿ ਊਧਮ ਸਿੰਘ ਨੇ ਆਪਣੀ ਪਿਸਤੌਲ ਦੀ ਇੱਕ ਗੋਲੀ ਉਸ ਦੇ ਸੀਨੇ ਵਿੱਚ ਦਾਗਦਿਆਂ ਕਿਹਾ ਕਿ ਜਨਰਲ ਓਡਵਾਇਰ ਅੱਜ ਮੈਂ ਭਾਰਤ ਮਾਂ ਦਾ ਕਰਜ਼ ਚੁੱਕਾ ਦਿੱਤਾ ਹੈ। ਆਪਣੇ-ਆਪ ਨੂੰ ਅੰਗਰੇਜ਼ੀ ਹਕੂਮਤ ਦੇ ਹਵਾਲੇ ਕਰ ਦਿੱਤਾ। ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ। ਆਓ ਸ਼ਹੀਦ ਊਧਮ ਸਿੰਘ ਦੀ ਸੋਚ 'ਤੇ ਪਹਿਰਾ ਦੇਈਏ।



# ਪਰਾਲੀ ਪ੍ਰਬੰਧਨ ਕਰਕੇ ਲੱਕੀ ਡਰਾਅ ਸਕੀਮ ਦਾ ਲਾਹਾ ਲੈਣ ਕਿਸਾਨ: ਡੀ. ਸੀ.




ਬਰਨਾਲਾ, 30 ਜੁਲਾਈ (ਬਘੇਲ ਸਿੰਘ ਧਾਲੀਵਾਲ): ਜ਼ਿਲ੍ਹਾ ਬਰਨਾਲਾ ਵਿੱਚ ਪਰਾਲੀ ਪ੍ਰਬੰਧਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਖ਼ਾਸ ਕਰਕੇ ਸਬਸਿਡੀ ਵਾਲੀ ਮਸ਼ੀਨਰੀ ਅਤੇ ਲੱਕੀ ਡਰਾਅ ਸਕੀਮ ਬਾਰੇ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਖੇਤੀਬਾੜੀ ਵਿਭਾਗ ਦੀ ਮਹੀਨਾਵਾਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਲੱਕੀ ਡਰਾਅ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਪਰਾਲੀ ਪ੍ਰਬੰਧਨ ਵਾਲੇ 25 ਕਿਸਾਨਾਂ ਨੂੰ 1 ਲੱਖ ਦੀ ਇਨਾਮ ਦਿੱਤਾ ਜਾਵੇਗਾ। ਇਸ ਵਾਸਤੇ ਕਿਸਾਨ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਕੇ ਆਪਣੇ ਆਪ ਨੂੰ ਰਜਿਸਟਰਡ ਕਰਨ। ਇਸ ਮੌਕੇ ਖੇਤੀਬਾੜੀ ਅਫ਼ਸਰ ਬਰਨਾਲਾ ਡਾ. ਧਰਮਵੀਰ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਵਿੱਚ ਡੀ ਏ ਪੀ ਜਾਂ ਯੂਰੀਆ ਦੀ ਕੋਈ ਕਮੀ ਨਹੀਂ ਹੈ, ਕਿਸਾਨਾਂ ਨੂੰ ਘਬਰਾਉਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸਹਿਕਾਰੀ ਸੋਸਾਇਟੀਆਂ ਵਿੱਚ ਢੁਕਵੀਂ ਮਾਤਰਾ ਵਿਚ ਖਾਦ ਉਪਲੱਬਧ ਕਾਰਵਾਈ ਜਾ ਰਹੀ ਹੈ।ਡਿਪਟੀ ਕਮਿਸ਼ਨਰ ਵਲੋਂ ਸਹਿਕਾਰੀ ਸੇਵਾਵਾਂ, ਬਾਗ਼ਬਾਨੀ, ਮੱਛੀ ਪਾਲਣ, ਡੇਅਰੀ ਵਿਭਾਗ ਦੀਆਂ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਵੀ ਲਿਆ ਗਿਆ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਵੱਲੋਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੀ ਆਸ਼ੀਰਵਾਦ ਸਕੀਮ ਅਤੇ ਵੱਖ-ਵੱਖ ਕਰਜ਼ਾ ਸਕੀਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਐਸ ਸੀ ਕਾਰਪੋਰੇਸ਼ਨ ਵਿਭਾਗ ਦੀਆਂ ਕਰਜ਼ਾ ਸਕੀਮਾਂ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਲਾਹਾ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਮਾਜਿਕ ਸੁਰੱਖਿਆ ਵਿਭਾਗ ਦੀਆਂ ਪੈਨਸ਼ਨ ਸਕੀਮਾਂ ਅਤੇ ਬਿਰਧ ਆਸ਼ਰਮ ਬਾਰੇ ਸਹੂਲਤਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਐਸ ਐਮ ਓ ਤਪਾ ਨੂੰ ਹਫਤੇ ਵਿੱਚ ਇੱਕ ਦਿਨ ਬਿਰਧ ਆਸ਼ਰਮ ਲਈ ਐਂਬੂਲੈਂਸ ਭੇਜਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਬਜ਼ੁਰਗਾਂ ਨੂੰ ਚੈੱਕਅੱਪ ਲਈ ਲਿਜਾਇਆ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਪ੍ਰੋਜੈਕਟ ਜੀਵਨਜੋਤ ਦਾ ਵੀ ਜਾਇਜ਼ਾ ਲਿਆ ਜਿਸ ਤਹਿਤ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਬਾਲ ਭੀਖ ਰੋਕੀ ਜਾ ਸਕੇ ਅਤੇ ਬੱਚਿਆਂ ਦਾ ਸਕੂਲ ਜਾਣਾ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨਾਲ ਵੀ ਮੀਟਿੰਗ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਅਨੁਪ੍ਰਿਤਾ ਜੌਹਲ, ਸਹਾਇਕ ਕਮਿਸ਼ਨਰ (ਅੰਡਰ ਟਰੇਨਿੰਗ) ਸ਼ੀਵਾਂਸ਼ ਰਾਠੀ, ਖੇਤੀਬਾੜੀ ਅਫ਼ਸਰ ਡਾ. ਧਰਮਵੀਰ ਸਿੰਘ, ਜ਼ਿਲ੍ਹਾ ਸਮਾਜਿਕ ਨਿਆਂ ਅਫ਼ਸਰ ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਤੇਅਵਾਸਪ੍ਰੀਤ ਕੌਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੁਰਜੀਤ ਕੌਰ, ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਪਾਲ, ਡੀ ਆਰ ਸਹਿਕਾਰੀ ਸੇਵਾਵਾਂ ਸਰਬੇਸ਼ਵਰ ਮੋਹੀ, ਜ਼ਿਲ੍ਹਾ ਮੱਛੀ ਪਾਲਣ ਅਫ਼ਸਰ ਚਰਨਜੀਤ ਕੌਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਜਨਮ ਦਿਨ ਦੇ ਰੰਗ, ਸੇਵਾ ਦੇ ਸੰਗ - ਮਦਰ ਟੀਚਰ ਸਕੂਲ'ਚ ਮਨਾਇਆ ਗਿਆ ਬੱਚਿਆਂ ਦਾ ਵਿਸ਼ੇਸ਼ ਦਿਨ



ਬਰਨਾਲਾ, 30 ਜੁਲਾਈ (ਹਿਮਾਂਸ਼ੂ ਗਰਗ): ਮਦਰ ਟੀਚਰ ਸਕੂਲ ਬਰਨਾਲਾ ਦੇ ਕਿੰਡਰਗਾਰਟਨ, ਪਹਿਲੀ ਅਤੇ ਦੂਜੀ ਕਲਾਸ ਦੇ ਉਹਨਾਂ ਬੱਚਿਆਂ ਲਈ ਜਿਨ੍ਹਾਂ ਦਾ ਜਨਮ ਜੁਲਾਈ ਮਹੀਨੇ ਵਿੱਚ ਹੋਇਆ, ਇਕ ਵਿਸ਼ੇਸ਼ ਜਨਮਦਿਨ ਸਮਾਰੋਹ ਮਨਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਰੰਗੀਨ ਸਜ਼ਾਵਟ ਅਤੇ ਖੁਸ਼ਹਾਲ ਮਾਹੌਲ ਨਾਲ ਹੋਈ। ਕੇਕ ਕੱਟਣ ਦੀ ਰਸਮ ਨੇ ਹਰੇਕ ਮੁੰਨੇ ਦੇ ਚਿਹਰੇ ਉੱਤੇ ਖੁਸ਼ੀ ਦੀ ਚਮਕ ਭਰ ਦਿੱਤੀ। ਬੱਚਿਆਂ ਨੇ ਗਾਣਿਆਂ ਅਤੇ ਡਾਂਸ ਰਾਹੀਂ ਪਾਰਟੀ ਦਾ ਪੂਰਾ ਆਨੰਦ ਮਾਣਿਆ।ਇਸ ਖੁਸ਼ੀ ਦੇ ਦਿਨ ਨੂੰ ਆਤਮਿਕ ਅਰਥ ਦੇਣ ਲਈ ਬੱਚਿਆਂ ਨੇ ਗਊਮਾਤਾ ਨੂੰ ਮਿੱਠੀਆਂ - ਮਿੱਠੀਆਂ ਰੋਟੀਆਂ ਖਵਾਈਆਂ, ਜੋ ਉਨ੍ਹਾਂ ਵਿੱਚ ਕਰੁਣਾ ਅਤੇ ਸੇਵਾ ਦੀ ਭਾਵਨਾ ਜਗਾਉਂਦੀ ਹੈ। ਬੱਚਿਆਂ ਨੇ ਰੁੱਖ ਲਗਾ ਕੇ ਉਨ੍ਹਾਂ ਦੀ ਸੇਵਾ ਕਰਨ ਦਾ ਵਾਅਦਾ ਕੀਤਾ। ਹਰ ਰੁੱਖ ਨੂੰ ਨਾਮ ਦਿੱਤਾ ਗਿਆ ਅਤੇ ਪਿਆਰ ਨਾਲ ਪਾਣੀ ਦਿੱਤਾ ਗਿਆ।ਸਮਾਰੋਹ ਦੇ ਅਖੀਰ 'ਚ ਬੱਚਿਆਂ ਨੇ ਲੋੜਵੰਦਾਂ ਦੀ ਮਦਦ ਕਰਕੇ ਦਿਲੋਂ ਦਿਲ ਤੱਕ ਪਹੁੰਚ ਬਣਾਈ। ਇਹ ਦਿਨ ਸਿਰਫ ਜਨਮਦਿਨ ਨਹੀਂ ਸੀ, ਇਹ ਸਿਖਿਆ, ਸੇਵਾ ਅਤੇ ਸੰਵੇਦਨਾ ਦਾ ਤਿਉਹਾਰ ਸੀ।

# ਸੀਵਰੇਜ਼ ਸਮੱਸਿਆ ਦੇ ਮੱਦੇਨਜ਼ਰ ਰਾਹੀ ਬਸਤੀ, ਸ਼ਕਤੀ ਨਗਰ, ਸੇਖਾ ਰੋਡ ਦੀ ਸ.ਫਾਈ ਅਤੇ ਸਿਹਤ ਜਾਂਚ

ਬਰਨਾਲਾ, 30 ਜੁਲਾਈ (ਕਪਿਲ): ਬਰਨਾਲਾ ਸ਼ਹਿਰ ਦੇ ਕੁਝ ਇਲਾਕਿਆਂ ਵਿੱਚ ਸੀਵਰੇਜ਼ ਦੀ ਸਮੱਸਿਆ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਨਜ਼ਰਸਾਨੀ ਕੀਤੀ ਜਾ ਰਹੀ ਹੈ। ਇਸ ਤਹਿਤ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਅਨੁਪ੍ਰਿਤਾ ਜੌਹਲ ਦੀ ਅਗਵਾਈ ਹੇਠ ਜਿੱਥੇ ਸਬੰਧਤ ਇਲਾਕਿਆਂ ਵਿਚ ਰਾਹੀ ਬਸਤੀ, ਸੇਖਾ ਰੋਡ ਗਲੀ ਨੰਬਰ 5, ਸ਼ਕਤੀ ਨਗਰ ਵਿਚ ਸਫਾਈ ਕਰਵਾਈ ਜਾ ਰਹੀ ਹੈ, ਓਥੇ ਹੀ ਸਿਹਤ ਵਿਭਾਗ ਦੀ ਟੀਮ ਭੇਜ ਕੇ ਇਲਾਕਾ ਵਾਸੀਆਂ ਦੀ ਸਿਹਤ ਜਾਂਚ ਵੀ ਕਰਵਾਈ ਜਾ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਰਾਹੀ ਬਸਤੀ ਵਿਚ ਹੈਪੇਟਾਇਟਸ ਨਾਲ ਸ਼ੱਕੀ ਮੌਤ ਦੀ ਸੂਚਨਾ ਮਿਲਣ 'ਤੇ ਫੌਰੀ ਟੀਮ ਇਲਾਕੇ ਵਿਚ ਭੇਜੀ ਗਈ ਅਤੇ ਸਬੰਧਤ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਚੈਕਅੱਪ ਕੀਤਾ ਗਿਆ। ਸਿਵਲ ਸਰਜਨ ਬਰਨਾਲਾ ਵੱਲੋਂ 2 ਟੀਮਾਂ ਦਾ ਗਠਨ ਕਰਦਿਆਂ ਰਾਹੀ ਬਸਤੀ ਦੇ 45 ਘਰਾਂ ਦਾ ਸਰਵੇ ਕੀਤਾ ਗਿਆ, ਜਿਸ ਦੌਰਾਨ ਕੋਈ ਵੀ ਪੀਲੀਏ ਤੋਂ ਸ਼ੱਕੀ ਪੀੜਤ ਨਹੀਂ ਪਾਇਆ ਗਿਆ। ਸਿਹਤ ਵਿਭਾਗ ਦੀ ਟੀਮ ਵੱਲੋਂ ਸਬੰਧਿਤ ਇਲਾਕੇ ਵਿੱਚ 400 ਦੇ ਕਰੀਬ ਕਲੋਰੀਨ ਦੀਆਂ ਗੋਲੀਆਂ ਵੀ ਵੰਡੀਆਂ ਗਈਆਂ ਤੇ ਲੋਕਾਂ ਨੂੰ ਬਰਸਾਤ ਦੇ ਮੌਸਮ ਦੌਰਾਨ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਵੀ ਜਾਗਰੂਕ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਸੇਖਾ ਰੋਡ ਗਲੀ ਨੰਬਰ 5 ਵਿੱਚ ਮੈਨਹੋਲ ਦੀ ਸਫਾਈ ਸ਼ੁਰੂ ਕਰਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸੇਖਾ ਰੋਡ ਗਲੀ ਨੰਬਰ 5 ਅਤੇ ਸ਼ਕਤੀ ਨਗਰ ਵਿਚ ਵੀ ਸਫ਼ਾਈ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਵੀ ਏਨਾ ਇਲਾਕਿਆਂ ਵਿਚ ਸਿਹਤ ਜਾਂਚ ਕਰਨ ਅਤੇ ਲੋਕਾਂ ਨੂੰ ਬਰਸਾਤਾਂ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਗਰੂਕ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਇਨ੍ਹਾਂ ਟੀਮਾਂ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।



# ਵਾਈ .ਐਸ. ਸਕੂਲ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਤੀਜ ਦਾ ਤਿਉਹਾਰ



ਬਰਨਾਲਾ, 30 ਜੁਲਾਈ (ਅਮਨਦੀਪ ਸਿੰਘ): ਵਾਈਐਸ ਸਕੂਲ ਵਿੱਚ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ,ਜਿਸ ਵਿੱਚ ਨੌਂਵੀ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਜਿਨ੍ਹਾਂ ਵਿੱਚ ਮਹਿੰਦੀ , ਨੈਲ ਆਰਟਸ , ਗਿੱਧਾ ਸ਼ਾਮਿਲ ਸੀ । ਬੱਚਿਆਂ ਨੇ ਇਸ ਮੌਕੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਪਹਿਰਾਵੇ ਪਾ ਕੇ ਇਸ ਤੀਜ ਨੂੰ ਯਾਦਗਾਰ ਬਣਾਇਆ। ਅਧਿਆਪਕਾਂ ਲਈ ਚੂੜੀਆਂ ਅਤੇ ਮਹਿੰਦੀ ਦਾ ਪ੍ਰਬੰਧ ਕੀਤਾ ਗਿਆ ਸੀ ਤੇ ਉਸ ਸਮਾਗਮ ਵਿੱਚ ਸ਼ਾਮਲ ਹਰ ਵਿਅਕਤੀ ਦੇ ਚਿਹਰੇ 'ਤੇ ਨਵੀਂ ਹੀ ਮੁਸਕਾਨ ਸੀ। ਸੋਹਣੀਆਂ - ਸੁਨੱਖੀਆਂ ਮੁਟਿਆਰਾਂ ਨੇ ਆਪਣੇ ਚਾਵਾਂ ਨੂੰ ਪੂਰਾ ਕਰਨ ਦੇ ਨਾਲ -ਨਾਲ ਰਵਾਇਤੀ ਰੀਤਾਂ ਨੂੰ ਦਰਸਾਇਆ ਵਿਦਿਆਰਥੀਆਂ ਵੱਲੋਂ ਰਵਾਇਤੀ ਭੋਜਨ ਦੀ ਝਲਕ ਦੇ ਰੂਪ ਵਿੱਚ ਕੰਮਿਊਨਿਟੀ ਲੰਚ ਕਰਵਾਇਆ ਗਿਆ । ਸਕੂਲ ਦੇ ਪ੍ਰਿੰਸੀਪਲ ਮੈਡਮ ਪੂਰੀ ਨੇ ਬੱਚਿਆਂ ਦੀ ਸਾਰਥਕ ਭਾਗੀਦਾਰੀ ਅਤੇ ਸੱਭਿਆਚਾਰਕ ਜੋਸ਼ ਦੀ ਤਾਰੀਫ਼ ਕੀਤੀ।

# ਬਾਲ ਵਾਟਿਕਾ ਪਬਲਿਕ ਸਕੂਲ ਵਿੱਚ ਤੀਆਂ ਤੀਜ ਦੀਆਂ ਦਾ ਸ਼ਾਨਦਾਰ ਸਮਾਗਮ

ਸਰਦੂਲਗੜ੍ਹ 30 ਜੁਲਾਈ ( ਲਛਮਣ ਸਿੱਧੂ ):ਬਾਲ ਵਾਟਿਕਾ ਪਬਲਿਕ ਸਕੂਲ ਵਿੱਚ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਇੱਕ ਸ਼ਾਨਦਾਰ ਸਮਾਗਮ ਤੀਆਂ ਤੀਜ ਦੀਆਂ ਬਹੁਤ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ 'ਤੇ ਸਕੂਲ ਦੇ ਮੈਦਾਨ ਨੂੰ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੀਆਂ ਖੂਬਸੂਰਤ ਸਜ਼ਾਵਟਾਂ ਨਾਲ ਸ਼ਿੰਗਾਰਿਆ ਗਿਆ ਸੀ। ਵਿਦਿਆਰਥਣਾਂ ਨੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਪਾ ਕੇ ਸਮਾਗਮ ਦੀ ਰੌਣਕ ਨੂੰ ਹੋਰ ਵਧਾ ਦਿੱਤਾ। ਸਮਾਗਮ ਦੀ ਸ਼ੁਰੂਆਤ ਰਵਾਇਤੀ ਪੰਜਾਬੀ ਗੀਤਾਂ ਅਤੇ ਬੋਲੀਆਂ ਨਾਲ ਹੋਈ, ਜਿਸ ਨੇ ਸਭ ਨੂੰ ਝੂਮਣ ਲਾ ਦਿੱਤਾ।ਵਿਦਿਆਰਥਣਾਂ ਨੇ ਤੀਆਂ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਗਿੱਧਾ, ਭੰਗੜਾ, ਲੋਕ ਗੀਤ ਗਾਉਣਾ ਅਤੇ ਮਹਿੰਦੀ ਲਗਾਉਣ ਦੇ ਮੁਕਾਬਲੇ ਸ਼ਾਮਲ ਸਨ। ਝੂਲਿਆਂ ਤੇ ਪੀਂਘਾਂ ਪਾਉਣ ਦਾ ਪ੍ਰਬੰਧ ਵੀ ਕੀਤਾ ਗਿਆ ਸੀ, ਜਿਸ ਦਾ ਵਿਦਿਆਰਥਣਾਂ ਨੇ ਖੂਬ ਆਨੰਦ ਮਾਣਿਆ।ਇਸ ਮੌਕੇ 'ਤੇ ਇਸ ਪ੍ਰੋਗਰਾਮ ਨੂੰ ਹੋਰ ਵਧੀਆ ਬਣਾਉਣ ਲਈ ਇੱਕ ਸੱਭਿਆਚਾਰਕ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ7ਵੀਂ ਕਲਾਸ ਦੀ ਵਿਦਿਆਰਥਣ ਜਪਨੀਤ ਕੌਰ ਨੂੰ ਮਿਸ ਤੀਜ ਪਹਿਲੀ ਜਮਾਤ ਦੀ ਵਿਦਿਆਰਥਣ ਪ੍ਰਭਨੀਤ ਕੌਰ ਨੂੰ ਫਸਟ ਰਨਰਅਪ ਅਤੇ ਦੂਸਰੀ ਜਮਾਤ ਦੀ ਵਿਦਿਆਰਥਣ ਖੁਸ਼ਰੀਤ ਕੌਰ ਨੂੰ ਸੇਕਿੰਡ ਰਨਰਅਪ ਦਾ ਖਿਤਾਬ ਦਿੱਤਾ ਗਿਆ।ਸਕੂਲ ਪ੍ਰਿੰਸੀਪਲ ਨੇ ਇਸ ਮੌਕੇ 'ਤੇ ਬੋਲਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਆਪਣੇ ਅਮੀਰ ਸੱਭਿਆਚਾਰ ਨਾਲ ਜੋੜੀ ਰੱਖਣ ਵਿੱਚ ਮਦਦ ਕਰਦੇ ਹਨ। ਉਨ੍ਹਾਂ ਨੇ ਸਾਰੇ ਭਾਗੀਦਾਰਾਂ ਅਤੇ ਪ੍ਰਬੰਧਕੀ ਟੀਮ ਦੀ ਪ੍ਰਸ਼ੰਸਾ ਕੀਤੀ।ਇਸ ਸਮਾਗਮ ਨੇ ਜਿੱਥੇ ਵਿਦਿਆਰਥੀਆਂ ਨੂੰ ਮਨੋਰੰਜਨ ਦਾ ਮੌਕਾ ਪ੍ਰਦਾਨ ਕੀਤਾ, ਉੱਥੇ ਹੀ ਉਨ੍ਹਾਂ ਨੂੰ ਪੰਜਾਬੀ ਵਿਰਸੇ ਅਤੇ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ। ਤੀਆਂ ਤੀਜ ਦੀਆਂ ਸਮਾਗਮ ਇੱਕ ਵੱਡੀ ਸਫਲਤਾ ਸੀ ਅਤੇ ਸਭ ਨੇ ਇਸ ਦਾ ਖੂਬ ਆਨੰਦ ਮਾਣਿਆ।




# ਮਦਰ ਟੀਚਰ ਸਕੂਲ ਬਰਨਾਲਾ ਨੇ ਜ਼ੋਨ ਪੱਧਰੀ ਕ੍ਰਿਕੇਟ ਮੁਕਾਬਲੇ ਦੇ ਪਹਿਲੇ ਪੜਾਅ 'ਚ ਲਿਆ ਭਾਗ

ਬਰਨਾਲਾ, 30 ਜੁਲਾਈ (ਅਮਨਦੀਪ ਸਿੰਘ): ਮਦਰ ਟੀਚਰ ਸਕੂਲ, ਬਰਨਾਲਾ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਕ੍ਰਿਕੇਟ ਖੇਡ ਦੇ ਪਹਿਲੇ ਪੜਾਅ ਵਿੱਚ ਭਾਗ ਲਿਆ। ਇਹ ਕ੍ਰਿਕੇਟ ਮੈਚ ਸੰਘੇੜਾ ਪਿੰਡ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਅੰਡਰ-14 ਅਤੇ ਅੰਡਰ-17 ਵਿੱਚ ਵਿਦਿਆਰਥੀਆਂ ਨੇ ਭਾਗ ਲਿਆ। ਬੱਚਿਆਂ ਨੇ ਖੇਡ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਅੰਡਰ -14 ਵਿੱਚ ਸਿਲਵਰ ਅਤੇ ਅੰਡਰ-17 ਵਿੱਚ ਕਾਂਸੀ ਤਗਮਾ ਹਾਸਿਲ ਕੀਤਾ। ਮਦਰ ਟੀਚਰ ਸਕੂਲ ਦੇ 10 ਖਿਡਾਰੀ ਜਿਲਾ ਪੱਧਰੀ ਕ੍ਰਿਕੇਟ ਟੀਮ ਲਈ ਵੀ ਚੁਣੇ ਗਏ। ਸਕੂਲ ਦੇ ਪ੍ਰਿੰਸੀਪਲ ਦਲਜੀਤ ਸਿੰਘ ਜੀ ਨੇ ਜੇਤੂ ਟੀਮ ਅਤੇ ਉਹਨਾਂ ਦੇ ਮਾਪਿਆਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਅਤੇ ਖੇਡਾਂ ਦੇ ਫਾਇਦੇ ਵੀ ਦੱਸੇ।

# ਮਾਨ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਕਰਕੇ ਰੰਗਲੇ ਪੰਜਾਬ ਦਾ ਸੰਕਲਪ ਕਰੇਗੀ ਪੂਰਾ : ਜੱਸੀ ਸੇਖੋਂ

ਧੂਰੀ,30ਜੁਲਾਈ ( ਰਣਜੀਤ ਸਿੰਘ ਪੇਧਨੀ ): ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ ਨੇ ਸੂਬੇ ਭਰ ਵਿਚ ਨਵੀਂ ਜਾਗਰੂਕਤਾ ਪੈਦਾ ਕੀਤੀ ਹੈ। ਨਸ਼ਿਆਂ ਦੇ ਖਾਤਮੇ ਲਈ ਜਿੱਥੇ ਪ੍ਰਸ਼ਾਸਨਿਕ ਪੱਧਰ 'ਤੇ ਕਈ ਠੋਸ ਕਦਮ ਚੁੱਕੇ ਗਏ ਹਨ, ਉਥੇ ਹੀ ਲੋਕਾਂ ਤੱਕ ਸਿੱਧੀ ਪਹੁੰਚ ਬਣਾਕੇ ਉਨ੍ਹਾਂ ਨੂੰ ਵੀ ਇਸ ਜੰਗ ਦਾ ਹਿੱਸਾ ਬਣਾਇਆ ਹੈ। ਜਿਸ ਦੇ ਨਾਲ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਸਰਕਾਰ ਦਾ ਉਪਰਾਲਾ ਸ਼ਲਾਘਾਯੋਗ ਕਦਮ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਪੰਜਾਬ ਦੇਸੀਨੀਅਰ ਆਗੂ ਸਰਦਾਰ ਜਸਬੀਰ ਸਿੰਘ ਜੱਸੀ ਸੇਖੋਂ ਮੈਂਬਰ ਫੂਡ ਕਮਿਸ਼ਨ ਪੰਜਾਬ ਨੇ ਕੀਤਾ ।

# ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਨੇ ਚੌਧਰੀ ਰਜੇਸ਼ ਕੁਮਾਰ ਗਹਿਰੀਵਾਲਾ ਦੀ ਪੰਜਾਬ ਮੀਡੀਆ ਇੰਚਾਰਜ ਲੋਕ ਜਨ ਸ਼ਕਤੀ ਪਾਰਟੀ ਵੱਜੋਂ ਕੀਤੀ ਨਿਯੁਕਤੀ

ਚੰਡੀਗੜ੍ਹ 30 ਜੁਲਾਈ (ਚ.ਨ.ਸ.):ਅੱਜ ਲੋਕ ਜਨ ਸ਼ਕਤੀ ਪਾਰਟੀ ਪੰਜਾਬ ਦੀ ਵਿਸ਼ੇਸ਼ ਬੈਠਕ ਸੂਬਾ ਪ੍ਰਧਾਨ ਅਮਰ ਸਿੰਘ ਮਹਿਮੀ ਦੀ ਯੋਗ ਅਗਵਾਈ ਹੇਠ ਬੁਲਾਈ ਗਈ, ਜਿਸ ਵਿੱਚ ਪੰਜਾਬ ਪ੍ਰਦੇਸ਼ ਤੋਂ ਲੋਕ ਜਨ ਸ਼ਕਤੀ ਪਾਰਟੀ ਦੇ ਸਮੂਹ ਅਹੁਦੇਦਾਰ ਅਤੇ ਪਾਰਟੀ ਵਰਕਰਾਂ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਮੀਟਿੰਗ ਵਿੱਚ ਪੰਜਾਬ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਨੇ ਦੱਸਿਆ ਕਿ ਲੋਕ ਜਨ ਸ਼ਕਤੀ ਪਾਰਟੀ ਜ਼ਿਲ੍ਹਾ ਬਠਿੰਡਾ ਪ੍ਰਧਾਨ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਦੀ ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਪੰਜਾਬ ਦੇ ਸੀਨੀਅਰ ਮੀਡੀਆ ਇੰਚਾਰਜ ਵੱਜੋਂ ਨਿਯੁਕਤੀ ਕੀਤੀ ਗਈ ਹੈ। ਸੂਬਾ ਪ੍ਰਧਾਨ ਅਮਰ ਸਿੰਘ ਮਹਿਮੀ ਨੇ ਪੰਜਾਬ ਦੇ ਮੀਡੀਆ ਇੰਚਾਰਜ ਬਣੇ ਚੌਧਰੀ ਰਜੇਸ਼ ਕੁਮਾਰ ਗਹਿਰੀਵਾਲਾ ਨੂੰ ਸਮੁੱਚੀ ਲੋਕ ਜਨ ਸ਼ਕਤੀ ਪਾਰਟੀ ਵੱਲੋਂ ਵਧਾਈ ਦਿੰਦੇ ਹੋਏ ਕਿਹਾ ਕਿ ਚੌਧਰੀ ਰਜੇਸ਼ ਕੁਮਾਰ ਗਹਿਰੀ ਵਾਲਾ ਪੂਰੀ ਤਨਦੇਹੀ ਨਾਲ ਪਾਰਟੀ ਨੂੰ ਹੋਰ ਜ਼ਿਆਦਾ ਤਰੱਕੀ ਵੱਲ ਲੈ ਕੇ ਜਾਣਗੇ ਉਨ੍ਹਾਂ ਨੇ ਵਿਸ਼ੇਸ਼ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਚੌਧਰੀ ਰਾਜੇਸ਼ ਕੁਮਾਰ ਗਹਿਰੀ ਵਾਲਾ ਬਤੌਰ ਬਠਿੰਡਾ ਜ਼ਿਲ੍ਹਾ ਪ੍ਰਧਾਨ ਅਤੇ ਬਤੌਰ ਪੰਜਾਬ ਮੀਡੀਆ ਇੰਚਾਰਜ ਲੋਕ ਜਨ ਸ਼ਕਤੀ ਪਾਰਟੀ ਵਜੋਂ ਪਾਰਟੀ ਦੇ ਹਿੱਤਾਂ ਲਈ ਕੰਮ ਕਰਨਗੇ ਲੋਕ ਜਨ ਸ਼ਕਤੀ ਪਾਰਟੀ ਪੰਜਾਬ ਦੇ ਸੀਨੀਅਰ ਮੀਡੀਆ ਇੰਚਾਰਜ ਚੌਧਰੀ ਰਾਜੇਸ਼ ਕੁਮਾਰ ਗਹਿਰੀ ਵਾਲਾ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਅਗਰ ਉਹਨਾਂ ਦੀ ਲੋਕ ਜਨ ਸ਼ਕਤੀ ਪਾਰਟੀ ਅਤੇ ਭਾਜਪਾ ਦਲ ਨਾਲ ਆਪਸੀ ਗਠਜੋੜ ਹੁੰਦਾ ਹੈ, ਤਾਂ ਉਹ ਪੰਜਾਬ ਅੰਦਰ ਛੋਟਾ ਅਤੇ ਵੱਡਾ ਭਰਾ ਬਣ ਕੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲੜਨਗੇ ਤੇ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿੱਚੋਂ ਭਾਜਪਾ ਦਲ ਨੂੰ ਪੰਜਾਹ ਸੀਟਾਂ ਦਿੱਤੀਆਂ ਜਾਣਗੀਆਂ। ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਬਾਦਲ ਅਤੇ ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਦੀ ਮਾੜੀਆ ਸਰਕਾਰਾਂ ਵੇਖ ਲਈਆਂ ਹਨ ਤੇ ਪੰਜਾਬ ਦੇ ਲੋਕ ਇੱਕ ਵਾਰ ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਪੰਜਾਬ ਅੰਦਰ ਲੋਕ ਜਨ ਸ਼ਕਤੀ ਪਾਰਟੀ ਦੀ ਸਰਕਾਰ ਬਣਾਉਣ ਲਈ ਤਰਲੋ ਮੱਛੀ ਹੋ ਰਹੇ ਹਨ।





# ਪਟਿਆਲਾ-ਆਸ/ਪਾਸ



## ਜ਼ਿਲ੍ਹੇ ਨੂੰ ਬਾਲ ਭੀਖ ਮੁਕਤ ਕਰਨ ਲਈ ਜ਼ਿਲ੍ਹਾ ਪੱਧਰੀ ਟੀਮ ਵੱਲੋਂ ਚੈਕਿੰਗ ਜਾਰੀ

### ☛ਜ਼ਿਲ੍ਹਾ ਪੱਧਰੀ ਟਾਸਕ ਫੋਰਸ ਨੇ 6 ਬੱਚਿਆਂ ਨੂੰ ਰੈਸਕਿਊ ਕਰਕੇ ਬਾਲ ਭਲਾਈ ਕਮੇਟੀ ਦੇ ਸਾਹਮਣੇ ਕੀਤਾ ਪੇਸ਼



ਮਲੇਰਕੋਟਲਾ, 30 ਜੁਲਾਈ (ਚ.ਨ.ਸ.) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਸਮੂਹ ਜ਼ਿਲ੍ਹੇ ਦੇ ਸ਼ਹਿਰਾਂ ਵਿੱਚ ਪ੍ਰੋਜੈਕਟ ਜੀਵਨਜੋਤ 2.0 ਤਹਿਤ ਬਾਲ ਭਿੱਖਿਆ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਚੈਕਿੰਗਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੀ ਟੀਮ ਸਮੇਤ ਪੁਲਿਸ ਅਧਿਕਾਰੀਆਂ ਵੱਲੋਂ ਬੱਚਿਆਂ ਨੂੰ ਭੀਖ ਮੰਗਣ ਅਤੇ ਬਾਲ ਮਜ਼ਦੂਰੀ ਕਰਨ ਤੋਂ ਰੋਕਣ ਲਈ 786 ਚੌਕ , ਹਾਅ ਦਾ ਨਾਰਾ ਗੁਰਦੁਆਰਾ, ਗਰੇਵਾਲ ਚੌਕ, ਦਰਗਾਹ ਬਾਬਾ ਹੈਦਰ ਸ਼ੇਖ, ਲੁਧਿਆਨਾ ਬਾਈ ਪਾਸ, ਠੰਡੀ ਸੜਕ ਦੇ ਪਿਛਲੇ ਪਾਸੇ ਸਲੱਮ ਏਰੀਏ ਵਿਸ਼ੇਸ਼ ਚੈਕਿੰਗ ਕੀਤੀ। ਚੈਕਿੰਗ ਦੌਰਾਨ 6 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ, ਜਿਸ ਨੂੰ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਟੀਮ ਦੁਆਰਾ ਬੱਚਿਆਂ ਦੇ ਮਾਤਾ ਪਿਤਾ ਨੂੰ ਬੁਲਾਕੇ ਕਾਊਂਸਲਿੰਗ ਕੀਤੀ ਗਈ ਅਤੇ ਬੱਚਿਆ ਨੂੰ ਪੜ੍ਹਾਈ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਉਹ ਪੜ੍ਹ ਲਿਖ ਕੇ ਆਤਮ ਨਿਰਭਰ ਬਣ ਸਕਣ। ਉਨ੍ਹਾਂ ਨੂੰ ਦੱਸਿਆ ਕਿ ਬੱਚਿਆਂ ਨੂੰ ਭੀਖ ਮੰਗਣ ਲਈ ਭੇਜਣਾ ਕਾਨੂੰਨੀ ਜੁਰਮ ਹੈ। ਉਨ੍ਹਾਂ ਇਹ ਵੀ ਹਦਾਇਤ ਦਿੱਤੀ ਕਿ ਜੇਕਰ ਦੁਬਾਰਾ ਬੱਚੇ ਨੂੰ ਭੀਖ ਮੰਗਣ ਲਈ ਭੇਜਿਆ ਤਾਂ ਉਨ੍ਹਾਂ ਉੱਪਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਿਸ ਤੋਂ ਬਾਅਦ ਬੱਚੇ ਨੂੰ ਮਾਤਾ ਪਿਤਾ ਨੂੰ ਸੌਂਪ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਵੱਲੋਂ ਆਮ ਲੋਕਾਂ ਨੂੰ ਵੀ ਜਾਗੂਰਕ ਕਰਦਿਆਂ ਦੱਸਿਆ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਲੋਕਾਂ ਨੂੰ ਜੁਵੇਨਾਇਲ ਜਸਟਿਸ ਐਕਟ 2015 ਦੇ ਤਹਿਤ 5 ਸਾਲ ਤੱਕ ਦੀ ਸਜ਼ਾ ਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ ਨਾਲ ਹੀ ਇਸ ਤਰ੍ਹਾਂ ਦੇ ਬੱਚਿਆਂ ਦੀ ਤਸਕਰੀ ਕਰਨ ਵਾਲੇ ਨੂੰ 10 ਸਾਲ ਦੀ ਸਜ਼ਾ ਅਤੇ ਉਮਰ ਕੈਦ ਤੱਕ ਦੀ ਸਜ਼ਾ ਤੇ ਜੁਰਮਾਨਾ ਹੋ ਸਕਦੇ ਹਨ। ਇਸ ਮੌਕੇ ਉੱਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦਾ ਸਟਾਫ, ਬਾਲ ਭਲਾਈ ਕਮੇਟੀ ਮੈਂਬਰ, ਚਾਇਲਡ ਹੈਲਪਲਾਈਨ ਦੀ ਟੀਮ ਅਤੇ ਪੁਲਿਸ ਵਿਭਾਗ ਦੇ ਨੁਮਾਇੰਦੇ ਮੌਜੂਦ ਸਨ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 30 ਜੁਲਾਈ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਸਤਿੰਦਰ ਕੌਰ ਪੁੱਤਰੀ ਸਾਹਿਬ ਸਿੰਘ ਵਾਸੀ ਪਿੰਡ ਭੁਨਰਹੇੜੀ ਨੇ ਕਥਿਤ ਦੋਸ਼ੀ ਰਵਿੰਦਰ ਸਿੰਘ ਵਾਸੀ ਮੰਡੇਰਾ ਰੋਡ ਰੰਧਾਵਾ ਪੱਤੀ ਵਾਰਡ ਨੰ. 09 ਲੌਂਗੋਵਾਲ ਜ਼ਿਲ੍ਹਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ ਮਿਤੀ 19/2/12 ਨੂੰ ਕਥਿਤ ਦੋਸ਼ੀ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਦੋਸ਼ੀ ਉਸ ਨੂੰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਖੇੜੀ ਗੁੱਜਰਾਂ ਸਕੂਲ ਵਿਖੇ ਮਨਾਇਆ ਤੀਆਂ ਦਾ ਤਿਉਹਾਰ



ਪਟਿਆਲਾ, 30 ਜੁਲਾਈ (ਚ.ਨ.ਸ.) : ਸਮਾਜਿਕ ਬੁਰਾਈਆਂ ਅਤੇ ਭਰੂਣ ਹੱਤਿਆ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਪੰਜਾਬੀ ਸੱਭਿਆਚਾਰ ਨੂੰ ਉਜਾਗਰ ਕਰਨ ਲਈ ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਵਿਖੇ ਧੀਆਂ ਦੇ ਸਤਿਕਾਰ ਵੱਜੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰਚਨਾਤਮਕ ਅਤੇ ਰੰਗ ਬਿਰੰਗੀ ਸੱਭਿਆਚਾਰਕ ਪ੍ਰਸਤੁਤੀਆਂ ਨਾਲ ਸਮਾਗਮ ਦੀ ਸ਼ਾਨ ਵਧਾਈ ਗਈ। ਪ੍ਰੋਗਰਾਮ ਦੌਰਾਨ ਪੰਜਾਬੀ ਪਹਿਰਾਵਿਆਂ ਵਿੱਚ ਸਜੀਆਂ ਹੋਈਆਂ ਵਿਦਿਆਰਥਣਾਂ ਨੇ ਭੰਗੜਾ, ਗਿੱਧਾ ਅਤੇ ਲੋਕ ਬੋਲੀਆਂ ਰਾਂਹੀ ਪੁਰਾਣੇ ਵਿਰਸੇ ਨੂੰ ਮੁੜ ਜੀਵੰਤ ਕੀਤਾ। ਇਸ ਮੌਕੇ ਸਕੂਲ ਇੰਚਾਰਜ ਸ੍ਰੀਮਤੀ ਰਵਿੰਦਰਪਾਲ ਕੌਰ ਜੀ ਨੇ ਕਿਹਾ ਕਿ ਕੁੜੀਆਂ ਦੇ ਹਰ ਤਿਓਹਾਰ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਣਾ ਚਾਹੀਦਾ ਹੈ। ਮਮਤਾ ਰਾਣੀ (ਪੀ.ਟੀ.ਆਈ) ਨੇ ਸਕੂਲ ਦੀਆਂ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ।

## ਮਾਨ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਬਣਾ ਕੇ ਰੰਗਲੇ ਪੰਜਾਬ ਦਾ ਸੰਕਲਪ ਕਰੇਗੀ ਪੂਰਾ: ਗੁਰਲਾਲ ਘਨੌਰ



ਘਨੌਰ, 30 ਜੁਲਾਈ (ਮਦਨ ਲਾਲ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਨੇ ਸੂਬੇ ਭਰ ਵਿਚ ਨਵੀਂ ਜਾਗਰੂਕਤਾ ਪੈਦਾ ਕੀਤੀ ਹੈ। ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸੂਬੇ ਵਿਚ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਧਾਇਕ ਗੁਰਲਾਲ ਘਨੌਰ ਨੇ ਹਲਕੇ ਦੇ ਪਿੰਡ ਨੌਸ਼ਹਿਰਾ, ਮੁਗਲ ਸਰਾਏ, ਸ਼ੰਭੂ ਕਲਾ,ਸ਼ੰਭੂ ਰਾਜਪੂਤਾਂ, ਮਹਿਤਬਗੜ੍ਹ, ਘੱਗਰ ਸਰਾਏ, ਪਿੰਡ ਅਲੀਮਾਜਰਾ, ਭੂਰੀ ਮਾਜਰਾ ਆਦਿ ਵਿਖੇ ਜਾਗਰੂਕਤਾ ਸਮਾਗਮ ਦੀਆਂ ਭਰਵੀਆਂ ਜਨ ਸਭਾਵਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਜਿੱਥੇ ਪ੍ਰਸ਼ਾਸਨਿਕ ਪੱਧਰ 'ਤੇ ਕਈ ਠੋਸ ਕਦਮ ਚੁੱਕੇ ਗਏ ਹਨ, ਉੱਥੇ ਹੀ ਲੋਕਾਂ ਤੱਕ ਸਿੱਧੀ ਪਹੁੰਚ ਬਣਾਕੇ ਉਨ੍ਹਾਂ ਨੂੰ ਵੀ ਇਸ ਜੰਗ ਦਾ ਹਿੱਸਾ ਬਣਾਇਆ ਹੈ। ਉਨ੍ਹਾਂ ਆਸ ਜਤਾਈ ਕਿ ਮਾਨ ਸਰਕਾਰ ਦੇ ਯਤਨਾਂ ਰਾਹੀਂ ਪੰਜਾਬ ਨੂੰ ਨਸ਼ਾ ਮੁਕਤ ਬਣਾਕੇ ਰੰਗਲੇ ਪੰਜਾਬ ਦਾ ਸੁਪਨਾ ਜਲਦ ਹੀ ਹਕੀਕਤ ਬਣੇਗਾ। ਇਸ ਮੌਕੇ ਡੀ ਐਸ ਪੀ ਹਰਮਨਦੀਪ ਸਿੰਘ ਚੀਮਾ, ਬੀਡੀਪੀਓ ਘਨੌਰ ਜਤਿੰਦਰ ਸਿੰਘ ਢਿੱਲੋਂ ਵੀ ਸਬੰਧਤ ਅਧਿਕਾਰੀਆਂ ਨਾਲ ਮੌਜੂਦ ਸਨ। ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰਾਂ ਨੂੰ ਆਮ ਲੋਕਾਂ ਨੇ ਵੱਡੇ ਪੱਧਰ 'ਤੇ ਸਹਿਯੋਗ ਦਿੱਤਾ ਹੈ। ਇਸ ਮੌਕੇ ਡੀ.ਐਸ.ਪੀ. ਹਰਮਨਦੀਪ ਸਿੰਘ ਚੀਮਾ, ਚੇਅਰਮੈਨ ਸਹਿਜਪਾਲ ਸਿੰਘ ਚਹਿਲ ਲਾਡਾ ਨਨਹੇੜਾ, ਕਰਨੈਲ ਸਿੰਘ ਘੱਗਰ ਸਰਾਏ, ਗੁਰਤਾਜ ਸਿੰਘ ਸੰਧੂ, ਸੀਨੀਅਰ ਯੂਥ ਆਗੂ ਦਵਿੰਦਰ ਸਿੰਘ ਸੋਨੂੰ ਅਲੀਮਾਜਰਾ, ਪਰਮਜੀਤ ਸਿੰਘ, ਪ੍ਰਗਟ ਸਿੰਘ ਰਾਜਗੜ੍ਹ, ਸਰਪੰਚ ਜੋਧਵੀਰ ਸਿੰਘ ਘੜਾਮਾ, ਪ੍ਰਧਾਨ ਨਿਸ਼ਾਨ ਸਿੰਘ ਸੰਧੂ, ਗੁਲਜ਼ਾਰ ਸਿੰਘ ਸਰਪੰਚ ਭੂਰੀਮਾਜਰਾ, ਗਗਨਦੀਪ ਸਿੰਘ ਸਰਪੰਚ ਘੱਗਰ ਸਰਾਏ, ਸਰਪੰਚ ਮਨਦੀਪ ਸਿੰਘ ਮੰਗਾ ਨੌਸ਼ਹਿਰਾ, ਲੱਖਾਂ ਰਾਠੌਰ ਨੌਸ਼ਹਿਰਾ, ਪਰਸ਼ੋਤਮ ਸਿੰਘ, ਪੰਚ ਜਸਵਿੰਦਰ ਸਿੰਘ, ਸਰਪੰਚ ਅਮਰਿੰਦਰ ਸਿੰਘ, ਕਰਨੈਲ ਸਿੰਘ ਨੌਸ਼ਹਿਰਾ, ਸਰਪੰਚ ਜਸਮੇਰ ਸਿੰਘ, ਬਲਦੇਵ ਸਿੰਘ ਭੂਰੀਮਾਜਰਾ, ਲਵਲਜੀਤ ਸਿੰਘ, ਬਲਿਹਾਰ ਸਿੰਘ, ਪ੍ਰੀਤ ਸਰਪੰਚ ਡਾਰੀਆ, ਮੋਹਨ ਸਿੰਘ ਸ਼ੰਭੂ ਕਲਾ, ਗੁਰਦੀਪ ਸਿੰਘ ਵਿਕਸੀ ਚਪੜ, ਅੰਗਰੇਜ ਸਿੰਘ, ਅਮਰਜੀਤ ਸਿੰਘ ਨੰਬਰਦਾਰ, ਗਾਂਧੀ ਵਿੱਰਕ ਬੀਪੁਰ ਸਮੇਤ ਉਕਤ ਪਿੰਡਾਂ ਦੇ ਪੰਚ ਸਰਪੰਚ ਅਤੇ ਆਮ ਨਾਗਰਿਕ ਮੌਜੂਦ ਸਨ।

## ਡਾ. ਰਾਜਵੰਤ ਕੌਰ 'ਪੰਜਾਬੀ' ਨੇ ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ ਦੇ ਕੋਆਰਡੀਨੇਟਰ ਵਜੋਂ ਅਹੁਦਾ ਸੰਭਾਲਿਆ



ਪਟਿਆਲਾ, 30 ਜੁਲਾਈ (ਰੁਪਾਣਾ): ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ 'ਪੰਜਾਬੀ' ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ ਦੇ ਕੋਆਰਡੀਨੇਟਰ ਨਿਯੁਕਤ ਕੀਤੇ ਗਏ ਹਨ। ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੇ ਆਦੇਸ਼ਾਂ ਅਨੁਸਾਰ ਡਾ. 'ਪੰਜਾਬੀ' ਆਪਣੇ ਵਿਭਾਗ ਦੇ ਮੁਖੀ ਦੇ ਨਾਲ ਨਾਲ ਹੁਣ ਚੇਅਰ ਦੇ ਮੁਖੀ ਵਜੋਂ ਵੀ ਜ਼ਿੰਮੇਵਾਰੀ ਨਿਭਾਉਣਗੇ। ਡਾ. ਰਾਜਵੰਤ ਕੌਰ ਪੰਜਾਬੀ ਨੇ ਕਿਹਾ ਕਿ ਉਹ ਨੇੜ- ਭਵਿੱਖ ਵਿੱਚ ਪ੍ਰੋਫੈਸਰ ਗੁਰਦਿਆਲ ਸਿੰਘ ਦੀ ਸਾਹਿਤਕ ਕਾਰਜਾਂ ਬਾਰੇ ਮਹੱਤਵਪੂਰਨ ਸਮਾਗਮਾਂ/ ਸੈਮੀਨਾਰਾਂ ਰਾਹੀਂ ਇਸ ਚੇਅਰ ਦੇ ਕਾਰਜਾਂ ਨੂੰ ਹੋਰ ਅੱਗੇ ਲੈ ਕੇ ਜਾਣ ਦੀ ਭਰਪੂਰ ਕੋਸ਼ਿਸ਼ ਕਰਨਗੇ ਤਾਂ ਜੋ ਗਿਆਨ ਪੀਠ ਪੁਰਸਕਾਰ ਵਿਜੇਤਾ ਪ੍ਰੋ. ਗੁਰਦਿਆਲ ਸਿੰਘ ਦੀ ਲੇਖਣੀ ਦੇ ਹੋਰ ਅਨੇਕ ਲੁਕੇ ਹੋਏ ਪੱਖ ਵੀ ਸਾਹਮਣੇ ਲਿਆਂਦੇ ਜਾ ਸਕਣ। ਸੈਨੇਟ ਫੈਲੋ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਵੱਲੋਂ ਅਹੁਦਾ ਸੰਭਾਲੇ ਜਾਣ ਮੌਕੇ ਲੋਕਧਾਰਾ ਸ਼ਾਸਤਰੀ ਡਾ. ਗੁਰਮੀਤ ਸਿੰਘ, ਡਾ. ਬਰਿੰਦਰ ਕੌਰ ਪ੍ਰਿੰਸੀਪਲ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ, ਮਾਨਸਾ, ਡਾ. ਸੁਰਜੀਤ ਸਿੰਘ,ਡਾ. ਗੁਰਮੁਖ ਸਿੰਘ, ਡਾ. ਰਾਜਵਿੰਦਰ ਸਿੰਘ, ਡਾ. ਗੁਰਸੇਵਕ ਸਿੰਘ ਲੰਬੀ, ਡਾ. ਰਾਜਮਹਿੰਦਰ ਕੌਰ ਅਤੇ ਚਰਨਦੀਪ ਸਿੰਘ (ਡਾ.) ਮੁਖੀ, ਪੰਜਾਬੀ ਵਿਭਾਗ ਮੀਰੀ ਪੀਰੀ ਖਾਲਸਾ ਕਾਲਜ ਭਦੌੜ ,ਬਰਨਾਲਾ ਆਦਿ ਤੋਂ ਇਲਾਵਾ ਗੈਰ ਅਧਿਆਪਨ ਅਮਲਾ ਵੀ ਸ਼ਾਮਿਲ ਸੀ।

## ਨਾਜਾਇਜ਼ ਸ਼ਰਾਬ ਸਣੇ ਮੁਲਜ਼ਮ ਕਾਬੂ

ਸਮਾਣਾ, 30 ਜੁਲਾਈ (ਵਿਜੇ ਕੁਮਾਰ) : ਨਾਜਾਇਜ਼ ਸ਼ਰਾਬ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਹੇ ਇੱਕ ਨੌਜਵਾਨ ਨੂੰ ਮਵੀਕਲਾਂ ਪੁਲਿਸ ਨੇ 30 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਵੀਕਲਾਂ ਪੁਲਿਸ ਚੌਕੀ ਇੰਚਾਰਜ ਅੰਗਰੇਜ਼ ਸਿੰਘ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਗੁਰਜਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਨਾਗਰੀ ਵਜੋਂ ਹੋਈ ਹੈ। ਏ.ਐਸ.ਆਈ. ਪਰਮਜੀਤ ਸਿੰਘ ਪੁਲਿਸ ਪਾਰਟੀ ਸਮੇਤ ਪਿੰਡ ਅਰਾਈਮਾਜਰਾ ਵਿੱਚ ਗਸ਼ਤ 'ਤੇ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਾਜਾਇਜ਼ ਸ਼ਰਾਬ ਵੇਚਣ ਲਈ ਬੱਸ ਸਟੈਂਡ, ਪਿੰਡ ਮਰਦਾਹੇੜੀ ਨੂੰ ਜਾਂਦੇ ਰਜਵਾਹੇ ਦੇ ਵਿਚਕਾਰ ਖੰਭਾਂ ਵਿੱਚ ਬੈਠਾ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਛਾਪਾ ਮਾਰਨ 'ਤੇ ਮੁਲਜ਼ਮ ਨੂੰ 30 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## ਮਿਲੇਨੀਅਮ ਵਰਲਡ ਸਕੂਲ 'ਚ ਵਿਗਿਆਨ ਪ੍ਰਦਰਸ਼ਨੀ



ਸਮਾਣਾ, 30 ਜੁਲਾਈ (ਵਿਜੇ ਕੁਮਾਰ) : ਮਿਲੇਨੀਅਮ ਵਰਲਡ ਸਕੂਲ ਨੇ ਸਿੱਖਿਆ ਦੇ ਖੇਤਰ ਵਿੱਚ ਨਵੇਂ ਮਿਆਰ ਸੈੱਟ ਕਰਦਿਆਂ ਮਾਪਿਆਂ ਲਈ ਇਕ ਆਧੁਨਿਕ ਅਤੇ ਤਕਨੀਕੀ ਸਾਫਟਵੇਅਰ ਐਪਲੀਕੇਸ਼ਨ ਲਾਂਚ ਕੀਤਾ ਹੈ। ਮਾਪਿਆਂ ਨੂੰ ਇਹ ਨਵਾਂ ਐਪ ਵਰਤਣ ਲਈ ਸਕੂਲ ਵੱਲੋਂ ਇੱਕ ਵਿਸ਼ੇਸ਼ ਓਰੀਏਂਟੇਸ਼ਨ ਮੀਟਿੰਗ ਰੱਖੀ ਗਈ। ਇਸ ਮੀਟਿੰਗ ਵਿੱਚ ਮਾਪਿਆਂ ਨੂੰ ਲੌਗਿਨ ਕਰਨ ਤੋਂ ਲੈ ਕੇ ਐਪ ਦੀ ਵਰਤੋਂ ਅਤੇ ਉਸਦੇ ਫੀਚਰਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ। ਇਹ ਨਵੀਂ ਤਕਨੀਕ ਮਾਪਿਆਂ ਅਤੇ ਅਧਿਆਪਕਾਂ ਵਿਚਕਾਰ ਸਿੱਧੀ ਗੱਲਬਾਤ ਨੂੰ ਯਕੀਨੀ ਬਣਾਉਂਦੀ ਹੈ ਅਤੇ ਵਿਦਿਆਰਥੀਆਂ ਦੀ ਹਾਜ਼ਰੀ, ਹੋਮਵਰਕ, ਅਕੈਡਮਿਕ ਪ੍ਰਦਰਸ਼ਨ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਦੀ ਤੁਰੰਤ ਜਾਣਕਾਰੀ ਦਿੰਦੀ ਹੈ। ਨਵੀਨਤਾ ਨੂੰ ਹੋਰ ਉਭਾਰਨ ਲਈ ਸਕੂਲ ਵੱਲੋਂ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਰਚਨਾਤਮਕ ਅਤੇ ਸੋਚਵਿਚਾਰ ਵਾਲੇ ਮਾਡਲ ਪੇਸ਼ ਕੀਤੇ। ਪ੍ਰਦਰਸ਼ਨੀ ਵਿੱਚ ਰੋਬੋਟਿਕਸ, ਨਵੀਂ ਊਰਜਾ, ਮਨੁੱਖੀ ਸਰੀਰ, ਅੰਤਰਿਕਸ਼ ਵਿਗਿਆਨ ਅਤੇ ਵਾਤਾਵਰਨ ਸੰਭਾਲ ਵਰਗੇ ਵਿਸ਼ੇ ਸ਼ਾਮਿਲ ਸਨ। ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਵਿਗਿਆਨਕ ਸੋਚ, ਰਚਨਾਤਮਕਤਾ ਅਤੇ ਪੇਸ਼ਕਾਰੀ ਕੌਸ਼ਲ ਵਿਖਾਏ। ਚੇਅਰਮੈਨ ਡਾ. ਕੇ.ਕੇ. ਜੌਹਰੀ ਨੇ ਕਿਹਾ, ਮਿਲੇਨਿਅਮ ਵਰਲਡ ਸਕੂਲ ਵਿੱਚ ਅਸੀਂ ਮਾਪਿਆਂ ਅਤੇ ਵਿਦਿਆਰਥੀਆਂ ਦੋਹਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਪ੍ਰਿੰਸੀਪਲ ਮਿਸਿਜ਼ ਸ਼ਾਲਿਨੀ ਕਾਲੜਾ ਨੇ ਕਿਹਾ, ਅਸੀਂ ਆਪਣੇ ਵਿੱਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰ ਰਹੇ ਹਾਂ। ਸਮਾਰਟ ਤਕਨਾਲੋਜੀ ਅਤੇ ਵਿਗਿਆਨ ਪ੍ਰਦਰਸ਼ਨੀ ਵਰਗੀਆਂ ਗਤੀਵਿਧੀਆਂ ਰਾਹੀਂ ਅਸੀਂ ਉਨ੍ਹਾਂ ਨੂੰ ਆਤਮਵਿਸ਼ਵਾਸੀ, ਜਾਣਕਾਰ ਅਤੇ ਯੋਗ ਲੀਡਰ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਮਿਲੇਨੀਅਮ ਵਰਲਡ ਸਕੂਲ ਨਵੀਨਤਾ, ਅਕੈਡਮਿਕ ਸ਼੍ਰੇਸ਼ਠਤਾ ਅਤੇ ਮਜ਼ਬੂਤ ਸਕੂਲ-ਮਾਪੇ ਸਾਂਝ ਵੱਲ ਸਦਾ ਸਮਰਪਿਤ ਹੈ, ਤਾਂ ਜੋ ਵਿਦਿਆਰਥੀਆਂ ਲਈ ਇੱਕ ਰੌਸ਼ਨ ਅਤੇ ਤਕਨੀਕੀ ਭਵਿੱਖ ਤਿਆਰ ਕੀਤਾ ਜਾ ਸਕੇ।

## ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਜ਼ਿਲ੍ਹਾ ਪੱਧਰੀ ਅਦਾਲਤ 11 ਅਗਸਤ ਨੂੰ

ਪਟਿਆਲਾ, 30 ਜੁਲਾਈ (ਚ.ਨ.ਸ.) : ਪਟਿਆਲਾ ਵਿੱਚ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਅਤੇ ਨਿਪਟਾਰਾ ਕਰਨ ਲਈ ਇੱਕ ਵਿਸ਼ੇਸ਼ ਪੈਨਸ਼ਨ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪੈਨਸ਼ਨ ਅਦਾਲਤ ਕਾਰਜ ਲਈ ਜ਼ਿਲ੍ਹਾ ਮਾਲ ਅਫ਼ਸਰ, ਨਵਦੀਪ ਸਿੰਘ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਇਹ ਪੈਨਸ਼ਨ ਅਦਾਲਤ 11 ਅਗਸਤ 2025 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਕਮੇਟੀ ਹਾਲ, ਬਲਾਕ, ਧਰਾਤਲ ਮੰਜਲ, ਮਿਨੀ ਸਕੱਤਰੇਤ , ਪਟਿਆਲਾ ਵਿਖੇ ਲਗਾਈ ਜਾਵੇਗੀ। ਉਹਨਾਂ ਦੱਸਿਆ ਕਿ ਇਸ ਮੌਕੇ ਪੈਨਸ਼ਨਰਾਂ ਦੀਆਂ ਸਾਰੀਆਂ ਸ਼ਿਕਾਇਤਾਂ ਨੂੰ ਸੁਣਿਆ ਜਾਵੇਗਾ ਅਤੇ ਜਲਦੀ ਹੀ ਨਿਪਟਾਰਾ ਵੀ ਕੀਤਾ ਜਾਵੇਗਾ । ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਨੇ ਨਿਰਦੇਸ਼ ਦਿੱਤੇ ਹਨ ਕਿ ਸਬੰਧਤ ਵਿਭਾਗ ਆਪਣੇ ਆਪਣੇ ਪ੍ਰਤੀਨਿਧੀਆਂ ਨੂੰ ਨਿਸ਼ਚਿਤ ਮਿਤੀ 'ਤੇ ਪੈਨਸ਼ਨ ਅਦਾਲਤ ਵਿੱਚ ਭੇਜਣ ਤਾਂ ਜੋ ਸਮੇਂ ਸਿਰ ਸਮਾਧਾਨ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਕਿਸੇ ਵੀ ਸਹਾਇਤਾ ਜਾਂ ਜਾਣਕਾਰੀ ਲਈ ਉਹਨਾਂ ਨਾਲ 98764-23057 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਹਨਾਂ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਵੇਲੇ ਸਾਰੇ ਜ਼ਰੂਰੀ ਦਸਤਾਵੇਜ਼ ਜਿਵੇਂ ਪੈਨਸ਼ਨ ਪੱਤਰ, ਆਈ.ਡੀ.ਕਾਰਡ ਅਤੇ ਹੋਰ ਸਬੂਤ ਲੈ ਕੇ ਆਉਣ ਤਾਂ ਜੋ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਸਕੇ ।

## ਵਾਤਾਵਰਨ ਸ਼ੁੱਧਤਾ ਲਈ ਪਾਰਕ 'ਚ ਪੌਦੇ ਲਗਾਏ



ਸਮਾਣਾ, 30 ਜੁਲਾਈ (ਜਵੰਦਾ): ਲਾਇਨਜ਼ ਕਲੱਬ ਸਮਾਣਾ ਰੋਜ਼ ਵੱਲੋਂ ਸਮਾਜ ਸੇਵੀ ਕਾਰਜਾਂ ਨੂੰ ਅੱਗੇ ਤੋਰਦਿਆਂ ਪ੍ਰਧਾਨ ਅੰਸ਼ੁਲ ਢੀਂਗੜਾ , ਸੈਕਟਰੀ ਵਿਕਾਸ ਸਿੰਗਲਾ, ਕੈਸ਼ੀਅਰ ਵਿਨੋਦ ਗਰਗ ਅਤੇ ਪੀ.ਆਰ.ਓ. ਸੰਜੀਵ ਗੋਇਲ ਦੀ ਅਗਵਾਈ ਹੇਠ ਵਾਤਾਵਰਨ ਨੂੰ ਸ਼ੁੱਧ ਅਤੇ ਹਰਿਆ-ਭਰਿਆ ਰੱਖਣ ਲਈ ਸਥਾਨਕ ਵਾਤਾਵਰਨ ਪਾਰਕ ਵਿਖੇ ਫ਼ਲਦਾਰ ਅਤੇ ਛਾਂਦਾਰ ਪੌਦੇ ਲਗਾਏ ਗਏ। ਇਸ ਪੌਦੇ ਲਗਾਉਣ ਦੀ ਮੁਹਿੰਮ ਦੇ ਪ੍ਰੋਜੈਕਟ ਚੇਅਰਮੈਨ ਰਿਤੇਸ਼ ਸਿੰਗਲਾ ਸਨ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਅੰਸ਼ੁਲ ਢੀਂਗੜਾ ਅਤੇ ਸੈਕਟਰੀ ਵਿਕਾਸ ਸਿੰਗਲਾ ਨੇ ਕਿਹਾ ਕਿ ਅੱਜ ਦਿਨੋ-ਦਿਨ ਗੰਧਲੇ ਹੋ ਰਹੇ ਵਾਤਾਵਰਨ ਨੂੰ ਸ਼ੁੱਧ ਅਤੇ ਹਰਿਆ-ਭਰਿਆ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ। ਇਸ ਮੌਕੇ ਵਿਨੋਦ ਗਰਗ, ਰਿਤੇਸ਼ ਸਿੰਗਲਾ ਅਤੇ ਸੰਜੀਵ ਗੋਇਲ ਵੱਲੋਂ ਵੀ ਮੀਡੀਆ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਕਿ ਵਾਤਾਵਰਨ ਦੀ ਸ਼ੁੱਧਤਾ ਆਪਣੇ ਘਰਾਂ, ਖੇਤਾਂ, ਧਾਰਮਿਕ ਅਤੇ ਸਾਂਝੀਆਂ ਥਾਵਾਂ 'ਤੇ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾਵੇ। ਇਸ ਮੌਕੇ ਦੀਪਕ ਸਿੰਗਲਾ, ਜੀਵਨ ਬਘਰੋਲ, ਸੁਦੀਸ਼ ਜੈਨ, ਹਰਮੇਸ਼, ਸੰਜੀਵ ਗੋਇਲ, ਸੰਜੀਵ ਗਰਗ,ਮਨੀਸ਼, ਵਰੁਣ ਬਾਂਸਲ, ਸੁਮੇਰ ਸਿੰਘ ਅਤੇ ਪੰਕਜ ਬਾਂਸਲ ਆਦਿ ਵੀ ਹਾਜ਼ਰ ਰਹੇ।

## ਵਲੰਟੀਅਰਜ਼ ਵੱਲੋਂ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਸਫ਼ਾਈ ਮੁਹਿੰਮ ਚਲਾਉਣੀ ਸ਼ਲਾਘਾਯੋਗ: ਭਲਵਾਨ, ਲੈਫਟੀਨੈਂਟ ਜੋਸ਼ੀ




ਪਟਿਆਲਾ, 30 ਜੁਲਾਈ (ਚ.ਨ.ਸ.) : ਸਰਕਾਰੀ ਆਈ ਟੀ ਆਈ ਲੜਕੀਆਂ ਨਾਭਾ ਰੋਡ ਪਟਿਆਲਾ ਦੇ ਐਨ ਐਸ ਐਸ ਵਿੰਗ,ਐਨ ਸੀ ਸੀ ਪੰਜ ਪੰਜਾਬ ਬਟਾਲੀਅਨ ਵੱਲੋਂ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਅਤੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਦੇ ਬ੍ਰਿਗੇਡੀਅਰ ਰਾਹੁਲ ਗੁਪਤਾ,ਕਰਨਲ ਸੰਦੀਪ ਰਾਓਏ ਕਮਾਡਿੰਗ ਅਫ਼ਸਰ, ਕਰਨਲ ਨਿਵਾਸਨ ਐਡਮਨ ਅਫ਼ਸਰ, ਸੂਬੇਦਾਰ ਮੇਜਰ ਹਰਵਿੰਦਰ ਸਿੰਘ, ਸੂਬੇਦਾਰ ਕਦਮ, ਸੂਬੇਦਾਰ ਸੁਖਰਾਜ ਸਿੰਘ ਦੀ ਸਰਪ੍ਰਸਤੀ ਹੇਠ ਅਤੇ ਸਰਕਾਰੀ ਆਈ ਟੀ ਆਈ ਨਾਭਾ ਰੋਡ ਪਟਿਆਲਾ ਦੇ ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਹਰਦੀਪ ਕੁਮਾਰ ਟੋਹੜਾ ਅਤੇ ਦਵਿੰਦਰ ਪਾਲ ਸਿੰਘ ਵਾਈਸ ਪ੍ਰਿੰਸੀਪਲ ਦੀ ਅਗਵਾਈ ਹੇਠ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਦੀ ਦੇਖ-ਰੇਖ ਹੇਠ ਸਵੱਛ ਭਾਰਤ ਅਭਿਆਨ ਤਹਿਤ ਸਫਾਈ ਮੁਹਿੰਮ ਚਲਾਈ ਗਈ, ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸੀ.ਐਚ.ਐਮ ਗੁਰਵਿੰਦਰ ਸਿੰਘ, ਮਨਦੀਪ ਕੌਰ ਟ੍ਰੇਨਿੰਗ ਅਫਸਰ ਸੈਂਟਰਲ ਜੇਲ੍ਹ ਪਟਿਆਲਾ, ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ , ਭਿੰਦਰ ਜਲਵੇੜਾ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਕਿਹਾ ਕਿ ਐਨ ਸੀ ਸੀ ਪੰਜ ਪੰਜਾਬ ਬਟਾਲੀਅਨ ਅਤੇ ਐਨ ਐਸ ਐਸ ਵਿੰਗ ਵੱਲੋਂ ਸਵੱਛ ਭਾਰਤ ਅਭਿਆਨ ਤਹਿਤ ਸਰਕਾਰੀ ਆਈ ਟੀ ਆਈ ਲੜਕੀਆਂ ਵਿਖੇ ਸਫਾਈ ਮੁਹਿੰਮ ਚਲਾਉਣੀ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣਾ ਇਨਸਾਨੀਅਤ ਦਾ ਮੁਢਲਾ ਫਰਜ਼ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਆਲੇ-ਦੁਆਲੇ ਦੀ ਸਾਫ ਜ਼ਰੂਰ ਕਰਨੀ ਚਾਹੀਦੀ ਹੈ।

## ਘੇਰ ਕੇ ਕੀਤੀ ਕੁੱਟਮਾਰ, ਮਾਮਲਾ ਦਰਜ

ਪਟਿਆਲਾ, 30 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਅਮਰਜੀਤ ਸਿੰਘ ਪੁੱਤਰ ਸਰਦਾਰਾ ਸਿੰਘ ਵਾਸੀ ਨਿਊ ਯਾਦਵਿੰਦਰਾ ਕਲੋਨੀ ਪਟਿਆਲਾ ਨੇ ਕਥਿਤ ਦੋਸ਼ੀਆਂ ਜਸਕੀਰਤ ਸਿੰਘ, ਜਗਦੀਸ਼ ਸਿੰਘ ਵਾਸੀ ਨਿਊ ਯਾਦਵਿੰਦਰਾ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਜਗਦੀਸ਼ ਸਿੰਘ ਉਸ ਦਾ ਭਰਾ ਹੈ ਅਤੇ ਦੋਵੇਂ ਇੱਕੋ ਹੀ ਮਕਾਨ ਵਿੱਚ ਰਹਿੰਦੇ ਹਨ। ਕਥਿਤ ਦੋਸ਼ੀਆਂ ਨੇ ਉਸ ਦੀ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 117(2), 126(2), 351(2,3)3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਪੇਅ-ਪੈਰਿਟੀ ਦੀ ਬਹਾਲੀ ਲਈ ਜ਼ਿਲ੍ਹੇ ਦੇ ਵੈਟਨਰੀ ਅਫਸਰਾਂ ਵੱਲੋਂ ਡਿਪਟੀ ਡਾਇਰੈਕਟਰ ਦਫਤਰ ਵਿਖੇ ਰੋਸ ਪ੍ਰਦਰਸ਼ਨ




ਸਮਾਣਾ, 30 ਜੁਲਾਈ(ਸੁਖਜਿੰਦਰ ਸਿੰਘ ਕੁਲਾਰਾਂ) : ਅੱਜ ਜ਼ਿਲ੍ਹਾ ਪਟਿਆਲਾ ਦੇ ਵੈਟਨਰੀ ਅਫਸਰਾਂ ਵੱਲੋਂ ਆਪਣੇ ਜ਼ਿਲ੍ਹੇ ਦੇ ਡਿਪਟੀ ਡਾਇਰੈਕਟਰ ਦਫਤਰ ਅੱਗੇ ਜੁਆਇੰਟ ਐਕਸ਼ਨ ਕਮੇਟੀ ਆਫ ਵੈਟਸ ਫਾਰ ਪੇਅ-ਪੈਰਿਟੀ ਦੇ ਬੈਨਰ ਅਧੀਨ ਰੋਸ ਧਰਨਾ ਲਗਾਇਆ ਗਿਆ ਅਤੇ ਡਿਪਟੀ ਡਾਇਰੈਕਟਰ ਨੂੰ ਮੰਗ ਪੱਤਰ ਸੌਂਪਿਆ ਗਿਆ। ਜ਼ਿਕਰਯੋਗ ਹੈ ਕਿ ਜੁਆਇੰਟ ਐਕਸ਼ਨ ਕਮੇਟੀ ਆਫ ਵੈਟਸ ਫਾਰ ਪੇਅ-ਪੈਰਿਟੀ ਪਿਛਲੇ ਸਾਢੇ ਚਾਰ ਸਾਲਾਂ ਤੋਂ ਵੈਟਨਰੀ ਡਾਕਟਰਾਂ ਦੀ ਮੈਡੀਕਲ ਡਾਕਟਰਾਂ ਨਾਲੋਂ ਭੰਗ ਹੋਈ ਪੇਅ-ਪੈਰਿਟੀ ਦੀ ਬਹਾਲੀ ਲਈ ਸੰਘਰਸ਼ ਕਰ ਰਹੀ ਹੈ । ਜਿੱਥੇ ਇੱਕ ਪਾਸੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੈਟਨਰੀ ਡਾਕਟਰਾਂ ਵੱਲੋਂ ਵਿਦੇਸ਼ਾਂ ਵਿੱਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਵਿਧਾਨ ਸਭਾ ਵਿੱਚ ਸ਼ਲਾਘਾ ਕਰ ਰਹੇ ਹਨ, ਇਸ ਤੋਂ ਇੰਝ ਜਾਪਦਾ ਹੈ ਕਿ ਉਹ ਵੈਟਨਰੀ ਡਾਕਟਰਾਂ ਦੇ ਸੁਸਾਇਟੀ ਵਿੱਚ ਯੋਗਦਾਨ ਤੋਂ ਜਾਣੂ ਹਨ । ਇਸ ਸੰਘਰਸ਼ ਦੇ ਮੁੱਢਲੇ ਪੜਾਅ ਵਿੱਚ ਅੱਜ ਪੰਜਾਬ ਸੂਬੇ ਦੇ ਵੈਟਨਰੀ ਅਫਸਰਾਂ ਵੱਲੋਂ ਆਪਣੇ-ਆਪਣੇ ਜਿਲ੍ਹੇ ਦੇ ਡਿਪਟੀ ਡਾਇਰੈਕਟਰ ਦਫਤਰਾਂ ਵਿਖੇ ਜੁਆਇੰਟ ਐਕਸ਼ਨ ਕਮੇਟੀ ਆਫ ਵੈਟਸ ਫਾਰ ਪੇਅ ਪੈਰਿਟੀ ਦੇ ਬੈਨਰ ਹੇਠ ਰੋਸ ਧਰਨੇ ਲਗਾਏ ਗਏ ਅਤੇ ਡਿਪਟੀ ਡਾਇਰੈਕਟਰਾਂ ਨੂੰ ਮੰਗ ਪੱਤਰ ਸੌਂਪੇ ਗਏ। ਵੈਟਨਰੀ ਅਫਸਰ ਮੰਗ ਕਰ ਰਹੇ ਹਨ ਕਿ ਪੇਅ-ਪੈਰਿਟੀ ਨੂੰ ਬਹਾਲ ਕਰਦੇ ਹੋਏ ਮੁੱਢਲਾ ਤਨਖਾਹ ਸਕੇਲ 47600 ਤੋਂ ਵਧਾਕੇ 56100 ਕੀਤਾ ਜਾਵੇ, ਮੈਡੀਕਲ ਅਫ਼ਸਰਾਂ ਦੀ ਤਰਜ਼ 'ਤੇ ਡਾਇਨਾਮਿਕ ਏ ਸੀ ਪੀ ਨੂੰ ਲਾਗੂ ਕੀਤਾ ਜਾਵੇ, ਐਚ. ਆਰ. ਏ. ਆਨ ਐਨ. ਪੀ. ਏ. ਦਿੱਤਾ ਜਾਵੇ ਅਤੇ ਪਰਖ ਕਾਲ ਸਮੇਂ ਦੌਰਾਨ ਪੂਰੀ ਤਨਖਾਹ ਦਿੱਤੀ ਜਾਵੇ। ਸੰਘਰਸ਼ ਨੂੰ ਦੋਬਾਰਾ ਅਰੰਭ ਕਰਦਿਆਂ ਅੱਜ ਜ਼ਿਲ੍ਹਾ ਪਟਿਆਲਾ ਦੇ ਵੈਟਨਰੀ ਅਫਸਰਾਂ ਵੱਲੋਂ ਜ਼ਿਲ੍ਹੇ ਦੇ ਡਿਪਟੀ ਡਾਇਰੈਕਟਰ ਦਫਤਰ ਵਿਖੇ ਧਰਨਾ ਦਿੱਤਾ ਗਿਆ ਅਤੇ ਡਿਪਟੀ ਡਾਇਰੈਕਟਰ ਨੂੰ ਮੰਗ ਪੱਤਰ ਸੌਂਪਿਆ ਗਿਆ । ਧਰਨੇ ਵਿੱਚ ਪਸ਼ੂ ਪਾਲਣ ਵਿਭਾਗ ਦੇ ਵੈਟਨਰੀ ਅਫ਼ਸਰਾਂ ਸਮੇਤ ਸੀਨੀਅਰ ਵੈਟਨਰੀ ਅਫਸਰ, ਸਹਾਇਕ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਸੇਵਾ ਮੁਕਤ ਵੈਟਨਰੀ ਅਫ਼ਸਰਾਂ ਵੱਲੋਂ ਵੀ ਸ਼ਿਰਕਤ ਕੀਤੀ ਗਈ ਅਤੇ ਡਾ. ਗੁਰਚਰਨ ਸਿੰਘ, ਕਨਵੀਨਰ, ਜੁਆਇੰਟ ਐਕਸ਼ਨ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਧਰਨੇ ਵਿੱਚ ਸ਼ਾਮਿਲ ਹੋ ਕੇ ਸੰਬੋਧਨ ਕੀਤਾ ਗਿਆ । ਧਰਨੇ ਨੂੰ ਡਾ. ਗੁਰਦੀਪ ਸਿੰਘ ਕੋ-ਕਨਵਿਨਰ ਜੇ.ਈ.ਸੀ., ਡਾ. ਗੁਰਜਾਪ ਸਿੰਘ, ਡਾ. ਰਵੀ ਸਿੰਗਲਾ, ਡਾ. ਜੀਵਨ ਗੁਪਤਾ, ਡਾ. ਰਮਨ, ਡਾ. ਪਰਵੀਨ ਕੁਮਾਰ, ਡਾ. ਭੁਪਿੰਦਰਪਾਲ ਸਿੰਘ ਤੋਂ ਇਲਾਵਾ ਜੇ.ਈ.ਸੀ ਦੇ ਸੋਸ਼ਲ ਮੀਡੀਆ ਅਡਵਾਈਜ਼ਰ, ਡਾ. ਅਕਸ਼ਪ੍ਰੀਤ ਸਿੰਘ ਨੇ ਵੀ ਸੰਬੋਧਨ ਕੀਤਾ।

## ਕੰਡਕਟਰ ਨੇ ਸਵਾਰੀ ਨਾਲ ਕੀਤੀ ਧੱਕਾ-ਮੁੱਕੀ

ਪਟਿਆਲਾ, 30 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਸੁਰਿੰਦਰ ਸਿੰਘ ਪੁੱਤਰ ਰਾਮ ਰੱਖਾ ਵਾਸੀ ਪਿੰਡ ਹਰੀਪੁਰ ਝੁੰਗੀਆ ਨੇ ਕਥਿਤ ਦੋਸ਼ੀ ਚਰਨਵੀਰ ਸਿੰਘ ਵਾਸੀ ਪਿੰਡ ਮੰਜੋਲੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ ਸਮੇਤ ਪਿੰਡ ਘਮਰੋਦਾ ਤੋਂ ਨਵਾਂ ਬੱਸ ਸਟੈਂਡ ਪਟਿਆਲਾ ਜਾਣ ਲਈ ਬੱਸ ਵਿੱਚ ਚੜ੍ਹਿਆ ਸੀ ਤਾਂ ਬੱਸ ਕੰਡਕਟਰ ਚਰਨਵੀਰ ਸਿੰਘ ਉਸ ਨਾਲ ਬਹਿਸਬਾਜ਼ੀ ਕਰਦਾ ਹੋਇਆ ਬਹਾਦਰਗੜ੍ਹ ਤੱਕ ਆ ਗਿਆ ਅਤੇ ਕਥਿਤ ਦੋਸ਼ੀ ਨੇ ਉਸ ਨੂੰ ਧੱਕਾ ਦੇ ਕੇ ਬੱਸ ਵਿੱਚੋਂ ਉਤਾਰ ਦਿੱਤਾ ਅਤੇ ਧੱਕਾ ਮੁੱਕੀ ਵੀ ਕੀਤੀ। ਪੁਲਿਸ ਨੇ ਧਾਰਾ 115(2), 126(2),351(2,3) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਸੰਸਥਾ ਨੇ ਦੋ ਸਕੂਲਾਂ 'ਚ ਬੱਚਿਆਂ ਨੂੰ ਵੰਡੀ ਸਟੇਸ਼ਨਰੀ



ਨਾਭਾ, 30 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਵਧ ਚੜ ਕੇ ਕੀਤੇ ਜਾਂਦੇ ਹਨ। ਅੱਜ ਇਸ ਲੜੀ ਦੇ ਤਹਿਤ ਸੰਸਥਾ ਵੱਲੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਪਿੰਡ ਕਕਰਾਲਾ ਵਿਖੇ ਅਤੇ ਸਰਕਾਰੀ ਮਿਡਲ ਸਕੂਲ ਪਿੰਡ ਲੁਬਾਣਾ ਕਰਮੂ ਵਿਖੇ ਵਿਦਿਆਰਥੀਆਂ ਦੀ ਸਹੂਲਤ ਲਈ ਸਟੇਸ਼ਨਰੀ ਦਿੱਤੀ ਗਈ। ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਦਾਨੀ ਸੱਜਣਾਂ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਸਟੇਸ਼ਨਰੀ ਦਿੱਤੀ ਗਈ। ਉਹਨਾਂ ਸਹਿਯੋਗੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਹ ਉਮੀਦ ਕੀਤੀ ਗਈ ਕਿ ਇਸ ਤਰ੍ਹਾਂ ਹੀ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਅਤੇ ਇੰਨ੍ਹੇ ਘੱਟ ਸਮੇਂ ਵਿੱਚ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੈਡਮ ਸਨੇਹ ਲਤਾ, ਸੁਖਵਿੰਦਰ ਜੀਤ ਸਿੰਘ, ਤਰਲੋਕ ਚੰਦ, ਰਾਜੇਸ਼ ਕੁਮਾਰ ਗੁਪਤਾ, ਬਲਵਿੰਦਰ ਸਿੰਘ ਅਤੇ ਸਰਕਾਰੀ ਮਿਡਲ ਸਕੂਲ ਪ੍ਰਿੰਸੀਪਲ ਮੈਡਮ ਅਨੂਪਮਾ ਮਹਿਤਾ, ਅਨੂੰ ਚੋਪੜਾ ਅਤੇ ਇੰਚਾਰਜ ਮੈਡਮ ਹਰਜਿੰਦਰ ਕੌਰ, ਆਦਿ ਨੇ ਮਾਨਵ ਸੇਵਾ ਉਤਮ ਸੇਵਾ ਸੰਸਥਾ ਦੇ ਅਹੁਦੇਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਰਵਿੰਦਰ ਸਿੰਘ, ਸੁਨੀਲ ਗੁਪਤਾ, ਅਤੁਲ ਬਾਂਸਲ (ਐਡਵੋਕੇਟ), ਦੀਪਕ ਕੁਮਾਰ, ਵਰੁਣ ਸਿੰਗਲਾ, ਵਿਨੋਦ ਕੁਮਾਰ, ਬਲਦੇਵ ਕੁਮਾਰ, ਸਾਹਿਲ ਗੁਪਤਾ ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਕੋਲ ਸਟੇਸ਼ਨਰੀ ਨਾ ਹੋਣ ਕਾਰਨ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ। ਜਿਸ ਨੂੰ ਵੇਖਦੇ ਹੋਏ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ ਦਿੱਤੀ ਗਈ ਹੈ।

## ਪ੍ਰਾਇਮਰੀ ਸਕੂਲ ਕਪੂਰੀ ਵਿਖੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ




ਦੇਵੀਗੜ੍ਹ 30 ਜੁਲਾਈ (ਗੁਰਜੀਤ ਸਿੰਘ ਢੋਟ) : ਜ਼ਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਨਿਹੱਥਿਆਂ 'ਤੇ ਗੋਲੀ ਚਲਾਉਣ ਵਾਲੇ ਜਨਰਲ ਓਡਵਾਇਰ ਤੋਂ ਜ਼ਲ੍ਹਿਆਂ ਵਾਲੇ ਬਾਗ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਜਿੱਥੇ ਸਾਰੀ ਦੁਨੀਆਂ ਵਿੱਚ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਉੱਥੇ ਹੀ ਦੇਸ਼ ਦੇ ਅੰਦਰ ਕੋਨੇ ਕੋਨੇ ਵਿੱਚ ਇਸ ਸ਼ਹੀਦੀ ਦਿਹਾੜੇ ਨੂੰ ਬੜੀ ਸ਼ਰਧਾ ਤੇ ਸਦਭਾਵਨਾ ਨਾਲ ਵੀ ਮਨਾਇਆ ਜਾ ਰਿਹਾ ਹੈ। ਸਕੂਲ ਇੰਚਾਰਜ ਹਰਪ੍ਰੀਤ ਸਿੰਘ ਉੱਪਲ ਨੇ ਦੱਸਿਆ ਕਿ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਜ ਪ੍ਰਾਇਮਰੀ ਸਕੂਲ ਕਪੂਰੀ ਵਿਖੇ ਸਕੂਲ ਦੇ ਅਧਿਆਪਕਾਂ ਤੇ ਬੱਚਿਆਂ ਦੁਆਰਾ ਸ਼ਹੀਦ ਊਧਮ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਕੂਲ ਅਧਿਆਪਕ ਮੈਡਮ ਸਤਵਿੰਦਰ ਕੌਰ ਨੇ ਬੱਚਿਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਦੇ ਕੈਂਗਸਟਨ ਹਾਲ ਵਿੱਚ ਜਨਰਲ ਓਡਵਾਇਰ ਨੂੰ ਗੋਲੀ ਮਾਰ ਕੇ ਜ਼ਲ੍ਹਿਆਂ ਵਾਲੇ ਬਾਗ ਦਾ ਬਦਲਾ ਲਿਆ ਸੀ। ਸ਼ਹੀਦ ਊਧਮ ਸਿੰਘ ਨੇ ਗੋਲੀ ਮਾਰਨ ਤੋਂ ਬਾਅਦ ਉਥੋਂ ਭੱਜਣਾ ਮੁਨਾਸਬ ਨਹੀਂ ਸਮਝਿਆ ਤੇ ਆਪਣੀ ਗ੍ਰਿਫਤਾਰੀ ਦੇ ਦਿੱਤੀ ਸੀ। ਉਹਨਾਂ ਨੂੰ 31 ਮਾਰਚ 1940 ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਇਹਨਾਂ ਸ਼ਹੀਦਾਂ ਕਰਕੇ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਸਮੇਂ ਐਸ ਐਮ ਸੀ ਚੇਅਰਮੈਨ ਸ਼ਗਨਪ੍ਰੀਤ ਕੌਰ, ਆਂਗਨਵਾੜੀ ਵਰਕਰ, ਮਿਡ-ਡੇ-ਮਿਲ ਵਰਕਰ ਹਾਜ਼ਰ ਰਹੇ।

## ਡੇਅਰੀ ਮਾਲਕ ਕਰ ਸਕਦੇ ਨੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ 'ਚ ਪਹਿਲ : ਮੇਅਰ, ਕਮਿਸ਼ਨਰ



ਪਟਿਆਲਾ, 30 ਜੁਲਾਈ (ਰੁਪਾਣਾ) : ਪਟਿਆਲਾ ਦੇ ਵਿਕਾਸ ਅਤੇ ਸਫ਼ਾਈ ਪ੍ਰਬੰਧਨ ਨੂੰ ਧਿਆਨ ਵਿਚ ਰੱਖਦਿਆਂ ਨਗਰ ਨਿਗਮ ਵੱਲੋਂ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਸ਼ਹਿਰੀ ਖੇਤਰ ਵਿਚਲੇ ਡੇਅਰੀ ਮਾਲਕਾਂ ਨਾਲ ਖੁਲ੍ਹ ਕੇ ਖੁਸ਼ਨੁਮਾ ਗੱਲਬਾਤ ਹੋਈ। ਨਗਰ ਨਿਗਮ ਮੁਤਾਬਿਕ 2018 ਦੇ ਸਰਵੇ ਅਨੁਸਾਰ ਸ਼ਹਿਰੀ ਖੇਤਰ ਅਤੇ ਜੈਕਬ ਡ੍ਰੇਨ ਦੇ ਨੇੜੇ ਡੈਰੀ ਫਾਰਮਾਂ ਦੀ ਗਿਣਤੀ ਕੁਲ 71 ਹੈ। ਇਨ੍ਹਾਂ ਨੂੰ ਨਗਰ ਨਿਗਮ ਦੀ ਨਵੀਂ ਨੀਤੀ ਦੇ ਅਧੀਨ ਸ਼ਹਿਰ ਤੋਂ ਬਾਹਰ ਸ਼ਿਫਟ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ, ਤਾਂ ਜੋ ਨਿਵਾਸੀ ਇਲਾਕਿਆਂ 'ਚੋਂ ਗੰਦਗੀ, ਗੋਹੇ ਕਾਰਨ ਸੀਵਰੇਜ਼ ਬੰਦ ਅਤੇ ਪਾਣੀ ਆਦਿ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਸਕੇ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਾਲਾਂਕਿ ਸ਼ੁਰੂਆਤ ਵਿੱਚ ਕਈ ਡੈਰੀ ਮਾਲਕਾਂ ਨੇ ਨਗਰ ਨਿਗਮ ਨਾਲ ਸਹਿਯੋਗ ਦਿੰਦੇ ਹੋਏ ਆਪਣੀ ਡੈਰੀਆਂ ਸ਼ਿਫਟ ਕਰਨ ਦੀ ਇੱਛਾ ਜਤਾਈ ਸੀ, ਪਰ ਹੁਣ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਡੈਰੀ ਮਾਲਕ ਸ਼ਿਫਟ ਕਰਨ ਦੇ ਮਸਲੇ 'ਤੇ ਤਸੱਲੀ ਬਖ਼ਸ਼ ਕੰਮ ਨਹੀਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਗਿਣਤੀ ਦੇ ਡੈਰੀ ਮਾਲਕ ਹੀ ਹੁਣ ਤਕ ਨਵੇਂ ਕੰਸੈਨਮੈਂਟ ਅਤੇ ਐਗਰੀਮੈਂਟ ਦੀ ਪ੍ਰਕਿਰਿਆ ਪੂਰੀ ਕਰ ਚੁੱਕੇ ਹਨ, ਜਦਕਿ ਜ਼ਿਆਦਾਤਰ ਨੇ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਹੋਰ ਕਿਹਾ ਕਿ ਇਸ ਲਾਪਰਵਾਹੀ ਅਤੇ ਨਗਰ ਨਿਗਮ ਦੇ ਆਦੇਸ਼ਾਂ ਦੀ ਉਲੰਘਣਾ ਨੂੰ ਗੰਭੀਰਤਾ ਨਾਲ ਲੈਂਦਿਆਂ ਤੈਅ ਕੀਤਾ ਗਿਆ ਹੈ ਕਿ ਜਿਨ੍ਹਾਂ ਡੈਰੀ ਮਾਲਕਾਂ ਨੇ ਹੁਣ ਤਕ ਨਗਰ ਨਿਗਮ ਦਫ਼ਤਰ 'ਚ ਕੰਸੈਨਮੈਂਟ ਅਤੇ ਐਗਰੀਮੈਂਟ ਦੀ ਕਾਰਵਾਈ ਪੂਰੀ ਨਹੀਂ ਕੀਤੀ, ਉਨ੍ਹਾਂ ਨੂੰ ਤੁਰੰਤ 15 ਦਿਨਾਂ ਦਾ ਨੋਟਿਸ ਭੇਜਿਆ ਜਾ ਰਿਹਾ ਹੈ। ਇਸ ਨੋਟਿਸ ਵਿੱਚ ਸਾਫ਼ ਲਿਖਿਆ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਨੇ 15 ਦਿਨਾਂ ਦੀ ਮਿਆਦ ਦੇ ਅੰਦਰ ਨਗਰ ਨਿਗਮ ਦਫ਼ਤਰ 'ਚ ਲਾਜ਼ਮੀ ਕਾਨੂੰਨੀ ਪ੍ਰਕਿਰਿਆ ਪੂਰੀ ਨਹੀਂ ਕੀਤੀ, ਤਾਂ ਇਹ ਮੰਨਿਆ ਜਾਵੇਗਾ ਕਿ ਉਹ ਸ਼ਹਿਰ ਦੇ ਵਿਕਾਸ ਅਤੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਵਿੱਚ ਪਹਿਲ ਨਹੀਂ ਕਰਨਾ ਚਾਹੁੰਦੇ । ਮੇਅਰ ਗੋਗੀਆ ਨੇ ਕਿਹਾ ਕਿ ਕਈ ਇਲਾਕਿਆਂ ਵਿੱਚ ਗੋਬਰ, ਗੰਦਗੀ, ਮੱਖੀਆਂ ਅਤੇ ਗੰਦੇ ਪਾਣੀ ਕਾਰਨ ਬਿਮਾਰੀਆਂ ਲੱਗਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਸ ਦੇ ਨਾਲ ਸੜਕਾਂ ਅਤੇ ਸਫਾਈ ਕਾਰਜ ਵੀ ਪ੍ਰਭਾਵਿਤ ਹੋ ਰਹੇ ਹਨ। ਇਸ ਸੰਬੰਧੀ ਨਗਰ ਨਿਗਮ ਨੇ ਇੱਕ ਵਾਰ ਫਿਰ ਡੈਰੀ ਮਾਲਕਾਂ ਨੂੰ 15 ਦਿਨਾਂ ਵਿੱਚ ਕੰਸੈਨਮੈਂਟ ਤੇ ਐਗਰੀਮੈਂਟ ਵਿਚਾਰਨ ਲਈ ਅਪੀਲ ਕਰਦਿਆਂ ਕਿਹਾ ਕਿ ਉਹ ਨਗਰ ਨਿਗਮ ਨਾਲ ਸਹਿਯੋਗ ਕਰਦਿਆਂ ਨਿਰਧਾਰਤ ਸਮੇਂ ਵਿੱਚ ਕੰਸੈਨਮੈਂਟ ਅਤੇ ਐਗਰੀਮੈਂਟ ਦੀ ਕਾਰਵਾਈ ਪੂਰੀ ਕਰਨ, ਤਾਂ ਜੋ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਵਿਕਸਤ ਬਣਾਇਆ ਜਾ ਸਕੇ।



# ਪਟਿਆਲਾ-ਆਸ/ਪਾਸ



## ਛੁੱਟੀ ਆਏ ਫੌਜੀ ਨੇ ਆਪਣੇ ਸਾਥੀਆਂ ਸਮੇਤ ਪਿੰਡ 'ਚ ਕੀਤਾ ਹਵਾਈ ਫਾਇਰ

**ਪੁਲਿਸ ਵੱਲੋਂ 2 ਵਿਅਕਤੀਆਂ ਸਮੇਤ 15 ਅਣਪਛਾਤਿਆਂ ਵਿਰੁੱਧ ਮਾਮਲਾ ਦਰਜ**

ਘਨੌਰ, 30 ਜੁਲਾਈ (ਮਦਨ ਲਾਲ) : ਥਾਣਾ ਘਨੌਰ ਪੁਲਿਸ ਕੋਲ ਸ਼ਿਕਾਇਤਕਰਤਾ ਚਰਨਜੀਤ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਪਿੰਡ ਕਤਲਾਹਰ ਨੇ ਸ਼ਿਕਾਇਤ ਦਰਜ ਕਰਵਾਈ ਕਿ ਮਿਤੀ 27/07/2025 ਨੂੰ ਰਾਤ 8 ਵਜੇ ਦੇ ਕਰੀਬ ਮੇਰੇ ਘਰ ਦੇ ਮੂਹਰੇ ਕੁਝ ਵਿਅਕਤੀਆਂ ਦੀ ਗਾਲੀ ਗਲੋਚ ਕਰਨ ਦੀਆਂ ਅਵਾਜ਼ਾਂ ਆ ਰਹੀਆਂ ਸਨ, ਜਦੋਂ ਮੈਂ ਆਪਣੇ ਵਿਹੜੇ ਵਿਚ ਹੀ ਖੜ ਕੇ ਬਾਹਰ ਦੇਖਿਆ ਤਾਂ ਪਿੰਡ ਦਾ ਹੀ ਵਸਨੀਕ ਗੁਰਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਅਤੇ ਰਘਬੀਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਆਪਣੇ 15 ਹੋਰ ਸਾਥੀਆਂ ਨਾਲ ਕਥਿਤ ਤੌਰ 'ਤੇ ਲਲਕਾਰੇ ਮਾਰ ਕੇ ਗਾਲਾਂ ਕੱਢ ਰਹੇ ਸਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਨੇ ਆਪਣੇ ਹੱਥ ਵਿੱਚ ਫੜ੍ਹੇ ਰਿਵਾਲਵਰ ਨਾਲ ਇੱਕ ਹਵਾਈ ਫਾਇਰ ਕੀਤਾ, ਜਿਸ ਨੂੰ ਵੇਖ ਕੇ ਮੈਂ ਡਰਦਾ ਹੋਇਆ ਆਪਣੇ ਘਰ ਅੰਦਰ ਵੜ੍ਹ ਗਿਆ। ਉਨ੍ਹਾਂ ਕਿਹਾ ਕਿ ਗੁਰਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਨਾਲ ਵਾਸੀ ਹੀਰਾ ਕਲੋਨੀ ਬਹਾਦਰਗੜ੍ਹ ਜੋ ਕਿ ਭਾਰਤੀ ਫੌਜ ਵਿੱਚ ਨੌਕਰੀ ਕਰਦਾ ਹੈ। ਉਹ ਅਤੇ ਉਸ ਦੇ ਚਾਚੇ ਦਾ ਲੜਕਾ ਰਘਬੀਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਪਿੰਡ ਕਤਲਾਹਰ ਨੇ ਆਪਣੇ 15 ਸਾਥੀਆਂ ਸਮੇਤ ਪੂਰੀ ਦਹਿਸ਼ਤ ਨਾਲ ਆਪਣੀਆ ਚਾਰ ਗੱਡੀਆਂ 2 ਸਕਾਰਪੀਓ ਰੰਗ ਕਾਲਾ ਅਤੇ ਚਿੱਟਾ, ਬਲੈਰੋ ਰੰਗ ਚਿੱਟਾ ਅਤੇ ਕਾਰ ਵਰਨਾ ਰੰਗ ਚਿੱਟਾ ਤੇ ਸਵਾਰ ਹੋ ਕੇ ਪਿੰਡ ਦੇ ਆਲੇ ਦੁਆਲੇ ਰਾਊਂਡ ਵੀ ਲਗਾਇਆ। ਇਸ ਘਟਨਾ ਦੀ ਪੁਲਿਸ ਨੂੰ ਕੈਮਰਿਆਂ ਦੀ ਰਿਕਾਰਡਿੰਗ ਵੀ ਦਿਖਾਈ ਗਈ। ਸ਼ਿਕਾਇਤਕਰਤਾ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਸਾਨੂੰ ਇਨਸਾਫ ਦਵਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਪਿੰਡਾਂ 'ਚ ਇਹੋ ਜਿਹੀ ਘਟਨਾਵਾਂ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਵਿਚ ਗੈਂਗਵਾਰ ਵਿੱਚ ਵਾਧਾ ਹੁੰਦਾ ਨਜ਼ਰ ਆਵੇਗਾ। ਉਨ੍ਹਾਂ ਕਿਹਾ ਕਿ ਨਾ ਤਾਂ ਹੁਣ ਤੱਕ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਹੋ ਪਾਈ ਹੈ ਅਤੇ ਨਾ ਹੀ ਘਟਨਾਕ੍ਰਮ ਵਿਚ ਵਰਤਿਆ ਗਿਆ ਅਸਲਾ ਵੀ ਜਬਤ ਨਹੀਂ ਕੀਤਾ ਗਿਆ। ਉਨ੍ਹਾਂ ਪ੍ਰਸ਼ਾਸਨ ਨੂੰ ਬੇਨਤੀ ਕਰਦਿਆਂ ਕਿਹਾ ਕਿ ਇਸ ਮਾਮਲੇ 'ਤੇ ਸਖਤ ਕਾਰਵਾਈ ਕੀਤੀ ਜਾਵੇ। ਪੁਲਿਸ ਨੇ ਗੁਰਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ, ਰਘਬੀਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਪਿੰਡ ਕਤਲਾਹਰ ਅਤੇ 10/15 ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਧਾਰਾ 125, 351(2), 191(2), 190 ਅਤੇ ਅਸਲਾ ਐਕਟ ਦੀ ਧਾਰਾ 25, 27/54/59 ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਆੜ੍ਹਤੀਆਂ ਦੀਆਂ ਜਾਇਜ਼ ਮੰਗਾਂ ਹੱਲ ਕਰਨ ਲਈ ਪੰਜਾਬ ਸਰਕਾਰ ਹਮੇਸ਼ਾ ਤਿਆਰ : ਖੁੱਡੀਆਂ, ਕਟਾਰੂਚੱਕ

**ਮੀਟਿੰਗ 'ਚ ਆੜ੍ਹਤੀ ਵਰਗ ਨਾਲ ਜੁੜੇ ਬਹੁਤੇ ਮੁੱਦਿਆਂ 'ਤੇ ਬਣੀ ਸਹਿਮਤੀ : ਰਾਣਾ**



ਭੁਨਰਹੇੜੀ, 30 ਜੁਲਾਈ (ਗੁਰਜੀਤ ਸਿੰਘ ਢੱਟ) : ਪੰਜਾਬ ਭਵਨ ਚੰਡੀਗੜ੍ਹ ਵਿੱਚ ਆੜਤੀ ਐਸੋਸੀਏਸ਼ਨ ਪੰਜਾਬ ਦੀ ਇੱਕ ਜ਼ਰੂਰੀ ਮੀਟਿੰਗ ਪੰਜਾਬ ਸਰਕਾਰ ਦੁਆਰਾ ਬਣਾਈ ਗਈ ਚਾਰ ਵਜ਼ੀਰਾਂ ਦੀ ਕੈਬਨਿਟ, ਸਬ ਕਮੇਟੀ ਤੇ ਪੰਜਾਬ ਪੱਧਰ ਦੇ ਉਚ ਅਧਿਕਾਰੀਆਂ ਨਾਲ ਬਣੇ ਸੁਖਾਵੇਂ ਮਾਹੌਲ ਵਿੱਚ ਹੋਈ, ਜਿਸ ਵਿੱਚ ਆੜਤੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਰਾਣਾ ਨੇ ਆੜਤ 2.5% ਕਰਨ 'ਤੇ ਜ਼ੋਰਦਾਰ ਮੰਗ ਰੱਖੀ ਪਰ ਇਸ 'ਤੇ ਅਜੇ ਸਹਿਮਤੀ ਨਹੀਂ ਬਣ ਸਕੀ। ਬਾਕੀ ਮੰਗਾਂ ਕਾਫੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਤੇ ਜਿਸ 'ਤੇ ਲੋੜੀਂਦੀਆਂ ਸੋਧਾਂ ਅਗਲੇ ਦਿਨਾਂ ਵਿੱਚ ਕਰ ਦਿੱਤੀਆਂ ਜਾਣਗੀਆਂ। ਰਾਣਾ ਨੇ ਕਿਹਾ ਕਿ ਆੜਤੀਆਂ ਦੀ ਦੂਜੀ ਵੱਡੀ ਮੰਗ ਲੇਬਰ ਦੇ ਰੇਟਾਂ ਵਿੱਚ ਵਾਧਾ ਕਰਨ ਦੀ ਸੀ ਜੋ ਮੌਕੇ 'ਤੇ ਹੀ ਮੰਨ ਲਈ ਗਈ ਹੈ। ਇਸ ਤੋਂ ਇਲਾਵਾ ਮੰਡੀਆਂ ਵਿੱਚ ਪਲਾਟਾਂ ਦੁਕਾਨਾਂ 'ਤੇ ਲਗਾਏ ਵਿਆਜ ਪੈਨਲਟੀਆਂ ਲਈ O.T.S ਸਕੀਮ ਲਿਆਉਣ ਦਾ ਵੀ ਖੇਤੀ ਮੰਤਰੀ ਨੇ ਮੌਕੇ 'ਤੇ ਹੀ ਐਲਾਨ ਕੀਤਾ ਹੈ। ਆੜਤੀਆਂ ਦੀ ਇੱਕ ਹੋਰ ਅਹਿਮ ਮੰਗ ਜੇਕਰ ਠੇਕੇਦਾਰ ਲੋੜੀਂਦੇ ਟਰੱਕ ਮੁਹੱਈਆ ਨਹੀਂ ਕਰਾਉਂਦਾ ਤਾਂ ਆੜਤੀ ਪ੍ਰਾਈਵੇਟ ਟਰੱਕ ਨਾਲ ਆਪਣੀ ਦੁਕਾਨ ਦੀ ਫਸਲ ਲੋਡ ਕਰਵਾ ਸਕਣਗੇ,ਜਿਸ 'ਤੇ ਠੇਕੇਦਾਰ ਦੇ ਰੇਟ 'ਤੇ ਹੀ ਅਦਾਇਗੀ ਆੜਤੀ ਦੇ ਖਾਤੇ ਵਿੱਚ ਪਾਈ ਜਾਏਗੀ,ਇਸਦੀ ਸੰਬੰਧਿਤ ਇੰਸਪੈਕਟਰ ਤੋਂ ਰਿਪੋਰਟ ਲੈ ਲਈ ਜਾਵੇਗੀ। ਪਹਿਲਾਂ ਅਜਿਹਾ ਨਹੀਂ ਸੀ, ਜਿਸ ਕਾਰਨ ਆੜ੍ਹਤੀਆਂ ਦੀ ਵੱਡੇ ਪੱਧਰ 'ਤੇ ਲੁੱਟ ਹੁੰਦੀ ਸੀ। ਆੜਤੀਆਂ ਦੀ ਬਿਜਲੀ ਬੋਰਡ ਨਾਲ ਸੰਬੰਧਿਤ ਮੰਗ ਕਿ ਜਿੱਥੇ ਆਰਜ਼ੀ ਕਨੈਕਸ਼ਨ ਲਏ ਜਾਂਦੇ ਨੇ ਸਕਿਊਰਟੀ ਵਾਰ ਵਾਰ ਨਾ ਭਰਨੀ ਪਵੇ, ਇਹ ਮੰਗ ਵੀ ਮੰਨਣ ਦਾ ਭਰੋਸਾ ਦਿੱਤਾ ਗਿਆ ਹੈ।ਸੀਜ਼ਨ ਦੌਰਾਨ ਆਰਜ਼ੀ ਯਾਰਡ ਵੀ ਸੀਜ਼ਨ ਤੋਂ ਪਹਿਲਾਂ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਦੀ ਸੰਬੰਧਿਤ ਡਿਪਟੀ ਕਮਿਸ਼ਨਰ ਤੋਂ ਰਿਪੋਰਟ ਲੈ ਲਈ ਜਾਵੇਗੀ। ਜਿਨ੍ਹਾਂ ਮੰਡੀਆਂ ਵਿੱਚੋਂ ਜੀਰੀ ਦੂਸਰੇ ਸੈਂਟਰਾਂ 'ਤੇ ਸ਼ਿਫਟ ਹੁੰਦੀ ਹੈ, ਉੱਥੇ ਵੀ R.O ਪਹਿਲਾਂ ਤੋਂ ਕੱਟਣ ਦੇ ਫੈਸਲੇ 'ਤੇ ਸਹਿਮਤੀ ਬਣੀ ਹੈ। ਇਸ ਮੀਟਿੰਗ ਵਿੱਚ ਖੇਤੀ ਮੰਤਰੀ ਸਾਹਿਬਾਨ ਨੇ ਇਹ ਵੀ ਕਿਹਾ ਕਿ ਜੇਕਰ ਕਿਸੇ ਟੈਂਡਰਕਾਰ ਨੇ ਜਾਂ ਲੇਬਰ ਠੇਕੇਦਾਰ ਨੇ ਆੜਤੀਆਂ ਤੋਂ ਨਾਜਾਇਜ਼ ਵਸੂਲੀ ਕੀਤੀ ਹੈ ਉਹ ਲਿਖ ਕੇ ਦੇਣ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਤੇ ਸਖਤ ਐਕਸ਼ਨ ਲਿਆ ਜਾਵੇਗਾ। ਇਸ ਮੀਟਿੰਗ ਵਿੱਚ ਕਮੇਟੀ ਚੇਅਰਮੈਨ ਸ੍ਰ. ਗੁਰਮੀਤ ਸਿੰਘ ਖੁੱਡੀਆਂ ਮੈਂਬਰ,ਲਾਲਚੰਦ ਕਟਾਰੂਚੱਕ ਫੂਡ ਮਨਿਸਟਰ ,ਟਰਾਂਸਪੋਰਟ ਮਨਿਸਟਰ ਲਾਲਜੀਤ ਸਿੰਘ ਭੁੱਲਰ, ਜਲ ਸਰੋਤ ਮਨਿਸਟਰ ਵਰਿੰਦਰ ਗੋਇਲ, ਸੈਕਰਟਰੀ ਫੂਡ ਰਾਹੁਲ ਤਿਵਾੜੀ, ਡਾਇਰੈਕਟਰ ਫੂਡ ਵਰਿੰਦਰ, ਸੈਕਟਰੀ ਮੰਡੀ ਬੋਰਡ ਰਾਮਵੀਰ, ਸਾਰੀਆਂ ਖਰੀਦ ਏਜੰਸੀਆਂ ਦੇ M.D ਸਾਹਿਬ, ਐਫ.ਸੀ.ਆਈ. ਦੇ S.R.M ਸਾਹਿਬ ਤੋਂ ਇਲਾਵਾ, ਆੜਤੀ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਸ. ਜਸਵਿੰਦਰ ਸਿੰਘ ਰਾਣਾ, ਜਨਰਲ ਸਕੱਤਰ ਰਜਿੰਦਰ ਕੁਮਾਰ, ਪੁਨੀਤ ਜੈਨ, ਰਣਜੀਤ ਅੰਮੋਲਾ, ਪੰਜਾਬ ਦੇ ਅਹੁਦੇਦਾਰ ਅਰਵਿੰਦਰ ਵਿੱਕੀ, ਸਤਵਿੰਦਰ ਸੈਣੀ, ਨੱਥਾ ਸਿੰਘ ਕੁਲਵਿੰਦਰ ਪੂਨੀਆਂ, ਰਾਜਕੁਮਾਰ ਮਲੋਟ, ਦਵਿੰਦਰ ਸਿੰਘ, ਜ਼ਿਲਾ ਪ੍ਰਧਾਨ ਧੀਰਜ ਬਨਾਲਾ, ਧਾਲੀਵਾਲ ਲੁਧਿਆਣਾ, ਅਵਤਾਰ ਸਿੰਘ ਰੋਪੜ, ਦਿਲਬਾਗ ਸਿੰਘ ਤਰਨਤਾਰਨ, ਗੁਰਪਾਲ ਸਿੰਘ ਗੁਰਦਾਸਪੁਰ, ਏ.ਪੀ ਜੈਲਾ,ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ, ਅਸ਼ਵਨੀ ਰਾਮਪੁਰਾ ਫੂਲ, ਬਬਲੂ ਧੂਰੀ , ਬਲਦੇਵ ਸਿੰਘ ਬੇਦੋਵਾਲ ,ਗੁਰਮੁੱਖ ਮਹਿਤਾਮੰਡੀ, ਕ੍ਰਿਸ਼ਨ ਬਿੱਟੂ ਬਰਨਾਲਾ, ਲਵਕੇਸ਼ ਮੌੜ ਮੰਡੀ,ਦਵਿੰਦਰ ਮੌੜ, ਸੋਨੀ ਮੰਡੇਰ ਧੂਰੀ, ਸੁਨੀਲ ਗੋਇਲ ਮਲੋਟ, ਪ੍ਰਿਥੀਪਾਲ ਸਿੰਘ ਭੁਨਰਹੇੜੀ ਤੇ ਬਹੁਤ ਸਾਰੀਆਂ ਮੰਡੀਆਂ ਦੇ ਪ੍ਰਧਾਨ ਹਾਜ਼ਰ ਸਨ।

**69ਵੀਆਂ ਜ਼ੋਨਲ ਖੇਡਾਂ**

## ਬੈਡਮਿੰਟਨ ਮੁਕਾਬਲੇ 'ਚ ਐੱਸ.ਆਰ.ਐੱਸ. ਵਿੱਦਿਆਪੀਠ ਦੀਆਂ ਵਿਦਿਆਰਥਣਾਂ ਨੇ ਕੀਤਾ ਪਹਿਲਾ ਸਥਾਨ ਹਾਸਲ



ਸਮਾਣਾ, 30 ਜੁਲਾਈ (ਜਵੰਦਾ): 69ਵੀਆਂ ਜ਼ੋਨਲ ਟੂਰਨਾਮੈਂਟ ਵਿੱਚ ਅੱਜ ਮਿਤੀ 28 ਜੁਲਾਈ 2025 ਨੂੰ ਪਬਲਿਕ ਕਾਲਜ ਸਮਾਣਾ ਵਿੱਖੇ ਅੰਡਰ -19 ਕੁੜੀਆਂ ਦਾ ਬੈਡਮਿੰਟਨ ਖੇਡ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਇਸ ਖੇਡ ਮੁਕਾਬਲੇ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਹੋਣਹਾਰ ਵਿਦਿਆਰਥਣਾਂ ਗੁਰਨੂਰ ਕੌਰ, ਜਸ਼ਨਦੀਪ ਕੌਰ, ਖੁਸ਼ਦੀਪ ਕੌਰ ,ਨਵਜੋਤ ਕੌਰ ਅਤੇ ਅਵਨੀਤ ਕੌਰ ਨੇ ਵੀ ਬੜੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ।ਇਸ ਖੇਡ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਨੂੰ ਵਧਾਉਣਾ ਅਤੇ ਉਨ੍ਹਾਂ ਦੀਆਂ ਖੇਡ ਕੁਸ਼ਲਤਾਵਾਂ ਨੂੰ ਨਿਖਾਰਨਾ ਸੀ। ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ- ਪਿਤਾ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ 'ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ, ਨੇ ਸਾਰੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਮਨ ਲਾ ਕੇ ਖੇਡਣ ਦੀ ਪ੍ਰੇਰਣਾ ਦਿੱਤੀ।

## ਪੀ.ਡੀ.ਏ. ਵੱਲੋਂ ਕਰਹੇੜੀ, ਰਾਮਨਗਰ ਅਤੇ ਬਲਬੇੜ੍ਹਾ ਵਿਖੇ ਨਾਜਾਇਜ਼ ਕਲੋਨੀਆਂ ਵਿਰੁੱਧ ਸਖ਼ਤ ਕਾਰਵਾਈ

**ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ : ਮਨੀਸ਼ਾ ਰਾਣਾ**

ਪਟਿਆਲਾ, 30 ਜੁਲਾਈ (ਰੁਪਾਣਾ/ਅਮਰਜੀਤ) : ਪਟਿਆਲਾ ਡਿਵੈਲਪਮੈਂਟ ਅਥਾਰਿਟੀ (ਪੀ.ਡੀ.ਏ.), ਪਟਿਆਲਾ ਨੇ ਪਿੰਡ ਕਰਹੇੜੀ, ਰਾਮਨਗਰ ਅਤੇ ਬਲਬੇੜ੍ਹਾ ਵਿਖੇ ਬਿਨ੍ਹਾਂ ਮਨਜ਼ਰੀ ਵਿਕਸਤ ਕੀਤੀਆਂ ਅਣ ਅਧਿਕਾਰਤ ਕਲੋਨੀਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦੇ ਹੋਏ ਢਾਹ ਦਿੱਤਾ ਹੈ। ਇਹ ਜਾਣਕਾਰੀ ਦਿੰਦਿਆਂ ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਨੇ ਦੱਸਿਆ ਕਿ ਪਿੰਡ ਕਰਹੇੜੀ, ਰਾਮਨਗਰ ਅਤੇ ਬਲਬੇੜ੍ਹਾ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਵਿਖੇ ਅਣ ਅਧਿਕਾਰਤ ਕਲੋਨੀਆਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀ ਉਲੰਘਣਾ ਕਰਕੇ ਬਿਨਾ ਮਨਜ਼ੂਰੀ ਤੋਂ ਡਿਵੈਲਪ ਹੋਈਆਂ ਅਣ ਅਧਿਕਾਰਤ ਕਲੋਨੀਆਂ ਖਿਲਾਫ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਢਾਹ ਦਿੱਤਾ ਗਿਆ ਹੈ। ਮਨੀਸ਼ਾ ਰਾਣਾ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਪੀ.ਡੀ.ਏ. ਨੇ ਸਪੱਸ਼ਟ ਸੰਦੇਸ਼ ਦਿੱਤਾ ਗਿਆ ਕਿ ਪੀ.ਡੀ.ਏ., ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਤੇ ਸਖ਼ਤ



ਕਾਰਵਾਈ ਕੀਤੀ ਜਾਵੇਗੀ ਤਾਂ ਜੋ ਆਮ ਜਨਤਾ ਨੂੰ ਇਹਨਾਂ ਵਿਕਸਤ ਹੋਈਆਂ ਕਲੋਨੀਆਂ ਵਿੱਚ ਆਪਣੀ ਅਹਿਮ ਪੂੰਜੀ ਨੂੰ ਨਿਵੇਸ਼ ਕਰਨ ਤੋਂ ਬਚਾਇਆ ਜਾ ਸਕੇ ਅਤੇ ਪਟਿਆਲਾ ਜ਼ਿਲ੍ਹੇ ਵਿੱਚ ਹੋ ਰਹੇ ਗੈਰ-ਯੋਜਨਾਬੱਧ ਵਿਕਾਸ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹਨਾਂ ਕਲੋਨੀਆਂ ਤੋਂ ਇਲਾਵਾ ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਜੇਕਰ ਇਸ ਸਬੰਧੀ ਕੋਈ ਪੁਖਤਾ ਜਵਾਬ ਜਾਂ ਦਸਤਾਵੇਜ਼ ਨੋਟਿਸ ਵਿੱਚ ਦਿੱਤੇ ਸਮੇਂ ਦੌਰਾਨ ਪ੍ਰਾਪਤ ਨਹੀਂ ਹੁੰਦੇ ਹਨ, ਤਾਂ ਉਹਨਾਂ ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ ਅਤੇ ਪਾਪਰਾ ਐਕਟ 1995 ਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. ਵੀ ਦਰਜ ਕਰਵਾਈ ਜਾਵੇਗੀ। ਇਸ ਦੌਰਾਨ ਪੀ.ਡੀ.ਏ. ਦੇ ਵਧੀਕ ਮੁੱਖ ਪ੍ਰਸ਼ਾਸਕ ਜਸ਼ਨਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਪੀਡੀਏ ਨੇ ਇਹ ਵੀ ਸੰਦੇਸ਼ ਦਿੱਤਾ ਹੈ ਕਿ ਆਮ ਜਨਤਾ ਵੱਲੋਂ ਕਿਸੇ ਵੀ ਅਣਅਧਿਕਾਰਤ ਕਲੋਨੀ ਵਿੱਚ ਬਿਲਡਿੰਗ/ਪਲਾਟ ਖਰੀਦ ਕੇ ਆਪਣੀ ਜਮ੍ਹਾਂ ਪੂੰਜੀ ਕਿਸੇ ਅਣ ਅਧਿਕਾਰਤ ਕਲੋਨੀ ਵਿੱਚ ਨਿਵੇਸ ਨਾ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਆਮ ਜਨਤਾ ਲਈ ਇਹ ਜਰੂਰੀ ਹੈ ਕਿ ਕੋਈ ਵੀ ਬਿਲਡਿੰਗ / ਪਲਾਟ ਖਰੀਦਣ ਜਾਂ ਲੀਜ 'ਤੇ ਲੈਣ ਤੋਂ ਪਹਿਲਾਂ ਉਸਦੀ ਪ੍ਰਵਾਨਗੀ ਸਬੰਧੀ ਪੀਡੀਏ ਦਫਤਰ ਪਾਸੋਂ ਪ੍ਰਾਪਤ ਕਰ ਲਈ ਜਾਵੇ। ਪੀਡੀਏ ਦੀ ਇਸ ਕਾਰਵਾਈ ਦੌਰਾਨ ਜ਼ਿਲ੍ਹਾ ਨਗਰ ਯੋਜਨਾਕਾਰ ਸੀਮਾ ਕੌਸ਼ਲ, ਸਹਾਇਕ ਨਗਰ ਯੋਜਨਾਕਾਰ ਗੁਰਿੰਦਰ ਸਿੰਘ, ਉਪ-ਮੰਡਲ ਇੰਜੀਨੀਅਰ ਰਾਜੀਵ ਕੁਮਾਰ, ਜੂਨੀਅਰ ਇੰਜੀਨੀਅਰ ਗੁਰਪ੍ਰੀਤ ਸਿੰਘ, ਸੰਜੀਵ ਕੁਮਾਰ ਅਤੇ ਅਮਨਦੀਪ ਸਿੰਘ ਹਾਜ਼ਰ ਸਨ।

## ਟਾਵਰ ਮੋਰਚੇ ਮਸਲੇ ਦਾ ਸਰਕਾਰ ਤਰੁੰਤ ਹੱਲ ਕਰੇ : ਗੁਰਦੀਪ ਸਿੰਘ

ਸਮਾਣਾ, 30 ਜੁਲਾਈ (ਵਿਜੇ ਕੁਮਾਰ) : ਸਮਾਣਾ ਇਲਾਕੇ ਵਿਚ ਸਮੱਸਿਆ ਲਗਾਤਾਰ ਵਧਣ ਨਾਲ ਆਮ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ 10 ਮਹੀਨਿਆਂ ਤੋਂ ਧਰਮਾਂ ਦੀ ਬੇਅਬਦੀ ਰੋਕਣ ਲਈ ਭਾਈ ਗੁਰਜੀਤ ਸਿੰਘ ਖਾਲਸਾ ਚਾਰ ਸੌ ਫੁੱਟ ਉੱਚੇ ਟਾਵਰ ਮੋਰਚਾ ਲਾਈ ਬੈਠਾ ਹੈ ਪਰ ਅੱਜ ਤੱਕ ਉਸ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਪੰਜਾਬ ਸਰਕਾਰ ਵੀ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਵਿਚਾਰ ਰਹੀ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੇਗਮਪੁਰਾ ਫ਼ਰੰਟ ਦੇ ਪ੍ਰਧਾਨ ਗੁਰਦੀਪ ਸਿੰਘ ਨੰਬਰਦਾਰ ਨੇ ਕਰਦਿਆਂ ਅੱਗੇ ਕਿਹਾ ਸ਼ਹਿਰ ਵਾਸੀ ਸਾਰੇ ਰਲ ਮਿਲ ਕੇ ਇਸ ਮਸਲੇ ਨੂੰ ਜ਼ਰੂਰੀ ਤੌਰ 'ਤੇ ਹੱਲ ਕਰਵਾਉਣ ਲਈ ਅੱਗੇ ਆਉਣ ਅਤੇ ਇਸ ਮੋਰਚੇ ਵਿਚ ਵਧ ਤੋਂ ਵਧ ਸ਼ਾਮਲ ਹੋਣ ਅਤੇ ਰਾਜਨੀਤਿਕ ਆਗੂਆਂ ਨੂੰ ਵੀ ਪਹਿਲ ਦੇ ਅਧਾਰ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਸੱਚੇ ਦਿਲੋਂ ਸਾਥ ਦੇਣਾ ਚਾਹੀਦਾ ਹੈ ਤਾਂ ਕਿ ਇਲਾਕੇ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ ਸਾਰੇ ਧਰਮਾਂ ਦੇ ਲੋਕ ਰਲ ਮਿਲ ਕੇ ਰਹਿਣ ਅਤੇ ਪ੍ਰਸ਼ਾਸਨ ਨੂੰ ਅਜਿਹੇ ਮਸਲੇ ਜਲਦੀ ਹੱਲ ਕਰਨੇ ਚਾਹੀਦੇ ਹਨ।



## ਸ੍ਰੀ ਕਾਲੀ ਮਾਤਾ ਮੰਦਰ ਵਿਖੇ ਮੱਥਾ ਟੇਕਣ ਆਏ ਸ਼ਰਧਾਲੂਆਂ ਨਾਲ ਪ੍ਰਸ਼ਾਦ ਵਾਲੇ ਦੁਕਾਨਦਾਰ ਦੀ ਬਹਿਸ ਹੋਈ

- 110 ਰੁਪਏ ਦੇ ਪ੍ਰਸ਼ਾਦ ਦਾ 2900 ਮੰਗਿਆ : ਬਿਮਲ
- ਸੁਰੱਖਿਆ 'ਚ ਤਾਇਨਾਤ ਥਾਣੇਦਾਰ 'ਤੇ ਧੱਕੇ ਮਾਰਨ ਦੇ ਇਲਜ਼ਾਮ

ਪਟਿਆਲਾ, 30 ਜੁਲਾਈ (ਚ.ਨ.ਸ.) : ਸ੍ਰੀ ਕਾਲੀ ਮਾਤਾ ਮੰਦਰ ਪਟਿਆਲਾ ਵਿਖੇ ਅੰਬਾਲਾ ਤੋਂ ਮੱਥਾ ਟੇਕਣ ਆਏ ਸ਼ਰਧਾਲੂਆਂ ਨੇ ਪ੍ਰਸ਼ਾਦ ਵਾਲੇ ਦੁਕਾਨਦਾਰਾਂ ਅਤੇ ਸੁਰੱਖਿਆ 'ਚ ਤੈਨਾਤ ਇੰਚਾਰਜ 'ਤੇ ਕਥਿਤ ਇਲਜ਼ਾਮ ਲਗਾਇਆ। ਇੱਥੇ ਸ੍ਰੀ ਕਾਲੀ ਮਾਤਾ ਮੰਦਰ ਪੁੱਜੇ ਅੰਬਾਲਾ ਵਾਸੀ ਬਿਮਲ ਕੁਮਾਰ ਨੇ ਕਿਹਾ ਕਿ ਉਹ ਪਿਛਲੇ ਦਿਨੀਂ ਸ਼ਰਧਾ ਨਾਲ ਮੱਥਾ ਟੇਕਣ ਆਇਆ ਸੀ ਉਸ ਨੇ ਆਪਣੀ ਸ਼ਰਧਾ ਮੁਤਾਬਿਕ ਕਰੀਬ 110 ਰੁਪਏ ਦਾ ਪ੍ਰਸ਼ਾਦ ਖਰੀਦਿਆ ਸੀ, ਜਦੋਂ ਕਿ ਦੁਕਾਨਦਾਰ ਨੇ ਉਸ ਦਾ ਬਿੱਲ 2900 ਬਣਾ ਦਿੱਤਾ, ਜਿਸ ਨੂੰ ਲੈ ਕੇ ਉਸਦੀ ਦੁਕਾਨਦਾਰ ਨਾਲ ਬਹਿਸ ਹੋ



ਗਈ ਅਤੇ ਉਸ ਨੇ ਤੁਰੰਤ ਨਜ਼ਦੀਕ ਸੁਰੱਖਿਆ 'ਤੇ ਤੈਨਾਤ ਥਾਣੇਦਾਰ ਸ਼ਵਿੰਦਰ ਸਿੰਘ ਕੋਲ ਸ਼ਿਕਾਇਤ ਕੀਤੀ ਬਿਮਲ ਨੇ ਕਥਿਤ ਤੌਰ 'ਤੇ ਇਲਜ਼ਾਮ ਲਗਾਇਆ ਕਿ ਥਾਣੇਦਾਰ ਸ਼ਵਿੰਦਰ ਸਿੰਘ ਨੇ ਉਹਨਾਂ ਦੁਕਾਨਦਾਰਾਂ ਨੂੰ ਕੁਝ ਕਹਿਣ ਦੀ ਬਜਾਏ ਉਲਟਾ ਉਹਨਾਂ ਨੂੰ ਹੀ ਧੱਕੇ ਮਾਰੇ, ਜਿਸ ਦੀ ਵੀਡਿਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ, ਜਿਸ ਪ੍ਰਤੀ ਅੰਬਾਲਾ ਵਾਸੀ ਬਿਮਲ ਕੁਮਾਰ ਨੇ ਐਸ.ਐਸ.ਪੀ. ਪਟਿਆਲਾ ਤੋਂ ਥਾਣੇਦਾਰ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ ਅਤੇ ਡੀ.ਸੀ. ਪਟਿਆਲਾ ਨੂੰ ਅਪੀਲ ਕੀਤੀ ਹੈ ਕਿ ਦੁਕਾਨਦਾਰਾਂ ਉੱਪਰ ਅੰਕੁਸ਼ ਲਗਾਇਆ ਜਾਵੇ, ਜਦਕਿ ਥਾਣੇਦਾਰ ਸ਼ਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਸਨੇ ਕਿਸੇ ਨੂੰ ਧੱਕੇ ਨਹੀਂ ਮਾਰੇ, ਬਲਕਿ ਦੁਕਾਨਦਾਰ ਨੂੰ ਪੈਸੇ ਵਾਪਸ ਕਰਨ ਲਈ ਕਿਹਾ ਸੀ।

## ਮੈਡੀਕਲ ਸਹਾਇਤਾ ਕੈਂਪ ਲਗਾਇਆ

ਨਾਭਾ, 30 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸਿਵਲ ਹਸਪਤਾਲ ਨਾਭਾ ਵਿਖੇ ਮਿਸ ਅਮਨਦੀਪ ਕੰਬੋਜ ਸੀ.ਜੇ.ਐਸ ਪਟਿਆਲਾ ਦੇ ਦਫਤਰੀ ਹੁਕਮਾਂ ਅਨੁਸਾਰ ਸ੍ਰੀ ਵਰਿੰਦਰ ਕੁਮਾਰ ਜੱਜ ਸੀਨੀਅਰ ਡਿਵੀਜ਼ਨ ਨਾਭਾ ਦੀ ਅਗਵਾਈ ਹੇਠ ਅਪੰਗ ਬੱਚਿਆਂ ਦਾ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾਕਟਰ ਅਰਥੋ, ਐਸ ਐਮ.ਓ., ਸਾਈਕੋਲੋਜਿਸਟ, ਈ.ਐਨ.ਟੀ. ਡਾਕਟਰਾਂ ਦੀ ਪੂਰੀ ਟੀਮ ਦੁਆਰਾ 14 ਬੱਚਿਆਂ ਦਾ ਚੈੱਕਅਪ ਕੀਤਾ ਗਿਆ, ਜਿਸ ਵਿੱਚ ਮੁਹੰਮਦ ਪ੍ਰਿਥੀ ਸ਼ਾਹ ਪੀ ਐਨ ਵੀ ਅਤੇ ਜਿਊਣ ਬੂਟੀ ਪੀ ਐਲ ਬੀ ਫਰੰਟ ਆਫਿਸ ਨਾਭਾ ਦੁਆਰਾ ਪਿੰਡਾਂ ਵਿੱਚ ਅਪੰਗ ਬੱਚਿਆਂ ਨੂੰ ਮੈਡੀਕਲ ਸਹਾਇਤਾ ਦਵਾਉਣ ਵਿੱਚ ਸਹਾਇਤਾ ਕੀਤੀ ਗਈ।



## ਸੀਨੀਅਰ ਸਿਟੀਜ਼ਨ ਕੌਂਸਲ (ਹੋਮ) ਵੱਲੋਂ 8 ਬਜ਼ੁਰਗਾਂ ਦਾ ਸਨਮਾਨ

ਸਮਾਣਾ, 30 ਜੁਲਾਈ (ਵਿਜੇ ਕੁਮਾਰ) ਸੀਨੀਅਰ ਸਿਟੀਜ਼ਨ ਕੌਸਲ (ਹੋਮ) ਸਮਾਣਾ ਦੀ ਮਹੀਨਾਵਾਰ ਮੀਟਿੰਗ ਆਸਾ ਨੰਦ ਟੁਲਾਨੀ ਦੀ ਪ੍ਰਧਾਨਗੀ ਵਿਚ ਸ੍ਰੀ ਸਤੀ ਮਾਤਾ ਧਰਮਸ਼ਾਲਾ ਵਿੱਚ ਹੋਈ ,ਜਿਸ ਵਿਚ 8 ਬਜ਼ੁਰਗਾਂ ਸ੍ਰੀਮਤੀ ਜਨਕ ਦੁਲਾਰੀ , ਸ਼੍ਰੀਮਤੀ ਸੰਤੋਸ਼ ਕੁਮਾਰੀ ,ਜੋਗਾ ਸਿੰਘ ਬਾਜਵਾ, ਰਜਿੰਦਰ ਪ੍ਰਸਾਦ , ਅੰਮ੍ਰਿਤ ਲਾਲ ਗਰਗ ,ਰਕੇਸ਼ ਕੁਮਾਰ ਗੋਇਲ , ਮਨਜੀਤ ਸਿੰਘ ਜੇਈ, ਰਾਧਾ ਕ੍ਰਿਸ਼ਨ ਜੈ ਸਿੰਘ ਉਨਾਂ ਦੇ ਜਨਮ ਦਿਨ ਦੀ ਵਧਾਈ ਦਿੰਦਿਆ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਸੋਮ ਪ੍ਰਕਾਸ਼, ਪ੍ਰਧਾਨ ਆਸਾ ਨੰਦ ਟੁਲਾਨੀ, ਸੀਨੀ: ਵਾਇਸ ਪ੍ਰਧਾਨ ਸੁਭਾਸ਼ ਪੰਜਰਥ ਸਣੇ ਹੋਰ ਬੁਲਾਰਿਆਂ ਨੇ ਕਿਹਾ ਕਿ ਬਜ਼ੁਰਗਾਂ ਦਾ ਸਨਮਾਨ ਹੋਣਾ ਚਾਹੀਦਾ ਤੇ ਹਰ ਸਰਕਾਰੀ ਅਦਾਰੇ ਵਿੱਚ ਪਹਿਲ ਦੇ ਅਧਾਰ 'ਤੇ ਉਹਨਾਂ ਦੇ ਕੰਮ ਹੋਣੇ ਚਾਹੀਦੇ ਹਨ ਅਤੇ ਬੈਂਕਾਂ ਵਿੱਚ ਵੀ ਇਹਨਾਂ ਵਾਸਤੇ ਸਪੈਸ਼ਲ ਖਿੜਕੀ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਇਹਨਾਂ ਦਾ ਕੰਮ ਜਲਦੀ ਤੇ ਆਰਾਮ ਨਾਲ ਹੋ ਸਕੇ। ਇਸ ਮੌਕੇ ਰਾਜਿੰਦਰ ਪਾਲ, ਰਮੇਸ਼ ਕੁਮਾਰ, ਰਾਧਾ ਕ੍ਰਿਸ਼ਨ , ਨਰਾਇਣ ਦਾਸ , ਲੇਖ ਰਾਜ, ਰਾਮ ਕਸ਼ਪ, ਸੋਹਨ ਲਾਲ, ਖੇਮ ਚੰਦ, ਰਾਮ ਕਿਸ਼ਨ ਨਿਰੰਕਾਰੀ, ਚਮਨ ਲਾਲ ਧਨੇਠਾ, ਲੇਖ ਰਾਜ ਚੁੱਘ, ਕੇਵਲ ਕ੍ਰਿਸ਼ਨ , ਸੁਖਦੇਵ ਰਾਮ, ਸ਼ਿਵ ਰਾਮ, ਮਹਿੰਦਰ ਪਾਲ, ਸੀਤਾ ਰਾਮ ਮਾਨ, ਗਿਰਦਾ ਹਰੀ ਸਿੰਘ, ਸੁਭਾਸ਼ ਕੈਟਰਿੰਗ ਵਾਲੇ , ਬਲਵਿੰਦਰ ਕੁਮਾਰ, ਜਸਵਿੰਦਰ ਸਿੰਘ, ਰਾਜਕੁਮਾਰ ਜੈ ਸਿੰਘ , ਪਰਮਿੰਦਰ ਕੁਮਾਰ ,ਅਸ਼ੋਕ ਕੁਮਾਰ ਧਿਮਾਨ, ਸਤਪਾਲ ਸਿੰਘ,ਅਦਿ ਵੀ ਮੌਜੂਦ ਸਨ।



## ਸ਼ਹੀਦ ਊਧਮ ਸਿੰਘ ਨੂੰ ਦਿੱਤੀ ਸ਼ਰਧਾਂਜਲੀ

ਸਮਾਣਾ, 30 ਜੁਲਾਈ (ਵਿਜੇ ਕੁਮਾਰ) : ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ, ਸਕੂਲ ਸਮਾਣਾ ਦੇ ਐਨ.ਐਸ.ਐਸ. ਵਿਭਾਗ ਵਲੋ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਅਗਵਾਈ ਹੇਠ ਊਧਮ ਸਿੰਘ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ ਅਤੇ ਭਾਸ਼ਣ ਦੀ ਪੇਸ਼ਕਾਰੀ ਦਾ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਕਾਲਜੀਏਟ ਸਕੂਲ ਦੇ ਐਨ. ਐਸ. ਐਸ. ਵਲੰਟੀਅਰਜ਼ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਵਿਸਥਾਰਪੂਰਵਕ ਭਾਸ਼ਣ ਦਿੱਤੇ ਅਤੇ ਦੇਸ਼ ਭਗਤੀ ਦੇ ਗੀਤ ਅਤੇ ਕਵਿਤਾਵਾਂ ਪੇਸ਼ ਕਰਕੇ ਸਾਰਾ ਮਾਹੌਲ ਦੇਸ਼ ਭਗਤੀ ਨਾਲ ਰੰਗ ਦਿੱਤਾ।ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਐਨ.ਐਸ.ਐਸ. ਵਲੰਟੀਅਰਜ਼ ਦੀ ਪ੍ਰਸੰਸ਼ਾ ਕਰਦੇ ਹੋਏ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦਾ ਜੀਵਨ ਦੇਸ਼ ਅਤੇ ਸਮਾਜ ਨੂੰ ਇਕਜੁੱਟ ਕਰਨ ਦੀ ਪ੍ਰੇਰਨਾ ਦਿੰਦਾ ਹੈ। ਸਾਨੂੰ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਨੂੰ ਗ੍ਰਹਿਣ ਕਰਕੇ ਅੱਜ ਦੀਆਂ ਸਮੱਸਿਆਵਾਂ ਨੂੰ ਇੱਕਜੁਟ ਹੋ ਕੇ ਹੱਲ ਕਰਨ ਵਿਚ ਸਾਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਪ੍ਰੋਗਰਾਮ ਅਫਸਰ ਐਨ.ਐਸ.ਐਸ., ਪ੍ਰੋ. ਅਸ਼ਵਨੀ ਕੁਮਾਰ ਨੇ ਪ੍ਰਿੰਸੀਪਲ ਸਾਹਿਬ ਅਤੇ ਸਾਰੇ ਵਲੰਟੀਅਰਜ਼ ਦਾ ਧੰਨਵਾਦ ਕੀਤਾ।



## ਜ਼ਿਲ੍ਹਾ ਜੇਲ੍ਹ ਨਾਭਾ 'ਚ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਪਹੁੰਚੇ ਤਿੰਨ ਸਾਬਕਾ ਮੰਤਰੀ

ਨਾਭਾ, 30 ਜੁਲਾਈ( ਬਲਜਿੰਦਰ ਮਾਨ) : ਜ਼ਿਲ੍ਹਾ ਜੇਲ੍ਹ ਨਾਭਾ ਵਿਖੇ ਆਮਦਨ ਤੋਂ ਵੱਧ ਮਾਮਲੇ ਵਿੱਚ ਬੰਦ ਬਿਕਰਮ ਸਿੰਘ ਮਜੀਠੀਏ ਨੂੰ ਮਿਲਣ ਪਹੁੰਚੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ, ਸਾਬਕਾ ਮੰਤਰੀ ਮਹੇਸ਼ ਇੰਦਰ ਸਿੰਘ ਗਰੇਵਾਲ,ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਜਿਵੇਂ ਹੀ ਤਿੰਨੋ ਮੰਤਰੀ ਜੇਲ ਅੰਦਰ ਮਿਲਣ ਲਈ ਗਏ ਉਹਨਾਂ ਨੂੰ ਜੇਲ ਸੁਪਰਡੈਂਟ ਵੱਲੋਂ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਹਨਾਂ ਵੱਲੋਂ ਕਿਹਾ ਗਿਆ ਕਿ ਸਿਰਫ ਬਲੱਡ ਰਿਲੇਸ਼ਨ ਹੀ ਮਿਲਾ ਸਕਦੇ ਹਨ ਇਹ ਆਦੇਸ਼ ਹਨ,ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਮੰਤਰੀ ਗਰੇਵਾਲ ਅਤੇ ਚੀਮਾ ਅਤੇ ਮਲੂਕਾ ਨੇ ਵਾਰੀ ਵਾਰੀ ਬੋਲਦਿਆਂ ਕਿਹਾ ਕੀ ਬਿਕਰਮ ਸਿੰਘ ਮਜੀਠੀਏ ਨੂੰ ਆਖਰ ਮਿਲਣ ਦੀ ਇਜਾਜ਼ਤ ਕਿਉਂ ਨਹੀਂ ਦੇ ਰਹੀ ਪੰਜਾਬ ਸਰਕਾਰ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸ਼ਰੇਆਮ ਧੱਕਾ ਕਰ ਰਹੀ ਹੈ ਕਿ ਅਸੀਂ ਆਪਣੇ ਵਕੀਲਾਂ ਨਾਲ ਗੱਲਬਾਤ ਕਰਕੇ ਅਗਲੀ ਕਾਰਵਾਈ ਅਤੇ ਪਾਰਟੀ ਦੀ ਰਣਨੀਤੀ ਤੈਅ ਕਰਾਂਗੇ, ਇਸ ਮੌਕੇ ਹਲਕਾ ਨਾਭਾ ਇੰਚਾਰਜ ਮੱਖਣ ਸਿੰਘ ਲਾਲਕਾ, ਗੁਰਦਿਆਲ ਇੰਦਰ ਸਿੰਘ ਬਿੱਲੂ ਬਲਤੇਜ ਸਿੰਘ ਖੋਖ, ਗੁਰਸੇਵਕ ਸਿੰਘ ਗੋਲੂ, ਐਡਵੋਕੇਟ ਸਿਕੰਦਰ ਪ੍ਰਤਾਪ ਸਿੰਘ, ਪਰਮਜੀਤ ਬੂਹੀ,ਕਰਮ ਸਿੰਘ ਬੂਹੀ, ਸੁਖਵਿੰਦਰ ਸਿੰਘ ਛੀਟਾਂਵਾਲਾ, ਗੁਰਤੇਜ ਸਿੰਘ ਖਨੌੜਾ,ਪ੍ਰਿੰਸ ਤੁੰਗ, ਅਮਰੀਕ ਸਿੰਘ ਬੂਹੀ,ਮਨਦੀਪ ਤੁੰਗਾ, ਬਬਲੂ ਚੌਹਾਨ, ਸਰਬਜੀਤ ਸਿੰਘ ਧੀਰੋ ਮਾਜਰਾ, ਗੁਰਜੰਟ ਸਿੰਘ ਸਹੋਲੀ, ਪ੍ਰੀਤਮ ਸਿੰਘ ਬੂਹੀ ਕਰਮ ਸਿੰਘ ਮਾਂਗੇਵਾਲ, ਮੋਹਣ ਸਿੰਘ ਰਾਮਗੜ੍ਹ ਡਾ. ਕਵੇਲੀ ,ਅਤੇ ਅਕਾਲੀ ਦਲ ਦੇ ਅਹੁਦੇਦਾਰ ਵਰਕਰ ਹਾਜ਼ਰ ਸਨ।



**ਮਾਮਲਾ ਪਰਸ ਖੋਹ ਕੇ ਫਰਾਰ ਹੋਣ ਦਾ**

## ਤਿੰਨ ਮੁਲਜ਼ਮਾਂ 'ਚੋਂ ਇੱਕ ਮੋਟਰਸਾਈਕਲ ਸਮੇਤ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ

ਸਮਾਣਾ, 30 ਜੁਲਾਈ (ਵਿਜੇ ਕੁਮਾਰ) : ਬੀਤੇ ਦਿਨੀਂ ਦਰਸ਼ਨੀ ਕੌਰ ਪਤਨੀ ਕ੍ਰਿਸ਼ਨਾ ਵਾਸੀ ਪਿੰਡ ਮਰਦਾਂਹੇੜੀ ਤੋਂ ਪਰਸ ਖੋਹ ਕੇ ਫਰਾਰ ਹੋਣ ਦੇ ਮਾਮਲੇ ਵਿੱਚ ਪੁਲਿਸ ਨੇ ਤਿੰਨ ਨਾਮਜ਼ਦਾਂ ਵਿੱਚੋਂ ਇੱਕ ਮੁਲਜ਼ਮ ਮੋਨੂੰ ਪੁੱਤਰ ਰਮੇਸ਼ ਵਾਸੀ ਮੋਤੀਆ ਬਾਜ਼ਾਰ, ਸਮਾਣਾ ਨੂੰ ਵਾਰਦਾਤ ਵਿੱਚ ਵਰਤੇ ਗਏ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਹੈ, ਜਦਕਿ ਬਾਕੀ ਦੋ ਮੁਲਜ਼ਮ ਅਜੇ ਫਰਾਰ ਹਨ।ਮਾਮਲੇ ਸਬੰਧੀ ਡੀ.ਐਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਬਰਾਮਦ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਵੀ ਚੋਰੀ ਦਾ ਨਿਕਲਿਆ। ਮੁਲਜ਼ਮ ਅਨੁਸਾਰ ਉਨ੍ਹਾਂ ਨੇ ਇਹ ਮੋਟਰਸਾਈਕਲ ਕਾਲੀ ਮਾਤਾ ਮੰਦਰ, ਪਟਿਆਲਾ ਦੇ ਪਾਰਕ ਵਿੱਚੋਂ ਚੋਰੀ ਕੀਤਾ ਸੀ। ਵਾਰਦਾਤ ਵਿੱਚ ਨਾਮਜ਼ਦ ਹੋਰ ਮੁਲਜ਼ਮ ਲਵਲੀ ਪੁੱਤਰ ਮਹਿੰਦਰ ਵਾਸੀ ਨੇੜੇ ਸ਼ਨੀ ਮੰਦਰ, ਮੋਤੀਆ ਬਾਜ਼ਾਰ ਸਮਾਣਾ ਅਤੇ ਕਰਨ ਪੁੱਤਰ ਰਾਕੇਸ਼ ਵਾਸੀ ਮੁਹੱਲਾ ਨੀਲਗੜ੍ਹ ਸਮਾਣਾ ਅਜੇ ਪੁਲਿਸ ਦੀ ਗ੍ਰਿਫ਼ਤ ਵਿੱਚ ਨਹੀਂ ਆਏ ਹਨ। ਅਧਿਕਾਰੀ ਅਨੁਸਾਰ ਮੁਲਜਮ ਨੂੰ ਹੋਰ ਪੁੱਛਗਿੱਛ ਲਈ ਮਾਨਯੋਗ ਅਦਾਲਤ @ਚ ਪੇਸ਼ ਕਰ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ।

## ਸਿਵਲ ਹਸਪਤਾਲ ਮਲੇਰਕੋਟਲਾ ਤੋਂ ਫ਼ਰਾਰ ਦੋਸ਼ੀ ਯੂ.ਪੀ. ਤੋਂ ਕਾਬੂ

ਮਲੇਰਕੋਟਲਾ, 30 ਜੁਲਾਈ (ਚ.ਨ.ਸ.) : ਸੀਨੀਅਰ ਕਪਤਾਨ ਪੁਲਿਸ ਮਲੇਰਕੋਟਲਾ ਗਗਨ ਅਜੀਤ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਗਈ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ, ਜਦੋਂ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸਤਪਾਲ ਸ਼ਰਮਾ ਅਤੇ ਉਪ ਕਪਤਾਨ ਪੁਲਿਸ (ਇੰਨ:) ਸ਼ਤੀਸ਼ ਕੁਮਾਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਸਿਮਰਨਜੀਤ ਸਿੰਘ ਇੰਚਾਰਜ ਸੀ.ਆਈ.ਏ ਮਾਹੋਰਾਣਾ ਅਤੇ ਉਹਨਾਂ ਦੀ ਟੀਮ ਵੱਲੋਂ ਮੁਕੱਦਮਾ ਨੰਬਰ 148 ਮਿਤੀ 14.06.2025 ਅਧੀਨ 262,115(2) ਥਾਣਾ ਸਿਟੀ -1 ਮਾਲੇਰਕੋਟਲਾ ਦੇ ਦੋਸ਼ੀ ਅਬਦੁਲ ਰਹਿਮਾਨ ਪੁੱਤਰ ਅਬਦੁਲ ਸਤਾਰ ਵਾਸੀ ਪੱਕਾ ਦਰਵਾਜਾ ਮਲੇਰਕੋਟਲਾ ਨੂੰ ਉੱਤਰ ਪ੍ਰਦੇਸ (ਯੂ.ਪੀ) ਤੋਂ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ।



ਉਨ੍ਹਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਉਕਤ ਦੋਸੀ ਅਬਦੁਲ ਰਹਿਮਾਨ ਦੇ ਖ਼ਿਲਾਫ਼ ਮੋਟਰਸਾਈਕਲ ਚੋਰੀ ਕਰਨ ਸਬੰਧੀ ਮੁਕੱਦਮਾ ਨੰਬਰ 45 ਮਿਤੀ 12. 6.2025 ਅ/ਧ 303 (2) ਵਾਧਾ ਜੁਰਮ 317 (2) ਥਾਣਾ ਸਿਟੀ ਅਹਿਮਦਗੜ੍ਹ ਵਿਖੇ ਦਰਜ ਕੀਤਾ ਗਿਆ ਸੀ, ਇਸ ਮੁਕੱਦਮੇ ਵਿੱਚ ਥਾਣਾ ਸਿਟੀ ਅਹਿਮਦਗੜ੍ਹ ਦੀ ਪੁਲਿਸ ਪਾਰਟੀ ਦੋਸ਼ੀ ਮੁਹੰਮਦ ਰਹਿਮਾਨ ਉਕਤ ਦਾ ਮੈਡੀਕਲ ਕਰਵਾਉਣ ਲਈ ਸਿਵਲ ਹਸਪਤਾਲ ਮਲੇਰਕੋਟਲਾ ਲੈ ਕੇ ਆਈ ਸੀ, ਜਿੱਥੋ ਦੋਸ਼ੀ ਅਬਦੁਲ ਰਹਿਮਾਨ ਉਕਤ ਪੁਲਿਸ ਪਾਰਟੀ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ ਸੀ, ਜਿਸ ਕਰਕੇ ਦੋਸੀ ਅਬਦੁਲ ਰਹਿਮਾਨ ਉਕਤ ਦੇ ਖਿਲਾਫ ਮੁਕੱਦਮਾ ਨੰਬਰ ਮੁਕੱਦਮਾ ਨੰਬਰ 148 ਮਿਤੀ 14.06.2025 ਅ/ਧ 262,115(2) ਥਾਣਾ ਸਿਟੀ -1 ਮਾਲੇਰਕੋਟਲਾ ਵਿਖੇ ਦਰਜ ਕੀਤਾ ਗਿਆ ਸੀ। ਜਿਕਰਯੋਗ ਹੈ ਕਿ ਜਦੋਂ ਦੋਸੀ ਅਬਦੁਲ ਰਹਿਮਾਨ ਉਕਤ ਖ਼ਿਲਾਫ਼ ਥਾਣਾ ਸਿਟੀ ਅਹਿਮਦਗੜ੍ਹ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ ਤਾਂ ਉਸ ਸਮੇਂ ਦੋਸੀ ਅਬਦੁਲ ਰਹਿਮਾਨ ਉਕਤ ਮੁਕੱਦਮਾ ਨੰਬਰ 83 ਮਿਤੀ 25.05.2020 ਅਧੀਨ 302, 307, 324, 34 ਆਈ.ਪੀ.ਸੀ ਥਾਣਾ ਸਿਟੀ-1 ਵਿੱਚੋਂ ਜਮਾਨਤ ਪਰ ਆਇਆ ਹੋਇਆ ਸੀ। ਦੋਸੀ ਅਬਦੁਲ ਰਹਿਮਾਨ ਉਕਤ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਤਿਆਰ ਕੀਤੀਆ ਗਈਆ ਸਨ। ਇੰਸਪੈਕਟਰ ਹਰਸਿਮਰਨਜੀਤ ਸਿੰਘ ਇੰਚਾਰਜ ਸੀ.ਆਈ.ਏ ਦੀ ਟੀਮ ਵੱਲੋਂ ਦੋਸ਼ੀ ਮੁਹੰਮਦ ਰਹਿਮਾਨ ਨੂੰ ਉੱਤਰ ਪ੍ਰਦੇਸ (ਯੂ.ਪੀ) ਤੋਂ ਕਾਬੂ ਕਰਕੇ ਟ੍ਰਾਂਸਜਿਟ ਰਿਮਾਂਡ ਤੇ ਮਾਲੇਰਕੋਟਲਾ ਲਿਆਂਦਾ ਗਿਆ। ਉਨ੍ਹਾਂ ਹੋਰ ਦੱਸਿਆ ਕਿ ਉਕਤ ਦੋਸੀ ਨੂੰ ਅਦਾਲਤ ਪੇਸ਼ ਕਰਕੇ 2 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ। ਪੁਲਿਸ ਰਿਮਾਂਡ ਦੌਰਾਨ ਅਬਦੁਲ ਰਹਿਮਾਨ ਉਕਤ ਵੱਲੋਂ ਪੁੱਛਗਿੱਛ ਦੌਰਾਨ ਮੰਨਿਆ ਗਿਆ ਕਿ ਉਸ ਵੱਲੋਂ ਮਿਤੀ 24.6.2025 ਨੂੰ ਗੈਸ ਸਿਲੰਡਰਾਂ ਦੀ ਡਿਲਵਰੀ ਕਰਨ ਵਾਲੇ ਵਿਅਕਤੀ ਪਾਸੋਂ ਕਰੀਬ 41000 ਰੁਪਏ ਖੋਹ ਕੀਤੇ ਗਏ ਸਨ, ਜਿਸ ਸਬੰਧੀ ਪਹਿਲਾਂ ਹੀ ਥਾਣਾ ਸਿਟੀ-2 ਮਾਲੇਰਕੋਟਲਾ ਵਿਖੇ ਮੁਕੱਦਮਾ ਨੰਬਰ 160 ਮਿਤੀ 28.06.2025 ਅ/ਧ 309(4) ਦਰਜ ਕੀਤਾ ਗਿਆ ਸੀ, ਜਿਸ ਕਰਕੇ ਦੋਸੀ ਅਬਦੁਲ ਰਹਿਮਾਨ ਉਕਤ ਨੂੰ ਇਸ ਮੁਕੱਦਮਾ ਵਿੱਚ ਮਿਤੀ 29.7.2025 ਨੂੰ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਜਿਸ ਨੂੰ ਥਾਣਾ ਸਿਟੀ -2 ਮਾਲੇਰਕੋਟਲਾ ਦੇ ਮੁਕੱਦਮਾ ਵਿੱਚ ਅੱਜ ਅਦਾਲਤ ਵਿੱਚ ਪੇਸ ਕੀਤਾ ਜਾਵੇਗਾ। ਜਿਸ ਦਾ ਹੋਰ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

## ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਡੀ.ਸੀ. ਦਫਤਰ ਪਟਿਆਲਾ ਅੱਗੇ 6 ਅਗਸਤ ਨੂੰ ਧਰਨੇ ਦਾ ਐਲਾਨ

ਨਾਭਾ, 30 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਅੱਜ ਇੱਕ ਮੀਟਿੰਗ ਕਰਕੇ ਪਿੰਡ ਮੰਡੌਰ ਵਿੱਚ ਚੱਲ ਰਹੇ ਜਮੀਨੀ ਵਿਵਾਦ ਅਤੇ ਹੋਰ ਪਿੰਡਾਂ ਦੇ ਲੰਬਿਤ ਮਸਲਿਆਂ 'ਤੇ ਵਿਚਾਰ-ਚਰਚਾ ਕੀਤੀ। ਮੀਟਿੰਗ ਵਿੱਚ ਪ੍ਰਸ਼ਾਸਨ ਵੱਲੋਂ ਧਾਰੀ ਚੁੱਪ ਅਤੇ ਦਲਿਤ ਭਾਈਚਾਰੇ ਦੇ ਹਿੱਸੇ ਦੀਆਂ ਪੰਚਾਇਤੀ ਜ਼ਮੀਨਾਂ 'ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਗਿਆ। ਕਮੇਟੀ ਦੇ ਜਨਰਲ ਸਕੱਤਰ ਗੁਰਵਿੰਦਰ ਬੌੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਮੰਡੌਰ ਵਿੱਚ ਗ਼ਲਤ ਬੋਲੀ ਦੇ ਮਸਲੇ 'ਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਚੁੱਪ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਕੁਝ ਜ਼ਿੰਮੀਦਾਰ ਭਾਈਚਾਰੇ ਦੇ ਲੋਕ ਦਲਿਤਾਂ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਨਿੱਤ ਦਿਹਾੜੇ ਝਗੜੇ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਪ੍ਰਸ਼ਾਸਨ ਨੇ ਨਾ ਤਾਂ ਗ਼ਲਤ ਬੋਲੀ ਨੂੰ ਰੱਦ ਕੀਤਾ ਹੈ ਅਤੇ ਨਾ ਹੀ ਦਲਿਤ ਆਗੂਆਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ, ਜਿਨ੍ਹਾਂ ਖ਼ਿਲਾਫ਼ ਐਸ.ਸੀ./ਐਸ.ਟੀ. ਐਕਟ ਅਧੀਨ ਕੇਸ ਦਰਜ ਹੋਇਆ ਹੈ, ਨੂੰ ਛੇ ਮਹੀਨਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਗ੍ਰਿਫਤਾਰ ਕੀਤਾ ਗਿਆ। ਬਲਾਕ ਮੀਤ ਪ੍ਰਧਾਨ ਮਨੀ ਮੱਲੇਵਾਲ ਨੇ ਕਿਹਾ ਕਿ ਪਿੰਡ ਮੰਡੌਰ ਦੇ ਮਸਲੇ ਨੂੰ ਪ੍ਰਸ਼ਾਸਨ ਜਾਣਬੁੱਝ ਕੇ ਲਟਕਾ ਰਿਹਾ ਹੈ। ਇਸ ਤੋਂ ਇਲਾਵਾ, ਹੋਰ ਪਿੰਡਾਂ ਦੇ ਮਸਲਿਆਂ ਸਬੰਧੀ ਡੀ.ਸੀ. ਵੱਲੋਂ ਜਾਰੀ ਲਿਖਤੀ ਹੁਕਮਾਂ ਦੀ ਪਾਲਣਾ ਵੀ ਸਥਾਨਕ ਪ੍ਰਸ਼ਾਸਨ ਵੱਲੋਂ ਨਹੀਂ ਕੀਤੀ ਜਾ ਰਹੀ। ਇਨ੍ਹਾਂ ਮੁੱਦਿਆਂ ਨੂੰ ਲੈ ਕੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ 6 ਅਗਸਤ, 2025 (ਬੁੱਧਵਾਰ) ਨੂੰ ਡੀ.ਸੀ. ਦਫਤਰ, ਪਟਿਆਲਾ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ਕਮੇਟੀ ਦੇ ਆਗੂ ਜਸਪਾਲ ਸਿੰਘ, ਜਗਰੂਪ ਸਿੰਘ, ਲਖਵੀਰ ਸਿੰਘ, ਅਤੇ ਹੋਰ ਮੈਂਬਰ ਹਾਜ਼ਰ ਸਨ।

